**Listing and Selling Homes From San Jose to Sacramento**
JASSI GILL Broker/Owner
Ph:510-304-9292
Refinance Now
@ZERO COST
Call Sukhi Gill:510-207-9067
CA DRE Lic.#01180969
CA DRE# 00966763

COVERED CALIFORNIA
Certified Insurance Agent
Global Green INSURANCE AGENCY
ਹੈਲਥ ਇੰਸ਼ੋਰੈਂਸ ਕਰਵਾਉਣ ਲਈ ਸੰਪਰਕ ਕਰੋ
ਫੋਨ:510-487-1000
MANN@GGIABA.COM
Gurdawar Singh Mann
Gurcharan Singh Mann
Mann Insurance Brokers Inc.
4123 Dyer St., #230, Union City, CA 94587

Buy/Sell Real Estate
in Bay Area
Call: Jaideep Singh
Ph: 510-565-5250
Email: jaideeprealtor@gmail.com
DRE#02021283
I can help you every step of the way.
No Pressure, No Obligation.
Fluent in Punjabi and Hindi.

Twentieth Year of Publication
ਕੈਲੀਫੋਰਨੀਆ ਐਡੀਸ਼ਨ
Price 50¢
Email:punjabtimes1@gmail.com
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 20, Issue 25, June 22, 2019
20451 N. Plum Grove Rd., Palatine, IL 60074
Ph:847-359-0746, Fax:847-705-9388

## ਸਿੱਖ ਰੈਫਰੈਂਸ ਲਾਇਬਰੇਰੀ ਬਾਰੇ ਅਹਿਮ ਖੁਲਾਸੇ

### ਗਾਇਬ ਹੋਏ ਦਸਤਾਵੇਜ਼ਾਂ ਬਾਰੇ ਖੁਲਾਸਿਆਂ ਨੇ ਸ਼੍ਰੋਮਣੀ ਕਮੇਟੀ ਬੁਰੀ ਫਸਾਈ

**ਚੰਡੀਗੜ੍ਹ:** ਜੂਨ 1984 ਨੂੰ ਸਾਕਾ ਨੀਲਾ ਤਾਰਾ (ਅਪਰੇਸ਼ਨ ਬਲੂ ਸਟਾਰ) ਦੌਰਾਨ ਸ੍ਰੀ ਹਰਿਮੰਦਰ ਸਾਹਿਬ ਸਮੂਹ ਸਥਿਤ ਸਿੱਖ ਰੈਫਰੈਂਸ ਲਾਇਬਰੇਰੀ ਵਿਚੋਂ ਗਾਇਬ ਹੋਏ ਸਿੱਖ ਇਤਿਹਾਸ ਦੇ ਅਨਮੋਲ ਦਸਤਾਵੇਜ਼ਾਂ ਨੂੰ ਲੈ ਕੇ ਹੁਣ ਤੱਕ ਇਹੀ ਮੰਨਿਆ ਗਿਆ ਕਿ ਇਹ ਕੀਮਤੀ ਖਜ਼ਾਨਾ ਫੌਜ ਕੋਲ ਹੈ। ਸਿੱਖ ਜਥੇਬੰਦੀਆਂ ਤੇ ਸਿਆਸੀ ਪਾਰਟੀਆਂ ਵਾਰ-ਵਾਰ ਕੇਂਦਰ ਸਰਕਾਰ ਤੋਂ ਸਿੱਖਾਂ ਦਾ ਇਹ ਖਜ਼ਾਨਾ ਵਾਪਸ ਮੰਗਦੀਆਂ ਰਹੀਆਂ ਪਰ ਹੁਣ ਇਸ ਮਾਮਲੇ ਵਿਚ ਵੱਡਾ ਖੁਲਾਸਾ ਹੋਣ ਤੋਂ ਬਾਅਦ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਖੁਦ ਸਵਾਲਾਂ ਦੇ ਘੇਰੇ ਵਿਚ ਹੈ।

ਇਕ ਅਜਿਹਾ ਦਸਤਾਵੇਜ਼ ਸਾਹਮਣੇ ਆਇਆ ਹੈ ਜਿਸ ਰਾਹੀਂ ਫੌਜ ਇਹ ਦਾਅਵਾ ਕਰ ਰਹੀ ਹੈ ਕਿ ਅਪਰੇਸ਼ਨ ਬਲੂ ਸਟਾਰ ਦੌਰਾਨ ਫੌਜ ਨੇ ਸਿੱਖਾਂ ਦਾ ਜੋ ਅਨਮੋਲ ਖਜ਼ਾਨਾ ਜ਼ਬਤ ਕੀਤਾ ਸੀ, ਉਹ ਤਾਂ ਕਦੋਂ ਦਾ ਸ਼੍ਰੋਮਣੀ ਕਮੇਟੀ ਨੂੰ ਵਾਪਸ ਕਰ ਚੁੱਕੀ ਹੈ। ਫੌਜ ਵਲੋਂ ਇਹ ਅਣਮੁੱਲੇ ਦਸਤਾਵੇਜ਼ ਸ਼੍ਰੋਮਣੀ ਕਮੇਟੀ ਨੂੰ ਸਪੁਰਦ ਕਰਨ ਵੇਲੇ ਰਸੀਦ ਵੀ ਲਈ ਗਈ ਸੀ ਜਿਸ ਉਤੇ ਬਕਾਇਦਾ ਤਤਕਾਲੀ ਸ਼੍ਰੋਮਣੀ ਕਮੇਟੀ ਅਹੁਦੇਦਾਰਾਂ ਦੇ ਦਸਤਖਤ ਵੀ ਹਨ ਜਿਨ੍ਹਾਂ ਵਿਚ ਤਤਕਾਲੀ ਸਕੱਤਰ ਭਾਨ ਸਿੰਘ, ਸਾਬਕਾ ਲਾਇਬਰੇਰੀਅਨ ਬਲਬੀਰ ਸਿੰਘ ਤੇ ਸਹਾਇਕ ਸਕੱਤਰ ਕੁਲਵੰਤ ਸਿੰਘ ਨੇ ਦਸਤਖਤ ਕੀਤੇ ਸਨ। ਕੁਲਵੰਤ ਸਿੰਘ ਨੇ ਖੁਦ ਪੱਤਰ ਉਤੇ ਦਸਤਖਤ ਕਰਨ ਦੀ ਪੁਸ਼ਟੀ ਕੀਤੀ ਹੈ: ਹਾਲਾਂਕਿ ਕੁਲਵੰਤ ਸਿੰਘ ਦਾ ਦਾਅਵਾ ਹੈ ਕਿ ਇਸ ਦਸਤਾਵੇਜ਼ ਉਪਰ ਅੰਗਰੇਜ਼ੀ ਵਿਚ ਇਕ ਵਾਧੂ ਲਾਈਨ ਸ਼ਾਮਲ ਕੀਤੀ ਹੋਈ ਹੈ ਜੋ ਉਸ ਵੇਲੇ ਨਹੀਂ ਸੀ। ਇਸ ਲਾਈਨ ਵਿਚ ਦਰਜ ਹੈ ਕਿ ਸ਼੍ਰੋਮਣੀ ਕਮੇਟੀ ਨੇ ਸਾਰਾ ਸਾਮਾਨ ਵਸੂਲ ਲਿਆ ਹੈ।

ਇਹ ਦੋਸ਼ ਵੀ ਲੱਗ ਰਹੇ ਹਨ ਕਿ ਫੌਜ ਵਲੋਂ ਵਾਪਸ ਕੀਤੇ ਦਸਤਾਵੇਜ਼ ਵੇਚ ਦਿੱਤੇ ਗਏ ਹਨ। ਇਹ ਸਭ ਗੁਪਤ ਤਰੀਕੇ ਨਾਲ ਕੀਤਾ ਹੈ ਪਰ ਹੁਣ ਫੌਜ ਦੇ ਦਾਅਵੇ ਨੇ ਕਮੇਟੀ ਨੂੰ ਕਸੂਤਾ ਫਸਾ ਦਿੱਤਾ ਹੈ। ਹੁਣ ਸਵਾਲ ਇਹ ਉਠ ਰਹੇ ਹਨ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤਾਂ ਹੁਣ ਤੱਕ ਇਹੀ ਰੌਲਾ ਪਾ ਰਹੀ ਸੀ ਕਿ ਫੌਜ ਤੇ ਕੇਂਦਰ ਸਰਕਾਰ ਦਸਤਾਵੇਜ਼ਾਂ ਦੀ ਵਾਪਸੀ ਸਬੰਧੀ ਕੋਈ ਰਾਹ ਨਹੀਂ ਦੇ ਰਹੀ।

ਇਸ ਸਬੰਧੀ ਪਿਛਲੇ ਸਾਢੇ ਤਿੰਨ ਦਹਾਕਿਆਂ ਤੋਂ ਸ਼੍ਰੋਮਣੀ ਕਮੇਟੀ ਕੇਂਦਰ ਸਰਕਾਰ ਨਾਲ ਚਿੱਠੀ ਪੱਤਰ ਵੀ ਕਰਦੀ ਰਹੀ। ਉਸ ਨੇ ਦਰਬਾਰ ਸਾਹਿਬ 'ਤੇ ਹਮਲੇ ਦੇ ਨੁਕਸਾਨ ਦੀ ਪੂਰਤੀ ਲਈ 1000 ਕਰੋੜ ਰੁਪਏ ਦਾ ਮੁਕੱਦਮਾ ਵੀ ਦਾਇਰ ਕੀਤਾ ਹੋਇਆ ਹੈ ਪਰ ਹੁਣ ਸਾਰਾ ਖੁਲਾਸਾ ਹੋਣ ਤੋਂ ਬਾਅਦ ਖੁਦ ਹੀ ਮੰਨ ਰਹੀ ਹੈ ਕਿ ਫੌਜ ਨੇ ਸੱਤ ਵਾਰ ਦਸਤਾਵੇਜ਼ ਵਾਪਸ ਕੀਤੇ ਹਨ।

ਇਨ੍ਹਾਂ ਦਸਤਾਵੇਜ਼ਾਂ ਵਿਚ 205 ਹੱਥ ਲਿਖਤ ਸਰੂਪ, 807 ਪੁਸਤਕਾਂ, ਇਕ ਹੁਕਮਨਾਮੇ ਸਮੇਤ ਕੁਝ ਅਖਬਾਰਾਂ ਸ਼ਾਮਲ ਹਨ। ਬਾਕੀ ਸਾਮਾਨ ਵਿਚ ਸ਼ਾਮਲ 307 ਹੱਥ ਲਿਖਤ ਸਰੂਪ ਅਤੇ 11107 ਪੁਸਤਕਾਂ ਹੁਣ ਤੱਕ ਸ਼੍ਰੋਮਣੀ ਕਮੇਟੀ ਨੂੰ ਨਹੀਂ ਮਿਲੀਆਂ ਹਨ।

ਸ਼੍ਰੋਮਣੀ ਕਮੇਟੀ ਕੋਲ ਭਾਵੇਂ ਕਿਸੇ ਵੀ ਸਵਾਲ ਦਾ ਢੁਕਵਾਂ ਜਵਾਬ ਨਹੀਂ ਹੈ ਪਰ ਮਸਲਾ ਭਖਦਾ ਵੇਖ ਪੰਜ ਮੈਂਬਰੀ ਉਚ ਪੱਧਰੀ ਜਾਂਚ ਕਮੇਟੀ ਦਾ ਗਠਨ ਕਰ ਦਿੱਤਾ ਗਿਆ ਹੈ। ਇਨ੍ਹਾਂ ਗੰਭੀਰ ਦੋਸ਼ਾਂ ਤੋਂ ਬਾਅਦ ਸ਼੍ਰੋਮਣੀ ਕਮੇਟੀ ਵੱਲੋਂ ਸਮੁੱਚੀ ਸਥਿਤੀ ਦਾ ਪਤਾ ਲਾਉਣ ਲਈ 1984 ਤੋਂ ਬਾਅਦ ਦੇ ਅਧਿਕਾਰੀਆਂ ਤੇ ਮੌਜੂਦਾ ਸਬੰਧਤ ਅਧਿਕਾਰੀਆਂ ਦੀ ਮੀਟਿੰਗ ਸੱਦੀ ਗਈ ਜਿਸ ਵਿਚ ਖੁਲਾਸਾ ਹੋਇਆ ਕਿ ਫੌਜ ਵਲੋਂ ਹੁਣ ਤੱਕ 7 ਵਾਰ ਸਾਮਾਨ ਵਾਪਸ ਕੀਤਾ ਗਿਆ ਹੈ ਪਰ ਉਸ ਵਿਚ ਸਿੱਖ ਰੈਫਰੈਂਸ ਲਾਇਬਰੇਰੀ ਨਾਲ ਸਬੰਧਤ ਸਾਮਾਨ ਸਿਰਫ ਦੋ ਵਾਰ ਹੀ ਵਾਪਸ ਕੀਤਾ ਗਿਆ ਹੈ, ਜਿਸ ਵਿਚ 205 ਹੱਥ ਲਿਖਤ ਸਰੂਪ ਅਤੇ ਕੁਝ ਪੁਸਤਕਾਂ ਸ਼ਾਮਲ ਹਨ।

ਇਹ ਪੰਜ ਮੈਂਬਰੀ ਕਮੇਟੀ ਫੌਜ ਵੱਲੋਂ ਵਾਪਸ ਕੀਤੇ ਗਏ ਸਾਮਾਨ ਅਤੇ ਰੈਫਰੈਂਸ ਲਾਇਬਰੇਰੀ ਵਿਚ ਪੁੱਜੇ ਸਮਾਨ ਦੀ ਜਾਂਚ ਕਰੇਗੀ ਤੇ 1984 ਤੋਂ ਲੈ ਕੇ ਹੁਣ ਤੱਕ ਦੇ ਸਮੁੱਚੇ ਰਿਕਾਰਡ ਨੂੰ ਵਾਚੇਗੀ। ਇਸੇ ਤਰ੍ਹਾਂ ਪਾਵਨ ਸਰੂਪ ਵੇਚੇ ਜਾਣ ਦੀ ਵੀ ਜਾਂਚ ਕੀਤੀ ਜਾਵੇਗੀ। ਦੱਸਣਯੋਗ ਹੈ ਕਿ ਸਾਕਾ ਨੀਲਾ ਤਾਰਾ ਫੌਜੀ ਹਮਲੇ ਸਮੇਂ ਸ੍ਰੀ ਹਰਿਮੰਦਰ ਸਾਹਿਬ ਸਮੂਹ ਸਥਿਤ ਸਿੱਖ ਲਾਇਬਰੇਰੀ ਦਾ ਅਮੁੱਲਾ ਖਜ਼ਾਨਾ ਫੌਜ ਚੁੱਕ ਕੇ ਲੈ ਗਈ ਸੀ, ਜਿਸ ਵਿਚ 500 ਤੋਂ ਵੱਧ ਹੱਥ ਲਿਖਤ ਸਰੂਪ ਅਤੇ 12 ਹਜ਼ਾਰ ਤੋਂ ਵੱਧ ਦੁਰਲੱਭ ਪੁਸਤਕਾਂ ਤੇ ਹੋਰ ਸਮਾਨ ਸ਼ਾਮਲ ਸੀ।

## ਡੇਰਾ ਮੁਖੀ ਨੂੰ ਮੁਆਫੀ: ਬਾਦਲਾਂ ਵੱਲ ਮੁੜ ਉਠੀ ਉਂਗਲ

**ਚੰਡੀਗੜ੍ਹ:** ਅਕਾਲ ਤਖਤ ਵਲੋਂ ਡੇਰਾ ਸਿਰਸਾ ਮੁਖੀ ਗੁਰਮੀਤ ਰਾਮ ਰਹੀਮ ਨੂੰ ਮੁਆਫੀ ਦੇਣ ਦਾ ਮਾਮਲਾ ਇਕ ਵਾਰ ਮੁੜ ਭਖ ਗਿਆ ਹੈ। ਹੁਣ ਇਸ ਮਾਮਲੇ ਵਿਚ ਤਖਤ ਸ੍ਰੀ ਪਟਨਾ ਸਾਹਿਬ ਦੇ ਸਾਬਕਾ ਜਥੇਦਾਰ ਗਿਆਨੀ ਇਕਬਾਲ ਸਿੰਘ ਦੀ ਇਕ ਚਿੱਠੀ ਸਾਹਮਣੇ ਆਈ ਹੈ ਜਿਸ ਵਿਚ ਅਜਿਹੇ ਖੁਲਾਸੇ ਕੀਤੇ ਗਏ ਹਨ ਜਿਹੜੇ ਅਕਾਲੀ ਦਲ ਖਾਸ ਕਰ ਬਾਦਲ ਪਿਉ ਪੁੱਤ ਦੀਆਂ ਮੁਸ਼ਕਿਲਾਂ ਵਧਾ ਸਕਦੇ ਹਨ।

ਗਿਆਨੀ ਇਕਬਾਲ ਸਿੰਘ ਨੇ ਸਾਫ ਲਿਖਿਆ ਹੈ ਕਿ ਬਾਦਲ ਪਿਉ ਪੁੱਤ ਰਾਮ ਰਹੀਮ ਨੂੰ ਮੁਆਫੀ ਦਿਵਾਉਣਾ ਚਾਹੁੰਦੇ ਸਨ। ਇਹ ਚਿੱਠੀ ਇਕਬਾਲ ਸਿੰਘ ਨੇ ਬੇਅਦਬੀ ਅਤੇ ਗੋਲੀਕਾਂਡ ਦੀ ਜਾਂਚ ਕਰ ਰਹੇ ਸਿੱਟ ਮੈਂਬਰ ਕੁੰਵਰ ਵਿਜੈ ਪ੍ਰਤਾਪ ਨੂੰ ਲਿਖੀ ਸੀ ਜਿਹੜੀ ਹੁਣ ਸਾਹਮਣੇ ਆਈ ਹੈ। ਇਸ ਚਿੱਠੀ 'ਚ 24 ਸਤੰਬਰ 2015 ਨੂੰ ਰਾਮ ਰਹੀਮ ਨੂੰ ਮੁਆਫੀ ਦੇਣ ਦਾ ਪੂਰਾ ਘਟਨਾਕ੍ਰਮ ਬਿਆਨ ਹੈ। ਇਕਬਾਲ ਸਿੰਘ ਦਾ ਦਾਅਵਾ ਹੈ ਕਿ ਸ੍ਰੀ ਅਕਾਲ ਤਖਤ ਸਾਹਿਬ ਦੇ ਮੌਜੂਦਾ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਬਾਦਲਾਂ ਦੇ ਕਹਿਣ ਉਤੇ ਡੇਰਾ ਮੁਖੀ ਨੂੰ ਮੁਆਫੀ ਲਈ ਮੀਟਿੰਗ ਬੁਲਾਈ ਸੀ। ਉਨ੍ਹਾਂ ਨੂੰ ਵੀ ਮੀਟਿੰਗ ਵਿਚ ਸੱਦਿਆ ਗਿਆ ਸੀ। ਜਦੋਂ ਉਨ੍ਹਾਂ (ਇਕਬਾਲ ਸਿੰਘ) ਨਾਲ ਰਾਮ ਰਹੀਮ ਨੂੰ ਮੁਆਫੀ ਦੇਣ ਬਾਰੇ ਗੱਲ ਕੀਤੀ ਗਈ ਤਾਂ ਉਨ੍ਹਾਂ ਵਿਰੋਧ ਕੀਤਾ ਪਰ ਉਸ ਵੇਲੇ ਦਾ ਮਾਹੌਲ ਦੇਖ ਕੇ ਲੱਗ ਰਿਹਾ ਸੀ ਕਿ ਮੁਆਫੀ ਦਾ ਫੈਸਲਾ ਪਹਿਲਾਂ ਹੀ ਪ੍ਰਕਾਸ਼ ਸਿੰਘ ਬਾਦਲ ਅਤੇ ਸੁਖਬੀਰ ਸਿੰਘ ਬਾਦਲ ਕਰ ਚੁੱਕੇ ਸਨ। ਇਕਬਾਲ ਸਿੰਘ ਨੇ ਹੈਰਾਨੀਜਨਕ ਖੁਲਾਸਾ ਕਰਦਿਆਂ ਲਿਖਿਆ ਕਿ ਜਿਹੜੀ ਚਿੱਠੀ ਰਾਮ ਰਹੀਮ ਨੇ ਭੇਜੀ ਸੀ, ਉਸ ਵਿਚ 'ਖਿਮਾ ਯਾਚਨਾ' ਸ਼ਬਦ ਦਾ ਇਸਤੇਮਾਲ ਹੀ ਨਹੀਂ ਕੀਤਾ ਗਿਆ ਸੀ। ਜਥੇਦਾਰਾਂ ਦੀ ਇਸ ਮੀਟਿੰਗ ਦੌਰਾਨ ਵਾਰ-ਵਾਰ ਗਿਆਨੀ ਗੁਰਬਚਨ ਸਿੰਘ ਨੂੰ ਸੁਖਬੀਰ ਸਿੰਘ ਬਾਦਲ ਦਾ ਫੋਨ ਆ ਰਿਹਾ ਸੀ। ਜਦੋਂ ਵਾਰ-ਵਾਰ ਮਨਾਉਣ 'ਤੇ ਵੀ ਉਹ (ਇਕਬਾਲ ਸਿੰਘ) ਨਹੀਂ ਮੰਨੇ ਤਾਂ ਉਨ੍ਹਾਂ ਨੂੰ ਪਰਿਵਾਰ ਬਰਬਾਦ ਕਰਨ ਦੀ ਧਮਕੀ ਦਿੱਤੀ ਗਈ ਅਤੇ ਦਸਤਖਤ ਲਈ ਮਜਬੂਰ ਕੀਤਾ ਗਿਆ। ਇਹ ਸਾਰੀ ਪਲਾਨਿੰਗ ਸੁਖਬੀਰ ਸਿੰਘ ਬਾਦਲ, ਪ੍ਰਕਾਸ਼ ਸਿੰਘ ਬਾਦਲ ਅਤੇ ਦਲਜੀਤ ਸਿੰਘ ਚੀਮਾ ਦੀ ਸੀ।

ਗਿਆਨੀ ਇਕਬਾਲ ਸਿੰਘ ਨੇ ਇਹ ਚਿੱਠੀ ਲਿਖਦਿਆਂ ਕਿਹਾ ਹੈ ਕਿ ਉਹ ਸਿੱਖਾਂ ਨੂੰ ਇਨਸਾਫ ਦਿਵਾਉਣ ਲਈ ਇਹ ਸਾਰੇ ਬਿਆਨ ਸਿੱਟ ਦੇ ਆਈ.ਜੀ. ਕੁੰਵਰ ਵਿਜੈ ਪ੍ਰਤਾਪ ਅੱਗੇ ਰੱਖ ਰਹੇ ਹਨ ਤਾਂ ਪੰਥ ਦੇ ਦੋਖੀ ਸੰਗਤ ਦੇ ਸਾਹਮਣੇ ਆ ਸਕਣ। ਦੱਸ ਦਈਏ ਕਿ ਇਹ ਕੋਈ ਪਹਿਲੀ ਵਾਰ ਨਹੀਂ ਜਦੋਂ ਡੇਰਾ ਮੁਖੀ ਨੂੰ ਮੁਆਫੀ ਦਿਵਾਉਣ ਲਈ ਸੁਖਬੀਰ ਉਤੇ ਉਂਗਲ ਉਠੀ ਹੋਵੇ ਪਰ ਗਿਆਨੀ ਇਕਬਾਲ ਸਿੰਘ ਉਸ ਮੀਟਿੰਗ ਵਿਚ ਸ਼ਾਮਲ ਸਨ ਜਿਸ ਵਿਚ ਜਥੇਦਾਰਾਂ ਨੇ 'ਮੁਆਫੀਨਾਮੇ' ਉਤੇ ਮੋਹਰ ਲਾਈ ਸੀ। ਇਸ ਲਈ ਬਾਦਲਾਂ ਲਈ ਇਹ ਚਿੱਠੀ ਵੱਡੀ ਮੁਸੀਬਤ ਖੜ੍ਹੀ ਕਰ ਸਕਦੀ ਹੈ। ਬੇਅਦਬੀ ਤੇ ਗੋਲੀਕਾਂਡ ਮਾਮਲੇ ਦੀ ਜਾਂਚ ਕਰ ਰਹੀ ਵਿਸ਼ੇਸ਼ ਜਾਂਚ ਟੀਮ ਇਸ ਗੱਲ ਨੂੰ ਵੀ ਧਿਆਨ ਵਿਚ ਰੱਖ ਰਹੀ ਹੈ ਕਿ ਸਾਰਾ ਵਿਵਾਦ ਡੇਰਾ ਮੁਖੀ ਨੂੰ ਮੁਆਫੀ ਨਾਲ ਸ਼ੁਰੂ ਹੋਇਆ ਸੀ। ਜਾਂਚ ਟੀਮ ਨੇ ਜੇਲ੍ਹ ਵਿਚ ਬੰਦ ਰਾਮ ਰਹੀਮ ਕੋਲੋਂ ਪੁੱਛਗਿੱਛ ਕਰਨ ਦੀ ਵੀ ਕੋਸ਼ਿਸ਼ ਕੀਤੀ ਸੀ ਪਰ ਸਫਲ ਨਾ ਹੋ ਸਕੀ। ਹੁਣ ਇਕਬਾਲ ਸਿੰਘ ਦੀ ਚਿੱਠੀ ਜਾਂਚ ਨੂੰ ਨਵਾਂ ਮੋੜ ਦੇ ਸਕਦੀ ਹੈ।

100 SPIRITUAL
PATHS AND SHABAD KIRTANS INSIDE
GURBANI | ਗੁਰਬਾਣੀ
FM/AM RADIO
BLUETOOTH USB AUX IN AUX OUT
SAREGAMA CARVAAN mini
AVAILABLE AT SELECT INDIAN STORES NEAR YOU
CONTACT: MR SINGH @ +1 518 502 6005 OR +1 859 490 0156

Fresh Sweets, Snacks & Food
Catering with portable Tandoor
for up to 10000 guests
Lunch - Dinner - Take Out - Banquets
Toll Free 1-866-FOR-RAJA
www.rajasweets.com
msbains@rajasweets.com
ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ
Raja SWEETS & CATERING
Follow us on:
AUTHORIZED CATERER FOR MAJOR 5-STAR HOTELS
Raja Sweets & Indian Cuisine
31853 Alvarado Blvd. Union City CA 94587
Ph. (510) 489-9100 Fax (510) 489-9111
Raja Indian Cuisine & Bar
1275 W Winton Ave. Hayward CA 94545
Ph. (510) 264-9300 Fax (510) 264-9345
ਹਰ ਮੌਕੇ ਜਿਵੇਂ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜ਼ਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।
Call Makhan Bains or Ravinder Singh for your next Party 1-866-FOR RAJA www.RajaSweets.com

Law Office of
Manpreet S. Gahra
>ਇਮੀਗਰੇਸ਼ਨ ਸੇਵਾਵਾਂ
>ਫੈਮਿਲੀ ਲਾਅ
>ਬਿਜਨਸ ਲਾਅ
Criminal Defense
(DUI, simple battery, domestic violence, immigration post-conviction relief)
Manpreet S. Gahra
Attorny At Law
Berkeley Office
2161 Shattuck Ave., 304, Berkeley
Ph:510-841-4582
Fax:510-217-6847
Email: manpreet@gahralaw.com

# ਮੋਦੀ ਸਰਕਾਰ ਨੇ ਅਟਾਰੀ ਸਰਹੱਦ ਤੋਂ ਮੋੜਿਆ ਪਾਕਿਸਤਾਨ ਜਾ ਰਿਹਾ ਸਿੱਖ ਜਥਾ

**ਅਟਾਰੀ:** ਮੂਲ ਨਾਨਕਸ਼ਾਹੀ ਕੈਲੰਡਰ ਅਨੁਸਾਰ ਪੰਜਵੇਂ ਪਾਤਸ਼ਾਹ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਦਿਹਾੜਾ 16 ਜੂਨ ਨੂੰ ਗੁਰਦੁਆਰਾ ਡੇਹਰਾ ਸਾਹਿਬ, ਲਾਹੌਰ (ਪਾਕਿਸਤਾਨ) ਵਿਖੇ ਮਨਾਉਣ ਲਈ ਅਟਾਰੀ ਰੇਲਵੇ ਸਟੇਸ਼ਨ ਤੋਂ ਵਿਸ਼ੇਸ਼ ਰੇਲਗੱਡੀ ਰਾਹੀਂ ਪਾਕਿਸਤਾਨ ਜਾਣ ਵਾਲੇ ਭਾਰਤੀ ਸਿੱਖ ਸ਼ਰਧਾਲੂਆਂ ਦੇ ਜਥੇ ਨੂੰ ਭਾਰਤ ਸਰਕਾਰ ਵੱਲੋਂ ਮਨਜ਼ੂਰੀ ਨਾ ਦਿੱਤੇ ਜਾਣ ਕਾਰਨ ਨਿਰਾਸ਼ ਹੋ ਕੇ ਪਰਤਣਾ ਪਿਆ। ਇਸ ਮੌਕੇ ਸਿੱਖ ਸ਼ਰਧਾਲੂਆਂ ਨੇ ਭਾਰਤ ਸਰਕਾਰ ਖਿਲਾਫ ਰੋਸ ਪ੍ਰਗਟਾਵਾ ਕਰਦਿਆਂ ਨਾਅਰੇਬਾਜ਼ੀ ਕੀਤੀ।

ਵਿਸ਼ਵ ਭਾਈ ਮਰਦਾਨਾ ਯਾਦਗਾਰੀ ਕੀਰਤਨ ਦਰਬਾਰ ਸੁਸਾਇਟੀ ਫਿਰੋਜ਼ਪੁਰ ਦੇ ਆਗੂ ਜਗਦੇਵ ਸਿੰਘ ਨੇ ਦੱਸਿਆ ਕਿ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਦਿਹਾੜਾ ਗੁਰਦੁਆਰਾ ਡੇਹਰਾ ਸਾਹਿਬ, ਲਾਹੌਰ ਵਿਖੇ ਮਨਾਉਣ ਅਤੇ ਪਾਕਿਸਤਾਨ ਸਥਿਤ ਗੁਰਧਾਮਾਂ ਦੇ ਦਰਸ਼ਨ ਕਰਨ ਲਈ ਪਾਕਿਸਤਾਨ ਦੂਤਘਰ ਵੱਲੋਂ ਵੱਖ-ਵੱਖ ਸੰਗਠਨਾਂ ਦੇ ਕਰੀਬ 135 ਸਿੱਖ ਸ਼ਰਧਾਲੂਆਂ ਨੂੰ ਵੀਜ਼ੇ ਦਿੱਤੇ ਗਏ ਸਨ। ਉਨ੍ਹਾਂ ਦੱਸਿਆ ਕਿ ਸਿੱਖ ਸ਼ਰਧਾਲੂਆਂ ਦੇ ਜਥੇ ਨੇ ਅਟਾਰੀ ਰੇਲਵੇ ਸਟੇਸ਼ਨ ਤੋਂ ਵਿਸ਼ੇਸ਼ ਰੇਲਗੱਡੀ ਰਾਹੀਂ ਪਾਕਿਸਤਾਨ ਲਈ ਰਵਾਨਾ ਹੋਣਾ ਸੀ ਪਰ ਭਾਰਤ ਸਰਕਾਰ ਵੱਲੋਂ ਰੇਲਵੇ ਨੂੰ ਪ੍ਰਵਾਨਗੀ ਨਾ ਦਿੱਤੇ ਜਾਣ ਕਾਰਨ ਜਥਾ ਨਹੀਂ ਭੇਜਿਆ ਗਿਆ। ਵਿਸ਼ਵ ਭਾਈ ਮਰਦਾਨਾ ਯਾਦਗਾਰੀ ਕੀਰਤਨ ਦਰਬਾਰ ਸੁਸਾਇਟੀ ਦੇ ਪ੍ਰਧਾਨ ਹਰਪਾਲ ਸਿੰਘ ਭੁੱਲਰ ਨੇ ਭਾਰਤੀ ਸਿੱਖ ਜਥੇ ਨੂੰ ਪਾਕਿਸਤਾਨ ਜਾਣ ਦੀ ਪ੍ਰਵਾਨਗੀ ਨਾ ਦੇਣ 'ਤੇ ਭਾਰਤ ਸਰਕਾਰ ਦੀ ਨਿਖੇਧੀ ਕੀਤੀ। ਉਨ੍ਹਾਂ ਕਿਹਾ ਕਿ ਅਜਿਹਾ ਪਹਿਲੀ ਵਾਰ ਨਹੀਂ ਹੋਇਆ ਹੈ। ਇਸ ਤੋਂ ਪਹਿਲਾਂ ਵੀ ਦੋ ਵਾਰ ਭਾਰਤ ਸਰਕਾਰ ਵੱਲੋਂ ਜਥੇ ਨੂੰ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਦਿਹਾੜਾ ਮਨਾਉਣ ਲਈ ਪਾਕਿਸਤਾਨ ਜਾਣੋਂ ਰੋਕਿਆ ਜਾ ਚੁਕਾ ਹੈ।



ਸ੍ਰੀ ਸੁਖਮਨੀ ਸਾਹਿਬ ਸੇਵਾ ਸੁਸਾਇਟੀ, ਡੱਬਵਾਲੀ ਜ਼ਿਲ੍ਹਾ ਸਿਰਸਾ (ਹਰਿਆਣਾ) ਦੇ ਗੁਰਬਚਨ ਸਿੰਘ ਨੇ ਕਿਹਾ ਕਿ ਜੇਕਰ ਪਾਕਿਸਤਾਨ ਦੇ ਦੂਤਘਰ ਵੱਲੋਂ ਸਿੱਖ ਸ਼ਰਧਾਲੂਆਂ ਨੂੰ ਗੁਰਧਾਮਾਂ ਦੇ ਦਰਸ਼ਨਾਂ ਲਈ ਵੀਜ਼ੇ ਦਿੱਤੇ ਗਏ ਸਨ ਤਾਂ ਭਾਰਤ ਸਰਕਾਰ ਵੱਲੋਂ ਜਥੇ ਨੂੰ ਪਾਕਿਸਤਾਨ ਜਾਣ ਦੀ ਪ੍ਰਵਾਨਗੀ ਵੀ ਦੇਣੀ ਚਾਹੀਦੀ ਸੀ। ਉਨ੍ਹਾਂ ਕਿਹਾ ਕਿ ਸ਼ਰਧਾ ਤੇ ਉਤਸ਼ਾਹ ਨਾਲ ਘਰਾਂ ਤੋਂ ਗੁਰਧਾਮਾਂ ਦੀ ਯਾਤਰਾ ਲਈ ਰੇਲਵੇ ਸਟੇਸ਼ਨ ਪਹੁੰਚੇ ਜਥੇ ਨੂੰ ਪਰੇਸ਼ਾਨੀ ਦਾ ਸਾਹਮਣਾ ਕਰਨਾ ਪਿਆ। ਉਨ੍ਹਾਂ ਕਿਹਾ ਕਿ ਭਾਰਤ ਸਰਕਾਰ ਨੂੰ ਸਿੱਖ ਭਾਵਨਾਵਾਂ ਦੀ ਕਦਰ ਕਰਨੀ ਚਾਹੀਦੀ ਹੈ। ਸਿੱਖ ਜਥੇ ਵਿਚ ਜੈਪੁਰ, ਮੁੰਬਈ, ਦੇਹਰਾਦੂਨ, ਹਰਿਆਣਾ ਅਤੇ ਪੰਜਾਬ ਦੇ ਵੱਖ-ਵੱਖ ਜ਼ਿਲ੍ਹਿਆਂ ਦੇ ਸ਼ਰਧਾਲੂ ਸ਼ਾਮਲ ਸਨ। ਪਰਮਜੀਤ ਸਿੰਘ ਜੱਜੇਆਣੀ ਨੇ ਕਿਹਾ ਕਿ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਦਿਹਾੜਾ ਗੁਰਦੁਆਰਾ ਡੇਹਰਾ ਸਾਹਿਬ ਲਾਹੌਰ (ਪਾਕਿਸਤਾਨ) ਵਿਖੇ ਮੂਲ ਨਾਨਕਸ਼ਾਹੀ ਕੈਲੰਡਰ ਅਨੁਸਾਰ 16 ਜੂਨ ਨੂੰ ਮਨਾਉਣ ਲਈ ਜਾ ਰਹੇ ਭਾਰਤੀ ਸਿੱਖ ਸ਼ਰਧਾਲੂਆਂ ਦੇ ਜਥੇ ਨੂੰ ਅਟਾਰੀ ਰੇਲਵੇ ਸਟੇਸ਼ਨ 'ਤੇ ਇਸ ਕਰਕੇ ਰੋਕਿਆ ਗਿਆ ਹੈ ਕਿਉਂਕਿ ਸ਼੍ਰੋਮਣੀ ਕਮੇਟੀ ਸੋਧੇ ਹੋਏ ਨਾਨਕਸ਼ਾਹੀ ਕੈਲੰਡਰ ਅਨੁਸਾਰ ਪਹਿਲਾਂ ਹੀ ਸ਼ਹੀਦੀ ਦਿਹਾੜਾ ਮਨਾ ਚੁੱਕੀ ਹੈ। ਉਧਰ, ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਦਿਹਾੜਾ ਮਨਾਉਣ ਲਈ ਪਾਕਿਸਤਾਨ ਜਾਣ ਦੇ ਇਛੁੱਕ 87 ਭਾਰਤੀ ਸ਼ਰਧਾਲੂਆਂ ਨੂੰ ਗੁਆਂਢੀ ਮੁਲਕ ਵੱਲੋਂ ਵੀਜ਼ੇ ਨਾ ਦੇਣ 'ਤੇ ਭਾਰਤ ਨੇ ਤਿੱਖਾ ਰੋਸ ਪ੍ਰਗਟਾਇਆ ਹੈ। ਸਰਕਾਰੀ ਸੂਤਰਾਂ ਅਨੁਸਾਰ ਜਿਹੜੇ ਸ਼ਰਧਾਲੂਆਂ ਨੂੰ ਵੀਜ਼ੇ ਦੇਣ ਤੋਂ ਇਨਕਾਰ ਕੀਤਾ ਗਿਆ ਹੈ, ਉਹ ਸਰਕਾਰ ਵੱਲੋਂ ਅਧਿਕਾਰਤ ਜਥੇ ਦਾ ਹਿੱਸਾ ਸਨ। ਨਾਲ ਹੀ ਸੂਤਰਾਂ ਨੇ ਦੱਸਿਆ ਕਿ ਪਾਕਿਸਤਾਨ ਨੇ ਭਾਰਤੀ ਸ਼ਰਧਾਲੂਆਂ ਦੇ ਇਕ ਨਿੱਜੀ ਜਥੇ ਨੂੰ ਵੀਜ਼ਾ ਦੇ ਦਿੱਤਾ ਹੈ। ਸੂਤਰਾਂ ਅਨੁਸਾਰ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਦਿਹਾੜਾ 7 ਜੂਨ ਨੂੰ ਮਨਾਉਣ ਲਈ ਭਾਰਤ ਸਰਕਾਰ ਵੱਲੋਂ 87 ਸ਼ਰਧਾਲੂਆਂ ਦੇ ਜਥੇ ਲਈ ਪਾਕਿਸਤਾਨ ਤੋਂ ਵੀਜ਼ੇ ਮੰਗੇ ਗਏ ਸਨ, ਜਿਸ ਤੋਂ ਗੁਆਂਢੀ ਮੁਲਕ ਨੇ ਇਨਕਾਰ ਕਰ ਦਿੱਤਾ ਸੀ।

### ਪਾਕਿਸਤਾਨ ਦੇ ਪ੍ਰਬੰਧ ਜਿਵੇਂ ਦੇ ਤਿਵੇਂ ਰਹਿ ਗਏ

**ਅੰਮ੍ਰਿਤਸਰ:** ਨਾਨਕਸ਼ਾਹੀ ਕੈਲੰਡਰ ਦੇ ਚਲਦੇ ਵਿਵਾਦ ਦੌਰਾਨ ਸਿੱਖ ਸ਼ਰਧਾਲੂਆਂ ਦਾ ਜਥਾ ਪਾਕਿਸਤਾਨ ਰਵਾਨਾ ਨਹੀਂ ਹੋ ਸਕਿਆ ਹੈ। ਪਾਕਿਸਤਾਨ ਵੱਲ ਵਾਹਗਾ ਰੇਲਵੇ ਸਟੇਸ਼ਨ 'ਤੇ ਪੀ.ਜੀ.ਪੀ.ਸੀ. ਅਤੇ ਔਕਾਫ ਬੋਰਡ ਵੱਲੋਂ ਸਿੱਖ ਯਾਤਰੀਆਂ ਨੂੰ 'ਜੀ ਆਇਆਂ' ਕਹਿਣ ਲਈ ਢੁਕਵੇਂ ਪ੍ਰਬੰਧ ਕੀਤੇ ਗਏ ਸਨ ਜੋ ਕਿ ਜਿਵੇਂ ਦੇ ਤਿਵੇਂ ਹੀ ਰਹਿ ਗਏ। ਮਿਲੀ ਜਾਣਕਾਰੀ ਮੁਤਾਬਕ ਵਾਹਗਾ ਰੇਲਵੇ ਸਟੇਸ਼ਨ 'ਤੇ ਪੀ.ਜੀ.ਪੀ.ਸੀ. ਆਗੂ ਤਾਰਾ ਸਿੰਘ, ਬਿਸ਼ਨ ਸਿੰਘ ਤੇ ਔਕਾਫ ਬੋਰਡ ਦੇ ਆਗੂ ਹਾਜ਼ਰ ਸਨ ਜਿਨ੍ਹਾਂ ਨੇ ਯਾਤਰੂਆਂ ਲਈ ਗਰਮੀ ਵਿਚ ਪੀਣ ਵਾਲੇ ਪਾਣੀ ਅਤੇ ਲੰਗਰ ਆਦਿ ਦਾ ਪ੍ਰਬੰਧ ਕੀਤਾ ਹੋਇਆ ਸੀ। ਇਸ ਸਬੰਧ ਵਿਚ ਪਾਕਿਸਤਾਨ ਤੋਂ ਭੇਜੀਆਂ ਤਸਵੀਰਾਂ ਵਿਚ ਸਿੱਖ ਯਾਤਰੂਆਂ ਨੂੰ ਲੈ ਜਾਣ ਵਾਸਤੇ ਆਈ ਪਾਕਿਸਤਾਨੀ ਰੇਲ ਗੱਡੀ ਵੀ ਵਾਹਗਾ ਰੇਲਵੇ ਸਟੇਸ਼ਨ 'ਤੇ ਖੜ੍ਹੀ ਦਿਖਾਈ ਦਿੰਦੀ ਹੈ।

# ਕੋਟਕਪੂਰਾ ਗੋਲੀ ਕਾਂਡ: ਮਨਤਾਰ ਤੇ ਹੋਰਾਂ ਨੂੰ ਪੇਸ਼ ਹੋਣ ਲਈ ਨੋਟਿਸ

**ਫਰੀਦਕੋਟ:** ਕੋਟਕਪੂਰਾ ਗੋਲੀ ਕਾਂਡ ਵਿਚ ਜੁਡੀਸ਼ੀਅਲ ਮੈਜਿਸਟਰੇਟ ਦੀ ਅਦਾਲਤ ਨੇ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਮਨਤਾਰ ਸਿੰਘ ਬਰਾੜ, ਲੁਧਿਆਣਾ ਦੇ ਸਾਬਕਾ ਏ.ਸੀ.ਪੀ. ਪਰਮਜੀਤ ਸਿੰਘ ਪੰਨੂ, ਫਰੀਦਕੋਟ ਦੇ ਸਾਬਕਾ ਐਸ.ਪੀ. ਬਲਜੀਤ ਸਿੰਘ ਸਿੱਧੂ ਅਤੇ ਸਿਟੀ ਕੋਟਕਪੂਰਾ ਦੇ ਸਾਬਕਾ ਐਸ.ਐਚ. ਓ ਗੁਰਦੀਪ ਸਿੰਘ ਪੰਧੇਰ ਨੂੰ ਨੋਟਿਸ ਜਾਰੀ ਕਰਕੇ ਹਦਾਇਤ ਕੀਤੀ ਹੈ ਕਿ ਉਹ ਮੁਕੱਦਮੇ ਦੀ ਸੁਣਵਾਈ ਦਾ ਸਾਹਮਣਾ ਕਰਨ ਲਈ 12 ਜੁਲਾਈ ਨੂੰ ਨਿੱਜੀ ਤੌਰ 'ਤੇ ਅਦਾਲਤ ਸਾਹਮਣੇ ਪੇਸ਼ ਹੋਣ।

ਮਾਮਲੇ ਦੀ ਸੁਣਵਾਈ ਦੌਰਾਨ ਆਈ.ਜੀ. ਪਰਮਰਾਜ ਸਿੰਘ ਉਮਰਾਨੰਗਲ ਚਲਾਨ ਪੇਸ਼ ਹੋਣ ਤੋਂ ਬਾਅਦ ਪਹਿਲੀ ਵਾਰ ਅਦਾਲਤ ਸਾਹਮਣੇ ਪੇਸ਼ ਹੋਏ। ਅਦਾਲਤ ਨੇ ਆਈ.ਜੀ. ਉਮਰਾਨੰਗਲ ਨੂੰ ਕੋਟਕਪੂਰਾ ਗੋਲੀ ਕਾਂਡ ਦੇ ਮਾਮਲੇ ਵਿਚ ਪੇਸ਼ ਹੋਏ ਚਲਾਨ ਦੀਆਂ ਨਕਲਾਂ ਸੌਂਪ ਦਿੱਤੀਆਂ ਜਦੋਂ ਕਿ ਸਾਬਕਾ ਐਸ.ਐਸ.ਪੀ ਚਰਨਜੀਤ ਸਿੰਘ ਸ਼ਰਮਾ ਦੀ ਸਿਹਤ ਖਰਾਬ ਹੋਣ ਕਾਰਨ ਅਦਾਲਤ ਨੇ ਉਸ ਨੂੰ ਨਿੱਜੀ ਪੇਸ਼ੀ ਤੋਂ ਛੋਟ ਦੇ ਦਿੱਤੀ। ਅਦਾਲਤ ਨੇ ਆਪਣੇ ਹੁਕਮ ਵਿਚ ਕਿਹਾ ਹੈ ਕਿ ਮਨਤਾਰ ਸਿੰਘ ਬਰਾੜ ਅਤੇ ਬਾਕੀ ਪੁਲਿਸ ਅਧਿਕਾਰੀਆਂ ਨੂੰ ਨੋਟਿਸ ਵਿਸ਼ੇਸ਼ ਜਾਂਚ ਟੀਮ ਰਾਹੀਂ ਭੇਜਿਆ ਜਾਵੇ।

ਵਿਸ਼ੇਸ਼ ਜਾਂਚ ਟੀਮ ਨੇ 27 ਮਈ ਨੂੰ ਅਦਾਲਤ ਵਿਚ 2000 ਸਫਿਆਂ ਦਾ ਚਲਾਨ ਪੇਸ਼ ਕੀਤਾ ਸੀ, ਜਿਸ ਵਿਚ ਦਾਅਵਾ ਕੀਤਾ ਹੈ ਕਿ ਉਮਰਾਨੰਗਲ ਨੂੰ 13 ਅਕਤੂਬਰ 2015 ਦੀ ਰਾਤ ਨੂੰ ਕਿਸੇ ਵੀ ਪੁਲਿਸ ਅਧਿਕਾਰੀ ਨੇ ਕੋਟਕਪੂਰੇ ਨਹੀਂ ਬੁਲਾਇਆ ਸੀ ਬਲਕਿ ਉਹ ਬਿਨਾਂ ਬੁਲਾਏ ਕੋਟਕਪੂਰੇ ਆਏ ਅਤੇ ਸ਼ਾਂਤਮਈ ਲੋਕਾਂ ਉੱਪਰ ਗੋਲੀਆਂ ਚਲਾ ਦਿੱਤੀਆਂ। ਉਮਰਾਨੰਗਲ ਇਕਲੌਤੇ ਅਜਿਹੇ ਪੁਲਿਸ ਅਧਿਕਾਰੀ ਹਨ ਜਿਹੜੇ ਕੋਟਕਪੂਰਾ ਗੋਲੀ ਕਾਂਡ ਵਿਚ ਜੇਲ੍ਹ ਦੀ ਹਵਾ ਖਾ ਚੁੱਕੇ ਹਨ।

ਦੱਸਣਯੋਗ ਹੈ ਕਿ ਐਸ.ਪੀ. ਬਲਜੀਤ ਸਿੰਘ ਸਿੱਧੂ ਅਤੇ ਕੋਟਕਪੂਰਾ ਦੇ ਸਾਬਕਾ ਐਸ.ਐਚ.ਓ ਗੁਰਦੀਪ ਸਿੰਘ ਪੰਧੇਰ ਜ਼ਮਾਨਤ ਨਾ ਮਿਲਣ ਕਾਰਨ ਅਦਾਲਤ ਸਾਹਮਣੇ ਪੇਸ਼ ਨਹੀਂ ਹੋਏ ਜਦੋਂ ਕਿ ਮਨਤਾਰ ਸਿੰਘ ਬਰਾੜ ਨੂੰ ਹਾਈਕੋਰਟ ਵਿੱਚੋਂ ਆਰਜ਼ੀ ਤੌਰ 'ਤੇ ਪੇਸ਼ਗੀ ਜ਼ਮਾਨਤ ਮਿਲੀ ਹੋਈ ਹੈ ਅਤੇ ਉਹ ਅਜੇ ਤੱਕ ਅਦਾਲਤ ਸਾਹਮਣੇ ਪੇਸ਼ ਨਹੀਂ ਹੋਏ।

### ਐਸ.ਪੀ. ਬਲਜੀਤ ਸਿੱਧੂ ਦੀ ਜ਼ਮਾਨਤ ਅਰਜ਼ੀ ਰੱਦ

**ਫਰੀਦਕੋਟ:** ਕੋਟਕਪੂਰਾ ਗੋਲੀ ਕਾਂਡ ਵਿਚ ਮੁਲਜ਼ਮ ਵਜੋਂ ਨਾਮਜ਼ਦ ਐਸ.ਪੀ. ਬਲਜੀਤ ਸਿੰਘ ਦੀ ਅਗਾਊਂ ਜ਼ਮਾਨਤ ਅਰਜ਼ੀ ਸਥਾਨਕ ਵਧੀਕ ਸੈਸ਼ਨ ਜੱਜ ਹਰਬੰਸ ਸਿੰਘ ਲੇਖੀ ਨੇ ਰੱਦ ਕਰ ਦਿੱਤੀ ਹੈ। ਦੱਸਣਯੋਗ ਹੈ ਕਿ ਕੋਟਕਪੂਰਾ ਗੋਲੀ ਕਾਂਡ ਵਿਚ ਵਿਸ਼ੇਸ਼ ਜਾਂਚ ਟੀਮ ਨੇ 27 ਮਈ ਨੂੰ ਚਲਾਨ ਅਦਾਲਤ ਵਿਚ ਪੇਸ਼ ਕੀਤਾ ਸੀ ਅਤੇ ਇਸ ਚਲਾਨ ਵਿਚ 5 ਪੁਲਿਸ ਅਧਿਕਾਰੀਆਂ ਨੂੰ ਮੁਲਜ਼ਮ ਵਜੋਂ ਨਾਮਜ਼ਦ ਕੀਤਾ ਸੀ ਜਿਨ੍ਹਾਂ ਵਿਚ ਐਸ.ਪੀ. ਬਲਜੀਤ ਸਿੰਘ ਸਿੱਧੂ ਦਾ ਨਾਮ ਵੀ ਸ਼ਾਮਲ ਹੈ। ਵਿਸ਼ੇਸ਼ ਜਾਂਚ ਟੀਮ ਨੇ ਅਦਾਲਤ ਨੂੰ ਦੱਸਿਆ ਕਿ ਅਕਤੂਬਰ 2015 'ਚ ਜਦੋਂ ਕੋਟਕਪੂਰਾ ਗੋਲੀ ਕਾਂਡ ਵਾਪਰਿਆ ਉਦੋਂ ਬਲਜੀਤ ਸਿੰਘ ਸਿੱਧੂ ਕੋਟਕਪੂਰਾ ਦੇ ਡੀ.ਐਸ.ਪੀ. ਵਜੋਂ ਤਾਇਨਾਤ ਸਨ ਅਤੇ ਗੋਲੀ ਕਾਂਡ ਵਿਚ ਇਸ ਪੁਲਿਸ ਅਧਿਕਾਰੀ ਦੀ ਵੀ ਸ਼ਮੂਲੀਅਤ ਸੀ। ਇਸ ਤੋਂ ਪਹਿਲਾਂ ਅਦਾਲਤ ਵੱਲੋਂ ਥਾਣਾ ਸਿਟੀ ਕੋਟਕਪੂਰਾ ਦੇ ਸਾਬਕਾ ਐਸ.ਐਚ.ਓ. ਗੁਰਦੀਪ ਸਿੰਘ ਪੰਧੇਰ ਦੀ ਵੀ ਜ਼ਮਾਨਤ ਅਰਜ਼ੀ ਰੱਦ ਕਰ ਦਿੱਤੀ ਗਈ ਸੀ।

# ਤਖਤ ਸ੍ਰੀ ਹਜ਼ੂਰ ਸਾਹਿਬ ਪ੍ਰਬੰਧਕੀ ਬੋਰਡ ਦੇ ਨਵੇਂ ਪ੍ਰਧਾਨ ਦਾ ਵਿਰੋਧ

**ਅੰਮ੍ਰਿਤਸਰ:** ਤਖਤ ਸ੍ਰੀ ਹਜ਼ੂਰ ਸਾਹਿਬ ਪ੍ਰਬੰਧਕੀ ਬੋਰਡ ਦੇ ਮੈਂਬਰਾਂ ਦੀ ਮੀਟਿੰਗ ਵਿਚ ਬੋਰਡ ਦਾ ਪ੍ਰਧਾਨ ਮੈਂਬਰਾਂ ਵਿਚੋਂ ਅਤੇ ਮੈਂਬਰਾਂ ਦੁਆਰਾ ਹੀ ਚੁਣੇ ਜਾਣ ਦੀ ਮੰਗ ਦੀ ਪ੍ਰੋੜ੍ਹਤਾ ਕੀਤੀ ਗਈ। ਇਸ ਨੂੰ ਅਗਲੀ ਕਾਰਵਾਈ ਲਈ ਮਹਾਰਾਸ਼ਟਰ ਸਰਕਾਰ ਕੋਲ ਭੇਜਿਆ ਜਾਵੇਗਾ। ਇਸ ਦੌਰਾਨ ਕੁਝ ਮੈਂਬਰਾਂ ਅਤੇ ਉਨ੍ਹਾਂ ਦੇ ਸਮਰਥਕਾਂ ਨੇ ਸਰਕਾਰ ਦੁਆਰਾ ਥਾਪੇ ਗਏ ਬੋਰਡ ਦੇ ਪ੍ਰਧਾਨ ਸਮੇਤ ਸ਼੍ਰੋਮਣੀ ਅਕਾਲੀ ਦਲ ਖਿਲਾਫ ਨਾਅਰੇਬਾਜ਼ੀ ਕੀਤੀ।

ਬੋਰਡ ਦੀ ਮੀਟਿੰਗ ਵਿਚ ਸ਼ਾਮਲ ਹੋਣ ਲਈ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਵੀ ਤਖਤ ਸ੍ਰੀ ਹਜ਼ੂਰ ਸਾਹਿਬ ਵਿਖੇ ਪੁੱਜੇ ਹੋਏ ਸਨ। ਇਸੇ ਦੌਰਾਨ ਜਦੋਂ ਇਹ ਸਾਰੇ ਗੁਰਦੁਆਰੇ ਨਤਮਸਤਕ ਹੋਣ ਵਾਸਤੇ ਗਏ ਤਾਂ ਉਥੇ ਮੌਜੂਦ ਕੁਝ ਲੋਕਾਂ ਨੇ ਉਨ੍ਹਾਂ ਖਿਲਾਫ ਨਾਅਰੇਬਾਜ਼ੀ ਕੀਤੀ। ਇਸ ਸਬੰਧੀ ਇਕ ਵੀਡੀਓ ਵੀ ਵਾਇਰਲ ਹੋਈ ਹੈ, ਜਿਸ ਵਿਚ ਪ੍ਰਦਰਸ਼ਨਕਾਰੀ ਮਹਾਰਾਸ਼ਟਰ ਸਰਕਾਰ ਵੱਲੋਂ ਆਪਣੀ ਮਰਜ਼ੀ ਨਾਲ ਥਾਪੇ ਗਏ ਬੋਰਡ ਦੇ ਪ੍ਰਧਾਨ ਨੂੰ 'ਸਰਕਾਰੀ ਪ੍ਰਧਾਨ' ਦੱਸਦਿਆਂ ਨਾਅਰੇਬਾਜ਼ੀ ਕਰ ਰਹੇ ਹਨ। ਪ੍ਰਦਰਸ਼ਨਕਾਰੀਆਂ ਨੇ ਸ਼੍ਰੋਮਣੀ ਅਕਾਲੀ ਦਲ ਅਤੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਖਿਲਾਫ ਵੀ ਨਾਅਰੇਬਾਜ਼ੀ ਕੀਤੀ।

ਪ੍ਰਧਾਨ ਭੁਪਿੰਦਰ ਸਿੰਘ ਮਿਨਹਾਸ ਨੇ ਦੱਸਿਆ ਕਿ ਮੀਟਿੰਗ ਵਿਚ ਤਖਤ ਸ੍ਰੀ ਹਜ਼ੂਰ ਸਾਹਿਬ ਪ੍ਰਬੰਧਕੀ ਬੋਰਡ ਦਾ ਇਸ ਵਿੱਤੀ ਵਰ੍ਹੇ ਦਾ ਸਾਲਾਨਾ ਬਜਟ ਲਗਭਗ 120 ਕਰੋੜ ਰੁਪਏ ਪ੍ਰਵਾਨ ਕੀਤਾ ਗਿਆ ਹੈ। ਇਸ ਤੋਂ ਇਲਾਵਾ ਮੀਟਿੰਗ ਵਿਚ ਵਿਕਾਸ ਸਬੰਧੀ ਸਮੁੱਚਾ ਏਜੰਡਾ ਪ੍ਰਵਾਨ ਕੀਤਾ ਗਿਆ ਹੈ। ਮੀਟਿੰਗ ਵਿਚ ਬੋਰਡ ਦੇ ਐਕਟ ਤਹਿਤ ਚੁਣੇ ਅਤੇ ਨਾਮਜ਼ਦ ਕੀਤੇ ਮੈਂਬਰਾਂ ਵੱਲੋਂ ਪ੍ਰਧਾਨ ਦੀ ਚੋਣ ਕਰਨ ਦੀ ਮੰਗ ਦੀ ਪ੍ਰੋੜ੍ਹਤਾ ਕਰਦਿਆਂ ਇਸ ਮੰਗ ਨੂੰ ਅਗਲੀ ਕਾਰਵਾਈ ਲਈ ਮਹਾਰਾਸ਼ਟਰ ਸਰਕਾਰ ਨੂੰ ਭੇਜਣ ਦਾ ਫੈਸਲਾ ਲਿਆ ਗਿਆ ਹੈ। ਉਨ੍ਹਾਂ ਕਿਹਾ ਕਿ ਪੰਜ ਪਿਆਰਿਆਂ ਨੇ ਕੁਝ ਦਿਨ ਪਹਿਲਾਂ ਮੀਟਿੰਗ ਕਰ ਕੇ ਐਕਟ ਦੀ ਧਾਰਾ 11 ਵਿਚ ਕੀਤੀ ਸੋਧ ਨੂੰ ਖਤਮ ਕਰਨ ਅਤੇ ਬੋਰਡ ਦਾ ਪ੍ਰਧਾਨ ਸਰਕਾਰ ਵੱਲੋਂ ਨਾਮਜ਼ਦ ਕਰਨ ਦੀ ਥਾਂ ਮੈਂਬਰਾਂ ਵੱਲੋਂ ਖੁਦ ਚੁਣੇ ਜਾਣ ਦੀ ਸਿਫਾਰਸ਼ ਕੀਤੀ ਸੀ, ਜਿਸ ਦੀ ਬੋਰਡ ਦੇ ਮੈਂਬਰਾਂ ਦੀ ਮੀਟਿੰਗ ਵਿਚ ਪ੍ਰੋੜ੍ਹਤਾ ਕੀਤੀ ਗਈ ਹੈ। ਇਸ ਤੋਂ ਪਹਿਲਾਂ ਸਥਾਨਕ ਸਿੱਖਾਂ ਵੱਲੋਂ ਕੀਤੇ ਗਏ ਰੋਸ ਪ੍ਰਦਰਸ਼ਨ ਬਾਰੇ ਉਨ੍ਹਾਂ ਆਖਿਆ ਕਿ ਕੁਝ ਲੋਕਾਂ ਵੱਲੋਂ ਬੇਲੋੜਾ ਵਿਰੋਧ ਕੀਤਾ ਜਾ ਰਿਹਾ ਹੈ। ਇਸ ਦੌਰਾਨ ਮੀਟਿੰਗ ਵਿਚ ਬੋਰਡ ਦੇ ਮੀਤ ਪ੍ਰਧਾਨ ਵਜੋਂ ਗੁਰਿੰਦਰ ਸਿੰਘ ਬਾਵਾ ਮੁੰਬਈ, ਸਕੱਤਰ ਵਜੋਂ ਰਵਿੰਦਰ ਸਿੰਘ ਬੁੰਗਈ ਨੂੰ ਨਾਮਜ਼ਦ ਕੀਤਾ ਗਿਆ ਹੈ।

# ਛੱਤੀਸਗੜ੍ਹ 'ਚ ਖੁੱਲ੍ਹਿਆ ਮੱਧ ਭਾਰਤ ਦਾ ਪਹਿਲਾ ਸਿੱਖ ਮਿਊਜ਼ੀਅਮ

**ਰਾਏਪੁਰ:** ਰਾਏਪੁਰ ਦੇ ਗੁਰੂ ਨਾਨਕ ਨਗਰ (ਸ਼ਿਆਮ ਨਗਰ) ਸਥਿਤ ਗੁਰਦੁਆਰਾ ਗੁਰੂ ਸਿੰਘ ਸਭਾ 'ਚ ਸ੍ਰੀ ਗੁਰੂ ਤੇਗ ਬਹਾਦਰ ਸਿੱਖ ਮਿਊਜ਼ੀਅਮ ਖੋਲ੍ਹਿਆ ਗਿਆ ਹੈ। ਇਸ ਵਿਚ ਸਿੱਖ ਧਰਮ ਦੀ ਸਥਾਪਨਾ ਕਿਸ ਨੇ ਕਦੋਂ ਕੀਤੀ, ਕਿੰਨੇ ਸਿੱਖ ਗੁਰੂ ਹੋਏ ਹਨ, ਉਨ੍ਹਾਂ ਗੁਰੂ ਸਾਹਿਬਾਨਾਂ ਵਿਚੋਂ ਕਿਸ ਨੇ ਮਨੁੱਖਤਾ ਅਤੇ ਦੇਸ਼ ਦੀ ਰੱਖਿਆ ਲਈ ਮੁਗਲ ਸ਼ਾਸਕਾਂ ਖਿਲਾਫ ਲੜਦਿਆਂ ਆਪਣੇ ਜੀਵਨ ਦੀ ਕੁਰਬਾਨੀ ਦਿੱਤੀ, ਦੇਸ਼ ਭਰ 'ਚ ਕਿੰਨੇ ਸਿੱਖ ਤੀਰਥ ਅਸਥਾਨ ਹਨ, ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤਾ ਹੈ।



ਸਿੱਖ ਗੁਰੂਆਂ ਦੇ ਜੀਵਨ ਦੇ ਪੂਰੇ ਵੇਰਵਿਆਂ ਦੀ ਜਾਣਕਾਰੀ ਹੁਣ ਛੱਤੀਸਗੜ੍ਹ ਦੀ ਰਾਜਧਾਨੀ ਰਾਏਪੁਰ 'ਚ ਖੁੱਲੇ ਮੱਧ ਭਾਰਤ ਦੇ ਪਹਿਲੇ ਸਿੱਖ ਮਿਊਜ਼ੀਅਮ ਤੋਂ ਮਿਲੇਗੀ। ਲਗਭਗ 5,000 ਵਰਗ ਫੁੱਟ 'ਚ ਬਣਾਏ ਗਏ ਇਸ ਮਿਊਜ਼ੀਅਮ ਦੇ ਅੰਦਰ ਇਕ ਥੀਏਟਰ ਅਤੇ ਲਾਇਬਰੇਰੀ ਵੀ ਬਣੀ ਹੋਈ ਹੈ। ਲਾਇਬਰੇਰੀ 'ਚ ਸਿੱਖ ਧਰਮ ਅਤੇ ਗੁਰੂ ਸਾਹਿਬਾਨਾਂ ਬਾਰੇ ਲਿਖੀਆਂ ਗਈਆਂ ਕਿਤਾਬਾਂ ਨੂੰ ਪੜ੍ਹ ਕੇ ਅਤੇ ਥੀਏਟਰ 'ਚ ਚਲ ਚਿੱਤਰਾਂ ਰਾਹੀਂ ਸਿੱਖ ਇਤਿਹਾਸ ਬਾਰੇ ਜਾਣਕਾਰੀ ਲਈ ਜਾ ਸਕਦੀ ਹੈ। ਸਿੱਖ ਗੁਰੂਆਂ ਤੋਂ ਇਲਾਵਾ ਸਿੱਖ ਯੋਧਿਆਂ ਦੀਆਂ ਵੀਰ ਗਾਥਾਵਾਂ ਤੇ ਇਤਿਹਾਸ ਨੂੰ ਆਧੁਨਿਕ ਸਾਜ਼ਾਂ ਦੀਆਂ ਧੁਨਾਂ ਨਾਲ ਦਿੱਲੀ ਦੇ ਸ਼ੰਮੀ ਨਾਰੰਗ ਦੀ ਆਵਾਜ਼ ਰਾਹੀਂ ਪੇਸ਼ ਕੀਤਾ ਗਿਆ ਹੈ। ਇਸ ਮਿਊਜ਼ੀਅਮ 'ਚ ਦਸਵੇਂ ਗੁਰੂ ਗੋਬਿੰਦ ਸਿੰਘ ਜੀ ਅਤੇ ਗੁਰੂ ਗ੍ਰੰਥ ਸਾਹਿਬ 'ਚ ਜਿਨ੍ਹਾਂ ਭਗਤਾਂ ਤੇ ਸਿੱਖ ਸੇਵਕਾਂ ਦੀ ਬਾਣੀ ਦਰਜ ਹੈ, ਉਨ੍ਹਾਂ ਸਭ ਦੇ ਚਿੱਤਰ ਲਗਾਏ ਗਏ ਹਨ ਅਤੇ ਉਨ੍ਹਾਂ ਦੀਆਂ ਜੀਵਨੀਆਂ ਉਤੇ ਚਾਨਣਾ ਪਾਇਆ ਗਿਆ ਹੈ।

ਇਸ ਮਿਊਜ਼ੀਅਮ 'ਚ ਸਿੱਖ ਗੁਰੂਆਂ ਦੇ ਵੱਡੇ ਚਿੱਤਰਾਂ ਤੋਂ ਇਲਾਵਾ ਸਿੱਖਾਂ ਦੇ ਸਭ ਤੋਂ ਵੱਡੇ ਤੀਰਥ ਅਸਥਾਨ ਸ੍ਰੀ ਹਰਿਮੰਦਰ ਸਾਹਿਬ ਦੇ ਇਕ ਮਾਡਲ ਨੂੰ ਸ਼ੀਸ਼ਿਆਂ ਦੀਆਂ ਦੀਵਾਰਾਂ ਅੰਦਰ ਸਥਾਪਤ ਕੀਤਾ ਗਿਆ ਹੈ, ਇਹ ਮਾਡਲ ਸੋਨਾ, ਚਾਂਦੀ ਅਤੇ ਹੋਰ ਧਾਤੂਆਂ ਤੋਂ ਤਿਆਰ ਕੀਤਾ ਗਿਆ ਹੈ। ਇਸ ਮਿਊਜ਼ੀਅਮ 'ਚ ਆਉਣ ਵਾਲਿਆਂ ਨੂੰ ਸਿੱਖ ਮਰਿਆਦਾ ਮੁਤਾਬਕ ਸਿਰ ਢੱਕ ਕੇ ਰੱਖਣਾ ਪਵੇਗਾ। ਦੱਸਣਯੋਗ ਹੈ ਕਿ ਇਸ ਮਿਊਜ਼ੀਅਮ ਨੂੰ 2015 'ਚ ਸਰਦਾਰ ਅਜਿੰਦਰ ਸਿੰਘ ਚਾਵਲਾ ਨੇ ਆਪਣੀ ਮਾਤਾ ਮਹਿੰਦਰ ਕੌਰ ਦੀ ਯਾਦ ਬਣਾਉਣਾ ਸ਼ੁਰੂ ਕੀਤਾ ਸੀ, ਪਰ ਉਨ੍ਹਾਂ ਦੀ ਜਨਵਰੀ 2018 'ਚ ਮੌਤ ਹੋ ਗਈ। ਇਸ ਤੋਂ ਬਾਅਦ ਮਿਊਜ਼ੀਅਮ ਦੇ ਅਧੂਰੇ ਕੰਮ ਨੂੰ ਉਨ੍ਹਾਂ ਦੇ ਪੁੱਤਰ ਜਸਮੀਤ ਸਿੰਘ ਚਾਵਲਾ ਨੇ ਨੇਪਰੇ ਚਾੜ੍ਹਿਆ। ਮੱਧ ਭਾਰਤ ਦੇ ਇਸ ਪਹਿਲੇ ਏਅਰ ਕੰਡੀਸ਼ਨਰ ਮਿਊਜ਼ੀਅਮ ਦਾ ਉਦਘਾਟਨ 7 ਜੂਨ ਨੂੰ ਸ਼ਹੀਦਾਂ ਦੇ ਸਿਰਤਾਜ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਦਿਹਾੜੇ ਮੌਕੇ ਸੂਬੇ ਦੇ ਮੁੱਖ ਮੰਤਰੀ ਭੂਪੇਸ਼ ਬਘੇਲ ਵੱਲੋਂ ਕੀਤਾ ਗਿਆ ਸੀ।

### ਬੋਰਡ 'ਤੇ ਸਰਕਾਰੀ ਪ੍ਰਧਾਨ ਦੀ ਨਿਯੁਕਤੀ ਠੀਕ ਨਹੀਂ: ਲੌਂਗੋਵਾਲ

**ਨਾਂਦੇੜ:** ਸ਼੍ਰੋਮਣੀ ਕਮੇਟੀ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਕਿਹਾ ਹੈ ਕਿ ਗੁਰਦੁਆਰਾ ਤਖਤ ਸੱਚਖੰਡ ਬੋਰਡ ਕਾਨੂੰਨ 1956 'ਚ ਮਹਾਰਾਸ਼ਟਰ ਸਰਕਾਰ ਨੇ ਸੋਧ ਕਰਕੇ ਬੋਰਡ ਉਤੇ ਸਿੱਧਾ ਪ੍ਰਧਾਨ ਨਿਯੁਕਤ ਕਰਨ ਦੀ ਪ੍ਰਥਾ ਸ਼ੁਰੂ ਕੀਤੀ ਹੈ। ਇਹ ਪ੍ਰਥਾ ਬੰਦ ਕਰਵਾ ਕੇ ਲੋਕਤੰਤਰ ਪ੍ਰਣਾਲੀ ਨਾਲ ਪ੍ਰਧਾਨ ਚੁਣਨ ਲਈ ਸਰਕਾਰੀ ਸੋਧ ਵਾਪਸ ਲਏ ਜਾਣ ਦੀ ਮੰਗ ਨੂੰ ਲੈ ਕੇ ਸ਼੍ਰੋਮਣੀ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਨੇਤਾ ਮਹਾਰਾਸ਼ਟਰ ਦੇ ਮੁੱਖ ਮੰਤਰੀ ਨੂੰ ਮਿਲਣਗੇ। ਲੌਂਗੋਵਾਲ ਗੁਰਦੁਆਰਾ ਬੋਰਡ ਦੀ ਬੈਠਕ 'ਚ ਸ਼ਾਮਲ ਹੋਣ ਲਈ ਪਹੁੰਚੇ ਸਨ। ਗੁਰਦੁਆਰਾ ਬੋਰਡ 'ਤੇ ਸਰਕਾਰੀ ਪ੍ਰਧਾਨ ਦੀ ਨਿਯੁਕਤੀ ਨੂੰ ਲੈ ਕੇ ਸ਼੍ਰੋਮਣੀ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਨੇਤਾਵਾਂ ਦੀ ਭੂਮਿਕਾ ਨੂੰ ਲੈ ਕੇ ਉਨ੍ਹਾਂ ਨੂੰ ਸਥਾਨਕ ਸਿੱਖ ਸਮਾਜ 'ਚ ਰੋਸ ਦੇਖਣ ਨੂੰ ਮਿਲਿਆ।

## Windermere Western View Properties

484 Bovard, Dallas, OR 97338

To Buy Or Sell Properties
House Or Business

ਘਰ ਜਾਂ ਬਿਜਨਸ ਖਰੀਦਣ/ਵੇਚਣ ਲਈ ਸੰਪਰਕ ਕਰੋ, ਸੰਨੀ ਪਾਲ



Cell: 503-400-9883

Office: 503-623-2333


*Sunny Pal*
Real Estate Broker
(Licensed In Oregon)

## Buy or Sell Real Estate in California

Roseville, Sacramento, Elk Grove & surrounding areas.

CENTURY 21

Committed to Excellent Service



Cell: 916-847-8920

E-mail: hsingh@c21mm.com

Century 21 MM-Roseville

973 Pleasant Grove Blvd.,
Suite# 150, Roseville, CA 95678

Harpreet Singh
*Realtor*
*CalDRE# 02049809*

25-

## ਖੁਸ਼ਖ਼ਬਰੀ ਖੁਸ਼ਖ਼ਬਰੀ

# ਪੰਜਾਬੀ ਢਾਬਾ

1480 N. State Road 1, Cambridge City, IN 47327

ਕੈਂਬਰਿਜ ਸਿਟੀ (ਇੰਡੀਆਨਾ) ਵਿਚ ਪੰਜਾਬੀ ਢਾਬੇ ਲਈ

ਡਿਸ਼ਵਾਸ਼ਰ, ਹੈਲਪਰ, ਵੇਟਰ ਅਤੇ ਕੁਕ ਚਾਹੀਦੇ ਹਨ

ਚੰਗੀ ਤਨਖਾਹ, ਖਾਣਾ ਮੁਫਤ ਤੇ ਹੋਰ ਸਹੂਲਤਾਂ

ਸੰਪਰਕ ਕਰੋ: ਮਨਜੀਤ ਨਾਗਰਾ

ਫੋਨ: 317-750-1900

## Indianapolis, Indiana ਵਿਚ ਬਣਾਓ ਆਪਣੇ ਸੁਪਨਿਆਂ ਦਾ ਘਰ

***One of the Fastest Growing City in America and Best School System...***



- ਨਵੇਂ ਨਕੋਰ ਘਰਾਂ ਦੀ ਕੀਮਤ $200,000 ਤੋਂ ਸ਼ੁਰੂ ਹੁੰਦੀ ਹੈ
- 1500 ਵਰਗ ਗਜ ਤੋਂ 5000 ਵਰਗ ਗਜ ਦੇ ਘਰ
- 4-6 ਬੈਡ ਰੂਮ, 3-4 ਬਾਥ ਰੂਮ
- ਬੱਚਿਆਂ ਦੀ ਪੜ੍ਹਾਈ ਲਈ ਬੜੇ ਵਧੀਆ ਸਕੂਲ, ਕਾਲਜ ਅਤੇ ਯੂਨੀਵਰਸਿਟੀਆਂ
- ਬਹੁਤ ਹੀ ਘੱਟ ਪ੍ਰਾਪਰਟੀ ਟੈਕਸ ਅਤੇ ਘਰਾਂ ਦੀ ਇੰਸ਼ੋਰੈਂਸ ਸਸਤੀ



ਅਸੀਂ ਘਰਾਂ ਅਤੇ ਬਿਜਨਸ ਲਈ ਹਰ ਤਰ੍ਹਾਂ ਦੇ ਲੋਨ ਕਰਦੇ ਹਾਂ, ਮਨਜ਼ੂਰੀ (Approval) ਉਸੇ ਦਿਨ

Manjit Singh Nagra
*Realtor/Broker*
**Cell: 317-750-1900**
6979 Hillsdale Court
Indianapolis, Indiana 46250

Gurdeep (Garry) Chhokar
Realtor/Broker
**Cell: 317-500-1247**

Star Alliance BROKERAGE



***We do all type of Home and Commercial Loan. Same day loan approval...***

# ਕੈਪਟਨ ਨੇ ਮੋਦੀ ਸਰਕਾਰ ਕੋਲ ਚੁੱਕੇ ਪੰਜਾਬ ਦੇ ਮਸਲੇ

**ਚੰਡੀਗੜ੍ਹ:** ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਸੂਬੇ ਵਿਚ ਪਾਣੀ ਦੀ ਵੰਡ ਦੇ ਬੁਨਿਆਦੀ ਢਾਂਚੇ ਵਿਚ ਸੁਧਾਰ ਕਰਨ ਲਈ ਪ੍ਰਧਾਨ ਮੰਤਰੀ ਦੇ ਸਹਿਯੋਗ ਦੀ ਮੰਗ ਕੀਤੀ ਹੈ। ਇਸ ਦੇ ਨਾਲ ਹੀ ਮੁੱਖ ਮੰਤਰੀ ਨੇ ਪਾਣੀ ਦੀ ਘਟ ਰਹੀ ਮੌਜੂਦਗੀ ਦੇ ਮੱਦੇਨਜ਼ਰ ਗੁਆਂਢੀ ਸੂਬਿਆਂ ਨਾਲ ਵਿਵਾਦ ਦਾ ਹੱਲ ਕੱਢਣ ਲਈ ਦਰਿਆਈ ਪਾਣੀਆਂ 'ਤੇ ਨਵਾਂ ਟ੍ਰਿਬਿਊਨਲ ਕਾਇਮ ਕਰਨ ਦਾ ਸੱਦਾ ਦਿੱਤਾ ਹੈ। ਮੁੱਖ ਮੰਤਰੀ ਜੋ ਸਿਹਤ ਨਾਸਾਜ਼ ਹੋਣ ਕਾਰਨ ਮੀਟਿੰਗ ਵਿਚ ਸ਼ਾਮਲ ਨਾ ਹੋ ਸਕੇ, ਦਾ ਭਾਸ਼ਣ ਨੀਤੀ ਆਯੋਗ ਦੀ ਗਵਰਨਿੰਗ ਕੌਂਸਲ ਵਿਚ ਵੰਡਿਆ ਗਿਆ। ਆਪਣੇ ਭਾਸ਼ਣ ਵਿਚ ਮੁੱਖ ਮੰਤਰੀ ਨੇ ਗੁਆਂਢੀ ਸੂਬਿਆਂ ਦਰਮਿਆਨ ਪਾਣੀ ਨਾਲ ਸਬੰਧਤ ਵਿਵਾਦ ਖ਼ਤਮ ਕਰਨ ਲਈ ਦਰਿਆਈ ਪਾਣੀਆਂ ਉਤੇ ਨਵਾਂ ਟ੍ਰਿਬਿਊਨਲ ਕਾਇਮ ਕਰਨ ਦਾ ਸੁਝਾਅ ਦਿੱਤਾ ਹੈ।

ਕੈਪਟਨ ਅਮਰਿੰਦਰ ਸਿੰਘ ਨੇ ਭਾਰਤ ਸਰਕਾਰ ਨੂੰ ਪ੍ਰਧਾਨ ਮੰਤਰੀ ਕਿਸਾਨ ਯੋਜਨਾ ਤਹਿਤ ਸਾਲਾਨਾ ਸਹਾਇਤਾ ਰਾਸ਼ੀ 6000 ਰੁਪਏ ਤੋਂ ਵਧਾ ਕੇ 12000 ਰੁਪਏ ਪ੍ਰਤੀ ਕਿਸਾਨ ਕਰਨ ਅਤੇ ਖੇਤੀ ਕਾਮਿਆਂ ਨੂੰ ਵੀ ਇਸ ਨਾਲ ਜੋੜਨ ਦੀ ਅਪੀਲ ਕੀਤੀ ਹੈ। ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਦੇ ਸਰਹੱਦੀ ਖੇਤਰਾਂ ਦੇ ਢੁਕਵੇਂ ਵਿਕਾਸ ਲਈ ਵਿਸ਼ੇਸ਼ ਪੈਕੇਜ ਦੇਣ ਦਾ ਮਾਮਲਾ ਪਹਿਲਾਂ ਵੀ ਉਠਾਇਆ ਸੀ ਪਰ ਦੁੱਖ ਦੀ ਗੱਲ ਹੈ ਕਿ ਕੇਂਦਰ ਸਰਕਾਰ ਨੇ ਇਸ ਪਾਸੇ ਕੋਈ ਹੁੰਗਾਰਾ ਨਹੀਂ ਭਰਿਆ। ਉਨ੍ਹਾਂ ਪੰਜਾਬ ਨਾਲ ਲੱਗਦੀ ਕੌਮਾਂਤਰੀ ਸਰਹੱਦ 'ਤੇ ਨੀਮ ਫੌਜੀ ਬਲਾਂ ਦੀ ਤਾਇਨਾਤੀ ਵਧਾਉਣ ਦੇ ਨਾਲ-ਨਾਲ ਸਰਹੱਦੀ ਖੇਤਰਾਂ ਵਿਚ ਪੁਲਿਸ ਦੇ ਆਧੁਨਿਕੀਕਰਨ ਲਈ ਵਿਸ਼ੇਸ਼ ਵਿੱਤੀ ਸਹਾਇਤਾ ਦੀ ਮੰਗ ਕੀਤੀ, ਜਿਥੇ ਇਸ ਨੂੰ ਰੱਖਿਆ ਦੀ ਦੂਜੀ ਕਤਾਰ ਵਜੋਂ ਸਥਾਪਿਤ ਕੀਤਾ ਜਾਵੇ।

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਲਿਖੇ ਇਕ ਪੱਤਰ ਵਿਚ ਮੁੱਖ ਮੰਤਰੀ ਨੇ ਕਿਹਾ ਹੈ ਕਿ ਪੰਜਾਬ ਸੂਬਾ ਖਾਸ ਤੌਰ 'ਤੇ ਜ਼ਮੀਨ ਹੇਠਲੇ ਪਾਣੀ ਦੇ ਚਿੰਤਾਜਨਕ ਪੱਧਰ ਤੱਕ ਥੱਲੇ ਜਾਣ ਦੀ ਸਮੱਸਿਆ ਦਾ ਸਾਹਮਣਾ ਕਰ ਰਿਹਾ ਹੈ ਜਿਸ ਦੀ ਮੁੱਖ ਵਜ੍ਹਾ ਭਾਰਤ ਨੂੰ ਖਾਦ ਪਦਾਰਥਾਂ ਦੇ ਭੰਡਾਰ ਪੱਖੋਂ ਸੁਰੱਖਿਅਤ ਕਰਨ ਲਈ ਝੋਨੇ ਦੀ ਬਿਜਾਈ ਕਾਰਨ ਪਾਣੀ ਦੀ ਵੱਧ ਖਪਤ ਹੋਣਾ ਹੈ। ਉਨ੍ਹਾਂ ਦੱਸਿਆ ਕਿ ਇਸ ਸਬੰਧੀ ਸੂਬਾ ਸਰਕਾਰ ਵੱਲੋਂ ਕੇਂਦਰ ਸਰਕਾਰ ਪਾਸੋਂ ਮਦਦ ਲਈ ਇਸ ਦੀਆਂ ਵੱਖ-ਵੱਖ ਯੋਜਨਾਵਾਂ ਤਹਿਤ 20,758 ਕਰੋੜ ਰੁਪਏ ਦੀ ਲਾਗਤ ਵਾਲੀਆਂ ਸਕੀਮਾਂ ਬਣਾ ਕੇ ਕੇਂਦਰ ਸਰਕਾਰ ਨੂੰ ਪੇਸ਼ ਕੀਤੀਆਂ ਹਨ। ਮੁੱਖ ਮੰਤਰੀ ਵੱਲੋਂ ਭਾਰਤ ਸਰਕਾਰ ਨੂੰ ਚਾਲੂ ਵਿੱਤੀ ਸਾਲ 2019-20 ਦੌਰਾਨ ਹੀ ਇਨ੍ਹਾਂ ਸਾਰੇ ਵਿਸਥਾਰਤ ਪ੍ਰੋਜੈਕਟਾਂ ਲਈ ਵੱਧ ਤੋਂ ਵੱਧ ਸੰਭਵ ਫੰਡ ਮੁਹੱਈਆ ਕਰਵਾਉਣ ਲਈ ਕਿਹਾ ਗਿਆ ਹੈ।



## ਭਾਰਤ ਨੂੰ 5 ਖਰਬ ਡਾਲਰ ਦਾ ਅਰਥਚਾਰਾ ਬਣਾਉਣਾ ਚੁਣੌਤੀ, ਪਰ ਮੁਮਕਿਨ: ਮੋਦੀ

**ਨਵੀਂ ਦਿੱਲੀ:** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ ਕਿ ਭਾਰਤ ਨੂੰ ਸਾਲ 2024 ਤੱਕ 5 ਖਰਬ ਅਮਰੀਕੀ ਡਾਲਰ ਦਾ ਅਰਥਚਾਰਾ ਬਣਾਉਣ ਦਾ ਕਾਰਜ ਚੁਣੌਤੀਪੂਰਨ ਜ਼ਰੂਰ ਹੈ, ਪਰ ਯਕੀਨੀ ਤੌਰ 'ਤੇ ਇਸ ਟੀਚੇ ਨੂੰ ਹਾਸਲ ਕੀਤਾ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਸੂਬੇ ਆਪਣੇ ਅੰਦਰਲੀ ਸਮਰੱਥਾ ਵੱਲ ਧਿਆਨ ਕੇਂਦਰਿਤ ਕਰਦਿਆਂ ਕੁੱਲ ਘਰੇਲੂ ਉਤਪਾਦ (ਜੀ.ਡੀ.ਪੀ.) ਨੂੰ ਜ਼ਿਲ੍ਹਾ ਪੱਧਰ ਤੋਂ ਵਧਾਉਣ ਲਈ ਕੰਮ ਕਰਨ। ਪ੍ਰਧਾਨ ਮੰਤਰੀ ਨੇ ਮੁਲਕ ਦੇ ਵੱਖ-ਵੱਖ ਹਿੱਸਿਆਂ ਵਿਚ ਦਰਪੇਸ਼ ਸੋਕੇ ਦੀ ਸਮੱਸਿਆ ਨਾਲ ਨਜਿੱਠਣ ਲਈ ਅਸਰਦਾਰ ਪੇਸ਼ਕਦਮੀ ਦੀ ਲੋੜ 'ਤੇ ਵੀ ਜ਼ੋਰ ਦਿੱਤਾ। ਸ੍ਰੀ ਮੋਦੀ ਇਥੇ ਨੀਤੀ ਆਯੋਗ ਦੀ ਗਵਰਨਿੰਗ ਕੌਂਸਲ ਦੀ ਪੰਜਵੀਂ ਮੀਟਿੰਗ ਦੇ ਉਦਘਾਟਨ ਮੌਕੇ ਰਾਜਾਂ ਦੇ ਮੁੱਖ ਮੰਤਰੀਆਂ ਨੂੰ ਸੰਬੋਧਨ ਕਰ ਰਹੇ ਸਨ।

## ਹਰਚੰਦਪੁਰੀ ਦੇ ਬਾਲ ਨਾਵਲ ਲਈ ਭਾਰਤੀ ਸਾਹਿਤ ਅਕਾਦਮੀ ਪੁਰਸਕਾਰ

**ਧੂਰੀ:** ਭਾਰਤੀ ਸਾਹਿਤ ਅਕਾਦਮੀ ਦਿੱਲੀ ਵੱਲੋਂ ਰਾਸ਼ਟਰੀ ਬਾਲ ਸਾਹਿਤ ਪੁਰਸਕਾਰਾਂ ਦੇ ਕੀਤੇ ਐਲਾਨ ਵਿਚ ਪੰਜਾਬੀ ਲੇਖਕ ਪਵਨ ਹਰਚੰਦਪੁਰੀ ਦੇ ਬਾਲ ਨਾਵਲ 'ਏਲੀਅਨਜ਼ ਦੀ ਧਰਤੀ ਉਤੇ' ਦੀ ਚੋਣ ਕੀਤੀ ਗਈ ਹੈ ਅਤੇ 14 ਨਵੰਬਰ ਨੂੰ ਬਾਲ ਦਿਵਸ ਮੌਕੇ ਉਨ੍ਹਾਂ ਦਾ ਸਨਮਾਨ ਕੀਤਾ ਜਾਵੇਗਾ।

ਉਨ੍ਹਾਂ ਦਾ ਜਨਮ ਧੂਰੀ ਦੇ ਨੇੜਲੇ ਪਿੰਡ ਹਰਚੰਦਪੁਰਾ ਵਿਚ ਪਹਿਲੀ ਅਪਰੈਲ 1956 ਨੂੰ ਪਿਤਾ ਪ੍ਰਕਾਸ਼ ਚੰਦ ਸ਼ਰਮਾ ਤੇ ਮਾਤਾ ਕਲਾਵੰਤੀ ਦੇ ਘਰ ਹੋਇਆ। ਸਾਲ 2006 ਵਿਚ ਹਰਚੰਦਪੁਰੀ ਦੀ ਪਹਿਲੀ ਪੁਸਤਕ ਮਹਾਂ ਕਾਵਿ 'ਜਨਮ-ਏ-ਖਾਲਸਾ' ਪ੍ਰਕਾਸ਼ਿਤ ਹੋਈ। 2007 'ਚ ਗੀਤ ਸੰਗ੍ਰਹਿ 'ਸਤਲੁਜ ਬੋਲਦਾ ਹੈ' ਛਪਵਾਇਆ। ਉਨ੍ਹਾਂ ਹੁਣ ਤੱਕ 14 ਬਾਲ ਸਾਹਿਤ ਪੁਸਤਕਾਂ ਦੀ ਰਚਨਾ ਵੀ ਕੀਤੀ, ਜਿਨ੍ਹਾਂ 'ਚੋਂ 'ਪੰਛੀਆਂ ਦੀ ਪੰਚਾਇਤ' ਨੂੰ ਸਾਲ 2012-13 ਵਿਚ ਭਾਸ਼ਾ ਵਿਭਾਗ ਵੱਲੋਂ ਸ੍ਰੀ ਗੁਰੂ ਹਰਕ੍ਰਿਸ਼ਨ ਬਾਲ ਪੁਰਸਕਾਰ ਨਾਲ ਨਿਵਾਜਿਆ ਗਿਆ। ਸ੍ਰੀ ਹਰਚੰਦਪੁਰੀ ਇਸ ਸਮੇਂ ਸਾਹਿਤ ਸਭਾ ਧੂਰੀ ਦੇ ਪ੍ਰਧਾਨ ਅਤੇ ਕੇਂਦਰੀ ਪੰਜਾਬੀ ਲੇਖਕ ਸਭਾ (ਸੇਖੋਂ) ਦੇ ਜਨਰਲ ਸਕੱਤਰ ਵਜੋਂ ਸੇਵਾਵਾਂ ਵੀ ਨਿਭਾਅ ਰਹੇ ਹਨ।

# ਲੰਗਰ 'ਤੇ ਜੀ.ਐਸ.ਟੀ: ਕੇਂਦਰ ਸਰਕਾਰ ਨੇ ਸ਼੍ਰੋਮਣੀ ਕਮੇਟੀ ਨੂੰ ਮੋੜੇ 57 ਲੱਖ ਰੁਪਏ

**ਅੰਮ੍ਰਿਤਸਰ:** ਕੇਂਦਰ ਸਰਕਾਰ ਵੱਲੋਂ ਸ੍ਰੀ ਹਰਿਮੰਦਰ ਸਾਹਿਬ ਦੇ ਲੰਗਰ ਉਤੇ ਲਾਏ ਗਏ ਜੀ.ਐਸ.ਟੀ. ਦੀ ਵਾਪਸੀ ਸ਼ੁਰੂ ਹੋ ਗਈ ਹੈ। ਵਾਪਸੀ ਦੀ ਪਹਿਲੀ ਕਿਸ਼ਤ ਵਜੋਂ 57 ਲੱਖ 45 ਹਜ਼ਾਰ ਰੁਪਏ ਵਾਪਸ ਕੀਤੇ ਗਏ ਹਨ। ਕੇਂਦਰ ਸਰਕਾਰ ਵੱਲੋਂ ਗੁਰੂ ਘਰ ਦੇ ਲੰਗਰ 'ਤੇ ਜੀ.ਐਸ.ਟੀ. ਜੁਲਾਈ 2017 ਵਿਚ ਲਾਗੂ ਕੀਤੀ ਗਈ ਸੀ। ਕੇਂਦਰ ਵੱਲੋਂ ਲੰਗਰ 'ਤੇ ਲਾਏ ਗਏ ਇਸ ਟੈਕਸ ਦਾ ਵੱਡੇ ਪੱਧਰ ਉਤੇ ਵਿਰੋਧ ਹੋਇਆ ਸੀ। ਸ਼੍ਰੋਮਣੀ ਕਮੇਟੀ ਨੇ ਇਹ ਟੈਕਸ ਮੁਆਫ ਕਰਨ ਦੀ ਮੰਗ ਵੀ ਕੀਤੀ ਸੀ।

ਕੇਂਦਰ ਸਰਕਾਰ ਵੱਲੋਂ ਜੀ.ਐਸ.ਟੀ. ਮੁਆਫ ਤਾਂ ਨਹੀਂ ਕੀਤਾ ਗਿਆ ਪਰ ਸੇਵਾ ਭੋਜ ਯੋਜਨਾ ਤਹਿਤ ਇਸ ਦੀ ਵਾਪਸੀ ਦਾ ਪ੍ਰਬੰਧ ਕੀਤਾ ਗਿਆ ਹੈ। ਇਸੇ ਤਹਿਤ ਦੇਸ਼ ਵਿਚ ਹੋਰ ਵੀ ਕਈ ਧਰਮ ਅਸਥਾਨਾਂ ਨੂੰ ਇਸ ਛੋਟ ਦਾ ਲਾਹਾ ਦਿੱਤਾ ਗਿਆ ਹੈ। ਸ਼੍ਰੋਮਣੀ ਕਮੇਟੀ ਹੁਣ ਤੱਕ ਜੀ. ਐਸ. ਟੀ. ਦੇ ਰੂਪ ਵਿਚ ਕੇਂਦਰ ਸਰਕਾਰ ਨੂੰ ਲਗਭਗ ਇਕ ਕਰੋੜ 53 ਲੱਖ ਰੁਪਏ ਤੋਂ ਵਧੇਰੇ ਦੀ ਰਕਮ ਟੈਕਸ ਦੇ ਰੂਪ ਵਿਚ ਭੁਗਤਾਨ ਕਰ ਚੁੱਕੀ ਹੈ। ਇਹ ਰਕਮ ਸਿਰਫ ਸ੍ਰੀ ਹਰਿਮੰਦਰ ਸਾਹਿਬ ਵਿਖੇ ਚਲਦੇ ਗੁਰੂ ਰਾਮਦਾਸ ਲੰਗਰ ਘਰ 'ਤੇ ਲੱਗੇ ਟੈਕਸ ਦੀ ਹੈ।

ਇਸ ਤੋਂ ਇਲਾਵਾ ਬਾਕੀ ਹੋਰ ਦੋ ਤਖ਼ਤਾਂ ਤੇ ਇਤਿਹਾਸਕ ਗੁਰਦੁਆਰਿਆਂ ਦੇ ਲੰਗਰਾਂ ਨੂੰ ਟੈਕਸ ਵਾਪਸੀ ਦੀ ਇਸ ਯੋਜਨਾ ਵਿਚ ਸ਼ਾਮਲ ਨਹੀਂ ਕੀਤਾ ਗਿਆ। ਸ਼੍ਰੋਮਣੀ ਕਮੇਟੀ ਨੂੰ ਜੀ.ਐਸ.ਟੀ. ਦੀ ਵਾਪਸੀ ਦੀ ਜਾਣਕਾਰੀ ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਵੱਲੋਂ ਕੀਤੇ ਟਵੀਟ ਰਾਹੀਂ ਮਿਲੀ ਹੈ।

ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਡਾ. ਰੂਪ ਸਿੰਘ ਨੇ ਦੱਸਿਆ ਕਿ ਕੇਂਦਰੀ ਮੰਤਰੀ ਵੱਲੋਂ ਸੋਸ਼ਲ ਮੀਡੀਆ ਰਾਹੀਂ ਦਿੱਤੀ ਜਾਣਕਾਰੀ ਤੋਂ ਪਤਾ ਲੱਗਾ ਹੈ ਕਿ ਜੀ.ਐਸ.ਟੀ. ਦੀ ਵਾਪਸੀ ਦੀ ਪਹਿਲੀ ਕਿਸ਼ਤ ਦਾ ਕੇਂਦਰ ਸਰਕਾਰ ਨੇ ਭੁਗਤਾਨ ਕਰ ਦਿੱਤਾ ਹੈ। ਇਹ ਭੁਗਤਾਨ ਫਿਲਹਾਲ ਲੁਧਿਆਣਾ ਦਫਤਰ ਪੁੱਜਾ ਹੈ, ਜਿਥੋਂ ਇਸ ਨੂੰ ਸ਼੍ਰੋਮਣੀ ਕਮੇਟੀ ਦੇ ਮੁੱਖ ਦਫਤਰ ਭੇਜਿਆ ਜਾਵੇਗਾ। ਵਾਪਸੀ ਦੀ ਪਹਿਲੀ ਕਿਸ਼ਤ ਵਿਚ 57,45,528 ਰੁਪਏ ਦਾ ਭੁਗਤਾਨ ਸ਼ਾਮਲ ਹੈ ਜਦੋਂਕਿ ਸ਼੍ਰੋਮਣੀ ਕਮੇਟੀ ਨੇ ਹੁਣ ਤੱਕ ਇਕ ਕਰੋੜ 53 ਲੱਖ ਰੁਪਏ ਜੀ.ਐਸ.ਟੀ. ਵਜੋਂ ਸਰਕਾਰ ਨੂੰ ਦਿੱਤੇ ਹਨ। ਉਨ੍ਹਾਂ ਆਖਿਆ ਕਿ ਜੇ ਜੀ.ਐਸ.ਟੀ. ਦੀ ਰਕਮ ਦੀ ਵਾਪਸੀ ਹੁੰਦੀ ਹੈ ਤਾਂ ਸ਼੍ਰੋਮਣੀ ਕਮੇਟੀ ਇਸ ਰਕਮ ਨੂੰ ਲੋਕ ਭਲਾਈ ਦੇ ਕੰਮਾਂ ਲਈ ਖਰਚ ਕਰੇਗੀ।

## ਮੋਦੀ ਨੇ ਆਪਣਾ ਵਾਅਦਾ ਪੂਰਾ ਕੀਤਾ: ਹਰਸਿਮਰਤ

**ਚੰਡੀਗੜ੍ਹ:** ਕੇਂਦਰੀ ਫੂਡ ਪ੍ਰੋਸੈਸਿੰਗ ਇੰਡਸਟਰੀਜ਼ ਮੰਤਰੀ ਹਰਸਿਮਰਤ ਕੌਰ ਬਾਦਲ ਨੇ ਕਿਹਾ ਕਿ ਕੇਂਦਰ ਦੀ ਐਨ.ਡੀ.ਏ. ਸਰਕਾਰ ਨੇ ਹਰਿਮੰਦਰ ਸਾਹਿਬ, ਅੰਮ੍ਰਿਤਸਰ ਸਮੇਤ ਗੁਰਦੁਆਰਿਆਂ ਵਿਚ ਲੰਗਰ ਵਾਸਤੇ ਇਸਤੇਮਾਲ ਹੁੰਦੀ ਸਮੱਗਰੀ ਉਤੇ ਲੱਗੇ ਜੀ.ਐਸ.ਟੀ. ਨੂੰ ਵਾਪਸ ਕਰਨ ਦੀ ਪ੍ਰਕਿਰਿਆ ਸ਼ੁਰੂ ਕਰ ਕੇ ਸਿੱਖਾਂ ਨਾਲ ਕੀਤਾ ਵਾਅਦਾ ਪੂਰਾ ਕਰ ਦਿੱਤਾ ਹੈ। ਬੀਬੀ ਬਾਦਲ ਨੇ ਕਿਹਾ ਕਿ ਕੇਂਦਰੀ ਸਭਿਆਚਾਰ ਮੰਤਰਾਲੇ ਨੇ ਲੁਧਿਆਣਾ ਦੀ ਜੀ.ਐਸ.ਟੀ. ਅਥਾਰਿਟੀ ਨੂੰ 57 ਲੱਖ ਰੁਪਏ ਜੀ.ਐਸ.ਟੀ. ਦੀ ਰਾਸ਼ੀ ਰਿਫੰਡ ਕਰ ਦਿੱਤੀ ਹੈ, ਜੋ ਕਿ ਅੱਗੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਦਿੱਤੀ ਜਾਵੇਗੀ।

## ਲੰਗਰ ਦਾ ਨਾਂ ਬਦਲਨਾ ਬੇਹੱਦ ਮੰਦਭਾਗਾ: ਪੀਰ ਮੁਹੰਮਦ

**ਮੁਹਾਲੀ:** ਸ਼੍ਰੋਮਣੀ ਅਕਾਲੀ ਦਲ (ਟਕਸਾਲੀ) ਦੇ ਜਨਰਲ ਸਕੱਤਰ ਅਤੇ ਬੁਲਾਰੇ ਕਰਨੈਲ ਸਿੰਘ ਪੀਰ ਮੁਹੰਮਦ ਨੇ ਕਿਹਾ ਹੈ ਕਿ ਕੇਂਦਰ ਸਰਕਾਰ ਵੱਲੋਂ ਧਾਰਮਿਕ ਥਾਵਾਂ 'ਤੇ ਲੰਗਰ ਉਤੇ ਜੀ.ਐਸ.ਟੀ. ਬਦਲੇ 'ਸੇਵਾ ਭੋਜ ਯੋਜਨਾ' ਤਹਿਤ ਰਾਹਤ ਦਿੱਤੀ ਗਈ ਹੈ। ਇਸ ਆੜ ਵਿਚ ਗੁਰੂ ਸਾਹਿਬਾਨ ਵੱਲੋਂ ਚਲਾਏ ਗਏ ਲੰਗਰ ਨਾਂ ਦੇ ਸ਼ਬਦ ਦੀ ਬੇਅਦਬੀ ਕੀਤੀ ਗਈ ਹੈ। ਟਕਸਾਲੀ ਦਲ ਦੇ ਆਗੂ ਨੇ ਅਕਾਲੀ ਦਲ (ਬ) ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਤਿੱਖੀ ਅਲੋਚਨਾ ਕਰਦਿਆਂ ਕਿਹਾ ਕਿ ਬਾਦਲ ਪਰਿਵਾਰ ਕੇਂਦਰ ਸਰਕਾਰ ਅਤੇ ਐਸ.ਜੀ.ਪੀ.ਸੀ. ਬਾਦਲਾਂ ਦੀ ਪਿੱਠੂ ਬਣ ਕੇ ਮੋਦੀ ਸਰਕਾਰ ਦੇ ਇਸ਼ਾਰੇ 'ਤੇ ਪੰਜਾਬ 'ਚ ਆਰ.ਐਸ.ਐਸ. ਦਾ ਰਾਜ ਲਿਆਉਣਾ ਚਾਹੁੰਦੇ ਹਨ।

# ਧੋਖਾਧੜੀ ਮਾਮਲਾ: ਪੌਂਟੀ ਚੱਢਾ ਦਾ ਪੁੱਤ ਹਵਾਈ ਅੱਡੇ ਤੋਂ ਕਾਬੂ

**ਨਵੀਂ ਦਿੱਲੀ:** ਦਿੱਲੀ ਪੁਲਿਸ ਦੀ ਆਰਥਿਕ ਅਪਰਾਧ ਸ਼ਾਖਾ ਵੱਲੋਂ ਨੋਇਡਾ ਦੇ ਮਰਹੂਮ ਕਾਰੋਬਾਰੀ ਪੌਂਟੀ ਚੱਢਾ ਦੇ ਪੁੱਤਰ ਮਨਪ੍ਰੀਤ ਸਿੰਘ ਚੱਢਾ ਉਰਫ ਮੌਂਟੀ ਚੱਢਾ ਨੂੰ ਦਿੱਲੀ ਦੇ ਕੌਮਾਂਤਰੀ ਹਵਾਈ ਅੱਡੇ ਤੋਂ ਉਦੋਂ ਗ੍ਰਿਫਤਾਰ ਕਰ ਲਿਆ ਗਿਆ ਜਦੋਂ ਉਹ ਫੁਕੇਤ (ਥਾਈਲੈਂਡ) ਜਾਣ ਲਈ ਉਡਾਣ ਫੜਨ ਵਾਸਤੇ ਹਵਾਈ ਅੱਡੇ 'ਤੇ ਪੁੱਜਿਆ। ਉਸ ਖਿਲਾਫ ਕਰੀਬ 100 ਕਰੋੜ ਰੁਪਏ ਦੀ ਧੋਖਾਧੜੀ ਦਾ ਮਾਮਲਾ ਦਰਜ ਹੋਣ ਕਰਕੇ ਲੁੱਕਆਊਟ ਨੋਟਿਸ ਜਾਰੀ ਕੀਤਾ ਹੋਇਆ ਸੀ।

ਆਰਥਿਕ ਅਪਰਾਧ ਸ਼ਾਖਾ ਦੇ ਸੂਤਰਾਂ ਮੁਤਾਬਕ ਮੌਂਟੀ ਚੱਢਾ, ਜੋ ਉਪਲ-ਚੱਢਾ ਹਾਈ-ਟੈੱਕ ਡਿਵੈਲਪਰਜ਼ ਦਾ ਡਾਇਰੈਕਟਰ ਹੈ, ਨੂੰ ਹਵਾਈ ਅੱਡੇ ਤੋਂ ਗ੍ਰਿਫਤਾਰ ਕੀਤਾ ਗਿਆ। ਮੌਂਟੀ ਖਿਲਾਫ ਲੁੱਕਆਊਟ ਨੋਟਿਸ ਜਾਰੀ ਕੀਤਾ ਹੋਇਆ ਸੀ ਅਤੇ ਉਸ ਖਿਲਾਫ ਫਲੈਟ ਖਰੀਦਣ ਵਾਲਿਆਂ ਨਾਲ ਧੋਖਾਧੜੀ ਕਰਨ ਦੇ ਦੋਸ਼ ਹਨ, ਜਿਨ੍ਹਾਂ ਦੀ ਜਾਂਚ ਆਰਥਿਕ ਅਪਰਾਧ ਸ਼ਾਖਾ ਵੱਲੋਂ ਕੀਤੀ ਜਾ ਰਹੀ ਹੈ। ਕੰਪਨੀ 'ਤੇ ਦੋਸ਼ ਹੈ ਕਿ ਇਸ ਨੇ ਕਈ ਉਸਾਰੀ ਕੰਪਨੀਆਂ ਬਣਾ ਕੇ ਸਸਤੇ ਫਲੈਟ ਦੇਣ ਦੇ ਨਾਂ 'ਤੇ ਆਮ ਲੋਕਾਂ ਤੋਂ ਧਨ ਲਿਆ ਪਰ ਵਾਅਦੇ ਮੁਤਾਬਕ ਉਨ੍ਹਾਂ ਨੂੰ ਸਮੇਂ ਸਿਰ ਫਲੈਟ ਨਹੀਂ ਬਣਾ ਕੇ ਦਿੱਤੇ। ਫਲੈਟ ਬੁੱਕ ਕਰਵਾਉਣ ਵਾਲੇ ਲੋਕਾਂ ਵੱਲੋਂ ਕਈ ਸਾਲਾਂ ਤੋਂ ਕੰਪਨੀ ਦਫਤਰ ਦੇ ਚੱਕਰ ਲਾਏ ਜਾ ਰਹੇ ਸਨ ਪਰ ਹਾਲੇ ਤੱਕ ਚਾਬੀਆਂ ਨਹੀਂ ਸੌਂਪੀਆਂ ਗਈਆਂ।

ਦੱਸਣਯੋਗ ਹੈ ਕਿ ਸ਼੍ਰੋਮਣੀ ਅਕਾਲੀ ਦਲ (ਦਿੱਲੀ) ਦੇ ਆਗੂ ਹਰਵਿੰਦਰ ਸਿੰਘ ਸਰਨਾ ਦੇ ਮਰਹੂਮ ਜਵਾਈ ਹਰਦੀਪ ਸਿੰਘ ਚੱਢਾ ਦਾ ਭਤੀਜਾ ਮਨਪ੍ਰੀਤ, ਪੌਂਟੀ ਚੱਢਾ ਦਾ ਪੁੱਤਰ ਹੈ। ਸਕੇ ਭਰਾਵਾਂ ਹਰਦੀਪ ਤੇ ਪੌਂਟੀ ਵਿਚਾਲੇ 2012 ਵਿਚ ਮਹਿਰੌਲੀ ਵਿਚ ਫਾਰਮ ਹਾਊਸ ਦੇ ਝਗੜੇ ਦੌਰਾਨ ਚੱਲੀਆਂ ਗੋਲੀਆਂ ਵਿਚ ਦੋਵਾਂ ਦੀ ਮੌਕੇ 'ਤੇ ਹੀ ਮੌਤ ਹੋ ਗਈ ਸੀ। ਪੌਂਟੀ ਚੱਢਾ ਦਾ ਸ਼ਰਾਬ ਤੇ ਰੀਅਲ ਅਸਟੇਟ ਦਾ ਕਾਰੋਬਾਰ ਹੁਣ ਮੌਂਟੀ ਚੱਢਾ ਦੇ ਪ੍ਰਬੰਧ ਹੇਠ ਹੈ।



# ਪਹਿਲੀ ਜੁਲਾਈ ਤੋਂ ਸ਼ੁਰੂ ਹੋਵੇਗੀ 'ਸਰਬੱਤ ਸਿਹਤ ਬੀਮਾ ਯੋਜਨਾ'

**ਮੁਹਾਲੀ:** ਪੰਜਾਬ 'ਚ ਪਹਿਲੀ ਜੁਲਾਈ ਤੋਂ 'ਸਰਬੱਤ ਸਿਹਤ ਬੀਮਾ ਯੋਜਨਾ' ਸ਼ੁਰੂ ਕੀਤੀ ਜਾਵੇਗੀ ਜਿਸ ਤਹਿਤ ਰਾਜ ਦੇ 43.18 ਲੱਖ ਪਰਿਵਾਰਾਂ ਨੂੰ 5 ਲੱਖ ਰੁਪਏ ਪ੍ਰਤੀ ਪਰਿਵਾਰ ਦੇ ਹਿਸਾਬ ਨਾਲ ਸਾਲਾਨਾ ਸਿਹਤ ਸੇਵਾਵਾਂ ਮੁਹੱਈਆ ਕਰਵਾਈਆਂ ਜਾਣਗੀਆਂ। ਯੋਜਨਾ ਲਾਗੂ ਕਰਨ ਲਈ ਤਿਆਰੀਆਂ ਮੁਕੰਮਲ ਹੋ ਗਈਆਂ ਹਨ।

ਸਿਹਤ ਤੇ ਪਰਿਵਾਰ ਭਲਾਈ ਮੰਤਰੀ ਬਲਬੀਰ ਸਿੰਘ ਸਿੱਧੂ ਨੇ ਦੱਸਿਆ ਕਿ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਅਧੀਨ ਬਣਾਈ ਗਈ ਇਹ ਆਪਣੀ ਕਿਸਮ ਦੀ ਪਹਿਲੀ ਸਿਹਤ ਸਕੀਮ ਹੈ। ਸਿਹਤ ਬੀਮਾ ਯੋਜਨਾ ਲਈ ਮੁੱਖ ਮੰਤਰੀ ਵੱਲੋਂ ਗਠਿਤ ਕੀਤੇ ਗਏ ਸਲਾਹਕਾਰ ਗਰੁੱਪਾਂ ਨਾਲ ਪਲੇਠੀ ਮੀਟਿੰਗ ਦੌਰਾਨ ਸਿਹਤ ਮੰਤਰੀ ਨੇ ਕਿਹਾ ਕਿ ਲਾਭਪਾਤਰੀਆਂ ਨੂੰ ਸਰਜਰੀ ਤੇ ਵੱਡੇ ਅਪਰੇਸ਼ਨ ਦੀਆਂ ਸਿਹਤ ਸੇਵਾਵਾਂ ਮੁਹੱਈਆ ਕਰਵਾਉਣ ਲਈ ਕਮਿਊਨਿਟੀ ਸਿਹਤ ਕੇਂਦਰ ਪੱਧਰ ਤੋਂ ਉੱਪਰ ਦੇ ਸਾਰੇ ਸਰਕਾਰੀ ਹਸਪਤਾਲ ਸੂਚੀਬੱਧ ਕੀਤੇ ਗਏ ਹਨ।

ਸਿਹਤ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਨੇ 43.18 ਲੱਖ ਪਰਿਵਾਰਾਂ ਲਈ ਪਹਿਲਾਂ ਹੀ ਅੰਕੜੇ ਤਿਆਰ ਕਰ ਲਏ ਹਨ ਜਿਨ੍ਹਾਂ ਦੀ ਸੂਚੀ ਛੇਤੀ ਹੀ ਆਨਲਾਈਨ ਕਰ ਦਿੱਤੀ ਜਾਵੇਗੀ। ਉਨ੍ਹਾਂ ਕਿਹਾ ਕਿ ਪੰਜਾਬ ਦੇ ਲਗਭਗ 400 ਨਿੱਜੀ ਹਸਪਤਾਲਾਂ ਨੇ ਸੂਚੀਬੱਧ ਹੋਣ ਲਈ ਅਪਲਾਈ ਕੀਤਾ ਸੀ, ਜੋ ਕਿ ਵਿਚਾਰ ਅਧੀਨ ਹਨ। ਸਿਹਤ ਵਿਭਾਗ ਦੇ ਵਧੀਕ ਪ੍ਰਮੁੱਖ ਸਕੱਤਰ ਸਤੀਸ਼ ਚੰਦਰਾ ਨੇ ਕਿਹਾ ਕਿ ਇਸ ਸਕੀਮ ਤਹਿਤ ਲਾਭਪਾਤਰੀਆਂ ਨੂੰ ਲਾਭ ਦੇਣ ਲਈ ਨਿੱਜੀ ਹਸਪਤਾਲਾਂ ਵਿਚ 194 ਆਯੁਸ਼ਮਾਨ ਕੇਂਦਰ ਸਥਾਪਿਤ ਕੀਤੇ ਗਏ ਹਨ ਜਦਕਿ ਡਿਪਟੀ ਮੈਡੀਕਲ ਕਮਿਸ਼ਨਰ ਨੂੰ ਜ਼ਿਲ੍ਹਾ ਨੋਡਲ ਅਫ਼ਸਰ ਨਾਮਜ਼ਦ ਕੀਤਾ ਗਿਆ ਹੈ।

## ਓਮਾਨ ਦੇ ਸੁਲਤਾਨ ਵੱਲੋਂ 17 ਭਾਰਤੀ ਕੈਦੀਆਂ ਦੀ ਸਜ਼ਾ ਮੁਆਫ

**ਨਵੀਂ ਦਿੱਲੀ:** ਓਮਾਨ ਦੇ ਸੁਲਤਾਨ ਕਾਬੂਸ ਨੇ ਈਦ ਮੌਕੇ ਇਥੇ ਸਜ਼ਾ ਕੱਟ ਰਹੇ 17 ਭਾਰਤੀਆਂ ਦੀ ਮੁਆਫੀ ਮਨਜ਼ੂਰ ਕੀਤੀ ਹੈ।

ਭਾਰਤੀ ਵਿਦੇਸ਼ ਮੰਤਰੀ ਐਸ. ਜੈਸ਼ੰਕਰ ਨੇ ਟਵੀਟ ਕਰਦਿਆਂ ਈਦ ਮੌਕੇ ਓਮਾਨ ਦੇ ਸੁਲਤਾਨ ਵੱਲੋਂ ਚੁੱਕੇ ਇਸ ਸਦਭਾਵਨਾ ਭਰੇ ਕਦਮ ਦੀ ਪ੍ਰਸੰਸਾ ਕੀਤੀ। ਓਮਾਨ ਵਿਚਲੇ ਭਾਰਤੀ ਦੂਤਾਵਾਸ ਅਨੁਸਾਰ ਓਮਾਨ ਦੇ ਸੁਲਤਾਨ ਨੇ ਈਦ ਮੌਕੇ ਇਥੇ ਕੈਦ ਕੱਟ ਰਹੇ 17 ਭਾਰਤੀਆਂ ਨੂੰ ਸ਼ਾਹੀ ਮੁਆਫੀ ਦਿੱਤੀ ਹੈ।

## ਸੀ.ਪੀ.ਆਈ. ਪੰਜਾਬ ਵਿਚ ਤੀਜੇ ਬਦਲ ਦੀ ਉਸਾਰੀ ਲਈ ਯਤਨਸ਼ੀਲ

**ਚੰਡੀਗੜ੍ਹ:** ਸੀ.ਪੀ.ਆਈ. ਦੀ ਸੂਬਾ ਕਾਰਜਕਾਰਨੀ ਨੇ ਕੇਂਦਰ ਵਿਚ ਭਾਜਪਾ ਦੀ ਅਗਵਾਈ ਵਾਲੀ ਐਨ.ਡੀ.ਏ. ਸਰਕਾਰ ਨੂੰ ਦੇਸ਼ ਅਤੇ ਜਮਹੂਰੀਅਤ ਲਈ ਖਤਰਨਾਕ ਦੱਸਦਿਆਂ, ਸੂਬੇ ਵਿਚ ਏਕਤਾ ਤੇ ਭਾਈਚਾਰਾ ਕਾਇਮ ਰੱਖਣ 'ਚ ਅਸਫਲ ਰਹਿਣ 'ਤੇ ਸੂਬੇ ਦੀ ਕਾਂਗਰਸ ਸਰਕਾਰ ਦੀ ਨੁਕਤਾਚੀਨੀ ਕੀਤੀ। ਪਾਰਟੀ ਨੇ ਪੰਜਾਬ ਵਿਚ ਕਾਂਗਰਸ ਅਤੇ ਅਕਾਲੀ-ਭਾਜਪਾ ਵਿਰੁੱਧ ਲੜਾਈ ਨੂੰ ਤੇਜ਼ ਕਰਨ ਲਈ ਸੂਬੇ ਵਿਚ ਤੀਜੇ ਬਦਲ ਦੀ ਉਸਾਰੀ ਦੀ ਲੋੜ ਉਤੇ ਜ਼ੋਰ ਦਿੱਤਾ।

ਸੂਬਾ ਕਾਰਜਕਾਰਨੀ ਦੀ ਮੀਟਿੰਗ ਦੇ ਫੈਸਲਿਆਂ ਬਾਰੇ ਜਾਣਕਾਰੀ ਦਿੰਦਿਆਂ ਪਾਰਟੀ ਦੇ ਸੂਬਾ ਸਕੱਤਰ ਬੰਤ ਬਰਾੜ ਨੇ ਦੱਸਿਆ ਕਿ ਸੂਬਾ ਕਾਰਜਕਾਰਨੀ ਨੇ ਪਾਰਟੀ ਵੱਲੋਂ ਪੰਜਾਬ ਜਮਹੂਰੀ ਗੱਠਜੋੜ ਦੇ ਹਿੱਸੇ ਵਜੋਂ ਚੋਣਾਂ ਲੜਨ ਦੇ ਫੈਸਲੇ ਨੂੰ ਠੀਕ ਆਖਿਆ ਅਤੇ ਸੂਬਾ ਸਕੱਤਰ ਵੱਲੋਂ ਪੇਸ਼ ਕੀਤੀ ਰਿਪੋਰਟ ਨੂੰ ਵੀ ਸਰਬਸੰਮਤੀ ਨਾਲ ਪ੍ਰਵਾਨਗੀ ਦਿੱਤੀ ਗਈ। ਪਾਰਟੀ ਆਗੂਆਂ ਨੇ ਮੇਘਾਲਿਆ ਦੇ ਸ਼ਿਲੌਂਗ ਵਿਚੋਂ ਸਿੱਖਾਂ ਨੂੰ ਡਰਾਉਣ, ਧਮਕਾਉਣ ਅਤੇ ਉਜਾੜਨ ਦੀ ਕਾਰਵਾਈ ਦੀ ਨਿਖੇਧੀ ਕੀਤੀ। ਉਨ੍ਹਾਂ ਮੰਗ ਕੀਤੀ ਕਿ ਸਿੱਖਾਂ ਨੂੰ ਸੁਰੱਖਿਆ ਅਤੇ ਕਾਨੂੰਨੀ ਮਦਦ ਦਿੱਤੀ ਜਾਵੇ। ਇਸ ਦੌਰਾਨ ਫਰੀਦਕੋਟ ਵਿਚ ਜਸਪਾਲ ਸਿੰਘ ਦੀ ਹਿਰਾਸਤ ਵਿਚ ਹੋਈ ਮੌਤ ਤੇ ਸੂਬੇ ਵਿਚ ਬਾਲੜੀਆਂ ਨਾਲ ਜਬਰ ਜਨਾਹ ਦੀਆਂ ਘਟਨਾਵਾਂ ਦੀ ਨਿਖੇਧੀ ਕਰਦਿਆਂ ਪੰਜਾਬ ਦੀ ਨਿੱਘਰ ਰਹੀ ਅਮਨ-ਕਾਨੂੰਨ ਦੀ ਹਾਲਤ ਲਈ ਕੈਪਟਨ ਸਰਕਾਰ ਦੀ ਆਲੋਚਨਾ ਕੀਤੀ।

# ਸਿੱਖ ਟੈਂਪੂ ਚਾਲਕ 'ਤੇ ਦਿੱਲੀ ਪੁਲਿਸ ਦੇ ਤਸ਼ੱਦਦ ਖਿਲਾਫ ਰੋਹ ਭਖਿਆ

**ਨਵੀਂ ਦਿੱਲੀ:** ਦਿੱਲੀ ਦੇ ਮੁਖਰਜੀ ਨਗਰ ਇਲਾਕੇ 'ਚ ਮਾਮੂਲੀ ਵਿਵਾਦ ਤੋਂ ਬਾਅਦ ਦਿੱਲੀ ਪੁਲਿਸ ਵੱਲੋਂ ਸਿੱਖ ਡਰਾਈਵਰ ਤੇ ਉਸ ਦੇ ਪੁੱਤਰ ਨਾਲ ਸੜਕ ਉਤੇ ਬਹੁਤ ਬੇਰਹਿਮੀ ਨਾਲ ਕੁੱਟਮਾਰ ਕੀਤੀ ਗਈ।



ਮੁਖਰਜੀ ਨਗਰ ਇਲਾਕੇ 'ਚ ਸਵਾਰੀਆਂ ਲੈ ਕੇ ਜਾਣ ਵਾਲੀ 'ਗ੍ਰਾਮੀਣ ਸੇਵਾ' ਦਾ ਵਾਹਨ ਚਲਾਉਣ ਵਾਲੇ ਦੋਵੇਂ ਗੁਰਸਿੱਖ ਪਿਉ-ਪੁੱਤਰ ਦੀ ਤਕਰੀਬਨ ਇਕ ਦਰਜਨ ਪੁਲਿਸ ਮੁਲਾਜ਼ਮਾਂ ਵੱਲੋਂ ਡੰਡਿਆਂ, ਲੱਤਾਂ ਤੇ ਮੁੱਕਿਆਂ ਨਾਲ ਕੁੱਟਮਾਰ ਅਤੇ ਬੇਰਹਿਮੀ ਨਾਲ ਸੜਕਾਂ 'ਤੇ ਘੜੀਸਣ ਦੀ ਵੀਡੀਓ ਸੋਸ਼ਲ ਮੀਡੀਆ ਉਤੇ ਵਾਇਰਲ ਹੋਣ ਤੋਂ ਬਾਅਦ ਵੱਡੀ ਗਿਣਤੀ 'ਚ ਸਿੱਖ ਭਾਈਚਾਰੇ ਦੇ ਲੋਕ ਤੇ ਆਗੂ ਮੁਖਰਜੀ ਨਗਰ ਪੁਲਿਸ ਥਾਣੇ ਦੇ ਬਾਹਰ ਪੁੱਜਣੇ ਸ਼ੁਰੂ ਹੋ ਗਏ ਅਤੇ ਦੋਸ਼ੀ ਪੁਲਿਸ ਕਰਮਚਾਰੀਆਂ ਖਿਲਾਫ ਸਖਤ ਕਾਰਵਾਈ ਦੀ ਮੰਗ ਨੂੰ ਲੈ ਕੇ ਧਰਨਾ ਪ੍ਰਦਰਸ਼ਨ ਜਾਰੀ ਰੱਖਿਆ। ਹਾਲਾਂਕਿ ਸਿੱਖਾਂ ਦੇ ਰੋਹ ਨੂੰ ਵੇਖਦੇ ਹੋਏ ਤਿੰਨ ਪੁਲਿਸ ਕਰਮਚਾਰੀਆਂ ਏ.ਐਸ.ਆਈ. ਸੰਜੇ ਮਲਿਕ, ਏ.ਐਸ.ਆਈ. ਦਵਿੰਦਰ ਤੇ ਕਾਂਸਟੇਬਲ ਪੁਸ਼ਪਿੰਦਰ ਨੂੰ ਮੁਅੱਤਲ ਕਰ ਦਿੱਤਾ ਗਿਆ ਹੈ ਅਤੇ ਪੁਲਿਸ ਨੇ ਮਾਮਲੇ ਦੀ ਜਾਂਚ ਦੇ ਆਦੇਸ਼ ਵੀ ਦੇ ਦਿੱਤੇ ਹਨ ਪਰ ਨਾਲ ਹੀ ਪੁਲਿਸ ਦਾ ਕਹਿਣਾ ਹੈ ਕਿ ਡਰਾਈਵਰ ਸਰਬਜੀਤ ਸਿੰਘ ਵੱਲੋਂ ਪਹਿਲਾਂ ਪੁਲਿਸ ਮੁਲਾਜ਼ਮਾਂ 'ਤੇ ਤਲਵਾਰ ਨਾਲ ਹਮਲਾ ਕੀਤਾ ਗਿਆ, ਜਿਸ 'ਚ 2 ਪੁਲਿਸ ਕਰਮੀ ਬੁਰੀ ਤਰ੍ਹਾਂ ਜ਼ਖਮੀ ਹੋ ਗਏ।

ਘਟਨਾ ਨਾਲ ਪੁਲਿਸ ਦੇ ਰਵੱਈਏ 'ਤੇ ਵੱਡਾ ਸਵਾਲੀਆ ਨਿਸ਼ਾਨ ਲੱਗ ਗਿਆ ਹੈ। ਜਾਣਕਾਰੀ ਮੁਤਾਬਕ ਜਿਸ ਮਾਮੂਲੀ ਵਿਵਾਦ ਨੂੰ ਪੇਸ਼ੇਵਰ ਤਰੀਕੇ ਹੀ ਸੌਖੇ ਤੇ ਸ਼ਾਂਤੀਪੂਰਨ ਢੰਗ ਨਾਲ ਕੁਝ ਸਮੇਂ 'ਚ ਹੀ ਨਿਪਟਾਇਆ ਜਾ ਸਕਦਾ ਸੀ, ਉਸ ਦੇ ਲਈ ਪੁਲਿਸ ਕਰਮੀਆਂ ਨੇ ਬੇਹੱਦ ਗੈਰ ਪੇਸ਼ੇਵਰ ਤਰੀਕਾ ਅਪਣਾਉਂਦੇ ਹੋਏ ਸਿੱਖ ਪਿਉ-ਪੁੱਤ ਦੀ ਬੇਰਹਿਮੀ ਨਾਲ ਕੁੱਟਮਾਰ ਕੀਤੀ ਅਤੇ ਨਾਲ ਹੀ ਸਿੱਖਾਂ ਪ੍ਰਤੀ ਨਫਰਤ ਭਰੇ ਹੋਣ ਦਾ ਅਹਿਸਾਸ ਵੀ ਕਰਵਾਇਆ। ਵਾਇਰਲ ਵੀਡੀਓ 'ਚ ਪੁਲਿਸ ਮੁਲਾਜ਼ਮ ਤੇ ਸਰਬਜੀਤ ਸਿੰਘ ਦੀ ਬਹਿਸਬਾਜ਼ੀ ਹੁੰਦੀ ਨਜ਼ਰ ਆ ਰਹੀ ਹੈ ਅਤੇ ਉਸ ਤੋਂ ਬਾਅਦ ਜਦ ਸਰਬਜੀਤ ਨੂੰ ਉਸ ਦਾ ਪੁੱਤਰ ਉਥੋਂ ਹਟਾ ਕੇ ਇਕ ਪਾਸੇ ਲੈ ਜਾਂਦਾ ਹੈ ਤਾਂ ਦਰਜਨ ਦੇ ਕਰੀਬ ਪੁਲਿਸ ਮੁਲਾਜ਼ਮ ਪਿਸਟਲ ਤੇ ਡੰਡਿਆਂ ਸਮੇਤ ਉਨ੍ਹਾਂ ਨੂੰ ਇਸ ਤਰ੍ਹਾਂ ਕਾਬੂ ਕਰਨ ਦੀ ਕੋਸ਼ਿਸ਼ ਕਰਦੇ ਹਨ ਜਿਵੇਂ ਪਿਉ-ਪੁੱਤ ਕੋਲ ਬਹੁਤ ਵੱਡੇ ਹਥਿਆਰ ਹੋਣ। ਇਕ ਹੋਰ ਵੱਡਾ ਸਵਾਲ ਇਹ ਹੈ ਕਿ ਜਦ ਪੁਲਿਸ ਨੇ ਦੋਵਾਂ ਨੂੰ ਕਾਬੂ ਕਰ ਹੀ ਲਿਆ ਸੀ ਤਾਂ ਉਸ ਦੇ ਬਾਅਦ ਵੀ ਸੜਕਾਂ 'ਤੇ ਬੁਰੀ ਤਰ੍ਹਾਂ ਘੜੀਸਿਆ ਤੇ ਕੁੱਟਮਾਰ ਕਿਉਂ ਕੀਤੀ ਗਈ?

## ਦਿੱਲੀ ਪੁਲਿਸ ਦੀ ਗੁੰਡਾਗਰਦੀ ਬਰਦਾਸ਼ਤ ਨਹੀਂ: ਜਥੇਦਾਰ

**ਸ੍ਰੀ ਆਨੰਦਪੁਰ ਸਾਹਿਬ:** ਦਿੱਲੀ ਦੀ ਪੁਲਿਸ ਦੇ ਕੁਝ ਮੁਲਾਜ਼ਮਾਂ ਵੱਲੋਂ ਦੋ ਸਿੱਖਾਂ ਨਾਲ ਕੀਤਾ ਗਿਆ ਗੁੰਡਾਗਰਦੀ ਦਾ ਨੰਗਾ ਨਾਚ ਕਿਸੇ ਵੀ ਸੂਰਤ 'ਚ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ ਤੇ ਦੋਸ਼ੀ ਪੁਲਿਸ ਮੁਲਾਜ਼ਮਾਂ ਖਿਲਾਫ ਤੁਰਤ ਮੁਕੱਦਮਾ ਦਰਜ ਕੀਤਾ ਜਾਣਾ ਚਾਹੀਦਾ ਹੈ। ਇਹ ਪ੍ਰਗਟਾਵਾ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਕਰਦੇ ਹੋਏ ਕਿਹਾ ਕਿ ਜਿਸ ਵਰਦੀਧਾਰੀ ਪੁਲਿਸ ਨੇ ਆਮ ਜਨਤਾ ਨੂੰ ਜ਼ੁਲਮ ਤੇ ਤਸ਼ੱਦਦ ਤੋਂ ਬਚਾਉਣਾ ਹੈ, ਉਹੀ ਪੁਲਿਸ ਦੇ ਅੱਧੀ ਦਰਜਨ ਮੁਲਾਜ਼ਮ ਪਿਸਤੌਲ ਦੀ ਨੋਕ 'ਤੇ ਇਕ ਬਜ਼ੁਰਗ ਸਿੱਖ ਤੇ ਉਸ ਦਾ ਬੱਚਾ ਬੁਰੀ ਤਰ੍ਹਾਂ ਨਾਲ ਕੁੱਟਿਆ ਹੀ ਨਹੀਂ ਬਲਕਿ ਉਸ ਦੀ ਦਸਤਾਰ ਦੀ ਵੀ ਬੇਅਦਬੀ ਕੀਤੀ ਗਈ ਹੈ।

## ਦਿੱਲੀ ਪੁਲਿਸ ਵੱਲੋਂ ਦੋਹਾਂ ਧਿਰਾਂ ਖਿਲਾਫ ਕੇਸ ਦਰਜ

**ਨਵੀਂ ਦਿੱਲੀ:** ਮੁਖਰਜੀ ਨਗਰ ਵਿਚ ਗ੍ਰਾਮੀਣ ਆਟੋ ਚਾਲਕ ਸਰਬਜੀਤ ਸਿੰਘ ਵੱਲੋਂ ਕੀਤੀ ਸ਼ਿਕਾਇਤ 'ਤੇ ਦਿੱਲੀ ਪੁਲਿਸ ਨੇ ਆਟੋ ਚਾਲਕ ਤੇ ਦਿੱਲੀ ਪੁਲਿਸ ਮੁਲਾਜ਼ਮਾਂ ਖਿਲਾਫ ਸਮਾਨਾਂਤਰ ਮਾਮਲੇ ਦਰਜ ਕੀਤੇ ਹਨ। ਪੁਲਿਸ ਨੇ ਇਸ ਮਾਮਲੇ ਦੀ ਜਾਂਚ ਅਪਰਾਧ ਸ਼ਾਖਾ ਨੂੰ ਸੌਂਪ ਦਿੱਤੀ ਹੈ। ਇਸੇ ਦੌਰਾਨ ਦੇਰ ਰਾਤ ਦਿੱਲੀ ਦੇ ਸੈਂਕੜੇ ਸਿੱਖਾਂ ਨੇ ਮੁਖਰਜੀ ਨਗਰ ਥਾਣੇ ਦਾ ਘਿਰਾਉ ਕਰ ਦਿੱਤਾ। ਬਲਜੀਤ ਸਿੰਘ ਦਾਦੂਵਾਲ ਸਮੇਤ ਹੋਰ ਸ਼ਖਸੀਅਤਾਂ ਵੀ ਮੌਕੇ 'ਤੇ ਪੁੱਜ ਗਈਆਂ ਤੇ ਪੁਲਿਸ ਖਿਲਾਫ ਨਾਅਰੇਬਾਜ਼ੀ ਕੀਤੀ। ਦਿਨ ਵੇਲੇ ਹੀ ਇਲਾਕੇ ਵਿਚ ਨੀਮ ਫੌਜੀ ਬਲ ਤਾਇਨਾਤ ਕਰ ਦਿੱਤੇ ਗਏ ਸਨ।

### 'ਪੁਲਿਸ ਮੁਲਾਜ਼ਮਾਂ ਖਿਲਾਫ ਸਖਤ ਕਾਰਵਾਈ ਹੋਵੇ'

ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਆਟੋ ਚਾਲਕ ਸਰਬਜੀਤ ਸਿੰਘ ਨਾਲ ਉਸ ਦੇ ਘਰ ਗਾਂਧੀ ਨਗਰ ਵਿਚ ਮੁਲਾਕਾਤ ਕੀਤੀ ਤੇ ਕਥਿਤ ਦੋਸ਼ੀ ਪੁਲਿਸ ਵਾਲਿਆਂ ਖਿਲਾਫ ਸਖਤ ਕਾਰਵਾਈ ਦੀ ਮੰਗ ਕੀਤੀ। ਉਨ੍ਹਾਂ ਕਿਹਾ ਕਿ ਜਿਵੇਂ ਸਰਬਜੀਤ ਨੂੰ ਕੁੱਟਿਆ ਗਿਆ ਇਹ ਜ਼ਾਲਮਾਨਾ ਤੇ ਵਹਿਸ਼ਿਆਨਾ ਸੀ। ਉਨ੍ਹਾਂ ਉਪਰਾਜਪਾਲ, ਡੀ.ਸੀ.ਪੀ. ਤੇ ਦਿੱਲੀ ਪੁਲਿਸ ਕਮਿਸ਼ਨਰ ਨੂੰ ਮਾਮਲੇ ਦੀ ਨਿਰਪੱਖ ਜਾਂਚ ਦੀ ਅਪੀਲ ਕੀਤੀ। ਉਧਰ, ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਇਕ ਵਫਦ ਪੁਲਿਸ ਕਮਿਸ਼ਨਰ ਅਮੁੱਲਿਆ ਪਾਟਨਾਇਕ ਨੂੰ ਮਿਲਿਆ। ਦਿੱਲੀ ਗੁਡਸ ਟਰਾਂਸਪੋਰਟ ਐਸੋਸੀਏਸ਼ਨ ਦੇ ਪਰਮੀਤ ਸਿੰਘ ਗੋਲਡੀ ਨੇ ਗ੍ਰਹਿ ਮੰਤਰੀ ਅਮਿਤ ਸ਼ਾਹ ਨੂੰ ਪੱਤਰ ਲਿਖ ਕੇ ਪੁਲਿਸ ਵਾਲਿਆਂ ਖਿਲਾਫ ਕਾਰਵਾਈ ਦੀ ਮੰਗ ਕੀਤੀ। ਦਿੱਲੀ ਕਮੇਟੀ ਦੇ ਸਾਬਕਾ ਪ੍ਰਧਾਨ ਮਨਜੀਤ ਸਿੰਘ ਜੀ.ਕੇ. ਨੇ ਘਟਨਾ ਨੂੰ ਪੁਲਿਸ ਦੀ ਗੈਰ-ਪੇਸ਼ੇਵਾਰਾਨਾ ਕਾਰਵਾਈ ਦੱਸਿਆ।

# ਹਰਿਮੰਦਰ ਸਾਹਿਬ ਨਤਮਸਤਕ ਹੋਏ ਜਪਾਨ ਦੇ ਸਫੀਰ

**ਅੰਮ੍ਰਿਤਸਰ :** ਜਪਾਨ ਦੇ ਭਾਰਤ ਵਿਚ ਸਫੀਰ ਕੇਨਜੀ ਹੀਰਾਮਤਜ਼ੂ ਨੇ ਆਸ ਪ੍ਰਗਟਾਈ ਹੈ ਕਿ ਭਾਰਤ ਵਿਚ ਨਰਿੰਦਰ ਮੋਦੀ ਦੀ ਸਰਕਾਰ ਦੀ ਮੁੜ ਸਥਾਪਤੀ ਨਾਲ ਜਪਾਨ ਅਤੇ ਭਾਰਤ ਦੇ ਆਪਸੀ ਸਬੰਧ ਹੋਰ ਮਜ਼ਬੂਤ ਹੋਣਗੇ। ਉਹ ਸ੍ਰੀ



ਹਰਿਮੰਦਰ ਸਾਹਿਬ ਨਤਮਸਤਕ ਹੋਣ ਆਏ ਸਨ। ਇਸ ਮੌਕੇ ਉਨ੍ਹਾਂ ਦੀ ਪਤਨੀ ਪੈਟਰਿਕਾ ਹੀਰਾਮਤਜ਼ੂ, ਸਾਬਕਾ ਕੇਂਦਰੀ ਮੰਤਰੀ ਅਸ਼ਵਨੀ ਕੁਮਾਰ ਅਤੇ ਪੰਜਾਬ ਨਿਵੇਸ਼ ਪ੍ਰਮੋਸ਼ਨ ਬਿਊਰੋ ਦੇ ਸੀ.ਈ.ਓ. ਰਜਤ ਅਗਰਵਾਲ ਮੌਜੂਦ ਸਨ।

ਜਪਾਨੀ ਸਫੀਰ ਪਹਿਲੀ ਵਾਰ ਹਰਿਮੰਦਰ ਸਾਹਿਬ ਆਏ ਹਨ। ਉਨ੍ਹਾਂ ਜਲ੍ਹਿਆਂਵਾਲਾ ਬਾਗ ਵਿਚ ਸ਼ਹੀਦਾਂ ਨੂੰ ਸ਼ਰਧਾਂਜਲੀ ਦਿੱਤੀ ਅਤੇ ਦੇਸ਼ ਵੰਡ ਸਬੰਧੀ ਪਾਰਟੀਸ਼ਨ ਮਿਊਜ਼ੀਅਮ ਦਾ ਵੀ ਦੌਰਾ ਕੀਤਾ। ਉਹ ਦੁਰਗਿਆਣਾ ਮੰਦਰ ਵੀ ਮੱਥਾ ਟੇਕਣ ਗਏ।

ਮੀਡੀਆ ਨਾਲ ਗੱਲਬਾਤ ਦੌਰਾਨ ਜਪਾਨੀ ਸਫੀਰ ਨੇ ਆਖਿਆ ਕਿ ਸ੍ਰੀ ਮੋਦੀ ਦੀ ਮੁਹਿੰਮ 'ਮੇਕ ਇਨ ਇੰਡੀਆ' ਵਿਚ ਜਪਾਨ ਵਲੋਂ ਵੀ ਸਹਿਯੋਗ ਦਿੱਤਾ ਜਾ ਰਿਹਾ ਹੈ। ਜਪਾਨ ਇਥੇ ਖੋਜ ਅਤੇ ਨਿਪੁੰਨਤਾ ਵਿਕਾਸ ਖੇਤਰ ਵਿਚ ਰੁਚੀ ਲੈ ਰਿਹਾ ਹੈ ਤੇ ਕਈ ਯੋਜਨਾਵਾਂ ਵਿਚਾਰ ਅਧੀਨ ਵੀ ਹਨ। ਉਨ੍ਹਾਂ ਖੁਲਾਸਾ ਕੀਤਾ ਕਿ ਜਪਾਨ ਵਲੋਂ ਉਤਰ ਪੂਰਬੀ ਰਾਜਾਂ ਵਿਚ 13 ਹਜ਼ਾਰ ਕਰੋੜ ਰੁਪਏ ਦਾ ਨਿਵੇਸ਼ ਵੱਖ ਵੱਖ ਯੋਜਨਾਵਾਂ ਵਿਚ ਕੀਤੇ ਜਾਣ ਦਾ ਐਲਾਨ ਕੀਤਾ ਗਿਆ ਹੈ ਜਿਸ ਤਹਿਤ ਉਤਰ ਪੂਰਬੀ ਰਾਜਾਂ ਵਿਚ ਪਾਣੀ ਦੀ ਸਪਲਾਈ ਅਤੇ ਸੀਵਰੇਜ ਪ੍ਰਾਜੈਕਟ, ਸੜਕਾਂ ਦਾ ਜਾਲ ਵਿਛਾਉਣਾ ਅਤੇ ਸੁਧਾਰ ਕਰਨਾ, ਖੇਤੀਬਾੜੀ ਅਤੇ ਸਿੰਚਾਈ ਮਾਮਲੇ ਵਿਚ ਤਕਨੀਕੀ ਸਹਿਯੋਗ, ਖੇਤੀ ਵਿਭਿੰਨਤਾ ਅਤੇ ਜੰਗਲਾਤ ਪ੍ਰਬੰਧ ਸਬੰਧੀ ਕਈ ਯੋਜਨਾਵਾਂ ਸ਼ਾਮਲ ਹਨ।

ਉਨ੍ਹਾਂ ਕਿਹਾ ਕਿ ਪੰਜਾਬ ਵਿਚ ਵੀ ਕਈ ਯੋਜਨਾਵਾਂ ਵਿਚ ਭਾਈਵਾਲੀ ਕੀਤੀ ਗਈ ਹੈ। ਇਸ ਸਬੰਧ ਵਿਚ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨਾਲ ਦੋ ਵਾਰ ਮੀਟਿੰਗ ਵੀ ਹੋ ਚੁੱਕੀਆਂ ਹਨ। ਉਹ ਇਹ ਵੀ ਪਤਾ ਲਗਾ ਰਹੇ ਹਨ ਕਿ ਪੰਜਾਬ ਵਿਚ ਕਿਨ੍ਹਾਂ ਹੋਰ ਖੇਤਰਾਂ ਵਿਚ ਭਾਈਵਾਲੀ ਦੀਆ ਸੰਭਾਵਨਾਵਾਂ ਹਨ।

ਰਜਤ ਅਗਰਵਾਲ ਨੇ ਦੱਸਿਆ ਕਿ ਪੰਜਾਬ ਸਰਕਾਰ ਜਪਾਨ ਤੋਂ ਸਹਿਯੋਗ ਲੈਣ ਲਈ ਇਛੁੱਕ ਹੈ। ਇਸ ਦੌਰਾਨ ਸਾਬਕਾ ਕੇਂਦਰੀ ਮੰਤਰੀ ਅਸ਼ਵਨੀ ਕੁਮਾਰ ਨੇ ਆਸ ਪ੍ਰਗਟਾਈ ਹੈ ਕਿ ਜਪਾਨ ਅਤੇ ਭਾਰਤ ਦੇ ਆਪਸੀ ਸਬੰਧਾਂ ਵਿਚ ਮਜ਼ਬੂਤੀ ਆਉਣ ਨਾਲ ਪੰਜਾਬ ਵਿਚ ਵੀ ਨਿਵੇਸ਼ ਦੀਆਂ ਵਧੇਰੇ ਸੰਭਾਵਨਾਵਾਂ ਪੈਦਾ ਹੋਣਗੀਆਂ।

# ਪਰਿਕਰਮਾ ਦੀ ਧੁਆਈ ਵੇਲੇ ਵਰਤੇ ਜਾਂਦੇ ਪਾਣੀ ਨੂੰ ਜ਼ਮੀਨ 'ਚ ਭੇਜਣ ਲਈ ਪਲਾਂਟ ਸਥਾਪਤ

**ਅੰਮ੍ਰਿਤਸਰ:** ਸ੍ਰੀ ਹਰਿਮੰਦਰ ਸਾਹਿਬ ਦੀ ਪਰਿਕਰਮਾ ਦੀ ਧੁਆਈ ਵੇਲੇ ਵਰਤੇ ਜਾਂਦੇ ਸਰੋਵਰ ਦੇ ਜਲ ਅਤੇ ਮੀਂਹ ਦੌਰਾਨ ਪਰਿਕਰਮਾ ਵਿਚ ਇਕੱਠੇ ਹੁੰਦੇ ਪਾਣੀ ਨੂੰ ਅਜਾਈਂ ਜਾਣ ਤੋਂ



ਰੋਕਣ ਲਈ ਸ਼੍ਰੋਮਣੀ ਕਮੇਟੀ ਵੱਲੋਂ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਦੀ ਮਦਦ ਨਾਲ ਰੀਚਾਰਜ ਪਲਾਂਟ ਸਥਾਪਤ ਕੀਤਾ ਗਿਆ ਹੈ, ਜਿਸ ਦਾ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਅਤੇ ਵਾਤਾਵਰਣ ਸਬੰਧੀ ਮਾਮਲੇ ਦੇ ਡਾਇਰੈਕਟਰ ਕੇ.ਐਸ. ਪੰਨੂ ਨੇ ਨਿਰੀਖਣ ਕੀਤਾ।

ਨਿਰੀਖਣ ਮਗਰੋਂ ਮੀਡੀਆ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਦੱਸਿਆ ਕਿ ਇਸ ਰੀਚਾਰਜ ਪਲਾਂਟ ਦਾ ਮੁੱਖ ਮੰਤਵ ਵਾਤਾਵਰਣ ਦੀ ਸਾਂਭ-ਸੰਭਾਲ ਹੈ। ਉਨ੍ਹਾਂ ਆਖਿਆ ਕਿ ਪਵਿੱਤਰ ਸਰੋਵਰ ਦੇ ਜਲ ਨੂੰ ਸੀਵਰੇਜ ਵਿਚ ਜਾਣ ਤੋਂ ਰੋਕਣ ਦੇ ਮੰਤਵ ਨਾਲ ਇਹ ਪਲਾਂਟ ਸਥਾਪਤ ਕੀਤਾ ਗਿਆ ਹੈ। ਇਸ ਤੋਂ ਇਲਾਵਾ ਮੀਂਹ ਦਾ ਇਕੱਠਾ ਹੁੰਦਾ ਪਾਣੀ ਵੀ ਇਸ ਦੇ ਨਾਲ ਹੀ ਸਾਫ ਸਫਾਈ ਕਰਕੇ ਮੁੜ ਜ਼ਮੀਨ ਵਿਚ ਭੇਜਿਆ ਜਾ ਰਿਹਾ ਹੈ।

ਇਸ ਨਾਲ ਇਲਾਕੇ ਵਿਚ ਜ਼ਮੀਨ ਹੇਠਲੇ ਪਾਣੀ ਦਾ ਪੱਧਰ ਹੋਰ ਹੇਠਾਂ ਜਾਣ ਤੋਂ ਰੋਕਿਆ ਜਾ ਸਕਦਾ ਹੈ। ਉਨ੍ਹਾਂ ਆਖਿਆ ਕਿ ਇਸ ਖੇਤਰ ਵਿਚ 24 ਘੰਟੇ ਬਿਜਲੀ ਰਹਿਣ ਨਾਲ ਜਨਰੇਟਰ ਦੀ ਵਰਤੋਂ ਨਹੀਂ ਹੋਵੇਗੀ ਅਤੇ ਵਾਤਾਵਰਣ ਦੀ ਸਾਂਭ-ਸੰਭਾਲ ਹੋ ਸਕੇਗੀ। ਇਸੇ ਤਰ੍ਹਾਂ ਸੀ.ਐਨ.ਜੀ. ਗੈਸ ਦੀ ਸਪਲਾਈ ਵਾਸਤੇ ਪਾਈਪ ਲਾਈਨ ਵਿਛਾਈ ਜਾ ਚੁੱਕੀ ਹੈ। ਇਸ ਦੀ ਵਰਤੋਂ ਬਾਰੇ ਵੀ ਸ਼੍ਰੋਮਣੀ ਕਮੇਟੀ ਅਧਿਕਾਰੀਆਂ ਨਾਲ ਗੱਲਬਾਤ ਹੋਈ ਹੈ।

ਉਨ੍ਹਾਂ ਦਾਅਵਾ ਕੀਤਾ ਕਿ ਪਿਛਲੇ ਕੁਝ ਸਮੇਂ ਵਿਚ ਕੀਤੇ ਗਏ ਯਤਨਾਂ ਸਦਕਾ ਇਥੇ ਪ੍ਰਦੂਸ਼ਣ ਰੋਕਣ ਵਿਚ ਸਫਲ ਸਾਬਤ ਹੋਏ ਹਨ ਅਤੇ ਹੁਣ ਹੋਰ ਯਤਨ ਰਾਹੀਂ ਵਾਤਾਵਰਣ ਨੂੰ ਸਮੁੱਚੇ ਤੌਰ 'ਤੇ ਪ੍ਰਦੂਸ਼ਣ ਮੁਕਤ ਕੀਤਾ ਜਾ ਸਕੇਗਾ। ਇਸ ਮੌਕੇ ਸ਼੍ਰੋਮਣੀ ਕਮੇਟੀ ਅਧਿਕਾਰੀਆਂ ਨੇ ਸ੍ਰੀ ਪੰਨੂ ਤੇ ਹੋਰਨਾਂ ਨੂੰ ਸਨਮਾਨਿਤ ਵੀ ਕੀਤਾ।

# ਧਰਮ ਪ੍ਰਚਾਰ ਲਈ ਸ਼ੁਰੂ ਕੀਤੀ ਮੁਹਿੰਮ ਪਈ ਫਿੱਕੀ

**ਸ੍ਰੀ ਆਨੰਦਪੁਰ ਸਾਹਿਬ:** ਭਾਈ ਗੋਬਿੰਦ ਸਿੰਘ ਲੌਂਗੋਵਾਲ ਵੱਲੋਂ ਪੰਥ ਦੀ ਨੁਮਾਇੰਦਾ ਜਥੇਬੰਦੀ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਬਣਨ ਮਗਰੋਂ ਪੂਰੇ ਜਾਹੋ ਜਲਾਲ ਨਾਲ ਸ਼ੁਰੂ ਕੀਤੀ ਗਈ ਧਰਮ ਪ੍ਰਚਾਰ ਮੁਹਿੰਮ ਫਿੱਕੀ ਪੈਂਦੀ ਦਿਖਾਈ ਦੇ ਰਹੀ ਹੈ ਉੱਥੇ ਹੀ ਧਰਮ ਪ੍ਰਚਾਰ ਕਮੇਟੀ ਵੱਲੋਂ ਕਰਵਾਏ ਜਾਣ ਵਾਲੇ ਹਫਤਾਵਾਰੀ ਸਮਾਗਮ ਮਹਿਜ਼ ਖਾਨਾਪੂਰਤੀ ਹੀ ਰਹਿ ਗਏ ਹਨ।

ਇਨ੍ਹਾਂ ਸਮਾਗਮਾਂ ਪ੍ਰਤੀ ਸੰਗਤ 'ਚ ਵੀ ਕੋਈ ਉਤਸ਼ਾਹ ਨਹੀਂ ਪਾਇਆ ਜਾ ਰਿਹਾ। ਮੁਹਿੰਮ ਦੀ ਸ਼ੁਰੂਆਤ ਮੌਕੇ ਜਿੱਥੇ ਪ੍ਰਚਾਰਕਾਂ ਵੱਲੋਂ ਪਿੰਡ ਪਿੰਡ ਜਾ ਕੇ ਸੰਗਤ ਨੂੰ ਸਾਰਾ ਹਫਤਾ ਪ੍ਰੇਰਿਤ ਕਰਕੇ ਤਖਤ ਸਾਹਿਬਾਨ 'ਚ ਹੋਣ ਵਾਲੇ ਹਫਤਾਵਾਰੀ ਸਮਾਗਮ 'ਚ ਸ਼੍ਰੋਮਣੀ ਕਮੇਟੀ ਦੀਆਂ ਗੱਡੀਆਂ ਭੇਜ ਕੇ ਬੁਲਾਇਆ ਜਾਂਦਾ ਸੀ ਉਹ ਰਵਾਇਤ ਹੁਣ ਲਗਭਗ ਬੰਦ ਹੋ ਚੁੱਕੀ ਹੈ। ਆਲਮ ਇਹ ਹੈ ਕਿ ਪ੍ਰਧਾਨ ਦੇ ਐਲਾਨ ਤੇ ਸ਼੍ਰੋਮਣੀ ਕਮੇਟੀ ਦੇ ਫੈਸਲੇ ਅਨੁਸਾਰ ਹਰ ਹਫਤੇ ਤਖਤ ਸਾਹਿਬ ਦੀ ਹਦੂਦ ਅੰਦਰ ਕਰਵਾਏ ਜਾਣ ਵਾਲੇ ਸਮਾਗਮਾਂ ਦਾ ਸਥਾਨ ਹੀ ਬਿਨਾਂ ਸੰਗਤ ਨੂੰ ਅਗਾਊਂ ਸੂਚਿਤ ਕੀਤਿਆਂ ਪ੍ਰਬੰਧਕਾਂ ਵੱਲੋਂ ਬਦਲ ਦਿੱਤਾ ਗਿਆ ਹੈ।

ਤਖਤ ਸ੍ਰੀ ਕੇਸਗੜ੍ਹ ਸਾਹਿਬ 'ਚ ਹੋਣ ਵਾਲੇ ਸਮਾਗਮਾਂ ਦੇ ਬੰਦ ਹੋਣ ਬਾਰੇ ਜਦੋਂ ਜਥੇਦਾਰ ਰਘਬੀਰ ਸਿੰਘ ਨਾਲ ਸੰਪਰਕ ਕੀਤਾ ਗਿਆ ਤਾਂ ਉਨ੍ਹਾਂ ਕਿਹਾ ਕਿ ਗਰਮੀ ਪੈਣ ਕਰਕੇ ਸਮਾਗਮ ਦੀ ਥਾਂ ਬਦਲ ਕੇ ਗੁਰਦੁਆਰਾ ਸੀਸਗੰਜ ਸਾਹਿਬ ਕਰ ਦਿੱਤੀ ਗਈ ਹੈ। ਸੰਗਤਾਂ ਦੇ ਉਤਸ਼ਾਹ 'ਚ ਆਈ ਕਮੀ ਬਾਰੇ ਉਨ੍ਹਾਂ ਕਿਹਾ ਕਿ ਅੱਜ-ਕੱਲ੍ਹ ਛੁੱਟੀਆਂ ਹੋਣ ਕਰਕੇ ਪਿੰਡਾਂ 'ਚ ਕੈਂਪ ਲਗਾਏ ਜਾ ਰਹੇ ਹਨ। ਸ਼੍ਰੋਮਣੀ ਕਮੇਟੀ ਮੈਂਬਰ ਭਾਈ ਅਮਰਜੀਤ ਸਿੰਘ ਚਾਵਲਾ ਨੇ ਧਰਮ ਪ੍ਰਚਾਰ ਲਹਿਰ ਫਿੱਕੀ ਪੈਣ ਦੀ ਗੱਲ 'ਤੇ ਸਮਾਗਮਾਂ ਦੌਰਾਨ ਸੰਗਤਾਂ ਦੀ ਆਮਦ 'ਚ ਆਈ ਭਾਰੀ ਕਮੀ ਦੀ ਗੱਲ ਨੂੰ ਮੰਨਦਿਆਂ ਕਿਹਾ ਕਿ ਉਹ ਜਲਦੀ ਹੀ ਇਸ ਲਹਿਰ ਨੂੰ ਮੁੜ ਸੁਰਜੀਤ ਕਰਨ ਜਾ ਰਹੇ ਹਨ ਤੇ ਜੁਲਾਈ ਮਹੀਨੇ 'ਚ ਵੱਡੀ ਪੱਧਰ ਤੇ ਇਸ ਮੁਹਿੰਮ ਨੂੰ ਹੁੰਗਾਰਾ ਦੇਣ ਵਾਸਤੇ ਪ੍ਰੋਗ੍ਰਾਮ ਉਲੀਕੇ ਜਾ ਰਹੇ ਹਨ।

ਧਰਮ ਪ੍ਰਚਾਰ ਕਮੇਟੀ ਦੇ ਸਕੱਤਰ ਬਲਵਿੰਦਰ ਸਿੰਘ ਜੌੜਾ ਨੇ ਕਿਹਾ ਕਿ ਗਰਮੀਆਂ ਦੀਆਂ ਛੁੱਟੀਆਂ ਕਰਕੇ ਕਿਤੇ ਨਾ ਕਿਤੇ ਕਮੀ ਜ਼ਰੂਰ ਮਹਿਸੂਸ ਕੀਤੀ ਗਈ ਹੈ ਪਰ ਜੁਲਾਈ ਮਹੀਨੇ ਤਿੰਨਾਂ ਜ਼ੋਨਾਂ ਦੇ ਅਧਿਕਾਰੀਆਂ, ਪ੍ਰਚਾਰਕਾਂ ਦੀ ਬੈਠਕ ਬੁਲਾ ਕੇ ਧਰਮ ਪ੍ਰਚਾਰ ਲਹਿਰ 'ਚ ਨਵੀਂ ਰੂਹ ਪਾਈ ਜਾਵੇਗੀ।

# ਪੰਜਾਬ ਦੀ ਧਰਤੀ ਹੇਠੋਂ ਤੇਲ ਕੱਢਣ ਦੀਆਂ ਕੋਸ਼ਿਸ਼ਾਂ

**ਮਾਛੀਵਾੜਾ:** ਮਾਛੀਵਾੜਾ ਇਲਾਕੇ ਦੇ ਨੇੜਲੇ ਕਈ ਪਿੰਡਾਂ 'ਚ ਧਰਤੀ ਹੇਠਾਂ ਪੈਟਰੋਲੀਅਮ ਪਦਾਰਥ ਹੋਣ ਦੀ ਸੰਭਾਵਨਾ ਪ੍ਰਗਟਾਈ ਜਾ ਰਹੀ ਹੈ, ਜਿਸ ਤਹਿਤ ਭਾਰਤ ਸਰਕਾਰ ਦੀ ਕੰਪਨੀ ਓ.ਐਨ.ਜੀ.ਸੀ. ਵੱਲੋਂ ਇਕ ਪ੍ਰਾਈਵੇਟ ਕੰਪਨੀ ਨੂੰ ਠੇਕਾ ਦੇ ਕੇ ਧਰਤੀ ਹੇਠਾਂ ਡੂੰਘੇ ਬੋਰ ਕਰ ਜਾਂਚ ਕੀਤੀ ਜਾ ਰਹੀ ਹੈ ਕਿ ਕਿਸ ਥਾਂ 'ਤੇ ਪੈਟਰੋਲੀਅਮ ਪਦਾਰਥਾਂ ਦੀ ਕਿੰਨੀ ਮਾਤਰਾ ਹੈ।

ਮਾਛੀਵਾੜਾ ਦੇ ਆਸ-ਪਾਸ ਪਿੰਡ ਭੜੌਦੀ, ਲੱਖੋਵਾਲ ਤੇ ਰਤੀਪੁਰ ਨੇੜੇ ਧਰਤੀ ਹੇਠਾਂ ਸਰਵੇ ਕਰ ਰਹੀ ਕੰਪਨੀ ਅਲਫਾ ਜੀ.ਈ.ਓ. ਦੇ ਅਧਿਕਾਰੀ ਤੇ ਮਜ਼ਦੂਰਾਂ ਵੱਲੋਂ ਕਿਸਾਨਾਂ ਦੇ ਖੇਤਾਂ ਵਿਚ ਸੈਂਕੜੇ ਬੋਰ ਕੀਤੇ ਗਏ ਤਾਂ ਜੋ ਧਰਤੀ ਹੇਠਾਂ ਪੈਟਰੋਲੀਅਮ ਪਦਾਰਥਾਂ ਦੀ ਜਾਣਕਾਰੀ ਮਿਲ ਸਕੇ। ਕੰਪਨੀ ਦੇ ਅਧਿਕਾਰੀ ਭੁਪਿੰਦਰ ਸਿੰਘ ਨੇ ਦੱਸਿਆ ਕਿ ਧਰਤੀ ਹੇਠਾਂ ਖਣਿਜ ਪਦਾਰਥਾਂ ਦੀ ਸੰਭਾਲ ਕਰਨ ਵਾਲੀ ਕੰਪਨੀ ਓ.ਐਨ.ਜੀ.ਸੀ. ਨੂੰ ਸੈਟੇਲਾਈਟ ਰਾਹੀਂ ਇਹ ਜਾਣਕਾਰੀ ਮਿਲੀ ਹੈ ਕਿ ਪਾਣੀਪਤ ਤੋਂ ਲੈ ਕੇ ਗੁਰਦਾਸਪੁਰ ਤੱਕ ਕੁਝ ਭਾਗ ਹਨ ਜਿੱਥੇ ਧਰਤੀ ਹੇਠਾਂ ਪੈਟਰੋਲੀਅਮ ਪਦਾਰਥ ਤੇ ਗੈਸ ਹੋ ਸਕਦੀ ਹੈ।

ਭਾਰਤ ਸਰਕਾਰ ਨੇ ਅਲਫਾ ਜੀ.ਈ.ਓ. ਨੂੰ ਇਹ ਜ਼ਿੰਮੇਵਾਰੀ ਸੌਂਪੀ ਹੈ, ਜਿਸ ਵੱਲੋਂ ਮਾਛੀਵਾੜਾ ਦੇ ਵੱਖ-ਵੱਖ ਪਿੰਡਾਂ 'ਚ ਮਸ਼ੀਨਾਂ ਰਾਹੀਂ ਕਰੀਬ 80 ਫੁੱਟ ਡੂੰਘਾ ਬੋਰ ਕੀਤਾ ਗਿਆ ਅਤੇ ਉਸ ਤੋਂ ਬਾਅਦ ਡੂੰਘੇ ਬੋਰ 'ਚ ਤਾਰ ਪਾ ਕੇ ਆਧੁਨਿਕ ਮਸ਼ੀਨਾਂ ਰਾਹੀਂ ਬਲਾਸਟ ਕਰ ਇਕ ਫਲੌਪੀ ਤਿਆਰ ਕੀਤੀ ਗਈ। ਅਧਿਕਾਰੀ ਭੁਪਿੰਦਰ ਸਿੰਘ ਨੇ ਦੱਸਿਆ ਕਿ ਫਲੌਪੀ ਤਿਆਰ ਕਰਕੇ ਹੈਦਰਾਬਾਦ ਖੋਜ ਕੇਂਦਰ ਵਿਚ ਭੇਜੀ ਜਾਵੇਗੀ ਜਿੱਥੇ ਉਹ ਕੁਝ ਮਹੀਨੇ ਬਾਅਦ ਪੂਰੀ ਰਿਪੋਰਟ ਦੇਣਗੇ ਕਿ ਕਿਸ ਪਿੰਡ 'ਚ ਕਿਸ ਜ਼ਮੀਨ ਹੇਠਾਂ ਕਿੰਨੀ ਮਾਤਰਾ 'ਚ ਪੈਟਰੋਲੀਅਮ ਪਦਾਰਥ ਹਨ।

**Punjab Times**

**Established in 2000**
**20th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh

**Our Columnists**
Gurbakhsh Singh Bhandal
Baljit Basi
Ashok Bhaura
Tarlochan Singh Dupalpur
Major Kular

**California:**
Shiara Dhindsa
Photographer
661-703-6664

**Sacramento**
Gurbarinder Singh Raja
916-533-2678

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 100 ਡਾਲਰ**
**ਪੰਜ ਸਾਲ ਲਈ: 450 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਸ਼ਿਲੌਂਗ ਮਾਮਲਾ: ਸਿੱਖਾਂ ਦੇ ਮੁੱਦੇ ਹੱਲ ਕਰਨ ਲਈ ਉਚ ਤਾਕਤੀ ਕਮੇਟੀ ਕਾਇਮ

**ਨਵੀਂ ਦਿੱਲੀ:** ਸ਼ਿਲੌਂਗ ਵਿਚ ਸਿੱਖ ਭਾਈਚਾਰੇ ਨਾਲ ਜੁੜੇ ਮੁੱਦਿਆਂ ਨੂੰ ਲੈ ਕੇ ਉੱਪ ਮੁੱਖ ਮੰਤਰੀ ਦੀ ਅਗਵਾਈ ਹੇਠ ਇਕ ਉੱਚ ਤਾਕਤੀ ਕਮੇਟੀ ਬਣਾਈ ਗਈ ਹੈ, ਜੋ ਤੱਥਾਂ ਦੀ ਖੋਜ ਕਰਕੇ ਛੇਤੀ ਹੀ ਸੂਬਾ ਸਰਕਾਰ ਨੂੰ ਰਿਪੋਰਟ ਦੇਵੇਗੀ।

ਮੇਘਾਲਿਆ ਦੇ ਮੁੱਖ ਮੰਤਰੀ ਕੋਨਰਾਡ ਸੰਗਮਾ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ, ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਤੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਆਗੂਆਂ ਨੇ ਮੇਘਾਲਿਆ ਭਵਨ, ਨਵੀਂ ਦਿੱਲੀ 'ਚ ਮੁਲਾਕਾਤ ਕੀਤੀ। ਵਫਦ ਨੇ ਬੀਤੇ ਦਿਨੀਂ ਇਕ ਗਰਮਖਿਆਲੀ ਐਚ.ਐਨ.ਐਲ.ਸੀ. ਜਥੇਬੰਦੀ ਵੱਲੋਂ ਸ਼ਿਲੌਂਗ ਦੇ ਪੰਜਾਬੀ ਲੇਨ ਦੇ ਬਾਸ਼ਿੰਦਿਆਂ ਨੂੰ ਇਲਾਕਾ ਖਾਲੀ ਕਰਨ ਜਾਂ ਹਿੰਸਾ ਦਾ ਸਾਹਮਣਾ ਕਰਨ ਦੀ ਧਮਕੀ ਸਮੇਤ ਉਨ੍ਹਾਂ ਦੀਆਂ ਸਮੱਸਿਆਵਾਂ ਹੱਲ ਕਰਨ ਦਾ ਮੁੱਦਾ ਮੁੱਖ ਮੰਤਰੀ ਕੋਲ ਉਠਾਇਆ ਗਿਆ।

ਸ੍ਰੀ ਸੰਗਮਾ ਨੇ ਵਫਦ ਨੂੰ ਭਰੋਸਾ ਦਿੱਤਾ ਕਿ ਕਿਸੇ ਨੂੰ ਵੀ ਗੈਰ-ਕਾਨੂੰਨੀ ਤਰੀਕੇ ਨਾਲ ਨਹੀਂ ਹਟਾਇਆ ਜਾਵੇਗਾ। ਸ੍ਰੀ ਸੰਗਮਾ ਨੇ ਕਿਹਾ ਕਿ ਉੱਪ ਮੁੱਖ ਮੰਤਰੀ ਦੀ ਅਗਵਾਈ ਹੇਠ ਕਮੇਟੀ ਬਣਾਈ ਗਈ ਹੈ। ਉਨ੍ਹਾਂ ਕਿਹਾ ਕਿ ਜਦੋਂ ਤੋਂ ਸ਼ਿਲੌਂਗ ਮਸਲਾ ਉੱਠਿਆ ਹੈ ਉਥੇ ਸੁਰੱਖਿਆ ਬੰਦੋਬਸਤ ਮਜ਼ਬੂਤ ਕੀਤੇ ਗਏ ਹਨ ਤੇ ਸਿੱਖਾਂ ਦੀ ਸੁਰੱਖਿਆ ਯਕੀਨੀ ਬਣਾਈ ਜਾਵੇਗੀ। ਉਨ੍ਹਾਂ ਵਫਦ ਨੂੰ ਗੁਰਦੁਆਰਾ ਤੇ ਸਕੂਲ ਦੀ ਜ਼ਮੀਨ ਨਾਲ ਛੇੜਛਾੜ ਨਾ ਕਰਨ ਬਾਰੇ ਵੀ ਗੱਲ ਕੀਤੀ।

ਸ਼ਿਲੌਂਗ ਹਰੀਜਨ ਕਾਲੋਨੀ ਦੇ ਪ੍ਰਧਾਨ ਗੁਰਜੀਤ ਸਿੰਘ ਨੇ ਕਿਹਾ ਕਿ ਸਿੱਖ ਇਸ ਇਲਾਕੇ ਦੇ ਪੱਕੇ ਵਾਸੀ ਹਨ ਤੇ ਲੋੜੀਂਦੇ ਦਸਤਾਵੇਜ਼ ਵੀ ਹਨ ਪਰ ਸਥਾਨਕ ਅਧਿਕਾਰੀਆਂ ਦਾ ਸਿੱਖਾਂ ਪ੍ਰਤੀ ਰਵੱਈਆ ਪੱਖਪਾਤੀ ਹੈ।

## ਅਮਿਤਾਭ ਬੱਚਨ ਨੇ ਬਿਹਾਰ ਦੇ 2100 ਕਿਸਾਨਾਂ ਦਾ ਕਰਜ਼ਾ ਚੁਕਾਇਆ

**ਮੁੰਬਈ:** ਬਾਲੀਵੁੱਡ ਦੇ ਮਹਾਨਾਇਕ ਅਮਿਤਾਭ ਬੱਚਨ ਨੇ ਬਿਹਾਰ ਦੇ 2 ਹਜ਼ਾਰ ਤੋਂ ਵੱਧ ਕਿਸਾਨਾਂ ਦੀ ਕਰਜ਼ਾ ਚੁਕਾਉਣ 'ਚ ਮਦਦ ਕੀਤੀ ਹੈ। 76 ਸਾਲਾ ਅਦਾਕਾਰ ਨੇ ਇਹ ਜਾਣਕਾਰੀ ਆਪਣੇ ਬਲਾਗ ਰਾਹੀਂ ਦਿੱਤੀ ਹੈ। ਅਮਿਤਾਭ ਬੱਚਨ ਨੇ ਦੱਸਿਆ ਕਿ ਉਨ੍ਹਾਂ ਕੁਝ ਕਿਸਾਨਾਂ ਨੂੰ ਆਪਣੇ ਘਰ ਬੁਲਾਇਆ ਤੇ ਆਪਣੇ ਬੱਚੇ ਅਭਿਸ਼ੇਕ ਤੇ ਸ਼ਵੇਤਾ ਬੱਚਨ ਦੇ ਹੱਥੋਂ ਰਾਸ਼ੀ ਦਾਨ ਕਰਵਾਈ।

ਉਨ੍ਹਾਂ ਆਪਣੇ ਬਲਾਗ 'ਚ ਲਿਖਿਆ ਕਿ ਵਾਅਦਾ ਪੂਰਾ ਕਰ ਦਿੱਤਾ ਗਿਆ ਹੈ। ਬਿਹਾਰ ਦੇ 2100 ਕਿਸਾਨਾਂ ਦੇ ਬਕਾਇਆ ਕਰਜ਼ਿਆਂ ਦੀ ਰਾਸ਼ੀ ਇਕ-ਮੁਸ਼ਤ ਭੁਗਤਾਨ (ਓ.ਟੀ.ਐਸ.) ਰਾਹੀਂ ਬੈਂਕ ਨੂੰ ਅਦਾ ਕੀਤੀ ਗਈ। ਉਨ੍ਹਾਂ ਲਿਖਿਆ ਕਿ 2100 'ਚੋਂ ਕੁਝ ਕਿਸਾਨਾਂ ਨੂੰ ਜਨਕ (ਅਮਿਤਾਭ ਬੱਚਨ ਦਾ ਬੰਗਲਾ) ਵਿਖੇ ਬੁਲਾਇਆ ਗਿਆ ਤੇ ਉਨ੍ਹਾਂ ਨੂੰ ਨਿੱਜੀ ਤੌਰ 'ਤੇ ਸ਼ਵੇਤਾ ਤੇ ਅਭਿਸ਼ੇਕ ਦੇ ਹੱਥੋਂ ਰਾਸ਼ੀ ਦਿੱਤੀ ਗਈ।

ਅਦਾਕਾਰ ਨੇ ਇਹ ਵੀ ਦੱਸਿਆ ਕਿ ਉਹ ਪੁਲਵਾਮਾ ਅਤਿਵਾਦੀ ਹਮਲੇ ਦੇ ਸ਼ਹੀਦ ਪਰਿਵਾਰਾਂ ਨਾਲ ਕੀਤੇ ਵਾਅਦੇ ਨੂੰ ਵੀ ਨਿਭਾਉਣ ਜਾ ਰਹੇ ਹਨ। ਉਨ੍ਹਾਂ ਲਿਖਿਆ ਕਿ ਹੁਣ ਜਨਕ ਵਿਖੇ ਸ਼ਹੀਦਾਂ ਦੇ ਪਰਿਵਾਰਾਂ, ਜਿਨ੍ਹਾਂ ਪੁਲਵਾਮਾ ਹਮਲੇ 'ਚ ਆਪਣੀਆਂ ਜਾਨਾਂ ਵਾਰ ਦਿੱਤੀਆਂ, ਦੀ ਆਰਥਿਕ ਮਦਦ ਕਰਕੇ ਇਕ ਹੋਰ ਵਾਅਦਾ ਪੂਰਾ ਕੀਤਾ ਜਾ ਰਿਹਾ ਹੈ। ਜ਼ਿਕਰਯੋਗ ਹੈ ਕਿ ਇਸ ਤੋਂ ਪਹਿਲਾਂ ਅਮਿਤਾਭ ਬੱਚਨ ਨੇ ਉੱਤਰ ਪ੍ਰਦੇਸ਼ ਦੇ 1398 ਤੇ ਮਹਾਰਾਸ਼ਟਰ ਦੇ 350 ਕਿਸਾਨਾਂ ਦੀ ਵੀ ਮਦਦ ਕੀਤੀ ਸੀ।

## ਮਹਿੰਗਾਈ ਦਰ ਵਿਚ ਤਿੰਨ ਫੀਸਦੀ ਵਾਧਾ

**ਨਵੀਂ ਦਿੱਲੀ:** ਪਿਛਲੇ ਸੱਤ ਮਹੀਨਿਆਂ ਦੌਰਾਨ ਮਈ ਮਹੀਨੇ ਵਿਚ ਪ੍ਰਚੂਨ ਮਹਿੰਗਾਈ ਦਰ ਵਿਚ ਸਭ ਤੋਂ ਵੱਧ 3.05 ਫੀਸਦੀ ਵਾਧਾ ਦਰਜ ਕੀਤਾ ਗਿਆ ਹੈ। ਇਹ ਵਾਧਾ ਮੁੱਖ ਤੌਰ ਉਤੇ ਖੁਰਾਕੀ ਵਸਤਾਂ ਮਹਿੰਗੀਆਂ ਹੋਣ ਕਾਰਨ ਹੋਇਆ ਹੈ। ਇਹ ਜਾਣਕਾਰੀ ਸਰਕਾਰ ਵੱਲੋਂ ਜਾਰੀ ਕੀਤੇ ਅੰਕੜਿਆਂ ਅਨੁਸਾਰ ਹੈ। ਕੇਂਦਰੀ ਅੰਕੜੇ ਆਫਿਸ (ਸੀ.ਐਸ.ਓ.) ਵੱਲੋਂ ਪ੍ਰਚੂਨ ਮਹਿੰਗਾਈ ਸੂਚਕ ਅੰਕ ਅਨੁਸਾਰ ਅਪਰੈਲ ਮਹੀਨੇ ਵਿਚ ਮਹਿੰਗਾਈ ਦਰ 'ਚ 2.92 ਫੀਸਦੀ ਵਾਧੇ ਦਾ ਅਨੁਮਾਨ ਲਾਇਆ ਗਿਆ ਸੀ ਅਤੇ ਇਹ ਇਸ ਤੋਂ ਥੋੜ੍ਹੀ ਵੱਧ 2.99 ਫੀਸਦੀ ਦਰਜ ਕੀਤੀ ਗਈ ਹੈ। ਮਈ 2018 ਵਿਚ ਮਹਿੰਗਾਈ ਦਰ 4.87 ਫੀਸਦੀ ਰਹੀ ਸੀ।

## ਦਿਮਾਗੀ ਬੁਖਾਰ ਨਾਲ 103 ਬੱਚਿਆਂ ਦੀ ਮੌਤ

**ਪਟਨਾ:** ਬਿਹਾਰ ਦੇ ਮੁਜ਼ੱਫਰਨਗਰ ਜ਼ਿਲ੍ਹੇ ਵਿਚ ਦਿਮਾਗੀ ਬੁਖਾਰ ਨਾਲ ਛੇ ਹੋਰ ਬੱਚਿਆਂ ਦੀ ਮੌਤ ਹੋ ਗਈ, ਜਿਸ ਤੋਂ ਬਾਅਦ ਮਰਨ ਵਾਲੇ ਬੱਚਿਆਂ ਦੀ ਗਿਣਤੀ 103 ਹੋ ਗਈ ਹੈ। ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਜਾਰੀ ਜਾਣਕਾਰੀ ਅਨੁਸਾਰ ਕੇਜਰੀਵਾਲ ਹਸਪਤਾਲ ਵਿਚ 18 ਤੇ ਸ੍ਰੀ ਕ੍ਰਿਸ਼ਨਾ ਮੈਡੀਕਲ ਕਾਲਜ ਤੇ ਹਸਪਤਾਲ ਵਿਚ ਹੁਣ ਤੱਕ 85 ਬੱਚਿਆਂ ਦੀ ਮੌਤ ਹੋ ਗਈ ਹੈ। 12 ਬੱਚਿਆਂ ਹਾਲਤ ਗੰਭੀਰ ਬਣੀ ਹੋਈ ਹੈ। ਕੇਂਦਰੀ ਸਿਹਤ ਮੰਤਰੀ ਹਰਸ਼ ਵਰਧਨ ਨੇ ਮਰੀਜ਼ਾਂ ਦਾ ਹਾਲ ਪੁੱਛਿਆ ਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਹਰ ਸੰਭਵ ਮਦਦ ਦੇਣ ਦਾ ਭਰੋਸਾ ਦਿੱਤਾ।

## ਟਰੱਕ ਨੂੰ ਅੱਗ ਲੱਗਣ ਨਾਲ ਪੰਜਾਬੀ ਡਰਾਈਵਰ ਦੀ ਮੌਤ

**ਵੈਨਕੂਵਰ:** ਡੈਲਟਾ ਪੋਰਟ ਤੋਂ ਕੰਟੇਨਰ ਲੱਦਣ ਜਾ ਰਹੇ ਪੰਜਾਬੀ ਡਰਾਈਵਰ ਦੇ ਟਰੱਕ ਨੂੰ ਹਾਦਸੇ ਦੌਰਾਨ ਲੱਗੀ ਅੱਗ ਕਾਰਨ ਝੁਲਸ ਕੇ ਮੌਤ ਹੋ ਗਈ। ਹੰਗਾਮੀ ਅਮਲੇ ਵੱਲੋਂ ਉਸ ਨੂੰ ਅੱਧਸੜੀ ਹਾਲਤ 'ਚ ਟਰੱਕ ਵਿਚੋਂ ਬਾਹਰ ਕੱਢਿਆ ਗਿਆ। ਜਾਣਕਾਰੀ ਅਨੁਸਾਰ ਰਾਜਵਿੰਦਰ ਸਿੰਘ (37 ਸਾਲ) ਆਪਣੇ ਟਰੱਕ 'ਤੇ ਡੈਲਟਾ ਪੋਰਟ (ਬੰਦਰਗਾਹ) ਵੱਲ ਜਾ ਰਿਹਾ ਸੀ। ਮੂਹਰਿਓਂ ਆਉਂਦੇ ਟਰੱਕ ਨੇ ਉਸ ਦੇ ਟਰੱਕ ਨੂੰ ਸਿੱਧੀ ਟੱਕਰ ਮਾਰ ਦਿੱਤੀ, ਜਿਸ ਕਾਰਨ ਟਰੱਕ ਨੂੰ ਅੱਗ ਲੱਗ ਗਈ। ਹਾਦਸੇ ਕਾਰਨ ਟਰੱਕ ਦੀ ਖਿੜਕੀ ਨਾ ਖੁੱਲ੍ਹ ਸਕੀ ਤੇ ਰਾਜਵਿੰਦਰ ਸਿੰਘ ਅੰਦਰ ਹੀ ਫਸ ਗਿਆ। ਸਾਰਾ ਟਰੱਕ ਅੱਗ ਦੀ ਲਪੇਟ ਵਿਚ ਆ ਜਾਣ ਕਾਰਨ ਰਾਜਵਿੰਦਰ ਬੁਰੀ ਤਰ੍ਹਾਂ ਝੁਲਸ ਗਿਆ। ਕੁਝ ਮਿੰਟਾਂ ਬਾਅਦ ਮੌਕੇ 'ਤੇ ਪਹੁੰਚੇ ਹੰਗਾਮੀ ਅਮਲੇ ਨੇ ਉਸ ਨੂੰ ਬਾਹਰ ਕੱਢਿਆ ਪਰ ਉਦੋਂ ਤੱਕ ਉਸ ਦੀ ਮੌਤ ਹੋ ਚੁੱਕੀ ਸੀ। ਸਰੀ ਰਹਿੰਦੇ ਰਾਜਵਿੰਦਰ, ਜਿਸ ਦੇ ਦੋ ਬੱਚੇ ਹਨ, ਨੇ ਦੋ ਸਾਲ ਪਹਿਲਾਂ ਹੀ ਆਪਣਾ ਟਰੱਕ ਖਰੀਦਿਆ ਸੀ।

## 10 ਸਾਲ 'ਚ 24 ਹਜ਼ਾਰ ਅਰਬ ਵਧਿਆ ਪਾਕਿਸਤਾਨ ਦਾ ਕਰਜ਼

**ਇਸਲਾਮਾਬਾਦ:** ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖਾਨ ਨੇ ਮੁਲਕ ਦੀ ਖਰਾਬ ਆਰਥਿਕ ਹਾਲਤ ਨੂੰ ਲੈ ਕੇ ਐਲਾਨ ਕੀਤਾ ਹੈ ਕਿ ਜਿਨ੍ਹਾਂ ਲੋਕਾਂ ਨੇ ਦੇਸ਼ ਨੂੰ ਬੁਰੀ ਤਰ੍ਹਾਂ ਨਾਲ ਕਰਜ਼ 'ਚ ਡਬੋਇਆ ਹੈ, ਉਹ ਉਨ੍ਹਾਂ ਵਿਰੁੱਧ ਸਖਤ ਕਾਰਵਾਈ ਕਰਨਗੇ। ਨਾਲ ਹੀ ਉਨ੍ਹਾਂ ਕਿਹਾ ਕਿ ਉਹ ਇਕ ਕਮਿਸ਼ਨ ਦਾ ਗਠਨ ਕਰਨਗੇ, ਜਿਸ 'ਚ ਉੱਚ ਅਧਿਕਾਰੀਆਂ ਨੂੰ ਸ਼ਾਮਲ ਕੀਤਾ ਜਾਵੇਗਾ। ਇਹ ਕਮਿਸ਼ਨ ਦੇਸ਼ ਦੇ ਕਰਜ਼ੇ 'ਚ ਡੁੱਬਣ ਦੇ ਅਸਲ ਕਾਰਨਾਂ ਤੇ ਇਸ ਲਈ ਜ਼ਿੰਮੇਵਾਰ ਲੋਕਾਂ ਦਾ ਪਤਾ ਲਗਾਏਗਾ।

ਨਗਦ ਤੰਗੀ ਦਾ ਸਾਹਮਣਾ ਕਰ ਰਹੀ ਇਮਰਾਨ ਖਾਨ ਦੀ ਸਰਕਾਰ ਦੇ ਪਹਿਲੇ ਬਜਟ ਦੇ ਬਾਅਦ ਪ੍ਰਧਾਨ ਮੰਤਰੀ ਨੇ ਆਪਣੇ ਭਾਸ਼ਣ 'ਚ ਕਿਹਾ ਕਿ ਸਾਰੀਆਂ ਆਰਥਿਕ ਸਮੱਸਿਆਵਾਂ ਕਰਜ਼ੇ ਦੇ ਕਾਰਨ ਹਨ, ਜੋ ਕਿ ਪਿਛਲੇ 10 ਸਾਲ 'ਚ 6 ਹਜ਼ਾਰ ਅਰਬ ਰੁਪਏ ਤੋਂ ਵੱਧ ਕੇ 30 ਹਜ਼ਾਰ ਅਰਬ ਰੁਪਏ ਹੋ ਗਿਆ ਹੈ। ਇਸ ਨਾਲ ਦੇਸ਼ ਦੇ ਕੋਲ ਯੂ. ਐਸ. ਡਾਲਰ ਦੀ ਭਾਰੀ ਕਮੀ ਹੋਈ ਹੈ। ਉਨ੍ਹਾਂ ਕਿਹਾ ਕਿ ਪਾਕਿ ਸਰਕਾਰ ਕੋਲ ਇੰਨੇ ਡਾਲਰ ਵੀ ਨਹੀਂ ਬਚੇ ਹਨ ਕਿ ਜਿਨ੍ਹਾਂ ਨਾਲ ਕਰਜ਼ ਦੀਆਂ ਕਿਸ਼ਤਾਂ ਦੀ ਅਦਾਇਗੀ ਕੀਤੀ ਜਾ ਸਕੇ। ਇਸ ਤਰ੍ਹਾਂ ਪਾਕਿਸਤਾਨ ਡਿਫਾਲਟਰ ਵੀ ਹੋ ਸਕਦਾ ਹੈ। ਉਨ੍ਹਾਂ ਕਿਹਾ ਕਿ ਉਹ ਜਦੋਂ ਤੋਂ ਸਰਕਾਰ 'ਚ ਆਏ ਹਨ, ਉਦੋਂ ਤੋਂ ਹੀ ਇਸੇ ਦਬਾਅ 'ਚ ਹਨ। ਉਨ੍ਹਾਂ ਯੂ.ਏ.ਈ., ਸਾਊਦੀ ਅਰਬ ਤੇ ਚੀਨ ਦੇਸ਼ਾਂ ਨੂੰ ਆਪਣੇ ਹਮਾਇਤੀ ਦੇਸ਼ ਦੱਸਦਿਆਂ ਕਿਹਾ ਕਿ ਜੇਕਰ ਇਨ੍ਹਾਂ ਮੁਲਕਾਂ ਵੱਲੋਂ ਆਰਥਿਕ ਸਹਿਯੋਗ ਨਾ ਮਿਲਦਾ ਤਾਂ ਪਾਕਿ ਲਈ ਸੰਭਲਣਾ ਅਸੰਭਵ ਹੋ ਚੁੱਕਿਆ ਸੀ।

## ਸਿੱਖ ਕਤਲੇਆਮ: ਕਮਲਨਾਥ ਖਿਲਾਫ ਜਾਂਚ ਦੇ ਹੁਕਮ

**ਨਵੀਂ ਦਿੱਲੀ:** ਕੇਂਦਰੀ ਗ੍ਰਿਹ ਮੰਤਰਾਲੇ ਨੇ 1984 ਸਿੱਖ ਕਤਲੇਆਮ ਦੇ ਬੰਦ ਪਏ ਕੇਸਾਂ ਦੀ ਮੁੜ ਜਾਂਚ ਲਈ ਬਣਾਈ ਗਈ ਵਿਸ਼ੇਸ਼ ਜਾਂਚ ਟੀਮ (ਸਿੱਟ) ਨੂੰ ਮੱਧ ਪ੍ਰਦੇਸ਼ ਦੇ ਮੁੱਖ ਮੰਤਰੀ ਤੇ ਸੀਨੀਅਰ ਕਾਂਗਰਸੀ ਆਗੂ ਕਮਲਨਾਥ ਖਿਲਾਫ ਨਵੇਂ ਸਿਰੇ ਤੋਂ ਜਾਂਚ ਸ਼ੁਰੂ ਕਰਨ ਲਈ ਆਖ ਦਿੱਤਾ ਹੈ।

ਕਮਲਨਾਥ ਖਿਲਾਫ ਜਾਂਚ ਦਾ ਮਾਮਲਾ ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਰਾਹੀਂ ਤਤਕਾਲੀ ਗ੍ਰਿਹ ਮੰਤਰੀ ਕੋਲ ਚੁੱਕਿਆ ਗਿਆ ਸੀ। ਦਸੰਬਰ 2018 ਵਿਚ ਇਸ ਸਬੰਧੀ ਇਕ ਪੱਤਰ ਵੀ ਲਿਖਿਆ ਗਿਆ ਸੀ। ਕਮਲਨਾਥ ਖਿਲਾਫ ਪਹਿਲੀ ਨਵੰਬਰ 1984 ਨੂੰ ਪਾਰਲੀਮੈਂਟ ਸਟ੍ਰੀਟ ਪੁਲਿਸ ਥਾਣੇ ਵਿਚ ਐਫ.ਆਈ.ਆਰ. ਨੰਬਰ 601/84 ਵੀ ਦਰਜ ਕੀਤੀ ਗਈ ਸੀ। ਇਸ ਮਾਮਲੇ ਵਿਚ ਪੰਜ ਦੋਸ਼ੀਆਂ ਖਿਲਾਫ ਚਾਰਜਸ਼ੀਟ ਪੇਸ਼ ਕੀਤੀ ਗਈ, ਪਰ ਕਮਲਨਾਥ ਨੂੰ ਛੱਡ ਦਿੱਤਾ ਗਿਆ। ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਮਨਜਿੰਦਰ ਸਿੰਘ ਸਿਰਸਾ ਨੇ ਕਿਹਾ ਕਿ ਹੈਰਾਨੀ ਵਾਲੀ ਗੱਲ ਇਹ ਹੈ ਕਿ ਪੰਜ ਦੇ ਪੰਜ ਦੋਸ਼ੀਆਂ ਦਾ ਰਿਹਾਇਸ਼ੀ ਪਤਾ ਕਮਲਨਾਥ ਦੀ ਰਿਹਾਇਸ਼ ਵਾਲਾ ਪਾਇਆ ਗਿਆ। ਸਿੱਟ ਕੋਲ ਮਹਿਜ਼ ਸਬੂਤਾਂ ਦੀ ਘਾਟ ਕਾਰਨ ਬੰਦ ਪਏ ਕੇਸਾਂ ਦੀ ਪੜਤਾਲ ਦਾ ਅਧਿਕਾਰ ਹੈ, ਪਰ ਉਹ ਅਦਾਲਤ ਵਿਚ ਸੁਣੇ ਜਾ ਚੁੱਕੇ ਕੇਸ ਦੀ ਮੁੜ ਪੜਤਾਲ ਨਹੀਂ ਕਰ ਸਕਦੀ। ਗ੍ਰਿਹ ਮੰਤਰਾਲੇ ਵੱਲੋਂ ਸਿੱਟ ਦੀ ਜਾਂਚ ਲਈ ਅਧਿਕਾਰ ਖੇਤਰ ਵਧਾਉਣ ਬਾਬਤ ਨੋਟੀਫਿਕੇਸ਼ਨ ਜਾਰੀ ਕੀਤੇ ਜਾਣ ਨਾਲ ਹੁਣ ਉਨ੍ਹਾਂ ਕੇਸਾਂ ਦੀ ਵੀ ਜਾਂਚ ਹੋ ਸਕੇਗੀ, ਜੋ ਪੁਲਿਸ ਦੇ ਦੋਸ਼ੀਆਂ ਨਾਲ ਰਲੇ ਹੋਣ ਕਾਰਨ ਸਬੂਤਾਂ ਦੀ ਅਣਹੋਂਦ ਵਿਚ ਅਦਾਲਤਾਂ ਵਿਚ ਬੰਦ ਹੋ ਗਏ ਸਨ।

ਕਾਬਲੇਗੌਰ ਹੈ ਕਿ ਕਮਲਨਾਥ ਦੀ ਦੰਗਿਆਂ 'ਚ ਸ਼ਮੂਲੀਅਤ ਸਬੰਧੀ ਦੋ ਗਵਾਹਾਂ, ਇੰਡੀਅਨ ਐਕਸਪ੍ਰੈਸ ਦੇ ਪੱਤਰਕਾਰ ਸੰਜੇ ਸੂਰੀ (ਜਿਨ੍ਹਾਂ 2 ਨਵੰਬਰ 1984 ਦੇ ਅੰਕ ਵਿਚ ਘਟਨਾ ਦੀ ਖਬਰ ਛਾਪੀ ਸੀ) ਤੇ ਦੂਜਾ ਦਿੱਲੀ ਗੁਰਦੁਆਰਾ ਕਮੇਟੀ ਦਾ ਮੁਲਾਜ਼ਮ ਮੁਖਤਿਆਰ ਸਿੰਘ ਦੇ ਕੇਸ ਵਿਚ ਮੌਜੂਦ ਹੋਣ ਦੇ ਬਾਵਜੂਦ ਗਾਂਧੀ ਪਰਿਵਾਰ ਕਮਲਨਾਥ ਨੂੰ 35 ਸਾਲਾਂ ਤੱਕ ਬਚਾਉਂਦਾ ਰਿਹਾ ਤੇ ਉਸ ਖਿਲਾਫ ਕੋਈ ਜਾਂਚ ਨਹੀਂ ਹੋਣ ਦਿੱਤੀ ਗਈ।

## ਸਵਿਟਜ਼ਰਲੈਂਡ ਸਰਕਾਰ ਵੱਲੋਂ 50 ਭਾਰਤੀ ਖਾਤਾਧਾਰਕਾਂ ਨੂੰ ਨੋਟਿਸ

**ਨਵੀਂ ਦਿੱਲੀ:** ਸਵਿਟਜ਼ਰਲੈਂਡ ਦੇ ਬੈਂਕਾਂ ਵਿਚ ਅਣਐਲਾਨੇ ਖਾਤੇ ਰੱਖਣ ਵਾਲੇ ਭਾਰਤੀਆਂ ਖਿਲਾਫ ਦੋਵਾਂ ਦੇਸ਼ਾਂ ਦੀਆਂ ਸਰਕਾਰਾਂ ਨੇ ਸ਼ਿਕੰਜਾ ਕੱਸਣਾ ਸ਼ੁਰੂ ਕਰ ਦਿੱਤਾ ਹੈ। ਸਵਿਟਜ਼ਰਲੈਂਡ ਦੇ ਅਧਿਕਾਰੀ ਇਸ ਸਿਲਸਿਲੇ ਵਿਚ ਘੱਟੋ ਘੱਟ 50 ਭਾਰਤੀਆਂ ਦੀਆਂ ਬੈਂਕ ਸਬੰਧੀ ਸੂਚਨਾਵਾਂ ਭਾਰਤੀ ਅਧਿਕਾਰੀਆਂ ਨੂੰ ਸੌਂਪਣ ਦੀ ਪ੍ਰਕਿਰਿਆ ਵਿਚ ਲੱਗੇ ਹੋਏ ਹਨ।

ਅਜਿਹੇ ਲੋਕਾਂ ਵਿਚ ਜ਼ਿਆਦਾਤਰ ਜ਼ਮੀਨ-ਜਾਇਦਾਦ, ਵਿੱਤੀ ਸੇਵਾਵਾਂ, ਤਕਨੀਕੀ, ਦੂਰ-ਸੰਚਾਰ, ਪੇਂਟ, ਘਰੇਲੂ ਸਾਜ਼-ਸਾਮਾਨ, ਕੱਪੜਾ, ਇੰਜੀਨੀਅਰਿੰਗ ਸਾਮਾਨ ਤੇ ਹੀਰਿਆਂ ਤੇ ਹੋਰ ਗਹਿਣਿਆਂ ਦੇ ਕਾਰੋਬਾਰ ਨਾਲ ਜੁੜੇ ਕਾਰੋਬਾਰੀ ਤੇ ਕੰਪਨੀਆਂ ਸ਼ਾਮਲ ਹਨ। ਇਨ੍ਹਾਂ ਵਿਚੋਂ ਕੁਝ ਕੰਪਨੀਆਂ ਫਰਜ਼ੀ ਵੀ ਹੋ ਸਕਦੀਆਂ ਹਨ। ਇਹ ਜਾਣਕਾਰੀ ਦੋਵੇਂ ਦੇਸ਼ਾਂ ਵਿਚਾਲੇ ਆਪਸੀ ਪ੍ਰਸ਼ਾਸਨਿਕ ਸਹਾਇਤਾ ਦੀ ਪ੍ਰਕਿਰਿਆ ਨਾਲ ਜੁੜੇ ਅਫਸਰਾਂ ਨੇ ਦਿੱਤੀ ਹੈ। ਸਵਿਸ ਸਰਕਾਰ ਨੇ ਟੈਕਸ ਚੋਰਾਂ ਦੀ ਪਨਾਹਗਾਹ ਵਜੋਂ ਆਪਣੇ ਦੇਸ਼ ਦੀ ਸਾਖ ਬਦਲਣ ਲਈ ਕੁਝ ਉਪਰਾਲੇ ਕੀਤੇ ਹਨ। ਉਹ ਇਸ ਸਬੰਧੀ ਸਮਝੌਤੇ ਤਹਿਤ ਵੱਖ-ਵੱਖ ਦੇਸ਼ਾਂ ਨਾਲ ਸ਼ੱਕੀ ਵਿਅਕਤੀਆਂ ਬਾਰੇ ਬੈਂਕਿੰਗ ਸੂਚਨਾਵਾਂ ਨੂੰ ਸਾਂਝਾ ਕਰਨ ਦੇ ਪ੍ਰਬੰਧ ਨਾਲ ਜੁੜ ਗਈ ਹੈ। ਸਵਿਸ ਸਰਕਾਰ ਨੇ ਨਾਲ ਹੀ ਵਿਚ ਜਾਣਕਾਰੀ ਸਾਂਝੀ ਕਰਨ ਦੀ ਪ੍ਰਕਿਰਿਆ ਤੇਜ਼ ਕਰ ਦਿੱਤੀ ਹੈ। ਭਾਰਤ ਵਿਚ ਕਾਲੇ ਧਨ ਦਾ ਮਾਮਲਾ ਸਿਆਸੀ ਤੌਰ 'ਤੇ ਸੰਵੇਦਨਸ਼ੀਲ ਹੈ। ਸਵਿਸ ਅਧਿਕਾਰੀਆਂ ਨੇ ਮਾਰਚ ਤੋਂ ਹੁਣ ਤੱਕ ਘੱਟੋ-ਘੱਟ 50 ਭਾਰਤੀ ਖਾਤਾਧਾਰਕਾਂ ਨੂੰ ਨੋਟਿਸ ਜਾਰੀ ਕਰ ਕੇ ਉਨ੍ਹਾਂ ਦੀ ਸੂਚਨਾ ਭਾਰਤ ਸਰਕਾਰ ਨੂੰ ਦੇਣ ਤੋਂ ਪਹਿਲਾਂ ਉਨ੍ਹਾਂ ਨੂੰ ਇਸ ਖਿਲਾਫ ਅਪੀਲ ਦਾਇਰ ਕਰਨ ਦਾ ਆਖਰੀ ਮੌਕਾ ਦਿੱਤਾ ਹੈ। 30 ਦਿਨਾਂ ਦੇ ਅੰਦਰ ਜ਼ਰੂਰੀ ਦਸਤਾਵੇਜ਼ਾਂ ਨਾਲ ਅਪੀਲ ਕਰਨ ਲਈ ਕਿਹਾ ਗਿਆ ਹੈ।

## ਅਮਰੀਕਾ ਅਗਲੇ ਹਫਤੇ ਤੋਂ ਵਿੱਢੇਗਾ ਗੈਰਕਾਨੂੰਨੀ ਪਰਵਾਸੀਆਂ ਨੂੰ ਕੱਢਣ ਦਾ ਅਮਲ

**ਵਾਸ਼ਿੰਗਟਨ:** ਰਾਸ਼ਟਰਪਤੀ ਡੋਨਲਡ ਟਰੰਪ ਨੇ ਆਖਿਆ ਹੈ ਕਿ ਅਮਰੀਕਾ ਅਗਲੇ ਹਫਤੇ ਤੋਂ ਲੱਖਾਂ ਗੈਰਕਾਨੂੰਨੀ ਪਰਵਾਸੀਆਂ ਨੂੰ ਮੁਲਕ ਵਿਚੋਂ ਕੱਢਣ ਉਤੇ ਅਮਲ ਸ਼ੁਰੂ ਕਰ ਦੇਵੇਗਾ। ਅਮਰੀਕੀ ਸਦਰ ਨੇ ਕਿਹਾ ਕਿ ਗੁਆਟੇਮਾਲਾ ਸੁਰੱਖਿਅਤ ਵੀਜ਼ਾ ਕਰਾਰ ਕਰਨ ਲਈ ਤਿਆਰ ਹੈ। ਇਸ ਕਰਾਰ ਤਹਿਤ ਗੁਆਟੇਮਾਲਾ ਖੇਤਰ ਵਿਚ ਦਾਖਲ ਹੋਣ ਵਾਲੇ ਪਰਵਾਸੀਆਂ ਨੂੰ ਸ਼ਰਨਾਰਥੀ ਦਰਜਾ ਲੈਣ ਲਈ ਪਹਿਲਾਂ ਅਪਲਾਈ ਕਰਨਾ ਪਵੇਗਾ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

| | | | |
|---|---|---|---|
| (ਡਾ.) ਨਵਦੀਪ ਕੌਰ | ਡਾ. ਗੁਰਦਿਆਲ ਸਿੰਘ ਬਸਰਾਨ | ਡਾ. ਹਰਗੁਰਮੁਖਪਾਲ ਸਿੰਘ | ਡਾ. ਗੁਰਚਰਨ ਸਿੰਘ ਗਰੇਵਾਲ |
| ਬਲਵਿੰਦਰ (ਨਿੱਕੀ) ਕੌਰ ਸੇਖੋਂ | ਬਲਵਿੰਦਰ ਸਿੰਘ ਸੰਧੂ | ਅਯੁਧਿਆ ਸਲਵਾਨ | ਰਾਜਿੰਦਰ ਸਿੰਘ ਬੈਂਸ |
| ਸਵਰਨਜੀਤ ਸਿੰਘ ਢਿੱਲੋਂ | ਹਰਜੀਤ ਸਿੰਘ ਸਾਹੀ | ਡਾ. ਤੇਜਿੰਦਰ ਸਿੰਘ ਮੰਡੇਰ | ਮਨਦੀਪ ਸਿੰਘ ਭੂਰਾ |
| ਅਮੋਲਕ ਸਿੰਘ ਗਾਖਲ | ਸਰਵਣ ਸਿੰਘ ਟਿਵਾਣਾ | ਜਗਦੀਸ਼ਰ ਸਿੰਘ ਕਲੇਰ | ਗੁਲਜ਼ਾਰ ਸਿੰਘ ਮੁਲਤਾਨੀ |
| ਦਰਸ਼ਨ ਸਿੰਘ ਗਰੇਵਾਲ | ਜੈਦੇਵ ਸਿੰਘ ਭੱਠਲ | ਰਘਬੀਰ ਸਿੰਘ ਘੁੰਨ | ਅਵਤਾਰ ਸਿੰਘ ਸਪਰਿੰਗਫੀਲਡ |
| ਹਰਦਿਆਲ ਸਿੰਘ ਦਿਓਲ | ਜਸਵਿੰਦਰ ਸਿੰਘ (ਜੱਸੀ) ਗਿੱਲ | ਦਰਸ਼ਨ ਸਿੰਘ ਦਰੜ | ਗੁਰਵੀਰ ਸਿੰਘ ਗਿੱਲ |

## Matrimonials

### ਲੜਕੇ ਦੀ ਲੋੜ ਹੈ

Well established, affluent, educated Jatt Sikh family seeks professional US born match for beautiful, gracious US born 24 year old daughter, 5'-9", currently completing medical education, pursuing a career in dermatology. Contact: balkar76@gmail.com

ਗਿੱਲ ਜੱਟ ਸਿੱਖ, ਉਮਰ 23 ਸਾਲ, ਕੱਦ 5'-4", ਬੀ. ਏ. ਕੰਪਿਊਟਰ ਡਿਪੋਲਮਾ, ਸੁਸ਼ੀਲ, ਸੁੰਦਰ ਲੜਕੀ, ਜੋ ਇਸ ਸਮੇਂ ਅਮਰੀਕਾ ਵਿਚ ਵਿਜ਼ਿਟਰ/ਬਿਜਨਸ ਵੀਜ਼ੇ 'ਤੇ ਪਿਛਲੇ ਕਰੀਬ ਦੋ ਮਹੀਨੇ ਤੋਂ ਹੈ, ਲਈ ਯੋਗ ਵਰ ਦੀ ਲੋੜ ਹੈ। ਸੰਪਰਕ ਕਰੋ: mank86575@gmail.com ਜਾਂ ਫੋਨ: 765-212-9289 20-23

### ਲੜਕੀ ਦੀ ਲੋੜ ਹੈ

Wanted suitable beautiful girl from USA or Canada for Canadian citizen boy, 29 years, 5'-10", double bachelor in IT. Good job with CWB bank. Girl on visitor visa can also considered. Pl. contact with photo, email: chandi.avtar@yahoo.com or Ph: 780-200-8082 24-27

Well established, educated small Jatt Sikh, Sekhon Family seeks a US born, or Green Card holder match for their well educated, hard worker, 23 years old son, 6'-1", currently doing Business Administration in a Private University, on F1 visa. He is in the United States since 2015. Clean record. Contact, Ph: 561-221-7559, 815-276-3557 or e-mail: sherisekhon88@gmail.com

## ਚੰਦਰਯਾਨ-2 ਮਿਸ਼ਨ 15 ਜੁਲਾਈ ਨੂੰ ਲਾਂਚ ਹੋਵੇਗਾ

**ਬੰਗਲੌਰ:** ਚੰਨ ਦੀ ਸਤਹਿ 'ਤੇ ਖਣਿਜਾਂ ਦੇ ਅਧਿਐਨ ਅਤੇ ਵਿਗਿਆਨਕ ਤਜਰਬਿਆਂ ਲਈ ਭਾਰਤ ਦੇ ਦੂਜੇ ਚੰਦਰਮਾ ਮਿਸ਼ਨ 'ਚੰਦਰਯਾਨ-2' ਨੂੰ 15 ਜੁਲਾਈ ਨੂੰ ਰਵਾਨਾ ਕੀਤਾ ਜਾਵੇਗਾ। ਭਾਰਤੀ ਪੁਲਾੜ ਖੋਜ ਸੰਗਠਨ (ਇਸਰੋ) ਦੇ ਚੇਅਰਮੈਨ ਕੇ ਸਿਵਾਨ ਨੇ ਇਹ ਐਲਾਨ ਕੀਤਾ। ਸ੍ਰੀ ਸਿਵਾਨ ਨੇ ਇਥੇ ਦੱਸਿਆ ਕਿ ਇਹ ਚੰਨ ਦੇ ਦੱਖਣੀ ਪੋਲ ਨੇੜੇ 6 ਜਾਂ 7 ਸਤੰਬਰ ਨੂੰ ਉਤਰੇਗਾ।

# ਪੰਜਾਬ ਵਿਚ ਹੁਣ ਸਰਕਾਰੀ ਪ੍ਰਵਾਨਗੀ ਨਾਲ ਹੀ ਲੱਗਣਗੇ ਟਿਊਬਵੈੱਲ

**ਚੰਡੀਗੜ੍ਹ:** ਪੰਜਾਬ ਸਰਕਾਰ ਵੱਲੋਂ ਸੂਬੇ ਵਿਚ ਸਰਕਾਰੀ ਪ੍ਰਵਾਨਗੀ ਤੋਂ ਬਿਨ੍ਹਾਂ ਟਿਊਬਵੈੱਲ ਲਾਉਣ 'ਤੇ ਪਾਬੰਦੀ ਲਾਉਣ ਲਈ ਕਾਨੂੰਨ ਬਣਾਉਣ ਦੀਆਂ ਗਤੀਵਿਧੀਆਂ ਤੇਜ਼ ਕਰ ਦਿੱਤੀਆਂ ਹਨ। ਸੂਤਰਾਂ ਦਾ ਦੱਸਣਾ ਹੈ ਕਿ ਮੁੱਖ ਮੰਤਰੀ ਦਫਤਰ ਵੱਲੋਂ ਸਿੰਜਾਈ ਵਿਭਾਗ ਦੇ ਅਧਿਕਾਰੀਆਂ ਨੂੰ ਇਸ ਸਬੰਧੀ ਕਾਨੂੰਨ ਦਾ ਖਰੜਾ ਤਿਆਰ ਕਰਨ ਦੀਆਂ ਹਦਾਇਤਾਂ ਵੀ ਦਿੱਤੀਆਂ ਹਨ।



ਸਿੰਜਾਈ ਵਿਭਾਗ ਦੇ ਸੀਨੀਅਰ ਅਧਿਕਾਰੀਆਂ ਨੇ ਇਸ ਦੀ ਪੁਸ਼ਟੀ ਕਰਦਿਆਂ ਦੱਸਿਆ ਕਿ ਸਰਕਾਰ ਵੱਲੋਂ ਨਵੇਂ ਕਾਨੂੰਨ ਨੂੰ ਲਾਗੂ ਕਰਨ ਲਈ ਅਗਸਤ ਮਹੀਨੇ ਹੋਣ ਵਾਲੇ ਵਿਧਾਨ ਸਭਾ ਦੇ ਮਾਨਸੂਨ ਸੈਸ਼ਨ ਦੌਰਾਨ ਬਿੱਲ ਲਿਆਂਦੇ ਜਾਣ ਦੇ ਆਸਾਰ ਹਨ। ਇਸ ਕਾਨੂੰਨ ਦੇ ਹੋਂਦ 'ਚ ਆਉਣ ਤੋਂ ਬਾਅਦ ਸਰਕਾਰ ਦੀ ਪ੍ਰਵਾਨਗੀ ਨਾਲ ਹੀ ਟਿਊਬਵੈੱਲ ਲਾਏ ਜਾ ਸਕਣਗੇ। ਸਰਕਾਰ ਵੱਲੋਂ ਧਰਤੀ ਹੇਠਲੀ ਪਾਣੀ ਦੀ ਦੁਰਵਰਤੋਂ ਰੋਕਣ ਲਈ 'ਪੰਜਾਬ ਜਲ ਸਰੋਤ ਪ੍ਰਬੰਧਨ ਅਤੇ ਨਿਯੰਤਰਨ (ਕਾਨੂੰਨ)' ਲਿਆਂਦੇ ਜਾਣ ਲਈ ਪਿਛਲੇ ਕਈ ਸਾਲਾਂ ਤੋਂ ਤਿਆਰੀ ਤਾਂ ਖਿੱਚੀ ਹੋਈ ਸੀ ਪਰ ਸਿਆਸੀ ਮਜਬੂਰੀਆਂ ਅਤੇ ਮੰਤਰੀਆਂ ਦੇ ਵਿਰੋਧ ਕਾਰਨ ਸਰਕਾਰ ਦਾ ਇਹ 'ਏਜੰਡਾ' ਸਿਰੇ ਨਹੀਂ ਸੀ ਚੜ੍ਹ ਰਿਹਾ। ਕੈਪਟਨ ਸਰਕਾਰ ਵੱਲੋਂ ਵੀ ਇਸ ਕਾਨੂੰਨ ਨੂੰ ਲਾਗੂ ਕਰਨ ਲਈ ਮੰਤਰੀਆਂ ਦੀ ਇਕ ਕਮੇਟੀ ਦਾ ਗਠਨ ਕੀਤਾ ਸੀ ਪਰ ਨਵਜੋਤ ਸਿੰਘ ਸਿੱਧੂ ਵੱਲੋਂ ਕੀਤੇ ਵਿਰੋਧ ਕਾਰਨ ਇਹ ਮਾਮਲਾ ਸਿਰੇ ਨਹੀਂ ਸੀ ਚੜ੍ਹਿਆ। ਸੰਗਰੂਰ ਜ਼ਿਲ੍ਹੇ ਦੇ ਪਿੰਡ ਭਗਵਾਨਪੁਰਾ ਵਿਚ ਬੱਚੇ ਫਤਿਹਵੀਰ ਸਿੰਘ ਦੀ ਖੁੱਲ੍ਹੇ ਬੋਰ ਵਿਚ ਡਿੱਗ ਕੇ ਮੌਤ ਹੋ ਜਾਣ ਦੀ ਘਟਨਾ ਤੋਂ ਬਾਅਦ ਸਰਕਾਰ ਉਕਤ ਕਾਨੂੰਨ ਲਿਆਉਣ ਲਈ ਸਰਗਰਮ ਹੋ ਗਈ ਹੈ। ਮਹੱਤਵਪੂਰਨ ਤੱਥ ਇਹ ਵੀ ਹੈ ਕਿ ਕੇਂਦਰ ਸਰਕਾਰ ਵੱਲੋਂ ਵੀ 'ਕੇਂਦਰੀ ਗਰਾਊਂਡ ਵਾਟਰ ਅਥਾਰਟੀ' ਦਾ ਗਠਨ ਕੀਤਾ ਜਾ ਚੁੱਕਾ ਹੈ।

ਇਸ ਅਥਾਰਟੀ ਦੇ ਦਿਸ਼ਾ ਨਿਰਦੇਸ਼ਾਂ ਮੁਤਾਬਕ ਪੰਜਾਬ ਵਿਚ ਇਸੇ ਸਾਲ ਪਹਿਲੀ ਜੂਨ ਤੋਂ ਕੋਈ ਵੀ ਟਿਊਬਵੈਲ ਸਰਕਾਰ ਦੀ ਪ੍ਰਵਾਨਗੀ ਤੋਂ ਬਿਨਾਂ ਲੱਗ ਹੀ ਨਹੀਂ ਸਕਦਾ। ਮਹਿਜ਼ ਪੀਣ ਵਾਲੇ ਪਾਣੀ ਦੀ ਵਰਤੋਂ ਲਈ ਟਿਊਬਵੈੱਲ ਸਿਰਫ ਇਕ ਇੰਚ ਪਾਣੀ ਦੀ ਨਿਕਾਸੀ ਤੱਕ ਦਾ ਹੀ ਲੱਗ ਸਕਦਾ ਹੈ। ਸਰਕਾਰ ਦਾ ਕਹਿਣਾ ਹੈ ਕਿ ਇਸ ਸਮੇਂ ਟਿਊਬਵੈੱਲ ਲਾਉਣ ਲਈ ਕੋਈ ਦਿਸ਼ਾ ਨਿਰਦੇਸ਼ ਜਾਂ ਕਾਨੂੰਨ ਨਾ ਹੋਣ ਕਾਰਨ ਧੜੱਲੇ ਨਾਲ ਟਿਊਬਵੈੱਲ ਲਾਏ ਜਾ ਰਹੇ ਹਨ ਤੇ ਬਿਜਲੀ ਮੁਫ਼ਤ ਹੋਣ ਕਾਰਨ ਸਰਕਾਰ 'ਤੇ ਸਬਸਿਡੀ ਦਾ ਬੋਝ ਹਰ ਸਾਲ ਵਧਦਾ ਜਾ ਰਿਹਾ ਹੈ।

## ਏਅਰ ਇੰਡੀਆ 27 ਸਤੰਬਰ ਤੋਂ ਸ਼ੁਰੂ ਕਰੇਗੀ ਦੋ ਨਵੀਆਂ ਉਡਾਣਾਂ

**ਨਵੀਂ ਦਿੱਲੀ:** ਸ਼ਹਿਰੀ ਹਵਾਬਾਜ਼ੀ ਮੰਤਰੀ ਹਰਦੀਪ ਸਿੰਘ ਪੁਰੀ ਨੇ ਕਿਹਾ ਕਿ ਏਅਰ ਇੰਡੀਆ 27 ਸਤੰਬਰ ਤੋਂ ਮੁੰਬਈ-ਪਟਨਾ-ਅੰਮ੍ਰਿਤਸਰ ਤੇ ਮੁੰਬਈ-ਨੈਰੋਬੀ ਰੂਟਾਂ 'ਤੇ ਨਵੀਆਂ ਉਡਾਣਾਂ ਸ਼ੁਰੂ ਕਰੇਗਾ। ਸ੍ਰੀ ਪੁਰੀ ਨੇ ਇਕ ਟਵੀਟ 'ਚ ਕਿਹਾ ਕਿ ਮੈਨੂੰ ਇਹ ਐਲਾਨ ਕਰਦਿਆਂ ਖੁਸ਼ੀ ਹੋ ਰਹੀ ਹੈ ਕਿ 27 ਸਤੰਬਰ ਨੂੰ ਵਿਸ਼ਵ ਸੈਰ-ਸਪਾਟਾ ਦਿਹਾੜੇ ਮੌਕੇ ਏਅਰ ਇੰਡੀਆ ਵੱਲੋਂ ਮੁੰਬਈ ਤੋਂ ਨੈਰੋਬੀ ਲਈ (ਹਫਤੇ 'ਚ ਚਾਰ ਦਿਨ) ਸਿੱਧੀ ਉਡਾਣ ਸ਼ੁਰੂ ਕੀਤੀ ਜਾਵੇਗੀ।

ਪੁਰੀ ਨੇ ਕੌਮੀ ਕੈਰੀਅਰ ਵੱਲੋਂ 27 ਸਤੰਬਰ ਤੋਂ ਅੰਮ੍ਰਿਤਸਰ-ਦਿੱਲੀ-ਟੋਰਾਂਟੋ ਉਡਾਣ ਸ਼ੁਰੂ ਕਰਨ ਦਾ ਐਲਾਨ ਕੀਤਾ ਸੀ। ਉਨ੍ਹਾਂ ਇਕ ਟਵੀਟ ਵਿਚ ਕਿਹਾ ਕਿ ਮੁੰਬਈ-ਪਟਨਾ-ਅੰਮ੍ਰਿਤਸਰ ਉਡਾਣ ਦੇ ਸ਼ੁਰੂ ਹੋਣ ਨਾਲ ਗੁਰੂ ਕੀ ਨਗਰੀ ਨੂੰ ਸ੍ਰੀ ਪਟਨਾ ਸਾਹਿਬ ਨਾਲ ਜੋੜਨ ਦੀ ਚਿਰੋਕਣੀ ਮੰਗ ਪੂਰੀ ਹੋ ਜਾਵੇਗੀ।

ਮੈਡੀਸਨ, ਵਿਸਕਾਨਸਿਨ ਵਿਚ
ਵੇਟਰ, ਹੈਲਪਰ ਅਤੇ ਤੰਦੂਰੀਏ ਦੀ ਲੋੜ ਹੈ
ਮੈਡੀਸਨ, ਵਿਸਕਾਨਸਿਨ ਵਿਚ ਇੰਡੀਅਨ ਰੈਸਟੋਰੈਂਟ ਲਈ ਵੇਟਰ, ਕਿਚਨ ਹੈਲਪਰ ਅਤੇ ਤੰਦੂਰੀਏ ਦੀ ਲੋੜ ਹੈ।
ਚੰਗੀ ਤਨਖਾਹ ਅਤੇ ਰਿਹਾਇਸ਼ ਮੁਫਤ
ਸੰਪਰਕ ਕਰੋ, ਦਵਿੰਦਰ ਸਿੰਘ
ਫੋਨ: 262-391-7666
25-28

Wanted Workers
Need workers for Restaurant and Gas stations In Eureka, CA.
Housing and food provide.
ਯੂਰੇਕਾ, ਕੈਲੀਫੋਰਨੀਆ ਵਿਚ ਰੈਸਟੋਰੈਂਟ ਅਤੇ ਗੈਸ ਸਟੇਸ਼ਨ ਲਈ ਵਰਕਰਾਂ ਦੀ ਲੋੜ ਹੈ
ਰਿਹਾਇਸ਼ ਅਤੇ ਖਾਣਾ ਮੁਫਤ
Call, Gurpreet Singh Sohal
Ph: 707-498-9325
redwoodpetroleum@gmail.com
23-26

Prince's Barber Shop
37477 Fremont Blvd, suite C, Fremont, CA 94536
Men & Children's Hair Cut
*Threading *Custom Text
*Men's Facials *Hair Coler
*Custom Designing *Shave & Mundan
*Line-ups *Head Massage
ਫੁੱਲ ਟਾਈਮ ਬਾਰਬਰ ਦੀ ਲੋੜ ਹੈ
ਇੰਡੀਆ ਅਤੇ ਅਮਰੀਕਾ ਦਾ 18 ਸਾਲ ਦਾ ਤਜ਼ਰਬਾ
Business hours:
Mon thru Thursday 9am to 6pm (Appointment only)
Friday, Sat- Sunday- 9am to 6pm (Walk in only)
(Tuesday Closed)



Cell: (510)-677-9942
Shop: (510)-505-9605
www.princebarbershop.com

ਨੈਸ਼ਨਲ ਟਰੱਕ ਡਰਾਈਵਿੰਗ ਸਕੂਲ
National Truck Driving School
1816 Main Ave., Secramento CA, 95838
ਸੈਕਰਾਮੈਂਟੋ, ਕੈਲੀਫੋਰਨੀਆ
*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ
*ਰਿਹਾਇਸ਼ ਅਤੇ ਏਅਰਪੋਰਟ ਤੋਂ ਚੁੱਕਣ ਤੇ ਛੱਡਣ ਦਾ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ

ਨੈਸ਼ਨਲ ਟਰਾਂਸਪੋਰਟ ਕੰਪਨੀ ਲਈ ਓਨਰ ਅਪਰੇਟਰ ਅਤੇ ਡਰਾਈਵਰ ਚਾਹੀਦੇ ਹਨ
ਕੰਪਨੀ ਡਰਾਈਵਰ ਨੂੰ 42 ਸੈਂਟ ਪ੍ਰਤੀ ਮੀਲ ਦਿੱਤੇ ਜਾਣਗੇ



ਕੰਪਨੀ ਦੇ ਟਰੱਕ ਤੇ ਟਰੇਲਰ ਲੀਜ਼ 'ਤੇ ਲੈ ਸਕਦੇ ਹੋ
Call For Special Price
Kashmir S. Thandi
Office: (866) 933-3038
Balhar S. Ranu Cell:916-502-7733

# ਪੰਜਾਬ ਸਰਕਾਰ ਵੱਲੋਂ ਸਨਅਤ ਮਾਲਕਾਂ ਨੂੰ ਬਿਜਲੀ ਸਬਸਿਡੀ ਦੇ ਖੁੱਲ੍ਹੇ ਗੱਫੇ

**ਬਠਿੰਡਾ:** ਪੰਜਾਬ ਸਰਕਾਰ ਵੱਲੋਂ ਸਨਅਤ ਮਾਲਕਾਂ ਨੂੰ ਖੁੱਲ੍ਹੇ ਹੱਥ ਨਾਲ ਬਿਜਲੀ ਸਬਸਿਡੀ ਦੇ ਗੱਫੇ ਵਰਤਾਏ ਜਾ ਰਹੇ ਹਨ ਜਦਕਿ ਚਾਰੇ ਪਾਸੇ ਕਿਸਾਨੀ ਨੂੰ ਮੁਫਤ ਬਿਜਲੀ ਦੇਣ ਦੇ ਢੋਲ ਵਜਾਏ ਜਾ ਰਹੇ ਹਨ। ਵੱਡੇ ਸਨਅਤਕਾਰ ਚੁੱਪ ਚੁਪੀਤੇ ਬਿਜਲੀ ਸਬਸਿਡੀ ਦੀ ਸਹੂਲਤ ਮਾਣ ਰਹੇ ਹਨ।

ਪੰਜਾਬ ਸਰਕਾਰ ਮੌਜੂਦਾ ਸਮੇਂ ਵੱਡੇ ਸਨਅਤਕਾਰਾਂ ਨੂੰ ਪ੍ਰਤੀ ਕੁਨੈਕਸ਼ਨ ਔਸਤਨ 19.05 ਲੱਖ ਰੁਪਏ ਸਾਲਾਨਾ ਬਿਜਲੀ ਸਬਸਿਡੀ ਦੇ ਰਹੀ ਹੈ, ਜਦੋਂ ਕਿ ਕਿਸਾਨਾਂ ਨੂੰ ਪ੍ਰਤੀ ਕੁਨੈਕਸ਼ਨ ਔਸਤਨ ਸਿਰਫ 44 ਹਜ਼ਾਰ ਰੁਪਏ ਦੀ ਹੀ ਸਬਸਿਡੀ ਮਿਲਦੀ ਹੈ। ਸਰਕਾਰ ਨੇ ਲੰਘੇ ਮਾਲੀ ਵਰ੍ਹੇ ਦੌਰਾਨ ਪੰਜਾਬ ਦੇ ਦਰਜਨ ਵੱਡੇ ਸਨਅਤਕਾਰਾਂ ਨੂੰ ਕਰੀਬ 95.10 ਕਰੋੜ ਦੀ ਬਿਜਲੀ ਸਬਸਿਡੀ ਦਿੱਤੀ ਹੈ। ਪੰਜਾਬ ਵਿਚ ਇਸ ਵੇਲੇ ਹਰ ਵਰਗ ਦੇ 94.78 ਲੱਖ ਬਿਜਲੀ ਕੁਨੈਕਸ਼ਨ ਹਨ। ਇਨ੍ਹਾਂ 'ਚੋਂ 1.27 ਲੱਖ ਸਨਅਤੀ ਕੁਨੈਕਸ਼ਨ ਹਨ, ਜਿਨ੍ਹਾਂ ਨੂੰ ਪੰਜਾਬ ਸਰਕਾਰ ਵੱਲੋਂ ਸਾਲਾਨਾ ਕਰੀਬ 1990.38 ਕਰੋੜ ਦੀ ਬਿਜਲੀ ਸਬਸਿਡੀ ਦਿੱਤੀ ਜਾ ਰਹੀ ਹੈ। ਸਮਾਲ ਪਾਵਰ ਦੇ 87,802 ਬਿਜਲੀ ਕੁਨੈਕਸ਼ਨਾਂ ਨੂੰ ਸਿਰਫ 176.60 ਕਰੋੜ ਦੀ ਸਾਲਾਨਾ ਸਬਸਿਡੀ ਮਿਲਦੀ ਹੈ। ਮੱਧ ਆਕਾਰੀ ਸਨਅਤਾਂ ਦੇ ਕੁਨੈਕਸ਼ਨਾਂ ਦੀ ਗਿਣਤੀ 31,235 ਹੈ। ਵੱਡਾ ਲਾਹਾ ਸਿਰਫ ਵੱਡੇ ਸਨਅਤੀ ਘਰਾਣਿਆਂ ਨੂੰ ਹੀ ਮਿਲਦਾ ਹੈ। ਜਿਨ੍ਹਾਂ ਦੀ ਗਿਣਤੀ ਸਿਰਫ 8223 ਬਣਦੀ ਹੈ। ਦੂਜੇ ਪਾਸੇ ਖੇਤੀ ਸੈਕਟਰ ਵਿਚ ਬਿਜਲੀ ਸਬਸਿਡੀ ਲੈਣ ਵਾਲੇ ਕੁਨੈਕਸ਼ਨਾਂ ਦੀ ਗਿਣਤੀ 13.80 ਲੱਖ ਹੈ। ਜਿਨ੍ਹਾਂ ਨੂੰ ਪ੍ਰਤੀ ਕੁਨੈਕਸ਼ਨ ਔਸਤਨ ਸਿਰਫ 44 ਹਜ਼ਾਰ ਰੁਪਏ ਸਾਲਾਨਾ ਸਬਸਿਡੀ ਮਿਲਦੀ ਹੈ। ਖੇਤੀ ਟਿਊਬਵੈੱਲ ਕੁਨੈਕਸ਼ਨਾਂ ਦੇ ਅੰਕੜੇ ਹੋਰ ਹੈਰਾਨ ਕਰਨ ਵਾਲੇ ਹਨ। ਇਥੇ ਵੀ ਵੱਡੇ ਤੇ ਪੈਸੇ ਵਾਲੇ ਕਿਸਾਨ ਸਬਸਿਡੀ ਦਾ ਲਾਭ ਲੈ ਰਹੇ ਹਨ।

ਵੇਰਵਿਆਂ ਅਨੁਸਾਰ ਪੰਜਾਬ 'ਚ 1.83 ਲੱਖ ਅਜਿਹੇ ਕਿਸਾਨ ਹਨ ਜਿਨ੍ਹਾਂ ਕੋਲ ਇਕ ਤੋਂ ਜਿਆਦਾ ਟਿਊਬਵੈੱਲ ਕੁਨੈਕਸ਼ਨ ਹਨ। ਪੰਜਾਬ ਵਿਚ ਅਜਿਹੇ 10,128 ਕਿਸਾਨਾਂ ਦਾ ਪਤਾ ਲੱਗਾ ਹੈ ਜਿਨ੍ਹਾਂ ਦੇ ਨਾਮ 'ਤੇ ਚਾਰ ਜਾਂ ਚਾਰ ਤੋਂ ਜਿਆਦਾ ਮੋਟਰਾਂ ਹਨ। ਤਿੰਨ-ਤਿੰਨ ਖੇਤੀ ਮੋਟਰਾਂ ਵਾਲੇ ਕਿਸਾਨਾਂ ਦੀ ਗਿਣਤੀ 29,322 ਹੈ। ਦੋ-ਦੋ ਖੇਤੀ ਮੋਟਰਾਂ ਵਾਲੇ ਕਿਸਾਨਾਂ ਦੀ ਗਿਣਤੀ 1.42 ਲੱਖ ਦੇ ਕਰੀਬ ਹੈ। ਪੰਜਾਬ ਸਰਕਾਰ ਵੱਲੋਂ ਸਾਲ 2019-20 ਦੌਰਾਨ ਕਰੀਬ 9674 ਕਰੋੜ ਦੀ ਅਨੁਮਾਨਿਤ ਸਬਸਿਡੀ ਹਰ ਵਰਗ ਨੂੰ ਦਿੱਤੀ ਜਾਣੀ ਹੈ। ਪਾਵਰਕੌਮ ਨੂੰ ਮਾਲੀ ਵਰ੍ਹੇ ਦੌਰਾਨ 31,762 ਕਰੋੜ ਰੁਪਏ ਦੀ ਆਮਦਨ ਹੋਣੀ ਹੈ। ਪੰਜਾਬ ਸਰਕਾਰ ਤੋਂ ਮਿਲਦੀ ਸਬਸਿਡੀ ਦੀ ਰਕਮ ਪਾਵਰਕੌਮ ਦੀ ਕੁੱਲ ਆਮਦਨ ਦਾ 30 ਫੀਸਦੀ ਹੈ। ਕਾਂਗਰਸ ਸਰਕਾਰ ਵੱਲੋਂ ਸਨਅਤਾਂ ਨੂੰ ਪੰਜ ਵਰ੍ਹਿਆਂ ਲਈ ਪ੍ਰਤੀ ਯੂਨਿਟ ਪੰਜ ਰੁਪਏ ਦੇ ਹਿਸਾਬ ਨਾਲ ਬਿਜਲੀ ਦਿੱਤੀ ਜਾ ਰਹੀ ਹੈ। ਨਵੇਂ ਨਿਵੇਸ਼ ਲਈ ਮੀਡੀਅਮ ਤੇ ਲਾਰਜ ਸਕੇਲ ਸਨਅਤਾਂ ਨੂੰ ਸੱਤ ਵਰ੍ਹਿਆਂ ਲਈ ਬਿਜਲੀ ਕਰ ਤੋਂ ਸੌ ਫੀਸਦੀ ਛੋਟ ਦਿੱਤੀ ਜਾ ਰਹੀ ਹੈ। ਇਸੇ ਤਰ੍ਹਾਂ ਖਾਸ ਸਨਅਤੀ ਖੇਤਰ ਨੂੰ ਇਹ ਛੋਟ 10 ਸਾਲਾਂ ਲਈ ਦਿੱਤੀ ਜਾਣੀ ਹੈ। ਪੀ.ਐਸ.ਈ.ਬੀ ਜੁਆਇੰਟ ਐਂਪਲਾਈਜ਼ ਫੋਰਮ ਦੇ ਜਨਰਲ ਸਕੱਤਰ ਕਰਮ ਚੰਦ ਭਾਰਦਵਾਜ ਨੇ ਕਿਹਾ ਕਿ ਵੱਡੇ ਲੋਕਾਂ ਦੀ ਸਬਸਿਡੀ ਬੰਦ ਕਰਨ ਨਾਲ ਸਰਕਾਰ 'ਤੇ ਬੋਝ ਘਟੇਗਾ ਤੇ ਬਿਜਲੀ ਸਸਤੀ ਹੋਣ ਦੀ ਸੰਭਾਵਨਾ ਬਣੇਗੀ। ਉਨ੍ਹਾਂ ਕਿਹਾ ਕਿ ਪ੍ਰਾਈਵੇਟ ਕੰਪਨੀਆਂ ਨਾਲ ਹੋਏ ਬਿਜਲੀ ਖਰੀਦ ਸਮਝੌਤੇ ਰੀਵਿਊ ਹੋਣੇ ਚਾਹੀਦੇ ਹਨ।

# ਆਮ ਬਿਜਲੀ ਖਪਤਕਾਰਾਂ ਦਾ ਲੱਕ ਤੋੜਨ ਉਤੇ ਤੁਲੀ ਸਰਕਾਰ

**ਚੰਡੀਗੜ੍ਹ:** ਲਗਾਤਾਰ ਮਹਿੰਗੀ ਹੁੰਦੀ ਜਾ ਰਹੀ ਬਿਜਲੀ ਨਾਲ ਆਮ ਲੋਕਾਂ ਦਾ ਲੱਕ ਟੁੱਟ ਰਿਹਾ ਹੈ। ਚਾਹੇ ਸਨਅਤੀ ਇਕਾਈਆਂ, ਵਪਾਰਕ ਵਰਗ ਮਹਿੰਗੀ ਬਿਜਲੀ ਹੋਣ ਦਾ ਪਹਿਲਾਂ ਹੀ ਵਿਰੋਧ ਕਰਦਾ ਰਿਹਾ ਹੈ ਪਰ ਘਰੇਲੂ ਵਰਗ 'ਤੇ ਮਹਿੰਗੀ ਬਿਜਲੀ ਦਾ ਜ਼ਿਆਦਾ ਅਸਰ ਪੈਣ ਕਰਕੇ ਸਿਆਸੀ ਆਗੂ ਵੀ ਇਸ ਨੂੰ ਮੁੱਦਾ ਬਣਾ ਰਹੇ ਹਨ। ਆਉਂਦੇ ਸਮੇਂ 'ਚ ਘਰੇਲੂ ਵਰਗ ਦੀ ਬਿਜਲੀ ਦੀ ਸਬਸਿਡੀ ਲਈ ਵੀ ਵਿਚਾਰਾਂ ਹੋਣ ਦੀ ਸੰਭਾਵਨਾ ਤੋਂ ਇਨਕਾਰ ਨਹੀਂ ਕੀਤਾ ਜਾ ਰਿਹਾ ਪਰ ਕੁਝ ਸਮਾਂ ਪਹਿਲਾਂ ਮਹਿੰਗੀ ਹੋਈ ਬਿਜਲੀ ਦੇ ਬਿੱਲ ਕਈ ਖਪਤਕਾਰਾਂ ਨੂੰ ਜੁਲਾਈ ਦੇ ਪਹਿਲੇ ਹਫਤੇ ਤੋਂ ਆਉਣੇ ਸ਼ੁਰੂ ਹੋ ਜਾਣਗੇ।




ਪੰਜਾਬ ਦੇ ਮੁਕਾਬਲੇ ਭਾਵੇਂ ਦਿੱਲੀ 'ਚ ਵਪਾਰਕ, ਸਨਅਤੀ ਇਕਾਈਆਂ ਦੀ ਬਿਜਲੀ ਕਾਫੀ ਮਹਿੰਗੀ ਹੈ ਪਰ ਘਰੇਲੂ ਵਰਗ ਲਈ ਬਿਜਲੀ ਸਬਸਿਡੀ 'ਚ ਸਰਕਾਰ ਵੱਲੋਂ ਰਾਹਤ ਦਿੱਤੀ ਜਾਂਦੀ ਹੈ। ਪਾਵਰਕਾਮ ਵੱਲੋਂ ਚਾਹੇ ਇਸ ਮਾਮਲੇ 'ਚ ਅਜੇ ਤੱਕ ਸਫਾਈ ਨਹੀਂ ਦਿੱਤੀ ਗਈ ਹੈ, ਸਰਕਾਰੀ ਹਲਕਿਆਂ 'ਚ ਇਸ ਗੱਲ ਨੂੰ ਕਈ ਆਗੂ ਮਹਿਸੂਸ ਕਰ ਰਹੇ ਹਨ ਕਿ ਪਿਛਲੇ ਕੁਝ ਸਾਲਾਂ 'ਚ ਘਰੇਲੂ ਵਰਗ 'ਤੇ ਬਿਜਲੀ ਦਾ ਜ਼ਿਆਦਾ ਭਾਰ ਪਿਆ ਹੈ। ਆਮ ਲੋਕਾਂ ਦੇ ਜ਼ਿਆਦਾ ਬਿਜਲੀ ਦੇ ਬਿੱਲ ਆਉਣ ਕਰਕੇ ਲੋਕਾਂ 'ਚ ਇਸ ਦੀ ਚਰਚਾ ਹੈ। ਘਰੇਲੂ ਵਰਗ ਦੇ ਖਪਤਕਾਰਾਂ ਲਈ ਬਿਜਲੀ ਦੀਆਂ ਕੀਮਤਾਂ ਵੱਲ ਦੇਖੀਏ ਤਾਂ ਕੁਝ ਰਾਜਾਂ ਜਿਨ੍ਹਾਂ 'ਚ ਮਹਾਰਾਸ਼ਟਰ 'ਚ ਸਭ ਤੋਂ ਜ਼ਿਆਦਾ ਬਿਜਲੀ ਮਹਿੰਗੀ ਹੈ, ਉਥੇ 10.44 ਰੁਪਏ ਪ੍ਰਤੀ ਯੂਨਿਟ ਬਿਜਲੀ ਮਹਿੰਗੀ ਹੈ।

ਪੰਜਾਬ 'ਚ 6.53 ਰੁਪਏ, ਬਾਕੀ ਰਾਜਾਂ 'ਚ ਹਰਿਆਣਾ 'ਚ 6.42 ਰੁਪਏ, ਦਿੱਲੀ 7.24, ਤਾਮਿਲਨਾਡੂ 4.41, ਆਂਧਰਾ ਪ੍ਰਦੇਸ਼ 6.78, ਕਰਨਾਟਕਾ 6.73, ਗੁਜਰਾਤ 6.02, ਮੱਧ ਪ੍ਰਦੇਸ਼ 6.66, ਰਾਜਸਥਾਨ 6.97, ਉੱਤਰ ਪ੍ਰਦੇਸ਼ 'ਚ 6.89, ਹਿਮਾਚਲ ਵਿਚ 5.07 ਰੁਪਏ ਅਤੇ ਚੰਡੀਗੜ੍ਹ ਵਿਚ 4.36 ਰੁਪਏ ਪ੍ਰਤੀ ਯੂਨਿਟ ਹੈ।

# ਠੇਕਾ ਮੁਲਾਜ਼ਮਾਂ ਨੂੰ ਪੱਕੇ ਕਰਨ ਤੋਂ ਭੱਜੀ ਸਰਕਾਰ

**ਚੰਡੀਗੜ੍ਹ:** ਕੈਪਟਨ ਸਰਕਾਰ ਵੱਲੋਂ ਆਪਣੇ 26 ਮਹੀਨਿਆਂ ਦੇ ਕਾਰਜ ਕਾਲ ਦੌਰਾਨ ਠੇਕਾ ਮੁਲਾਜ਼ਮਾਂ ਨੂੰ ਰੈਗੂਲਰ ਕਰਨ ਦੇ ਦਰਜਨਾਂ ਵਾਰ ਦਿੱਤੇ ਭਰੋਸੇ ਦੇ ਬਾਵਜੂਦ ਇਨ੍ਹਾਂ ਨੂੰ ਰੈਗੂਲਰ ਕਰਨ ਦੀ ਥਾਂ ਬੈਕ ਗੇਅਰ ਲਾਉਂਦਿਆਂ ਮੁੜ ਮੁਢਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਇਸ ਦੇ ਰੋਸ ਵਜੋਂ ਮੁਲਾਜ਼ਮ ਜਥੇਬੰਦੀਆਂ ਨੇ ਮੁੜ ਸੰਘਰਸ਼ ਦੇ



ਰਾਹ ਪੈਣ ਦੇ ਫੈਸਲੇ ਲੈ ਲਏ ਹਨ।

ਪ੍ਰਾਪਤ ਜਾਣਕਾਰੀ ਅਨੁਸਾਰ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਅਤੇ ਮੁੱਖ ਸਕੱਤਰ ਕਰਨ ਅਵਤਾਰ ਸਿੰਘ ਦੇ ਅਧੀਨ ਚਲਦੇ ਪ੍ਰਸੋਨਲ ਵਿਭਾਗ ਵੱਲੋਂ ਠੇਕਾ ਤੇ ਆਊਟਸੋਰਸਿੰਗ ਮੁਲਾਜ਼ਮਾਂ ਨੂੰ ਕੀਤੇ ਵਾਅਦਿਆਂ ਅਨੁਸਾਰ ਰੈਗੂਲਰ ਕਰਨ ਦੀ ਅੰਤਿਮ ਪ੍ਰਕਿਰਿਆ ਵਿੱਢਣ ਦੀ ਥਾਂ ਮੁੱਢਲੀ ਪ੍ਰਕਿਰਿਆ ਸ਼ੁਰੂ ਕਰ ਦਿੱਤੀ ਹੈ ਜਿਸ ਤਹਿਤ ਵੱਖ-ਵੱਖ ਵਿਭਾਗਾਂ ਵਿਚ ਠੇਕੇ ਤੇ ਆਊਟਸੋਰਸਿੰਗ ਦੇ ਆਧਾਰ 'ਤੇ ਕੰਮ ਕਰਦੇ ਮੁਲਾਜ਼ਮਾਂ ਦੀ ਗਿਣਤੀ ਹਾਸਲ ਕਰਨ ਦੀ ਪ੍ਰਕਿਰਿਆ ਚਲਾ ਦਿੱਤੀ ਹੈ। ਇਸ ਸਬੰਧੀ ਪ੍ਰਸੋਨਲ ਵਿਭਾਗ ਵੱਲੋਂ ਕੁਝ ਵਿਭਾਗਾਂ ਨਾਲ ਮੀਟਿੰਗ ਵੀ ਕੀਤੀ ਹੈ।

ਪ੍ਰਾਪਤ ਜਾਣਕਾਰੀ ਅਨੁਸਾਰ ਸਿੱਖਿਆ ਵਿਭਾਗ ਵਿਚ 27,000, ਸਿਹਤ ਵਿਭਾਗ ਵਿਚ 5700, ਸਥਾਨਕ ਸਰਕਾਰਾਂ ਵਿਭਾਗ ਵਿਚ 4600, ਪੰਚਾਇਤ ਵਿਭਾਗ ਵਿਚ 3800, ਗ੍ਰਹਿ ਵਿਭਾਗ ਵਿਚ 1800, ਪਸ਼ੂ ਪਾਲਣ ਵਿਭਾਗ ਵਿਚ 1100, ਮੈਡੀਕਲ ਸਿੱਖਿਆ ਵਿਚ 800, ਵਾਟਰ ਸਪਲਾਈ ਵਿਚ 350 ਦੇ ਕਰੀਬ ਠੇਕਾ ਮੁਲਾਜ਼ਮ ਕੰਮ ਕਰਦੇ ਹਨ। ਕੁਝ ਹੋਰ ਵਿਭਾਗਾਂ ਵਿਚ ਵੀ ਠੇਕਾ ਮੁਲਾਜ਼ਮ ਹਨ ਅਤੇ ਇਸ ਤੋਂ ਇਲਾਵਾ ਆਊਟਸੋਰਸਿੰਗ ਰਾਹੀਂ ਰੱਖੇ ਮੁਲਾਜ਼ਮਾਂ ਦੀ ਗਿਣਤੀ ਵੱਖਰੀ ਹੈ। ਸਰਕਾਰ ਵੱਲੋਂ ਇਨ੍ਹਾਂ ਮੁਲਾਜ਼ਮਾਂ ਨੂੰ ਰੈਗੂਲਰ ਕਰਨ ਲਈ ਲੰਮੇ ਸਮੇਂ ਤੋਂ 'ਦਿ ਪੰਜਾਬ ਐਡਹਾਕ, ਕੰਟਰੈਕਚੁਅਲ, ਟੈਂਪਰੇਰੀ, ਵਰਕ ਚਾਰਜਡ ਅਤੇ ਆਊਟਸੋਰਸਿੰਗ ਐਂਪਲਾਈਜ਼ ਵੈੱਲਫੇਅਰ ਐਕਟ-2016 ਅਧੀਨ ਰੈਗੂਲਰ ਕਰਨ ਦੇ ਦਾਅਵੇ ਕੀਤੇ ਜਾ ਰਹੇ ਹਨ। ਇਸ ਐਕਟ ਦੇ ਸਬੰਧ ਵਿਚ ਕੇਸ ਪੰਜਾਬ ਤੇ ਹਰਿਆਣਾ ਹਾਈ ਕੋਰਟ ਵਿਚ ਚੱਲ ਰਿਹਾ ਹੈ।

ਠੇਕਾ ਮੁਲਾਜ਼ਮ ਐਕਸ਼ਨ ਕਮੇਟੀ ਦੇ ਆਗੂ ਅਸ਼ੀਸ਼ ਜੁਲਾਹਾ ਨੇ ਕਿਹਾ ਕਿ ਜੇ ਸਰਕਾਰ ਨੂੰ ਵਿਭਾਗਾਂ ਵਿਚਲੇ ਕੱਚੇ ਮੁਲਾਜ਼ਮਾਂ ਬਾਰੇ ਜਾਣਕਾਰੀ ਨਹੀਂ ਹੈ ਤਾਂ ਐਕਸ਼ਨ ਕਮੇਟੀ ਇਹ ਵੇਰਵੇ ਪੇਸ਼ ਕਰਨ ਲਈ ਤਿਆਰ ਹੈ। ਉਨ੍ਹਾਂ ਕਿਹਾ ਕਿ ਸਰਕਾਰ ਵੱਲੋਂ ਉਨ੍ਹਾਂ ਨੂੰ ਰੈਗੂਲਰ ਕਰਨ ਦੇ ਕੀਤੇ ਕਈ ਵਾਅਦਿਆਂ ਦੇ ਬਾਵਜੂਦ ਹੁਣ ਮੁੜ ਅਜਿਹੇ ਮੁਲਾਜ਼ਮਾਂ ਦੀ ਗਿਣਤੀ ਦੀ ਜਾਣਕਾਰੀ ਹਾਸਲ ਕਰਨ ਦੀ ਮੁੱਢਲੀ ਪ੍ਰਕਿਰਿਆ ਚਲਾ ਕੇ ਸੰਕੇਤ ਦਿੱਤੇ ਹਨ ਕਿ ਸਰਕਾਰ ਇਸ ਮੰਗ ਲਈ ਸੁਹਿਰਦ ਨਹੀਂ ਹੈ।

# ਪਾਵਰਕਾਮ ਨੇ ਗਰੀਬ ਪਰਿਵਾਰ ਨੂੰ ਭੇਜਿਆ 94 ਲੱਖ ਦਾ ਬਿੱਲ

**ਭਿੱਖੀਵਿੰਡ:** ਪੱਟੀ ਸਬ ਡਿਵੀਜ਼ਨ ਵਿਚ ਪਾਵਰਕੌਮ ਵੱਲੋਂ ਇਕ ਮਿਹਨਤ-ਮਜ਼ਦੂਰੀ ਕਰਨ ਵਾਲੇ ਪਰਿਵਾਰ ਨੂੰ ਵੱਡਾ ਝਟਕਾ ਦਿੰਦੇ ਹੋਏ 94 ਲੱਖ 39 ਹਜ਼ਾਰ 40 ਰੁਪਏ ਦਾ ਬਿੱਲ ਭੇਜ ਦਿੱਤਾ ਹੈ। ਇਸ ਬਾਰੇ ਸੁਖਵਿੰਦਰ ਸਿੰਘ ਦੀ ਪਤਨੀ ਰੁਪਿੰਦਰ ਕੌਰ ਨੇ ਦੱਸਿਆ ਕਿ ਉਸ ਦਾ ਪਤੀ ਕੇਬਲ ਨੈੱਟਵਰਕ ਵਾਲਿਆਂ ਨਾਲ ਕੰਮ ਕਰਦਾ ਹੈ ਅਤੇ ਉਹ ਮਿਹਨਤ ਮਜ਼ਦੂਰੀ ਨਾਲ ਪਰਿਵਾਰ ਪਾਲ ਰਹੇ ਹਨ। ਪਰਿਵਾਰ ਵਿਚ ਉਹ ਚਾਰ ਜੀਅ ਹਨ। ਘਰ ਵਿਚ ਕੋਈ ਏਸੀ ਜਾਂ ਵਾਸ਼ਿੰਗ ਮਸ਼ੀਨ ਵੀ ਨਹੀਂ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ ਘਰ ਪੁਰਾਣਾ ਮੀਟਰ ਉਸ ਦੇ ਸਹੁਰੇ ਸੁਰਜਨ ਸਿੰਘ ਦੇ ਨਾਂ ਹੈ ਅਤੇ ਉਨ੍ਹਾਂ ਇਸ ਮੀਟਰ ਦੀ ਬਦਲੀ ਲਈ ਦੋ ਸਾਲ ਪਹਿਲਾਂ ਅਪਲਾਈ ਕੀਤਾ ਸੀ, ਜਿਸ ਲਈ ਉਨ੍ਹਾਂ ਦਾ ਖਪਤਕਾਰ ਖਾਤਾ ਵੀ ਬਿਜਲੀ ਬੋਰਡ ਨੇ ਕਲੀਅਰ ਕਰਕੇ ਬੰਦ ਕਰ ਦਿੱਤਾ ਸੀ। ਉਨ੍ਹਾਂ ਦੇ ਵਾਰ-ਵਾਰ ਕਹਿਣ 'ਤੇ ਵੀ ਉਨ੍ਹਾਂ ਨੂੰ ਐਵਰੇਜ ਬਿੱਲ ਨਹੀਂ ਭੇਜਿਆ ਗਿਆ ਅਤੇ ਹੁਣ ਉਨ੍ਹਾਂ ਨੂੰ ਦੋ ਸਾਲ ਬਾਅਦ ਇਕੱਠਾ 94 ਲੱਖ 69 ਹਜ਼ਾਰ 40 ਰੁਪਏ ਦਾ ਬਿੱਲ ਭੇਜ ਦਿੱਤਾ।

# ਪੰਜਾਬ ਵਿਚ ਮਨਰੇਗਾ ਸਕੀਮ ਅਫਸਰਸ਼ਾਹੀ ਦੀ ਨਾਲਾਇਕੀ ਦੀ ਭੇਟ ਚੜ੍ਹੀ

**ਚੰਡੀਗੜ੍ਹ:** ਪਿਛਲੇ 45 ਸਾਲਾਂ ਦੌਰਾਨ 2017-18 ਵਿਚ ਬੇਰੁਜ਼ਗਾਰੀ ਦੀ ਦਰ ਸਭ ਤੋਂ ਜ਼ਿਆਦਾ ਹੋਣ ਦੇ ਬਾਵਜੂਦ ਮਹਾਤਮਾ ਗਾਂਧੀ ਰੁਜ਼ਗਾਰ ਗਾਰੰਟੀ ਕਾਨੂੰਨ ਤਹਿਤ ਘੱਟੋ ਘੱਟ 100 ਦਿਨ ਦੇ ਰੁਜ਼ਗਾਰ ਵਾਲੀ ਸਕੀਮ ਸੁਆਲਾਂ ਦੇ ਘੇਰੇ ਵਿਚ ਹੈ। ਇਸ ਦੀ ਮੰਗ ਵਧਦੇ ਜਾਣ ਦੇ ਬਾਵਜੂਦ ਕੇਂਦਰ ਅਤੇ ਰਾਜ ਸਰਕਾਰਾਂ ਗੰਭੀਰ ਨਹੀਂ ਹਨ। ਸਮੇਂ ਸਿਰ ਕੰਮ ਨਾ ਮਿਲਣ, ਕੰਮ ਕਰਵਾ ਕੇ ਪੈਸੇ ਦੀ ਲੰਬੀ ਹੁੰਦੀ ਉਡੀਕ ਅਤੇ ਪੰਜ ਏਕੜ ਤੱਕ ਵਾਲੇ ਕਿਸਾਨਾਂ ਨੂੰ ਸਕੀਮ ਦਾ ਲਾਭ ਨਾ ਮਿਲਣ ਵਰਗੇ ਸੁਆਲਾਂ ਦੇ ਜਵਾਬ ਅਜੇ ਤੱਕ ਕਿਸੇ ਕੋਲ ਨਹੀਂ ਹਨ। ਹੈਰਾਨੀ ਦੀ ਗੱਲ ਹੈ ਕਿ ਪੰਜਾਬ ਦੀਆਂ 13276 ਪੰਚਾਇਤਾਂ ਵਿਚੋਂ 4213 ਪੰਚਾਇਤਾਂ ਨੇ ਮੌਜੂਦਾ ਵਿੱਤੀ ਸਾਲ ਵਿਚ ਮਗਨਰੇਗਾ ਉੱਤੇ ਇਕ ਪੈਸਾ ਵੀ ਖਰਚ ਨਹੀਂ ਕੀਤਾ ਹੈ। ਇਨ੍ਹਾਂ ਵਿਚੋਂ 686 ਪੰਚਾਇਤਾਂ ਤਾਂ ਪੰਚਾਇਤ ਮੰਤਰੀ ਤ੍ਰਿਪਤ ਰਾਜਿੰਦਰ ਬਾਜਵਾ ਦੇ ਆਪਣੇ ਜ਼ਿਲ੍ਹੇ ਗੁਰਦਾਸਪੁਰ ਦੀਆਂ ਹਨ। ਸਰਕਾਰ ਮੁਤਾਬਿਕ ਅਜੇ ਤੱਕ ਸਰਗਰਮ ਜੌਬ ਕਾਰਡ ਵਾਲਿਆਂ ਨੂੰ ਔਸਤਨ ਸੌ ਦੇ ਬਜਾਏ 30 ਦਿਨ ਹੀ ਕੰਮ ਮਿਲਿਆ ਹੈ।

ਹਰ ਵਰਗ ਦੇ ਗਰੀਬ ਪੇਂਡੂ ਲਈ ਰੁਜ਼ਗਾਰ ਦੇ ਕਾਰਗਾਰ ਸਾਧਨ ਵਜੋਂ ਹੋਂਦ ਵਿਚ ਆਇਆ 'ਮਹਾਤਮਾ ਗਾਂਧੀ ਨੈਸ਼ਨਲ ਰੂਰਲ ਐਂਪਲਾਇਮੈਂਟ ਗਾਰੰਟੀ ਐਕਟ' ਢੁਕਵੇਂ ਤਰੀਕੇ ਨਾਲ ਲਾਗੂ ਨਾ ਹੋਣ ਕਰਕੇ ਅੱਜ ਕਾਲੀ ਕਮਾਈ ਦਾ ਵੱਡਾ ਸਾਧਨ ਬਣ ਕੇ ਰਹਿ ਗਿਆ ਹੈ। ਐਕਟ ਬਹੁਤ ਢੁਕਵਾਂ ਹੈ ਪਰ ਸਮੇਂ-ਸਮੇਂ 'ਤੇ ਸਰਕਾਰ ਵੱਲੋਂ ਜਾਰੀ ਕੀਤੀਆਂ ਜਾਂਦੀਆਂ ਚਿੱਠੀਆਂ ਨਾਲ ਇਸ ਵਿਚ ਮਘੋਰੇ ਹੁੰਦੇ ਗਏ ਤੇ ਇਨ੍ਹਾਂ ਮਘੋਰਿਆਂ ਨੂੰ ਚੋਰ-ਮੋਰੀਆਂ ਬਣਦਿਆਂ ਦੇਰ ਨਹੀਂ ਲੱਗੀ। ਪਿੰਡ ਦੇ ਬਹੁਤੇ ਸਰਪੰਚਾਂ ਤੋਂ ਲੈ ਕੇ ਗ੍ਰਾਮ ਸੇਵਕ, ਸਿਆਸੀ ਆਗੂ, ਨਿੱਜੀ ਕੰਪਨੀਆਂ ਦੇ ਕਾਮੇ ਤੇ ਅਫਸਰ ਇਸ ਵਗਦੀ ਗੰਗਾ 'ਚ ਟੁੱਭੀਆਂ ਲਾ ਰਹੇ ਹਨ। ਇਹੀ ਕਾਰਨ ਹੈ ਕਿ ਇਸ ਐਕਟ ਅਧੀਨ ਜਿਸ ਪਿੰਡ ਵਿਚ ਕਰੋੜਾਂ ਰੁਪਏ ਖਰਚੇ ਜਾ ਚੁੱਕੇ ਹਨ, ਉਥੇ ਵੀ ਕੋਈ ਵੱਖਰਾਪਣ ਵਿਖਾਈ ਨਹੀਂ ਦਿੰਦਾ,



ਨਹੀਂ ਤਾਂ 2008 ਵਿਚ ਪੰਜਾਬ 'ਚ ਲਾਗੂ ਇਸ ਐਕਟ ਤਹਿਤ ਸਾਫ ਕੀਤੇ ਛੱਪੜਾਂ ਦਾ ਨਿਰਮਲ ਪਾਣੀ ਤੇ ਪਿੰਡਾਂ 'ਚ ਲਾਏ ਰੁੱਖਾਂ ਦੀਆਂ ਸੰਘਣੀਆਂ ਛਾਂਵਾਂ ਤੇ ਮਨਰੇਗਾ ਮਜ਼ਦੂਰਾਂ ਦੇ ਪੱਕੇ ਘਰ ਗਿਆਰਾਂ ਸਾਲ ਬਾਅਦ ਜ਼ਰੂਰ ਵਿਖਾਈ ਦਿੰਦੇ।

ਪਿੰਡ ਚੱਕ ਡਾਲਾ ਸਿੰਘ ਵਾਲਾ ਦੇ ਸਰਪੰਚ ਨੇ ਗ੍ਰਾਮ ਸੇਵਕ ਨਾਲ ਮਿਲ ਕੇ 77 ਹਾਜ਼ਰੀਆਂ ਆਪਣੇ ਹੀ ਟੱਬਰ ਦੇ ਜੀਆਂ ਦੀਆਂ ਲਾ ਦਿੱਤੀਆਂ ਤੇ ਮਜ਼ਦੂਰੀ ਦੇ ਪੈਸੇ ਵੀ ਕਢਵਾ ਲਏ। ਸ਼ਿਕਾਇਤ ਹੋਣ 'ਤੇ ਸੈਕਟਰੀ ਮੁਅੱਤਲ ਕਰ ਦਿੱਤਾ ਜਿਹੜਾ ਛੇ ਮਹੀਨਿਆਂ ਬਾਅਦ ਮੁੜ ਬਹਾਲ ਹੋ ਗਿਆ ਪਰ ਨਾ ਤਾਂ ਉਸ ਕੋਲੋਂ ਰਿਕਵਰੀ ਹੋਈ ਤੇ ਨਾ ਹੀ ਐਫ.ਆਈ.ਆਰ. ਕੱਟੀ ਗਈ। ਇਸੇ ਤਰ੍ਹਾਂ ਪਿੰਡ ਭੰਗਚੜ੍ਹੀ ਵਿਚ ਨਾਜਾਇਜ਼ ਭਰਤੀ ਪਾਉਣ ਦਾ ਇਕ ਮਾਮਲਾ ਸਾਹਮਣੇ ਆਇਆ ਸੀ।

ਮਨਰੇਗਾ ਮਜ਼ਦੂਰਾਂ ਨੂੰ ਅਦਾਇਗੀ 'ਬਾਇਓਮੈਟਰਿਕ' ਢੰਗ ਨਾਲ ਇਕ ਨਿੱਜੀ ਕੰਪਨੀ ਵੱਲੋਂ ਕੀਤੀ ਜਾਂਦੀ ਹੈ। ਕੰਪਨੀ ਦਾ ਕਾਮਾ ਮਸ਼ੀਨ 'ਤੇ ਮਜ਼ਦੂਰ ਦਾ ਅੰਗੂਠਾ ਲਵਾਉਂਦਾ ਹੈ ਤੇ ਅਦਾਇਗੀ ਕਰ ਦਿੰਦਾ ਹੈ। ਇਹ ਅਦਾਇਗੀ ਅਕਸਰ ਘੱਟ ਹੁੰਦੀ ਹੈ। ਜਦੋਂ ਮਨਰੇਗਾ ਮਜ਼ਦੂਰ ਪੂਰੇ ਪੈਸਿਆਂ ਦੀ ਮੰਗ ਕਰਦਾ ਹੈ ਤਾਂ ਕੰਪਨੀ ਵੱਲੋਂ ਇਹ ਕਿਹਾ ਜਾਂਦਾ ਹੈ ਕਿ ਬੈਂਕ ਵੱਲੋਂ ਪੈਸੇ ਇੰਨੇ ਹੀ ਭੇਜੇ ਗਏ ਹਨ ਜਦਕਿ ਬੈਂਕ ਮੁਤਾਬਕ ਅਦਾਇਗੀ ਪੂਰੀ ਕੀਤੀ ਜਾਂਦੀ ਹੈ। ਜਿਹੜਾ ਮਜ਼ਦੂਰ ਬਾਹਲਾ ਰੌਲਾ ਪਾਉਂਦਾ ਹੈ ਉਸ ਦੇ ਆਨ-ਲਾਈਨ ਖਾਤੇ ਵਿਚ ਇਕ ਅੱਧਾ ਨੰਬਰ ਇਧਰ-ਉਧਰ ਕਰ ਦਿੱਤਾ ਜਾਂਦਾ ਹੈ। ਖਾਤਾ ਬੰਦ ਹੋ ਜਾਂਦਾ ਹੈ ਤੇ ਮਜ਼ਦੂਰ ਸਿਵਾਏ ਹਾੜੇ ਕੱਢਣ ਦੇ ਕੁਝ ਨਹੀਂ ਕਰ ਸਕਦਾ। ਦੂਜੇ ਪਾਸੇ ਛੱਪੜਾਂ, ਸਕੂਲਾਂ, ਜਲ ਘਰਾਂ ਤੇ ਸੜਕਾਂ ਦੀ ਸਫਾਈ ਦੇ ਨਾਲ ਦਰਖਤ ਲਾਉਣ ਵਰਗੇ ਚੰਗੇ ਕੰਮਾਂ ਦੇ ਨਾਲ ਮਨਰੇਗਾ ਤਹਿਤ ਲੋੜਵੰਦ ਲੋਕਾਂ ਨੂੰ ਮਕਾਨ ਬਣਾਉਣ ਲਈ ਮਜ਼ਦੂਰੀ ਦੇਣਾ ਬਹੁਤ ਚੰਗਾ ਫੈਸਲਾ ਹੈ। ਜੇਕਰ ਕੋਈ ਮਨਰੇਗਾ ਮਜ਼ਦੂਰ ਆਪਣਾ ਮਕਾਨ ਬਣਾਉਣਾ ਚਾਹੁੰਦਾ ਹੈ ਤਾਂ ਉਸ ਦੀ ਆਪਣੇ ਘਰੇ ਆਪਣੇ ਮਕਾਨ ਵਾਸਤੇ ਕੀਤੀ ਮਜ਼ਦੂਰੀ ਵੀ ਦਿੱਤੀ ਜਾਂਦੀ ਹੈ। ਇਸੇ ਤਰ੍ਹਾਂ ਦੋ ਪਸ਼ੂਆਂ ਲਈ ਸ਼ੈੱਡ ਵਾਸਤੇ 35 ਹਜ਼ਾਰ ਤੇ ਚਾਰ ਪਸ਼ੂਆਂ ਦੇ ਸ਼ੈੱਡ ਵਾਸਤੇ 75 ਹਜ਼ਾਰ ਰੁਪਏ ਤੱਕ ਦੀ ਮਜ਼ਦੂਰੀ ਦਿੱਤੀ ਜਾਂਦੀ ਹੈ। ਪਿੰਡ ਭੰਗਚੜ੍ਹੀ ਦੇ ਕਰੀਬ 60 ਕਿਸਾਨ ਪਰਿਵਾਰਾਂ ਨੇ ਜਾਬ ਕਾਰਡ ਬਣਾਏ ਹਨ।

# ਭ੍ਰਿਸ਼ਟਾਚਾਰ ਤੇ ਨਸ਼ਿਆਂ ਦੇ ਮਾਮਲਿਆਂ 'ਚ 11 ਪੁਲਿਸ ਮੁਲਾਜ਼ਮ ਬਰਖਾਸਤ

**ਪਟਿਆਲਾ:** ਭ੍ਰਿਸ਼ਟਾਚਾਰ ਤੇ ਨਸ਼ਿਆਂ ਦੇ ਮਾਮਲਿਆਂ ਵਿਚ ਘਿਰੇ 11 ਪੁਲਿਸ ਮੁਲਾਜ਼ਮਾਂ ਖਿਲਾਫ ਸਖਤੀ ਵਰਤਦਿਆਂ ਪਟਿਆਲਾ ਦੇ ਐਸ.ਐਸ.ਪੀ. ਮਨਦੀਪ ਸਿੰਘ ਸਿੱਧੂ ਨੇ ਉਨ੍ਹਾਂ ਨੂੰ ਬਰਖਾਸਤ ਕਰ ਦਿੱਤਾ ਹੈ। ਇਨ੍ਹਾਂ ਵਿਚ ਛੇ ਸਹਾਇਕ ਥਾਣੇਦਾਰ, ਤਿੰਨ ਹੌਲਦਾਰ ਤੇ ਦੋ ਸਿਪਾਹੀ ਪੱਧਰ ਦੇ ਮੁਲਾਜ਼ਮ ਹਨ। ਕੁਝ ਮਹੀਨੇ ਪਹਿਲਾਂ ਵੀ ਅਜਿਹੇ ਮਾਮਲਿਆਂ ਵਿਚ ਚਾਰ ਪੁਲਿਸ ਮੁਲਾਜ਼ਮਾਂ ਨੂੰ ਨੌਕਰੀ ਤੋਂ ਫਾਰਗ ਕੀਤਾ ਜਾ ਚੁੱਕਾ ਹੈ। ਹਾਲਾਂਕਿ ਉਨ੍ਹਾਂ ਦੀ ਸਿਫਾਰਿਸ਼ 'ਤੇ ਚੰਗੀ ਕਾਰਗੁਜ਼ਾਰੀ ਵਾਲੇ 81 ਪੁਲਿਸ ਮੁਲਾਜ਼ਮਾਂ ਨੂੰ ਤਰੱਕੀਆਂ ਵੀ ਮਿਲੀਆਂ ਹਨ।

ਉਨ੍ਹਾਂ ਦੱਸਿਆ ਕਿ ਬਰਖਾਸਤ ਮੁਲਾਜ਼ਮਾਂ ਵਿਚ ਸਹਾਇਕ ਥਾਣੇਦਾਰ ਸ਼ਿਵਦੇਵ ਸਿੰਘ, ਲੋਕਲ ਰੈਂਕ ਦੇ ਪੰਜ ਸਹਾਇਕ ਥਾਣੇਦਾਰ- ਸੁਖਵਿੰਦਰ ਕੌਰ, ਸਾਹਿਬ ਸਿੰਘ, ਟਹਿਲ ਸਿੰਘ, ਜੰਗੀਰ ਸਿੰਘ ਅਤੇ ਗੁਰਮੀਤ ਸਿੰਘ, ਦੋ ਹੌਲਦਾਰ ਹਰਜਿੰਦਰ ਸਿੰਘ ਤੇ ਬਲਜਿੰਦਰ ਸਿੰਘ, ਹੌਲਦਾਰ ਅਮਰਜੀਤ ਸਿੰਘ, ਸਿਪਾਹੀ ਨਰਿੰਦਰਪਾਲ ਸਿੰਘ ਅਤੇ ਸਿਪਾਹੀ ਗੁਰਪ੍ਰਤਾਪ ਸਿੰਘ ਸ਼ਾਮਲ ਹਨ। ਪੁਲਿਸ ਮੁਖੀ ਦਾ ਕਹਿਣਾ ਸੀ ਕਿ ਭ੍ਰਿਸ਼ਟਾਚਾਰ ਤੇ ਨਸ਼ਿਆਂ ਦੇ ਮਾਮਲਿਆਂ 'ਚ ਸ਼ਮੂਲੀਅਤ ਸਾਹਮਣੇ ਆਉਣ 'ਤੇ ਇਨ੍ਹਾਂ ਪੁਲਿਸ ਮੁਲਾਜ਼ਮਾਂ ਨੂੰ ਗ੍ਰਿਫਤਾਰ ਕਰਕੇ ਪੁੱਛਗਿੱਛ ਕਰਨ ਸਮੇਤ ਵਿਭਾਗੀ ਪੜਤਾਲ ਵੀ ਕੀਤੀ ਗਈ ਹੈ। ਦੋਸ਼ੀ ਪਾਏ ਜਾਣ 'ਤੇ ਹੀ ਇਨ੍ਹਾਂ ਨੂੰ ਬਰਤਰਫ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਚੰਗੀ ਕਾਰਗੁਜ਼ਾਰੀ ਵਾਲੇ ਕਈ ਮੁਲਾਜ਼ਮਾਂ ਦੀ ਸਿਫਾਰਸ਼ ਵੀ ਕੀਤੀ ਗਈ ਹੈ। 81 ਪੁਲਿਸ ਮੁਲਾਜ਼ਮਾਂ ਨੂੰ ਤਰੱਕੀਆਂ, 50 ਅਧਿਕਾਰੀਆਂ ਤੇ ਕਰਮਚਾਰੀਆਂ ਨੂੰ ਡੀ.ਜੀ.ਪੀ. ਡਿਸਕ ਅਤੇ 1,816 ਮੁਲਾਜ਼ਮਾਂ ਨੂੰ ਚੰਗੀ ਕਾਰਗੁਜ਼ਾਰੀ ਲਈ ਸਰਟੀਫਿਕੇਟ ਮਿਲੇ ਹਨ।

# ਫਤਿਹਵੀਰ ਦੁਖਾਂਤ: ਪੰਜਾਬ ਤੋਂ ਤਾਜ਼ਾ ਸਥਿਤੀ ਬਾਰੇ ਰਿਪੋਰਟ ਤਲਬ

**ਚੰਡੀਗੜ੍ਹ:** ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਫਤਿਹਵੀਰ ਦੁਖਾਂਤ ਮਾਮਲੇ ਵਿਚ ਪੰਜਾਬ ਸਰਕਾਰ ਨੂੰ ਤਾਜ਼ਾ ਸਥਿਤੀ ਰਿਪੋਰਟ ਦਾਖਲ ਕਰਨ ਦਾ ਹੁਕਮ ਦਿੱਤਾ ਹੈ। ਜਸਟਿਸ ਏ.ਐਸ. ਗਰੇਵਾਲ ਤੇ ਜਸਟਿਸ ਐਚ.ਐਸ. ਸਿੱਧੂ 'ਤੇ ਆਧਾਰਿਤ ਬੈਂਚ ਨੇ ਐਨ.ਡੀ.ਆਰ.ਐਫ., ਪੰਜਾਬ ਸਰਕਾਰ, ਸੰਗਰੂਰ ਦੇ ਡੀ.ਸੀ., ਐਸ.ਐਸ.ਪੀ. ਤੇ ਸੁਨਾਮ ਦੇ ਐਸ.ਡੀ.ਐਮ. ਨੂੰ ਵੀ ਨੋਟਿਸ ਦਿੱਤਾ ਹੈ।

ਦੱਸਣਯੋਗ ਹੈ ਕਿ ਦੋ ਸਾਲਾ ਫਤਿਹਵੀਰ ਸੰਗਰੂਰ ਜ਼ਿਲ੍ਹੇ ਦੇ ਪਿੰਡ ਭਗਵਾਨਪੁਰਾ ਵਿਚ 150 ਫੁੱਟ ਡੂੰਘੇ ਬੋਰਵੈੱਲ ਵਿਚ ਡਿਗਣ ਮਗਰੋਂ 109 ਘੰਟੇ ਇਸ 'ਚ ਫਸਿਆ ਰਿਹਾ ਤੇ ਮਗਰੋਂ ਉਸ ਨੂੰ ਮ੍ਰਿਤਕ ਕੱਢਿਆ ਗਿਆ ਸੀ। ਇਸ ਸਬੰਧੀ ਮੋਹਾਲੀ ਦੇ ਇਕ ਵਿਅਕਤੀ ਨੇ ਅਦਾਲਤ ਵਿਚ ਪਟੀਸ਼ਨ ਦਾਖਲ ਕੀਤੀ ਸੀ। ਅਦਾਲਤ ਨੇ ਸੂਬੇ ਦੇ ਮੁੱਖ ਸਕੱਤਰ ਨੂੰ ਇਸ ਮਾਮਲੇ ਦੀ ਤਾਜ਼ਾ ਸਥਿਤੀ ਬਾਰੇ ਰਿਪੋਰਟ (ਸਟੇਟਸ ਰਿਪੋਰਟ) ਦਾਖਲ ਕਰਨ ਦਾ ਹੁਕਮ ਦਿੱਤਾ ਹੈ। ਭਾਰਤ ਦੇ ਵਧੀਕ ਸੌਲਿਸਟਰ ਜਨਰਲ ਸਤਪਾਲ ਜੈਨ ਇਸ ਕੇਸ 'ਚ ਕੇਂਦਰ ਵੱਲੋਂ ਸੁਣਵਾਈ ਦੌਰਾਨ ਪੇਸ਼ ਹੋਏ। ਅਦਾਲਤ ਨੇ ਕੇਸ ਦੀ ਅਗਲੀ ਸੁਣਵਾਈ ਲਈ 3 ਜੁਲਾਈ ਦੀ ਤਰੀਕ ਤੈਅ ਕੀਤੀ ਹੈ। ਜੈਨ ਨੇ ਕਿਹਾ ਕਿ ਪੰਜਾਬ ਦੇ ਮੁੱਖ ਸਕੱਤਰ ਨੂੰ ਪੁੱਛਿਆ ਗਿਆ ਹੈ ਕਿ ਬੱਚੇ ਦੀ ਮੌਤ ਲਈ ਕੌਣ ਜ਼ਿੰਮੇਵਾਰ ਹੈ।

# ਪਾਕਿਸਤਾਨੀ ਔਰਤਾਂ ਦਾ ਚੀਨ 'ਚ ਸ਼ੋਸ਼ਣ

**ਫੈਸਲਾਬਾਦ:** ਨਤਾਸ਼ਾ ਮਸੀਹ (19) ਨੇ ਪਾਕਿਸਤਾਨ ਵਿਚ ਜਦ ਆਪਣੀ ਮਾਂ ਨੂੰ ਕਾਹਲੀ ਜਿਹੀ 'ਚ ਫੋਨ ਕੀਤਾ ਤਾਂ ਉਹ ਉਸ ਨੂੰ ਦੱਸ ਨਾ ਸਕੀ ਕਿ ਉਸ ਨਾਲ ਕੀ ਵਾਪਰ ਰਿਹਾ ਹੈ। ਉਸ ਨੇ ਸਿਰਫ ਐਨਾ ਹੀ ਦੱਸਿਆ ਕਿ ਚੀਨ ਦੇ ਜਿਸ ਵਿਅਕਤੀ ਨੂੰ ਉਸ ਦੇ ਪਰਿਵਾਰ ਨੇ ਵਿਆਹ ਕਰਵਾਉਣ ਲਈ ਵੇਚ ਦਿੱਤਾ, ਉਹ ਹੁਣ ਉਸ 'ਤੇ ਤਸ਼ੱਦਦ ਢਾਹ ਰਿਹਾ ਹੈ। ਇਸ ਪਿੱਛੋਂ ਉਹ ਰੋਣ ਲੱਗ ਗਈ ਤੇ ਮਾਂ ਨੂੰ ਸਾਰੀ ਕਹਾਣੀ ਦੱਸੀ।

ਨਤਾਸ਼ਾ ਨੇ ਮਾਂ ਨੂੰ ਕਿਹਾ ਕਿ ਉਸ ਨੂੰ ਘਰ ਵਾਪਸ ਲੈ ਆਉਣ। ਨਤਾਸ਼ਾ ਨੇ ਦੱਸਿਆ ਕਿ ਪਤੀ ਨੇ ਕੁਝ ਹਫਤਿਆਂ ਤੋਂ ਉਸ ਨੂੰ ਚੀਨ ਦੇ ਕਿਸੇ ਦੂਰ-ਦਰਾਜ ਦੇ ਇਲਾਕੇ ਵਿਚ ਹੋਟਲ 'ਚ ਰੱਖਿਆ ਹੋਇਆ ਹੈ। ਉਹ ਉਸ ਨੂੰ ਹੋਰਨਾਂ ਵਿਅਕਤੀਆਂ ਨਾਲ ਸਰੀਰਕ ਸਬੰਧ ਬਣਾਉਣ ਲਈ ਮਜਬੂਰ ਕਰ ਰਿਹਾ ਹੈ। ਫੈਸਲਾਬਾਦ ਦੇ ਇਕ ਝੁੱਗੀ ਝੌਂਪੜੀ ਵਾਲੇ ਇਲਾਕੇ ਵਿਚ ਚਰਚ ਨਾਲ ਜੁੜੀ ਉਸ ਦੀ ਮਾਂ ਕੁਝ ਜਾਣਕਾਰਾਂ ਕੋਲੋਂ ਮਦਦ ਦੀ ਆਸ ਰੱਖ ਰਹੀ ਹੈ ਜੋ ਕਿ ਉਨ੍ਹਾਂ ਦੇ ਇਲਾਕੇ ਤੋਂ ਸਿਰਫ 1100 ਮੀਲ ਦੂਰ ਘਿਰੀ ਨਤਾਸ਼ਾ ਦੇ ਬਚਾਅ ਦੀ ਕੋਈ ਯੋਜਨਾਬੰਦੀ ਕਰਨ ਵਿਚ ਲੱਗੇ ਹੋਏ ਹਨ। ਨਤਾਸ਼ਾ ਉਨ੍ਹਾਂ ਸੈਂਕੜੇ ਪਾਕਿਸਤਾਨੀ ਕੁੜੀਆਂ ਵਿਚੋਂ ਇਕ ਹੈ ਜਿਨ੍ਹਾਂ ਦਾ ਚੀਨੀ ਪੁਰਸ਼ਾਂ ਨਾਲ ਪੈਸੇ ਬਦਲੇ ਵਿਆਹ ਕਰ ਦਿੱਤਾ ਜਾਂਦਾ ਹੈ। ਬਹੁਤੀਆਂ ਕੁੜੀਆਂ ਈਸਾਈ ਹਨ ਜੋ ਕਿ ਮੁਲਕ ਦਾ ਬੇਹੱਦ ਗਰੀਬ ਭਾਈਚਾਰਾ ਹੈ। ਐਸੋਸੀਏਟਡ ਪ੍ਰੈੱਸ ਦੀ ਰਿਪੋਰਟ ਮੁਤਾਬਕ ਇਸ ਧੰਦੇ 'ਚ ਈਸਾਈ ਪਾਦਰੀ, ਪਾਕਿ ਤੇ ਚੀਨੀ ਦਲਾਲਾਂ ਦੀ ਸ਼ਮੂਲੀਅਤ ਹੈ।

# ਸਤਲੁਜ ਦਰਿਆ ਵਿਚ ਬੇੜੀ ਡੁੱਬੀ, ਤਿੰਨ ਮੌਤਾਂ

**ਫਿਰੋਜ਼ਪੁਰ :** ਸਤਲੁਜ ਦਰਿਆ ਵਿਚ ਬੇੜੀ ਡੁੱਬਣ ਨਾਲ ਤਿੰਨ ਜਣਿਆਂ ਦੀ ਮੌਤ ਹੋ ਗਈ ਜਦਕਿ ਪੰਜ ਜਣੇ ਵਾਲ-ਵਾਲ ਬਚ ਗਏ। ਮ੍ਰਿਤਕ ਇਕੋ ਪਰਿਵਾਰ ਦੇ ਹਨ। ਮ੍ਰਿਤਕਾਂ ਦੀ ਪਛਾਣ ਜਸਪਾਲ ਸਿੰਘ (17) ਪੁੱਤਰ ਜੋਗਿੰਦਰ ਸਿੰਘ, ਉਸ ਦੀ ਭੈਣ ਸੋਨੀਆ (19) ਅਤੇ ਸੰਜਨਾ(10) ਪੁੱਤਰੀ ਰਣਜੀਤ ਸਿੰਘ ਵਾਸੀ ਪਿੰਡ ਚਾਂਦੀ ਵਾਲਾ ਵਜੋਂ ਹੋਈ ਹੈ। ਇਹ ਹਾਦਸਾ ਸਰਹੱਦੀ ਪਿੰਡ ਮਹਿਤਾਬ ਵਾਲੇ ਝੁੱਗੇ ਕੋਲ ਸ਼ਾਮ ਨੂੰ ਵਾਪਰਿਆ।

ਦੱਸਿਆ ਜਾਂਦਾ ਹੈ ਕਿ ਹਾਦਸੇ ਵੇਲੇ ਇਹ ਸਾਰੇ ਜਣੇ ਦਰਿਆ ਤੋਂ ਪਾਰਲੇ ਖੇਤਾਂ ਵਿਚ ਝੋਨਾ ਲਾ ਕੇ ਘਰ ਪਰਤ ਰਹੇ ਸਨ। ਜਦੋਂ ਉਹ ਦਰਿਆ ਦੇ ਵਿਚਕਾਰ ਪੁੱਜੇ ਤਾਂ ਅਚਾਨਕ ਹਨੇਰੀ ਆ ਗਈ ਜਿਸ ਕਰ ਕੇ ਬੇੜੀ ਪਲਟ ਗਈ। ਬੇੜੀ ਵਿਚ ਸਵਾਰ ਪੰਜ ਜਣਿਆਂ ਨੂੰ ਲੋਕਾਂ ਨੇ ਦਰਿਆ ਵਿਚੋਂ ਬਾਹਰ ਕੱਢ ਲਿਆ। ਇਨ੍ਹਾਂ ਵਿਚ ਜਸਵੰਤ ਕੌਰ (15) ਪੁੱਤਰੀ ਜੋਗਿੰਦਰ ਸਿੰਘ, ਸਰੋਜ ਰਾਣੀ (23) ਪੁੱਤਰੀ ਸੰਤਾ ਸਿੰਘ, ਤਾਰਾ ਸਿੰਘ (32) ਪੁੱਤਰ ਸੰਤਾ ਸਿੰਘ, ਜੈਸਮੀਨ ਕੌਰ (5) ਪੁੱਤਰੀ ਕਾਲਾ ਸਿੰਘ ਅਤੇ ਪ੍ਰਵੀਨ ਰਾਣੀ (3) ਪੁੱਤਰੀ ਦਰਬਾਰਾ ਸਿੰਘ ਸ਼ਾਮਲ ਹਨ।

# ਮੈਕਸਿਕੋ ਸਰਹੱਦ ਤੋਂ ਮ੍ਰਿਤ ਮਿਲੀ ਬੱਚੀ ਸੱਤ ਸਾਲਾ ਗੁਰਪ੍ਰੀਤ ਕੌਰ ਨਿਕਲੀ

**ਹਿਊਸਟਨ:** ਯੂ.ਐਸ. ਕਸਟਮਜ਼ ਤੇ ਬਾਰਡਰ ਪ੍ਰੋਟੈਕਸ਼ਨ ਅਥਾਰਿਟੀ ਨੂੰ ਅਮਰੀਕਾ ਤੇ ਮੈਕਸਿਕੋ ਦੀ ਸਰਹੱਦ 'ਤੇ ਵੀਰਾਨ ਪਏ ਇਲਾਕੇ 'ਚੋਂ ਲੰਘੇ ਦਿਨੀਂ ਮ੍ਰਿਤ ਹਾਲਤ ਵਿਚ ਮਿਲੀ ਸੱਤ ਸਾਲਾ ਬੱਚੀ ਦੀ ਪਛਾਣ ਗੁਰਪ੍ਰੀਤ ਕੌਰ ਵਜੋਂ ਹੋਈ ਹੈ। ਉਹਦੀ ਮਾਂ ਪਾਣੀ ਦੀ ਭਾਲ ਵਿਚ ਉਸ ਨੂੰ ਇਥੇ ਛੱਡ ਗਈ ਸੀ। ਉਧਰ, ਅਮਰੀਕੀ ਅਧਿਕਾਰੀਆਂ ਨੇ ਇਸ ਦੁਖਾਂਤ ਦਾ ਠੀਕਰਾ ਮਨੁੱਖੀ ਤਸਕਰਾਂ ਸਿਰ ਭੰਨਿਆ ਹੈ। ਗਸ਼ਤੀ ਟੀਮ ਨੂੰ ਗੁਰਪ੍ਰੀਤ ਕੌਰ ਲਿਊਕਵਿਲੇ (ਐਰੀਜ਼ੋਨਾ) ਦੇ ਪੱਛਮ ਵਿਚ 27 ਕਿਲੋਮੀਟਰ ਦੂਰ ਮ੍ਰਿਤ ਹਾਲਤ ਵਿਚ ਮਿਲੀ ਸੀ।

ਪੀਮਾ ਕਾਊਂਟੀ ਦੇ ਮੁੱਖ ਮੈਡੀਕਲ ਅਧਿਕਾਰੀ ਗਰੈਗਰੀ ਹੈੱਸ ਨੇ ਮ੍ਰਿਤ ਬੱਚੀ ਦੀ ਪਛਾਣ ਗੁਰਪ੍ਰੀਤ ਕੌਰ ਵਜੋਂ ਦੱਸਦਿਆਂ ਕਿਹਾ ਕਿ ਉਹਦੀ ਮੌਤ ਇਤਫਾਕੀਆ ਸੀ ਤੇ ਮੌਤ ਦਾ ਕਾਰਨ ਵਧੇਰੇ ਗਰਮੀ ਸੀ। ਸਰਹੱਦੀ ਗਸ਼ਤੀ ਟੀਮ ਨੇ ਕੌਰ ਦੀ ਮੌਤ ਲਈ ਤਸਕਰਾਂ ਨੂੰ ਜ਼ਿੰਮੇਵਾਰ ਦੱਸਿਆ ਹੈ। ਅਧਿਕਾਰੀਆਂ ਨੇ ਕਿਹਾ ਕਿ ਸੱਤ ਸਾਲਾ ਬੱਚੀ ਚਾਰ ਹੋਰਨਾਂ ਵਿਅਕਤੀਆਂ ਨਾਲ ਸਫਰ ਕਰ ਰਹੀ ਸੀ, ਜਦੋਂ ਮਨੁੱਖੀ ਤਸਕਰਾਂ ਨੇ ਉਨ੍ਹਾਂ ਨੂੰ ਸਰਹੱਦ ਨਜ਼ਦੀਕ ਵੀਰਾਨ ਤੇ ਮਾਰੂਥਲ ਥਾਂ 'ਤੇ ਭਟਕਣ ਲਈ ਛੱਡ ਦਿੱਤਾ। ਯੂ.ਐਸ. ਕਸਟਮਜ਼ ਤੇ ਬਾਰਡਰ ਪ੍ਰੋਟੈਕਸ਼ਨ ਏਜੰਟਾਂ ਨੇ ਕਿਹਾ ਕਿ ਸਰਹੱਦ ਨਜ਼ਦੀਕ ਦੋ ਭਾਰਤੀ ਮਹਿਲਾਵਾਂ ਨਾਲ ਟਾਕਰਾ ਹੋਣ ਮਗਰੋਂ ਉਨ੍ਹਾਂ ਆਪਣੀ ਹੱਡਬੀਤੀ ਦੱਸੀ।

ਏਜੰਟਾਂ ਨੇ ਦੋਵਾਂ ਮਹਿਲਾਵਾਂ ਨੂੰ ਹਿਰਾਸਤ ਵਿਚ ਲੈਣ ਮਗਰੋਂ ਖੋਜ ਆਪਰੇਸ਼ਨ ਵਿੱਢਦਿਆਂ ਬੱਚੀ ਨੂੰ ਮ੍ਰਿਤ ਹਾਲਤ ਵਿਚ ਲੱਭ ਲਿਆ। ਇਸ ਦੌਰਾਨ ਗਸ਼ਤੀ ਟੀਮ ਨੇ ਇਕ ਹੋਰ ਮਹਿਲਾ ਤੇ ਉਹਦੀ ਅੱਠ ਸਾਲਾ ਧੀ ਨੂੰ ਹੈਲੀਕਾਪਟਰ ਰਾਹੀਂ ਮੁਕਾਮੀ ਹਸਪਤਾਲ 'ਚ ਤਬਦੀਲ ਕਰ ਦਿੱਤਾ ਹੈ। ਕਾਬਲੇਗੌਰ ਹੈ ਕਿ ਭਾਰਤੀਆਂ ਵੱਲੋਂ ਮੈਕਸਿਕੋ ਰਸਤੇ ਅਮਰੀਕਾ ਵਿਚ ਦਾਖਲ ਹੋਣ ਦੀਆਂ ਘਟਨਾਵਾਂ 'ਚ ਤੇਜ਼ੀ ਨਾਲ ਇਜ਼ਾਫਾ ਹੋਇਆ ਹੈ।

# ਫੇਸਬੁੱਕ ਨਵੀਂ ਕ੍ਰਿਪਟੋਕਰੰਸੀ ਲਿਆਉਣ ਦੀ ਤਿਆਰੀ 'ਚ

**ਲੰਡਨ:** ਦੁਨੀਆਂ ਦੀ ਸਭ ਤੋਂ ਵੱਡੀ ਸੋਸ਼ਲ ਨੈੱਟਵਰਕਿੰਗ ਕੰਪਨੀ ਫੇਸਬੁੱਕ ਕ੍ਰਿਪਟੋਕਰੰਸੀ ਨਾਲ ਭੁਗਤਾਨ ਕਰਨ ਨੂੰ ਮੁੱਖ ਧਾਰਾ ਵਿਚ ਲਿਆਉਣ ਦੀ ਕੋਸ਼ਿਸ਼ ਕਰ ਰਹੀ ਹੈ। ਕੰਪਨੀ ਸਰਕਾਰ ਅਤੇ ਵਿੱਤੀ ਖੇਤਰ ਦੇ ਮਾਹਿਰਾਂ ਦੇ ਸਹਿਯੋਗ ਨਾਲ ਨਵੀਂ ਕਰੰਸੀ ਲਿਆਉਣਾ ਚਾਹੁੰਦੀ ਹੈ। ਇਹ ਸੋਸ਼ਲ ਨੈੱਟਵਰਕਿੰਗ ਕੰਪਨੀ ਭਲਕੇ ਇਸ ਕਰੰਸੀ ਬਾਰੇ ਜਾਣਕਾਰੀ ਦੇਵੇਗੀ, ਜਿਸ ਨੂੰ ਅਗਲੇ ਸਾਲ ਪੇਸ਼ ਕੀਤਾ ਜਾਵੇਗਾ।

# ਝੂਠੇ ਹਲਫਨਾਮੇ ਦੇ ਕੇਸ 'ਚ ਸਲਮਾਨ ਨੂੰ ਰਾਹਤ

**ਜੋਧਪੁਰ:** ਅਦਾਲਤ ਨੇ ਬਾਲੀਵੁੱਡ ਅਦਾਕਾਰ ਸਲਮਾਨ ਖਾਨ ਨੂੰ ਇਕ ਕੇਸ ਦੌਰਾਨ ਅਦਾਲਤ ਵਿਚ ਝੂਠਾ ਹਲਫਨਾਮਾ ਪੇਸ਼ ਕਰਨ ਦੇ ਮਾਮਲੇ ਵਿਚ ਰਾਹਤ ਦਿੱਤੀ ਹੈ। ਰਾਜਸਥਾਨ ਸਰਕਾਰ ਨੇ 2006 ਵਿਚ ਅਦਾਲਤ ਵਿਚ ਅਰਜ਼ੀ ਪੇਸ਼ ਕੀਤੀ ਸੀ, ਜਿਸ ਵਿਚ ਸਲਮਾਨ ਖਿਲਾਫ 'ਤੇ ਕਾਲੇ ਹਿਰਨ ਦਾ ਸ਼ਿਕਾਰ ਕਰਨ ਦੇ ਕੇਸ ਵਿਚ ਗਲਤ ਹਲਫਨਾਮਾ ਦਾਖਲ ਕਰਨ ਦਾ ਦੋਸ਼ ਲਾਇਆ ਗਿਆ ਸੀ। ਜੋਧਪੁਰ ਦੇ ਮੁੱਖ ਨਿਆਇਕ ਮੈਜਿਸਟ੍ਰੇਟ ਅੰਕਿਤ ਰਮਨ ਦੀ ਅਦਾਲਤ ਨੇ ਸੂਬਾ ਸਰਕਾਰ ਦੀ ਸਲਮਾਨ ਖਿਲਾਫ ਕੇਸ ਚਲਾਉਣ ਦੀ ਅਪੀਲ ਨੂੰ ਰੱਦ ਕਰ ਦਿੱਤਾ ਹੈ।


## ਰੈਸਟੋਰੈਂਟ ਸਟਾਫ ਦੀ ਲੋੜ ਹੈ

ਹਿਊਸਟਨ (ਟੈਕਸਸ) ਵਿਚ ਭਾਰਤੀ ਰੈਸਟੋਰੈਂਟ ਲਈ ਮਿਠਾਈਆਂ ਬਣਾਉਣ ਵਾਲੇ ਕਾਰੀਗਰ (ਹਲਵਾਈ), ਤੰਦੂਰੀਏ ਤੇ ਵੈਜੀਟੇਰੀਅਨ ਬਫੇ (ਨਾਰਥ ਐਂਡ ਸਾਊਥ ਇੰਡੀਅਨ) ਬਣਾਉਣ ਵਾਲੇ ਸ਼ੈਫ ਦੀ ਲੋੜ ਹੈ।

*ਚੰਗੀ ਤਨਖਾਹ ਅਤੇ ਇਕੱਲੇ ਬੰਦੇ ਲਈ ਰਿਹਾਇਸ਼ ਦਾ ਪ੍ਰਬੰਧ*

*ਸੰਪਰਕ ਕਰੋ*

ਮੁਖਤਿਆਰ ਸਿੰਘ, ਫੋਨ: 713-884-9547
ਸੁਖਦੇਵ ਸਿੰਘ, ਫੋਨ: 832-724-1635

22+

## ਕਿਸੇ ਵੀ ਉਮਰ ਵਿਚ ਕਿਸੇ ਵੀ ਬਿਮਾਰੀ ਦਾ ਇਲਾਜ ਕਰਵਾਉਂਦੇ ਜੇ ਥੱਕ ਗਏ ਹੋ ਤਾਂ ਕਾਲ ਕਰੋ

ਫੋਨ (408) 687-1899

**Gurdip Singh Sandhu**

Homeopathic Practitioner/Consultant Since 1973
DHMS-Gold Medalist, BAMS, MDEh.- India

**Well Experienced as:**
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577
**EX Member:** The California Homeopathic Society
National Center For Homeopathy- USA



*Gurdip Singh Sandhu*

**Live on Jas TV**
**Saturday 9:30AM and Sunday 4PM (Pacific Time)**

**7021 Village Park Way, Dublin, CA 94568**

Email:
Homeomedicine@yahoo.com

## ਗਲੋਬਲ ਮਲਟੀ ਸਰਵਿਸਿਜ਼, ਲੈਥਰੋਪ

ਪਿਛਲੇ 14 ਸਾਲਾਂ ਤੋਂ ਤੁਹਾਡੀ ਸੇਵਾ ਵਿਚ

ਟਰੱਕਾਂ ਵਾਲੇ ਵੀਰਾਂ ਦੀਆਂ ਮੁਸ਼ਕਿਲਾਂ ਦਾ ਹੱਲ ਇੱਕੋ ਛੱਤ ਥੱਲੇ

SAME DAY
ਲਾਇਸੰਸ ਪਲੇਟ ਲੈਣ ਵਾਸਤੇ ਸਾਨੂੰ ਸੰਪਰਕ ਕਰੋ ।

ਹੁਣ ਅਸੀਂ
DPF Cleaning ਅਤੇ Baking
ਵੀ ਕਰਦੇ ਹਾਂ।

STOCKTON ਵਿੱਚ ਪੰਜਾਬੀ ਭਰਾਵਾਂ ਦੀ ਇੱਕੋ ਇੱਕ ALIGNMENT SHOP
• 3 Axle Alignment $199
• Trailer Alignment $150

**Grand Opening**
**Special Price for Truck Wash**

**ਗਲੋਬਲ ਮਲਟੀ ਸਰਵਿਸਿਜ਼ ਦੀ ਨਵੀਂ ਲੋਕੇਸ਼ਨ STOCKTON ਵਿਚ HIGHWAY 4 ਦੇ ਬਿਲਕੁਲ ਨਜ਼ਦੀਕ**
1950 E Miner Ave.
Stockton, CA 95205

**Ph: 209.982.9996**

FAX: 209.982.9997
www.globalmultiservices.com info@globalmultiservices.com

### REPAIR SHOP

ਟਰੱਕ ਤੇ ਟਰੇਲਰ ਦੇ ਹਰ ਤਰ੍ਹਾਂ ਦੇ ਟਾਇਰਾਂ ਤੋਂ ਇਲਾਵਾ Oil Change, Brakes, Engine Work, Tune Up, Transmission & Clutch ਆਦਿ ਦੀ ਮੁਰੰਮਤ ਅਤੇ Truck Alignment ਦਾ ਕੰਮ ਤਸੱਲੀਬਖਸ਼ ਢੰਗ ਨਾਲ ਕੀਤਾ ਜਾਂਦਾ ਹੈ। 500+ ਟਰੱਕਾਂ ਦੀ ਖੁੱਲ੍ਹੀ-ਡੁੱਲ੍ਹੀ ਪਾਰਕਿੰਗ ਦੇ ਨਾਲ, ਟਰੱਕ-ਟਰੇਲਰ Wash ਕਰਨ ਦਾ ਵੀ ਵਧੀਆ ਪ੍ਰਬੰਧ ਹੈ।

**TEL: 209.547.9210**
FAX: 209.547.9211

### REGISTRATION SERVICES

ਟਰੱਕਿੰਗ ਨਾਲ ਸਬੰਧਤ ਹਰ ਤਰ੍ਹਾਂ ਦੇ ਪਰਮਿਟ ਜਿਵੇਂ IFTA, CA#, MCP, 2290, ICC, BOC III, NM & Kentucky Permit, DOT Fuel Tax, Corporation Filling ਅਤੇ ਟਰੱਕਾਂ ਦੀਆਂ ਲਾਇਸੈਂਸ ਪਲੇਟਾਂ Same Day Service ਵੀ ਦਿੰਦੇ ਹਾਂ। ਤੁਸੀਂ ਸਾਡੇ ਕੋਲੋਂ ਪਲੇਟਾਂ ਲੈ ਕੇ ਆਪਣਾ ਕੰਮ ਤੁਰੰਤ ਸ਼ੁਰੂ ਕਰ ਸਕਦੇ ਹੋ। ਅਸੀਂ DOT Compliance, DOT Audit ਵਿਚ ਵੀ ਟਰੱਕਿੰਗ ਕੰਪਨੀਆਂ ਦੀ ਮਦਦ ਕਰਦੇ ਹਾਂ।

**TEL: 209.982.9996**
FAX: 209.982.9997

# ਬੋਰ ਵੈੱਲ ਤ੍ਰਾਸਦੀ ਦਾ ਸਿਆਸੀਕਰਨ

**ਨਿੱਕ ਸੁੱਕ**



ਗੁਲਜ਼ਾਰ ਸਿੰਘ ਸੰਧੂ
Sandhugulzar@yahoo.com

ਸੁਨਾਮ ਨੇੜਲੇ ਪਿੰਡ ਭਗਵਾਨਪੁਰਾ ਦੇ ਮਲੂਕ ਬੱਚੇ ਫਤਿਵੀਰ ਵਾਲੀ ਤ੍ਰਾਸਦੀ ਸੱਚ ਮੁੱਚ ਹੀ ਬੜੀ ਦੁਖਦਾਈ ਹੈ। ਉਸ ਦੇ ਮਾਪਿਆਂ ਲਈ ਹੀ ਨਹੀਂ, ਸੰਸਾਰ ਭਰ ਲਈ; ਪਰ ਇਸ ਦਾ ਸਿਆਸੀਕਰਨ ਹੋਰ ਵੀ ਦੁਖਦਾਈ ਹੈ। ਬਚਾਓ ਕਾਰਜਾਂ ਲਈ ਅਪਨਾਏ ਗਏ ਢੰਗ ਤਰੀਕਿਆਂ 'ਤੇ ਉਸ ਦੀ ਚੁਕਣਾ ਅੰਤਾਂ ਦੀ ਮੂਰਖਤਾ ਹੈ। ਬਾਹਰ ਕੱਢਣ ਲਈ ਲੋਹੇ ਦੀਆਂ ਰਾਡਾਂ ਤੇ ਪਾਈਪਾਂ ਵਾਲੀ ਜੁਗਤ ਜਿਉਂਦੇ ਬੱਚੇ ਲਈ ਵਰਤਣੀ ਕਿੰਨੀ ਗਲਤ ਸੀ, ਇਸ ਦੀ ਗੱਲ ਕੋਈ ਨਹੀਂ ਕਰ ਰਿਹਾ। ਜੇ ਇਸ ਤਕਨੀਕ ਨਾਲ ਬੱਚਾ ਪਹਿਲੇ ਦਿਨ ਹੀ ਕੱਢਿਆ ਜਾਂਦਾ ਤਾਂ ਉਸ ਦੇ ਜੀਵਤ ਅੰਗ ਪਹਿਲੇ ਦਿਨ ਹੀ ਏਨੇ ਵਲੂੰਧਰੇ ਜਾਣੇ ਸਨ ਕਿ ਉਸ ਨੂੰ ਬਚਾਉਣਾ ਸੰਭਵ ਨਹੀਂ ਸੀ। ਨਿਸਚੇ ਹੀ ਇਹ ਤਰੀਕਾ ਤਦ ਹੀ ਵਰਤਿਆ ਗਿਆ, ਜਦੋਂ ਉਸ ਦੇ ਜਿਉਂਦੇ ਹੋਣ ਦੀ ਆਸ ਖਤਮ ਹੋ ਗਈ।

ਸਰਕਾਰ ਵਲੋਂ ਉਸ ਨੂੰ ਪੀ. ਜੀ. ਆਈ. ਲਿਜਾ ਕੇ ਪੋਸਟਮਾਰਟਮ ਕਰਾਉਣਾ ਇਕ ਡਰਾਮਾ ਸੀ, ਸਿਆਸਤਦਾਨਾਂ ਵਲੋਂ ਕੀਤੇ ਬੇਲੋੜੇ ਮੁਜਾਹਰਿਆਂ ਨੂੰ ਸ਼ਾਂਤ ਕਰਨ ਦਾ। ਜੇ ਸਰਕਾਰ ਇੰਨਾ ਨਾ ਕਰਦੀ ਤਾਂ ਪਤਾ ਨਹੀਂ ਕੀ ਹੁੰਦਾ। ਸਪਸ਼ਟ ਹੈ ਕਿ ਦੇਸੀ ਤਰੀਕਾ ਉਦੋਂ ਹੀ ਵਰਤਿਆ ਗਿਆ, ਜਦੋਂ ਨੰਨ੍ਹੀ ਤੇ ਮਲੂਕ ਜਿੰਦੜੀ ਅਣਆਈ ਦਾ ਸ਼ਿਕਾਰ ਹੋ ਕੇ ਇਕ ਵਸਤੂ ਦਾ ਰੂਪ ਧਾਰ ਚੁਕੀ ਸੀ। ਵਸਤੂ ਦੇ ਨੱਕ, ਕੰਨ ਤੇ ਅੱਖਾਂ ਨਹੀਂ ਹੁੰਦੇ।

ਇਹ ਸਾਰੇ ਦਾ ਸਾਰਾ ਘਟਨਾਕ੍ਰਮ ਬੇਹਦ ਦੁਖਦਾਈ ਸੀ, ਪਰ ਜਿਸ ਤਰ੍ਹਾਂ ਦਾ ਮੁਜਾਹਰਾ ਲੋਕਾਂ ਦੇ ਇਕੱਠ ਨੇ ਕੀਤਾ, ਉਹ ਹਾਸੋਹੀਣਾ ਹੀ ਨਹੀਂ, ਸ਼ਰਮਨਾਕ ਵੀ ਹੈ। ਬੱਚੇ ਦੇ ਮਾਪੇ ਤੇ ਹੋਰ ਸਾਕ ਸਬੰਧੀ ਬੋਰ ਵੈੱਲ ਵਿਚ ਡਿੱਗੀ ਮਾਸੂਮ ਜਿੰਦੜੀ ਬਾਰੇ ਸੋਚ ਕੇ ਪ੍ਰੇਸ਼ਾਨ ਬੈਠੇ ਹਨ ਤੇ ਘਰ ਦੇ ਬਾਹਰ ਹਜ਼ਾਰਾਂ ਲੋਕ ਸਰਕਾਰ ਤੇ ਪ੍ਰਸ਼ਾਸਨ ਵਿਰੁਧ ਨਾਅਰੇ ਲਾ ਰਹੇ ਹਨ। ਨਿਸਚੇ ਹੀ ਇਹ ਕਾਰਾ ਵਿਰੋਧੀ ਧਿਰ ਦਾ ਹੈ, ਜਿਸ ਨੇ ਵੱਡੀ ਜਿੱਤ ਤੋਂ ਪਿੱਛੋਂ ਦੇਸ਼ ਭਰ ਵਿਚ ਘਟ ਵੋਟਾਂ ਲੈਣ ਵਾਲੀਆਂ ਪਾਰਟੀਆਂ ਦਾ ਜਿਉਣਾ ਹਰਾਮ ਕਰ ਛੱਡਿਆ ਹੈ।



ਇਸ ਤ੍ਰਾਸਦੀ ਤੋਂ ਜਨਮੀ ਸਿਆਸਤ ਵਿਚ ਜੇ ਕੋਈ ਦਾਨਾ ਚਿਹਰਾ ਹੈ ਤਾਂ ਫਤਿਹਵੀਰ ਦੇ ਦਾਦੇ ਦਾ, ਜੋ ਆਪਣੇ ਦਰ 'ਤੇ ਜੁੜੀ ਭੀੜ ਨੂੰ ਹੱਥ ਜੋੜ ਕੇ ਬੇਨਤੀ ਕਰ ਰਿਹਾ ਹੈ ਕਿ ਭਾਣਾ ਮੰਨੋ ਤੇ ਘਰੋ ਘਰ ਜਾਉ। ਫਤਿਹਵੀਰ ਨੂੰ ਬੋਰ ਵਿਚੋਂ ਕੱਢ ਕੇ ਪੀ. ਜੀ. ਆਈ. ਲਿਜਾ ਕੇ ਪੋਸਟਮਾਰਟਮ ਦੀ ਕਾਰਵਾਈ ਕੀਤੀ ਜਾਂਦੀ ਹੈ, ਉਹ ਤਦ ਵੀ ਸ਼ਾਂਤ ਹੈ। ਲਾਸ਼ ਡੱਬੇ ਵਿਚ ਬੰਦ ਵਾਪਸ ਆਉਂਦੀ ਹੈ, ਤਦ ਵੀ ਉਸ ਦੀ ਬੇਨਤੀ ਕੋਈ ਨਹੀਂ ਸੁਣ ਰਿਹਾ। ਸਿਆਸਤ ਜ਼ੋਰਾਂ 'ਤੇ ਹੈ।

ਇਹ ਘੜੀ ਬੱਚੇ ਦੇ ਬਲੀਦਾਨ ਤੋਂ ਸਬਕ ਸਿੱਖਣ ਦੀ ਹੈ। ਨਵੀਨ ਖੇਤੀ ਤਕਨੀਕਾਂ ਨੇ ਬੋਰ ਵੈੱਲ ਲਾਜ਼ਮੀ ਕਰ ਦਿੱਤੇ ਹਨ ਤਾਂ ਉਨ੍ਹਾਂ ਨੂੰ ਖੁੱਲ੍ਹੇ ਨਾ ਛੱਡ ਕੇ ਯੋਗ ਸੁਰੱਖਿਆ ਪ੍ਰਬੰਧ ਕਰਨੇ ਜਾਂ ਕਰਵਾਉਣੇ ਵੀ ਜ਼ਰੂਰੀ ਹਨ। ਨਾਅਰੇ ਲਾਉਣ ਲਈ ਹੋਰ ਬੜੇ ਬਹਾਨੇ ਹਨ। ਮੈਂ ਤਾਂ ਇਹੋ ਕਹਾਂਗਾ ਕਿ ਘੜੀ ਦੀ ਨਜ਼ਾਕਤ ਪਛਾਣੋ। ਕੁਝ ਅਕਲ ਕਰੋ ਦੇਸ਼ ਵਾਸਿਓ! ਬੱਚੇ ਦੇ ਦਾਦੇ ਤੋਂ ਸਬਕ ਸਿੱਖੋ।

**ਨਵੀਆਂ ਮੰਜ਼ਿਲਾਂ, ਨਵੇਂ ਸੰਜੋਗ:** ਭਾਰਤ ਵਿਚ ਵਿਆਹ ਦੇ ਰਿਸ਼ਤੇ ਨੂੰ ਸੰਜੋਗ ਮੰਨਿਆ ਜਾਂਦਾ ਹੈ। ਹੁਣ ਅਮਰੀਕਾ ਤੇ ਕੈਨੇਡਾ ਵਿਚ ਇਸ ਰਿਸ਼ਤੇ ਨੂੰ ਡੈਸਟੀਨੇਸ਼ਨ ਮੈਰਿਜ ਰਾਹੀਂ ਅਮਲ ਵਿਚ ਲਿਆਇਆ ਜਾਂਦਾ ਹੈ। ਰਸਮੀ ਕਾਰਵਾਈ ਲਈ ਦੂਰ ਦੁਰੇਡੀ ਥਾਂ ਚੁਣੀ ਜਾਂਦੀ ਹੈ, ਆਪਣੇ ਦੇਸ਼ ਦੀ ਸੀਮਾਂ ਤੋਂ ਵੀ ਦੂਰ। ਪਿਛਲੇ ਮਹੀਨੇ ਮੈਨੂੰ ਬੰਗਾ ਤੇ ਫਿਲੌਰ ਵਿਚ ਪੈਂਦੇ ਵੱਡੇ ਪਿੰਡ ਸਮਰਾੜੀ ਵਿਖੇ ਵਿਆਹੀ ਆਪਣੀ ਭਾਣਜੀ ਕੰਵਲਜੀਤ ਕੌਰ ਦੇ ਬੇਟੇ ਜਸਬੀਰ ਸਿੰਘ ਰੰਧਾਵਾ ਦੇ ਵਿਆਹ ਉਤੇ ਹਾਜ਼ਰੀ ਭਰਨ ਦਾ ਸੱਦਾ ਆਇਆ। ਉਨ੍ਹਾਂ ਨੇ ਰੁੜਕਾ ਕਲਾਂ ਦੇ ਸੰਧੂਆਂ ਦੀ ਧੀ ਜ਼ਨੀਨ ਨਾਲ ਹੋਏ ਰਿਸ਼ਤੇ ਨੂੰ ਪੱਕਾ ਕਰਨਾ ਸੀ। ਵਿਦੇਸ਼ ਜਾ ਕੇ ਵੱਸੇ ਦੋਵੇਂ ਪਰਿਵਾਰ ਕੈਨੇਡਾ ਦੇ ਵੈਨਕੂਵਰ ਸ਼ਹਿਰ ਵਿਚ ਰਹਿੰਦੇ ਹਨ। ਜਸਬੀਰ ਤੇ ਜ਼ਨੀਨ ਜੋੜੀ ਦੀ ਸੰਜੋਗੀ ਸਾਂਝ ਤਾਂ ਵੈਨਕੂਵਰ ਵਿਚ ਹੀ ਜੁੜ ਚੁਕੀ ਸੀ, ਪਰ ਇਹਨੂੰ ਅਮਲੀ ਰੂਪ ਦੇਣ ਦੀ ਕਾਰਵਾਈ ਵਾਸਤੇ ਜਿਹੜੀ ਮੰਜ਼ਿਲ (Destination) ਚੁਣੀ ਗਈ ਸੀ, ਉਹ ਮੈਕਸੀਕੋ ਦਾ ਇੱਕ ਬਹੁਤ ਵੱਡਾ ਹੋਟਲ ਸੀ, ਜੋ ਉਥੋਂ ਦੇ ਸਮੁੰਦਰ ਦੇ ਕੰਢੇ ਪੈਂਦਾ ਹੈ। ਮੈਂ ਹੁਣ ਏਨਾ ਲੰਮਾ ਸਫਰ ਨਹੀਂ ਕਰਦਾ। ਮੈਂ ਆਪਣੀ ਮਜਬੂਰੀ ਦਰਸਾ ਕੇ ਨਿਸਚਿੰਤ ਹੋ ਗਿਆ।

ਪਤਾ ਲੱਗਾ ਹੈ ਕਿ ਡੈਸਟੀਨੇਸ਼ਨ ਮੈਰਿਜ 'ਚ ਪਹੁੰਚਣ ਵਾਲੇ ਸਾਰੇ ਰਿਸ਼ਤੇਦਾਰ ਟੋਰਾਂਟੋ, ਨਿਊ ਜਰਸੀ, ਟੈਕਸਸ, ਸੈਨ ਫਰਾਂਸਿਸਕੋ, ਵੈਨਕੂਵਰ, ਐਡਮਿੰਟਨ ਤੇ ਕੈਲਗਰੀ ਤੋਂ ਉਥੇ ਪਹੁੰਚ ਹੋਏ ਸਨ। ਇਹ ਵੀ ਪਤਾ ਲੱਗਾ ਕਿ ਉਨ੍ਹਾਂ ਨੇ ਉਥੇ ਪਹੁੰਚਣ ਲਈ ਹਵਾਈ ਜਹਾਜ਼ਾਂ ਦੀਆਂ ਜੋ ਟਿਕਟਾਂ ਖਰੀਦੀਆਂ ਸਨ, ਉਨ੍ਹਾਂ ਦੇ ਪੈਸੇ ਹਰ ਕਿਸੇ ਨੇ ਆਪਣੇ ਪੱਲਿਓਂ ਭਰੇ ਸਨ। ਇਥੇ ਹੀ ਬਸ ਨਹੀਂ, ਮੈਕਸੀਕੋ ਦੇ ਹੋਟਲ ਵਿਚ ਰਹਿਣ ਤੇ ਖਾਣ ਪੀਣ ਦਾ ਖਰਚਾ ਵੀ ਆਪੋ ਆਪਣੀ ਜੇਬ ਵਿਚੋਂ ਕੀਤਾ ਸੀ। ਵਿਆਹੁੰਦੜ ਕੁੜੀ ਦੇ ਰਿਸ਼ਤੇਦਾਰਾਂ ਨੇ ਵੀ ਤੇ ਲਾੜੇ ਦੇ ਰਿਸ਼ਤੇਦਾਰਾਂ ਨੇ ਵੀ।

ਵਿਦੇਸ਼ਾਂ ਵਿਚ ਅਜਿਹੇ ਖਰਚੇ ਮਣਾ ਮੂੰਹੀਂ ਰੁਪਈਆਂ ਵਿਚ ਨਹੀਂ, ਡਾਲਰਾਂ ਤੇ ਪੌਂਡਾਂ ਵਿਚ ਹੁੰਦੇ ਹਨ। ਅਜਿਹੇ ਵਿਆਹਾਂ ਵਿਚ ਰਲ ਮਿਲ ਕੇ ਖਾਣ ਪੀਣ ਦੀ ਰਸਮ ਤੋਂ ਬਿਨਾ ਮਹਿੰਦੀ, ਮਾਈਆਂ, ਜਾਗੋ ਤੇ ਗੀਤ-ਸੰਗੀਤ ਦੀਆਂ ਸਭ ਰਸਮਾਂ ਹੁੰਦੀਆਂ ਹਨ, ਜੋ ਇਧਰ ਵਾਲੇ ਪੰਜਾਬੀ ਕਾਫੀ ਹੱਦ ਤੱਕ ਭੁਲਾ ਚੁਕੇ ਹਨ। ਵਿਦੇਸ਼ੀ ਰੀਤ ਦਾ ਉਜਲਾ ਪੱਖ ਇਹ ਹੈ ਕਿ ਸੈਂਕੜੇ ਹਜ਼ਾਰਾਂ ਮੀਲ ਦੀ ਦੂਰੀ ਵਾਲੇ ਰਿਸ਼ਤੇਦਾਰ ਦਹਾਕਿਆ ਪਿੱਛੋਂ ਇੱਕ ਦੂਜੇ ਨੂੰ ਮਿਲਦੇ ਹਨ। ਅਜਿਹੀ ਰੀਤ ਨਾ ਹੋਵੇ ਤਾਂ ਟੈਲੀਫੋਨ 'ਤੇ ਹੀ ਗਿੱਟ ਮਿੱਟ ਹੁੰਦੀ ਹੈ। ਹੋ ਸਕਦਾ ਹੈ, ਕੱਲ ਨੂੰ ਜਨਮ ਮਰਨ ਦੀਆਂ ਰਸਮਾਂ ਵੀ ਇਹੀਓ ਰੂਪ ਧਾਰ ਲੈਣ। ਧਾਰਦੀਆਂ ਹਨ ਜਾਂ ਨਹੀਂ, ਸਮੇਂ ਨੇ ਦੱਸਣਾ ਹੈ। ਹਾਲ ਦੀ ਘੜੀ ਡੈਸਟੀਨੇਸ਼ਨ ਮੈਰਿਜ ਸਵਾਗਤ ਮੰਗਦੀ ਹੈ।

**ਅੰਤਿਕਾ: ਸੁਖਵਿੰਦਰ ਅੰਮ੍ਰਿਤ**

ਮੈਂ ਇੰਜ ਤੜਪਾਂ, ਮੈਂ ਇੰਜ ਸਿਸਕਾਂ
ਇੰਜ ਦੇਵਾਂ ਸੱਦਾ ਉਸ ਨੂੰ,
ਮੇਰਾ ਦਰਿਆ, ਮੇਰੀ ਖਾਤਰ
ਸਮੁੰਦਰ 'ਚੋਂ ਵੀ ਲੌਟ ਆਏ।

# ਪੰਜਾਬ 'ਚ ਵਾਪਰੀਆਂ ਤਾਜ਼ਾ ਘਟਨਾਵਾਂ ਲਈ ਸਰਕਾਰੀ ਧਿਰ ਜ਼ਿੰਮੇਵਾਰ



ਸੁਕੰਨਿਆ ਭਾਰਦਵਾਜ ਨਾਭਾ*
ਫੋਨ: 815-307-3112

ਪੰਜਾਬ ਟਾਈਮਜ਼ ਦੇ ਪਿਛਲੇ ਅੰਕ ਵਿਚ 'ਪੁਲਿਸ ਹਿਰਾਸਤ ਦੌਰਾਨ ਮੌਤਾਂ ਦਾ ਵਰਤਾਰਾ' ਸੁਰਖੀ ਹੇਠ ਛਪੇ ਮੇਰੇ ਲੇਖ ਸਬੰਧੀ ਕੈਲੀਫੋਰਨੀਆ ਤੋਂ ਇਕ ਫੋਨ ਆਇਆ। ਫੋਨ ਕਰਨ ਵਾਲਾ ਕਹਿ ਰਿਹਾ ਸੀ, "ਤੁਸੀਂ ਇੱਕ ਪੱਖ ਬਾਰੇ ਲਿਖਿਆ ਹੈ, ਦੂਜੇ ਜਿਨ੍ਹਾਂ ਬੱਸਾਂ ਵਿਚੋਂ ਕੱਢ ਕੱਢ ਬੇਦੋਸ਼ੇ ਮਾਰੇ, ਉਸ ਬਾਰੇ ਨਹੀਂ ਕਿਹਾ ਕੁਝ।...ਫੌਜ ਨੇ ਦਰਬਾਰ ਸਾਹਿਬ ਵੱਲ ਤਾਂ ਗੋਲੀ ਨਹੀਂ ਚਲਾਈ। ਉਨ੍ਹਾਂ ਦਾ ਨਿਸ਼ਾਨਾ ਤਾਂ ਸੰਤ ਜਰਨੈਲ ਸਿੰਘ ਭਿੰਡਰਾਂਵਾਲਾ ਤੇ ਸਾਥੀ ਸਨ ਤਾਂ ਫਿਰ ਦਰਬਾਰ ਸਾਹਿਬ 'ਤੇ ਹਮਲੇ ਦੇ ਬਚਾਅ ਲਈ ਕੀ ਉਹ ਬਾਹਰ ਨਹੀਂ ਸੀ ਆ ਸਕਦਾ? ਕੀ ਉਹ ਬਰਾਬਰ ਦਾ ਦੋਸ਼ੀ ਨਹੀਂ?...ਭਾਵੇਂ ਕਾਲਾ ਦੌਰ ਖਤਮ ਹੋ ਗਿਆ ਹੈ, ਪਰ ਫਿਰ ਵੀ ਕਿਤੇ ਨਾ ਕਿਤੇ ਖਾੜਕੂਆਂ ਦੀ ਦਹਿਸ਼ਤ ਬਰਕਰਾਰ ਹੈ, ਇਹੋ ਕਾਰਨ ਹੈ ਕਿ ਕੋਈ ਵੀ ਉਨ੍ਹਾਂ ਦੇ ਵਿਰੋਧ ਵਿਚ ਨਹੀਂ ਲਿਖਦਾ, ਸਿਵਾਏ ਨਿਊਜ਼ੀਲੈਂਡ ਵਾਲੇ ਮੁੰਡੇ ਦੇ।" ਉਨ੍ਹਾਂ ਸੰਤ ਭਿੰਡਰਾਂਵਾਲੇ ਤੇ ਸੁਖਦੇਵ ਸਿੰਘ ਬੱਬਰ ਸਮੇਤ ਖਾੜਕੂ ਧਿਰਾਂ ਦੀ ਕਾਰਗੁਜ਼ਾਰੀ ਦੇ ਵਿਰੋਧ ਵਿਚ ਆਪਣੇ ਵਲੋਂ ਲਿਖੇ ਜਾਣ ਦਾ ਵੀ ਦਾਅਵਾ ਕੀਤਾ।

ਮੇਰੀ ਲਿਖਤ ਖਾੜਕੂਵਾਦ ਦੇ ਹੱਕ ਜਾਂ ਵਿਰੋਧ ਵਿਚ ਨਹੀਂ ਸੀ, ਸਗੋਂ ਸਰਕਾਰੀ ਖਾਸੇ ਬਾਰੇ ਹੀ ਲਿਖਿਆ ਸੀ। ਫਿਰ ਸੰਤ ਭਿੰਡਰਾਂਵਾਲੇ ਜਾਂ ਸਰਕਾਰ ਦੇ ਰੋਲ ਬਾਰੇ ਕੀ ਲਿਖਣਾ ਸੀ? ਪਰ ਜੇ ਦੇਖਿਆ ਜਾਵੇ ਤਾਂ ਕਿਹਨੂੰ ਪੰਜਾਬ ਪੱਖੀ ਤੇ ਕਿਹਨੂੰ ਵਿਰੋਧੀ ਕਹੀਏ? ਭੰਬਲਭੂਸਾ ਉਦੋਂ ਵੀ ਸੀ ਤੇ ਹੁਣ ਵੀ ਹੈ। ਕੋਈ ਭਿੰਡਰਾਂਵਾਲੇ ਨੂੰ ਯੁੱਗਪੁਰਸ਼ ਕਹਿੰਦਾ ਹੈ, ਕੋਈ ਏਜੰਸੀਆਂ ਤੇ ਸਾਬਕਾ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦਾ ਹੱਥ ਠੋਕਾ। ਕੋਈ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੇ ਮਰਹੂਮ ਸਾਬਕਾ ਐਸ. ਜੀ. ਪੀ. ਸੀ. ਪ੍ਰਧਾਨ ਜਥੇਦਾਰ ਗੁਰਚਰਨ ਸਿੰਘ ਟੌਹੜਾ ਨੂੰ 1984 ਦੇ ਸਾਕਾ ਨੀਲਾ ਤਾਰਾ ਲਈ ਜਿੰਮੇਵਾਰ ਦੱਸਦਾ ਹੈ, ਅਤੇ ਬਾਦਲਾਂ ਨੂੰ ਪੰਥ ਦੀ ਪਿੱਠ ਵਿਚ ਛੂਰਾ ਮਾਰਨ ਤੇ ਕੌਮ ਦੇ ਕਥਿਤ ਗੱਦਾਰ ਕਹਿਣ ਤੋਂ ਵੀ ਗੁਰੇਜ ਨਹੀਂ ਕਰਦਾ।

ਦੂਜੇ ਪਾਸੇ ਕੈਪਟਨ ਅਮਰਿੰਦਰ ਸਿੰਘ ਦਰਬਾਰ ਸਾਹਿਬ ਦੇ ਹਮਲੇ ਤੇ ਚੁਰਾਸੀ ਦੇ ਕਤਲੇਆਮ ਦੇ ਰੋਸ ਵਜੋਂ ਕਾਂਗਰਸ ਤੋਂ ਅਸਤੀਫਾ ਦਿੰਦਾ ਹੈ, ਪਰ ਮੁੜ ਉਸੇ ਕਾਂਗਰਸ 'ਚ ਸ਼ਾਮਲ ਹੋ ਮੁੱਖ ਮੰਤਰੀ ਦੀ ਕੁਰਸੀ 'ਤੇ ਜਾ ਬਹਿੰਦਾ ਹੈ। ਅਸੀਂ ਵੀ ਸਭ ਕੁਝ ਭੁਲਾ ਕੇ ਦਰਬਾਰ ਸਾਹਿਬ ਤੇ ਅਕਾਲ ਤਖਤ 'ਤੇ ਹਮਲਾ, ਬੇਗੁਨਾਹਾਂ ਦਾ ਕਤਲੇਆਮ, ਪਾਣੀਆਂ ਦੇ ਮਸਲੇ, ਰਾਜਧਾਨੀ, ਪੰਜਾਬੀ ਬੋਲਦੇ ਇਲਾਕੇ, ਬੇਰੁਜ਼ਗਾਰੀ, ਉਦਯੋਗ, ਕਿਸਾਨ ਖੁਦਕੁਸ਼ੀਆਂ ਤੇ ਨਸ਼ਿਆਂ ਸਮੇਤ ਸਮੂਹ ਚਲੰਤ ਮਸਲੇ ਭੁਲਾ ਕੇ ਉਸ ਨੂੰ ਸੂਬੇ ਦੀ ਵਾਗਡੋਰ ਸੰਭਾਲ ਦਿੰਦੇ ਹਾਂ। ਅਸੀਂ ਬਾਦਲ/ਕੈਪਟਨ ਵਿਚੋਂ ਨਹੀਂ ਨਿਕਲਦੇ, ਇਨ੍ਹਾਂ ਦੇ ਝੂਠੇ ਲਾਰਿਆਂ ਨਾਲ ਮੂਰਖ ਬਣ ਕੇ ਫਿਰ ਉਨ੍ਹਾਂ ਨੂੰ ਸੱਤਾ ਸੌਂਪ ਦਿੰਦੇ ਹਾਂ। ਕਿਸੇ ਤੀਜੀ ਧਿਰ ਨੂੰ ਅਸੀਂ ਖੜ੍ਹਨ ਨਹੀਂ ਦਿੰਦੇ।

ਹੁਣ ਕੇਂਦਰ ਦੀ ਹੀ ਗੱਲ ਲੈ ਲਓ! ਲੋਕ ਮੋਦੀ ਤੇ ਉਸ ਦੇ ਹਿੰਦੁਤਵੀ ਏਜੰਡੇ ਨੂੰ ਪੂਰੇ ਪੰਜ ਸਾਲ ਗਾਲ੍ਹਾਂ ਕੱਢੀ ਗਏ, ਪਰ ਮੁੜ ਅੱਗੇ ਨਾਲੋਂ ਵੀ ਵੱਧ ਸੀਟਾਂ ਨਾਲ ਉਸ ਨੂੰ ਜਿਤਾ ਕੇ ਵਿਰੋਧੀ ਧਿਰ ਨੂੰ ਬਿਲਕੁਲ ਖਾਤਮੇ ਦੇ ਕੰਢੇ 'ਤੇ ਖੜ੍ਹਾ ਦਿੱਤਾ ਹੈ। ਜਦੋਂ ਸੱਤਾ ਤਬਦੀਲੀ ਦਾ ਸਮਾਂ ਹੁੰਦਾ ਹੈ ਤਾਂ ਅਸੀਂ ਫਿਰ ਉਨ੍ਹਾਂ ਹੀ ਰਵਾਇਤੀ ਧਿਰਾਂ ਕੋਲ ਆਪਣੇ ਆਪ ਨੂੰ ਗਿਰਵੀ ਰੱਖ ਦਿੰਦੇ ਹਾਂ, ਅਗਲੇ ਪੰਜ ਸਾਲ ਲਈ। ਇਸ ਖਾਤਰ ਇਕੱਲੀਆਂ ਰਵਾਇਤੀ ਧਿਰਾਂ ਹੀ ਨਹੀਂ, ਅਸੀਂ ਵੀ ਬਰਾਬਰ ਦੇ ਹਿੱਸੇਦਾਰ ਹਾਂ, ਜਦੋਂ ਅਸੀਂ ਨਿੱਕੀਆਂ ਨਿੱਕੀਆਂ ਗਰਜਾਂ ਲਈ ਆਪਣੇ ਬੱਚਿਆਂ ਦੇ ਭਵਿੱਖ ਦਾ ਸੌਦਾ ਕਰ ਲੈਂਦੇ ਹਾਂ। ਕੀ ਕਦੇ ਅਸੀਂ ਇੱਕ ਦੂਜੇ ਦੀਆਂ ਲੱਤਾਂ ਖਿੱਚਣ ਤੇ ਭੰਡੀ ਪ੍ਰਚਾਰ ਤੋਂ ਉਪਰ ਉਠ ਕੇ ਪੰਜਾਬ ਦੀ ਬਿਹਤਰੀ ਲਈ ਕੁਝ ਕਰਨ ਬਾਰੇ ਵੀ ਵਿਚਾਰ ਕਰਾਂਗੇ?

ਬਰਗਾੜੀ ਮੋਰਚੇ ਵਾਲੇ ਜਥੇਦਾਰਾਂ ਨੂੰ ਹੀ ਲੈ ਲਓ। ਛੇ ਮਹੀਨੇ ਮੋਰਚਾ ਲਾਈ ਰੱਖਿਆ। ਜਦੋਂ ਮੰਗਾਂ ਮੰਨਣ ਦਾ ਵੇਲਾ ਆਇਆ ਤਾਂ ਮੋਰਚਾ ਚੁੱਕ ਲਿਆ। ਫਿਰ ਇਨ੍ਹਾਂ 'ਤੇ ਕਾਂਗਰਸ ਨਾਲ ਮਿਲੇ ਹੋਣ ਤੇ ਕਰੋੜਾਂ ਰੁਪਿਆ ਹੜੱਪ ਲਏ ਜਾਣ ਦੇ ਦੋਸ਼ ਲਗਦੇ ਹਨ। ਲੁੱਟ ਦਾ ਸ਼ਿਕਾਰ ਵਿਚਾਰੇ ਪਰਵਾਸੀ ਪੰਜਾਬੀਆਂ ਨੂੰ ਬਣਾਇਆ ਜਾਂਦਾ ਹੈ। ਉਹ ਆਪਣੀ ਖੂਨ ਪਸੀਨੇ ਦੀ ਕਮਾਈ ਇਹੋ ਜਿਹੇ ਅਖੌਤੀ ਪੰਥਕ ਤੇ ਪੰਜਾਬ ਹਿਤੈਸ਼ੀਆਂ 'ਤੇ ਨਿਛਾਵਰ ਕਰ ਦਿੰਦੇ ਹਨ। ਕਿਥੇ ਲੋਕਾਂ ਨੂੰ ਉਮੀਦ ਸੀ ਕਿ ਇਹ ਬਾਦਲ/ਕੈਪਟਨ ਦਾ ਬਦਲ ਬਣਨਗੇ ਤੇ ਤੀਜੀ ਧਿਰ ਵਜੋਂ ਲੋਕਾਂ ਨੂੰ ਕੋਈ ਰਾਹਤ ਦੇਣਗੇ। ਅੱਜ ਤਕ ਇਹ ਨਹੀਂ ਪਤਾ ਲੱਗ ਸਕਿਆ ਕਿ ਬਿਨਾ ਕੋਈ ਮੰਗ ਮੰਨਵਾਏ ਇਹ ਮੋਰਚਾ ਕਿਉਂ ਚੁੱਕਿਆ ਗਿਆ? ਜੇ ਇਹੋ ਕੜ੍ਹੀ ਘੋਲਣੀ ਸੀ ਤਾਂ ਮੋਰਚਾ ਲਾਉਣ ਦੀ ਕੀ ਲੋੜ ਸੀ? ਕੀ ਆਪਣੇ ਆਪ ਨੂੰ ਪੰਥਕ ਕਹਾਉਣ ਵਾਲੀ ਇਸ ਧਿਰ ਦੀ ਧਾਰਮਿਕ, ਸਮਾਜਕ ਤੇ ਰਾਜਨੀਤਕ ਜਿੰਮੇਵਾਰੀ ਨਹੀਂ ਸੀ ਕਿ ਮੰਗਾਂ ਮੰਨਵਾ ਕੇ ਇਹ ਲੋਕਾਂ ਨੂੰ ਕੋਈ ਬਦਲ ਦਿੰਦੇ, ਲੋਕਾਂ ਦਾ ਸਾਲਸ ਬਣ ਕੇ ਖੜ੍ਹਦੇ। ਉਲਟਾ ਚੋਣਾਂ ਵਿਚ ਹੀ ਬਾਦਲ ਦੇ ਘਰ ਦਾ ਘਿਰਾਓ ਕਰਨ ਤੁਰ ਪਏ। ਉਥੇ ਜਾ ਕੇ ਬਾਦਲ ਦਾ ਤਾਂ ਇਨ੍ਹਾਂ ਕੀ ਕਰਨਾ ਸੀ, ਆਪੋ ਵਿਚ ਹੀ ਛਿੱਤਰ ਪਤਾਣ ਹੋ ਗਏ। ਫਿਰ ਇਹਦਾ ਫਾਇਦਾ ਕਾਂਗਰਸ ਨੂੰ ਹੀ ਮਿਲਿਆ ਤੇ ਮਾੜਾ ਬਾਦਲ ਵੀ ਨਹੀਂ ਰਿਹਾ, ਉਸ ਦੇ ਤਾਂ ਨੂੰਹ-ਪੁੱਤ ਜਿੱਤ ਗਏ। ਸਿਆਸਤ ਦੇ ਇਸ ਭੰਬਲਭੂਸੇ ਨੇ ਲੋਕਾਂ ਵਿਚ ਬੇਭਰੋਸਗੀ ਪੈਦਾ ਕਰ ਦਿੱਤੀ ਤੇ ਹੁਣ ਫਿਰ ਉਹ ਲੁੱਟੇ ਗਏ।

ਮੇਰੇ ਲੇਖ ਵਿਚ ਖਾੜਕੂ ਦੌਰ ਦਾ ਕੋਈ ਲੇਖਾ-ਜੋਖਾ ਨਹੀਂ ਸੀ, ਸਗੋਂ ਬੇਕਸੂਰ ਜਸਪਾਲ ਸਿੰਘ ਨੂੰ ਜਿਸ ਤਰ੍ਹਾਂ ਕੋਹ ਕੋਹ ਕੇ ਮਾਰਿਆ ਗਿਆ ਤੇ ਫਿਰ ਉਸ ਦੀ ਲਾਸ਼ ਵੀ ਵਾਰਸਾਂ ਨੂੰ ਨਾ ਦਿੱਤੀ ਗਈ, ਉਸ ਘਟਨਾਕ੍ਰਮ 'ਤੇ ਇੱਕ ਹਾਅ ਦਾ ਨਾਅਰਾ ਸੀ। ਪੁਲਿਸ ਨੇ ਆਪਣਾ ਗੁਨਾਹ ਲੁਕਾਉਣ ਲਈ ਕੀ ਕੀ ਚਿੱਕੜ ਉਛਾਲਿਆ ਤੇ ਕਿਰਦਾਰਕੁਸ਼ੀ ਉਸ ਬੱਚੇ ਦੀ ਨਹੀਂ ਕੀਤੀ! ਤੁਸੀਂ ਆਪ ਹੀ ਅੰਦਾਜ਼ਾ ਲਾ ਸਕਦੇ ਹੋ ਕਿ ਹੁਣ ਤਾਂ ਚੌਰਾਸੀ ਵਾਲਾ ਕਾਲਾ ਦੌਰ ਵੀ ਨਹੀਂ ਸੀ, ਫਿਰ ਲੋਕਾਂ ਦੀ ਜਾਨ-ਮਾਲ ਦੀ ਰਾਖੀ ਕਰਨ ਵਾਲੀਆਂ ਇਹ ਫੋਰਸਾਂ ਉਸ ਟਾਈਮ ਕੀ ਕੀ ਨਹੀਂ ਕਰਦੀਆਂ ਹੋਣਗੀਆਂ? ਸੋ, ਇਹ ਖਾੜਕੂਵਾਦ ਨੂੰ ਉਤਸ਼ਾਹ ਦੇਣ ਵਾਲੀ ਗੱਲ ਨਹੀਂ ਸੀ, ਸਗੋਂ ਲੋਕਾਂ ਦੀ ਹਿਫਾਜ਼ਤ ਲਈ ਤਾਇਨਾਤ ਸਟੇਟ ਮਸ਼ੀਨਰੀ ਦੀ ਜਿੰਮੇਵਾਰੀ ਤੈਅ ਕਰਨ ਦੀ ਸੀ। ਕੋਈ ਵੀ ਬੰਦਾ, ਜੋ ਸਮਾਜਕ ਸਰੋਕਾਰਾਂ ਦੇ ਉਲਟ ਨਿਭੇਗਾ, ਉਸ ਨੂੰ ਜਨਤਾ ਕਦੇ ਮਾਫ ਨਹੀਂ ਕਰੇਗੀ। ਇਹ ਗੱਲ ਵੱਖਰੀ ਹੈ ਕਿ ਕੁਝ ਸਮੇਂ ਲਈ ਉਹਦੀ ਅਵਾਜ਼ ਦਬਾਈ ਜਾ ਸਕਦੀ ਹੈ, ਬੰਦ ਨਹੀਂ ਕੀਤੀ ਜਾ ਸਕਦੀ।

ਭਗਵਾਨਪੁਰਾ (ਸੁਨਾਮ) ਦੇ ਫਤਿਬੀਰ ਸਿੰਘ ਦੀ ਮੌਤ ਵੀ ਤਾਂ ਇੱਕ ਤਰ੍ਹਾਂ ਦੀ ਹੱਤਿਆ ਹੀ ਹੈ! ਨਾਅਹਿਲ ਪ੍ਰਸ਼ਾਸਨ/ਸਰਕਾਰ ਇਸ ਭੋਰਾ ਭਰ ਮਾਸੂਮ ਦਾ 6 ਦਿਨ ਤਕ ਅੰਤ ਦੇਖਦੀ ਰਹੀ। ਹੁਣ ਦੱਸੋ, ਇਸ ਲਗਾਤਾਰ ਅਣਗਹਿਲੀ ਤੇ ਅਸੰਵੇਦਨਸ਼ੀਲਤਾ ਲਈ ਤੁਸੀਂ ਕਿਸ ਨੂੰ ਜਿੰਮੇਵਾਰ ਠਹਿਰਾਓਗੇ? ਇਹ ਸਟੇਟ ਮਸ਼ੀਨਰੀ ਦੀ ਨਾਅਹਿਲੀਅਤ ਨਹੀਂ? ਬੋਰ ਵੈੱਲ ਵਿਚ ਬੱਚਿਆਂ ਦੇ ਡਿਗਣ ਦੀਆਂ ਘਟਨਾਵਾਂ ਨਿੱਤ ਵਰਤਦੀਆਂ ਨੇ। ਕੀ ਅਜੇ ਤਕ ਕੋਈ ਵੀ ਤਕਨੀਕ ਵਿਕਸਿਤ ਕੀਤੀ ਗਈ, ਜੋ ਅਜਿਹੀ ਹੰਗਾਮੀ ਹਾਲਤ ਦਾ ਟਾਕਰਾ ਕਰ ਸਕੇ? ਦਾਅਵੇ ਅਸੀਂ 'ਮੇਕ ਇਨ ਇੰਡੀਆ', 'ਡਿਜੀਟਲ ਇੰਡੀਆ', 'ਭਾਰਤ ਵਿਸ਼ਵ ਗੁਰੂ ਬਣਨ ਜਾ ਰਿਹਾ ਹੈ' ਵਰਗੇ ਕਰਦੇ ਹਾਂ।

ਸੂਰਤ ਵਿਚ ਇੱਕ ਇਮਾਰਤ ਨੂੰ ਅੱਗ ਲੱਗਣ ਨਾਲ 22 ਨੌਜੁਆਨ ਮਾਰੇ ਗਏ। ਕੀ ਇਹ ਜਿੰਮੇਵਾਰੀ ਸਰਕਾਰਾਂ ਦੀ ਨਹੀਂ ਕਿ ਉਹ ਇਨ੍ਹਾਂ ਹੰਗਾਮੀ ਹਾਲਤਾਂ ਦਾ ਟਾਕਰਾ ਕਰਨ ਲਈ ਪ੍ਰੀਖਿਆ ਸਕੂਲ ਸਿਲੇਬਸ ਦਾ ਹਿੱਸਾ ਬਣਾਉਣ। ਇਨ੍ਹਾਂ ਬਹੁ-ਮੰਜ਼ਿਲੀ ਇਮਾਰਤਾਂ ਵਿਚ ਸੇਫਟੀ ਦੇ ਸਾਰੇ ਉਪਕਰਣ ਫਿਟ ਕਰਨੇ ਯਕੀਨੀ ਬਣਾਏ ਜਾਣ। ਲੋਕਾਂ ਦੇ ਜਾਨ-ਮਾਲ ਦੀ ਰਾਖੀ ਕਰਨਾ ਸਰਕਾਰੀ ਤੰਤਰ ਦਾ ਮੁਢਲਾ ਫਰਜ਼ ਹੈ, ਕਿਉਂਕਿ ਉਹ ਸਰਕਾਰਾਂ ਬਣਾਉਂਦੇ ਹਨ, ਸਰਕਾਰਾਂ ਚਲਾਉਣ ਲਈ ਆਪਣੇ ਖੂਨ ਪਸੀਨੇ ਦੀ ਕਮਾਈ ਵਿਚੋਂ ਭਾਰੀ ਟੈਕਸ ਅਦਾ ਕਰਦੇ ਹਨ, ਪਰ ਸਟੇਟ ਮਸ਼ੀਨਰੀ ਆਵਾਮ ਨੂੰ ਸੁਰੱਖਿਆ ਦੇਣ ਦੀ ਥਾਂ ਅਜਿਹੇ ਸੰਕਟਮਈ ਮੌਕਿਆਂ ਸਮੇਂ ਅਵਾਜ਼ ਸੁਣਨ ਤੋਂ ਵੀ ਆਰੀ ਹੁੰਦੀ ਹੈ।

ਉਕਤ ਹਵਾਲੇ ਝਲਕਾਰਾ ਮਾਤਰ ਹੀ ਹਨ, ਜਦੋਂ ਕਿ ਨਿੱਤ ਵਾਪਰਦੀਆਂ ਇਸ ਕਿਸਮ ਦੀਆਂ ਘਟਨਾਵਾਂ ਦੀ ਫਹਿਰਿਸਤ ਬੜੀ ਲੰਬੀ ਹੈ। ਅੱਜ ਪੰਜਾਬ ਬਰਬਾਦੀ ਵੱਲ ਵਧ ਰਿਹਾ ਹੈ। ਲੋੜ ਹੈ, ਪੰਜਾਬ ਹਿਤੈਸ਼ੀਆਂ ਦਾ ਅਜਿਹਾ ਮੁਹਾਜ਼ ਉਸਾਰਨ ਦੀ, ਜੋ ਕੁਰਸੀ ਮੋਹ ਦੀ ਥਾਂ ਲੋਕਾਂ ਦੇ ਦੁੱਖਾਂ ਦਾ ਦਾਰੂ ਬਣੇ। ਰਵਾਇਤੀ ਧਿਰਾਂ, ਪੰਥਕ ਧਿਰਾਂ ਕੀ ਕਰਦੀਆਂ ਹਨ, ਦੀ ਲੱਤਾਂ ਖਿੱਚਣ ਵਾਲੀ ਨੀਤੀ ਛੱਡ ਕੇ ਸਮਾਨੰਤਰ ਇੱਕ ਠੋਸ ਬਦਲ ਦਿੱਤਾ ਜਾਵੇ। ਝੂਠੇ ਸਬਜ਼ਬਾਗ ਨਾ ਦਿਖਾਏ ਜਾਣ। ਸਹੀ ਸ਼ਬਦਾਂ ਵਿਚ ਜੇ ਕੁਝ ਕਰੋਗੇ ਤਾਂ ਪੰਜਾਬੀ ਤੁਹਾਡਾ ਸਾਥ ਦੇਣਗੇ। ਮਜਬੂਰੀ ਵੱਸ ਇਹ ਰਵਾਇਤੀ ਪਾਰਟੀਆਂ ਵੱਲ ਜਾਂਦੇ ਹਨ। ਹੁਣ ਸੰਨ 2022 ਵਿਚ ਸੱਤਾ ਤਬਦੀਲੀ ਦਾ ਦੌਰ ਹੈ। ਉਸ ਨੂੰ ਪੰਜਾਬ ਦੀ ਬਿਹਤਰੀ ਲਈ ਕਿਵੇਂ ਵਰਤਣਾ ਹੈ, ਨਿਸ਼ਾਨਾ ਮਿਥ ਲਓ ਤਾਂ ਉਹ ਦਿਨ ਦੂਰ ਨਹੀਂ ਜਦੋਂ ਸੂਬੇ ਦੀ ਵਾਗਡੋਰ ਤੁਹਾਡੇ ਹੱਥ ਹੋਵੇਗੀ।

## ਫਤਿਹਬੀਰ ਸਿੰਘ ਦਾ ਆਖਰੀ ਸੁਨੇਹਾ

ਫਤਿਹਬੀਰ ਸਿੰਘ ਦਏ ਸੁਨੇਹਾ ਦੇਸ਼ ਦੇ ਮਾਪਿਆਂ ਨੂੰ,
ਜਨਮ ਲਿਆ ਸੀ ਕਰ ਦਊਂ ਪੂਰੇ ਘਰ ਦੇ ਘਾਪਿਆਂ ਨੂੰ।

ਮੇਰੇ ਵਰਗੇ ਬੱਚਿਆਂ ਦੀ ਨਿਗਰਾਨੀ ਕਰਿਓ ਜੀ,
ਬੋਰ ਵੈੱਲ ਜਿਹੇ ਟੋਏ ਮਿੱਟੀ ਦੇ ਨਾਲ ਭਰਿਓ ਜੀ।
ਪਿਆਰ ਜ਼ਰਾ ਨਾ ਕਰਿਓ ਟੋਇਆਂ ਇਨ੍ਹਾਂ ਸਰਾਪਿਆਂ ਨੂੰ,
ਫਤਿਹਬੀਰ ਸਿੰਘ ਦਏ ਸੁਨੇਹਾ ਦੇਸ਼ ਦੇ ਮਾਪਿਆਂ ਨੂੰ।

ਬੋਰ ਵੈੱਲ ਰੱਖ ਪਾਣੀ ਦੀ ਪਏ ਆਸ ਜੋ ਕਰਦੇ ਨੇ,
ਡਿੱਗ ਪਏ ਵਿਚ ਕੋਈ, ਪਿੱਛੋਂ ਹੌਕੇ ਭਰਦੇ ਨੇ।
ਗਲਤੀਆਂ ਕਾਰਨ ਲੋਕੀਂ ਪਾਉਂਦੇ ਗਲੀ ਸਿਆਪਿਆਂ ਨੂੰ...।

ਬੋਰ ਵੈੱਲ ਵਿਚ ਚੱਲੀ ਦੋ ਦਿਨ, ਮੇਰੀ ਹਰਕਤ ਸੀ,
ਉਦੋਂ ਬਾਹਰ ਕੱਢਦੇ ਤਾਂ, ਘਰ ਹੋਣੀ ਬਰਕਤ ਸੀ।
ਬਿਨ ਬੋਲੇ ਫਿਰ ਡਾਕਟਰ ਤੁਰ ਗਏ ਘੁਰਨੇ ਆਪਿਆਂ ਨੂੰ...।

ਅੰਨ੍ਹੀਆਂ ਬੋਲੀਆਂ ਦੋ ਸਰਕਾਰਾਂ ਮੌਤ ਕਰਾ ਦਿੱਤੀ,
ਪ੍ਰਸ਼ਾਸਨ ਨੇ, ਅਨਪੜ੍ਹ ਸੀ, ਇੱਕ ਟੀਮ ਲਗਾ ਦਿੱਤੀ।
ਵਿੱਲ ਇਨ੍ਹਾਂ ਦੀ ਮਾਰਿਆ ਕੰਡਿਆਂ ਵਾਲੇ ਛਾਪਿਆਂ ਨੂੰ...।

ਜੀਵਨ ਦੀ ਕੀਮਤ ਨਾ ਕੋਈ ਭਾਰਤ ਅੰਦਰ ਦੇ,
ਤੜਫੇ ਕੋਈ ਸੰਗਰੂਰ ਤੇ ਭਾਵੇਂ ਵਿਚ ਜਲੰਧਰ ਦੇ।
ਇਨ੍ਹਾਂ ਦਾ ਕੋਈ ਮਰਦਾ ਲੱਗਦਾ ਪਤਾ ਥਾਪਿਆਂ ਨੂੰ...।

ਮੈਂ ਤਾਂ ਮਰ ਚੁਕਾਂ ਇਹ ਰੇਤਾ ਕੱਢੀ ਜਾਂਦੇ ਰਹੇ,
ਬਸ ਥੋੜ੍ਹਾ ਚਿਰ ਹੋਰ, ਵਾਕ ਛੱਡੀ ਜਾਂਦੇ ਰਹੇ।
ਮੰਨੀ ਗਏ ਇਨ੍ਹਾਂ ਦੇ ਝੂਠੇ ਲਾਰੇ ਲਾਪਿਆਂ ਨੂੰ...।

ਲੱਭ ਸਕੇ ਨਾ ਜਦ ਇਹ, ਮੈਨੂੰ ਪਿਆਜ਼ ਬਣਾ ਦਿੱਤਾ,
ਫੂਡ ਪ੍ਰੋਸੈਸਰ ਦੇ ਵਿਚ ਪਾ ਕੇ ਬਟਨ ਦਬਾ ਦਿੱਤਾ।
ਚੀਰ ਫਾੜ ਕੇ ਧੂੰਹਦਿਆਂ ਦਰਦ ਨਾ ਆਇਆ ਭਾਪਿਆਂ ਨੂੰ...।

ਲਾਸ਼ ਮੇਰੀ ਨੂੰ ਲੈ ਕੇ ਨੱਠੇ ਵਾਕੁਰ ਚੋਰਾਂ ਦੇ,
ਜ਼ਿੰਦਾ ਹੋਣ ਦਾ ਅੱਖੀਂ ਘੱਟਾ ਪਾਇਆ ਹੋਰਾਂ ਦੇ।
ਫੇਲ੍ਹ ਹੋਏ ਪ੍ਰਬੰਧਕਾਂ ਭੇਜੋ ਜੇਲ੍ਹ ਸੰਤਾਪਿਆਂ ਨੂੰ...।

ਬੋਰ ਵੈੱਲ ਨਹੀਂ ਰੁਕਣੇ ਜਿੰਨੇ ਮਰਜ਼ੀ ਬੰਦ ਕਰੋ,
ਹੁਣ ਤੋਂ ਯੋਗ ਮਸ਼ੀਨਾਂ ਦਾ ਵਧੀਆ ਪ੍ਰਬੰਧ ਕਰੋ।
ਹੋਰ ਮਰੇ ਨਾ ਠੱਲ੍ਹ ਪਵੇ ਪਿੱਛੋਂ ਪਛੋਤਾਪਿਆਂ ਨੂੰ...।


ਮੈਨੂੰ ਮਾਰਨ ਵਾਲਿਆਂ ਦੇ ਕੋਲ ਬਿਲਕੁੱਲ ਵੇਚਿਓ ਨਾ,
ਕਉੜਾਂ ਦੇ ਨਾਲ ਜ਼ਿੰਦ ਮੇਰੀ ਨੂੰ ਐਵੇਂ ਮੇਚਿਓ ਨਾ।
ਰੱਬ ਨੇ ਦਿੱਤਾ ਜੋ ਪਾਪਾ ਜੀ ਰਹੀਂ ਧਰਾਪਿਆਂ ਤੂੰ।
ਫਤਿਹਬੀਰ ਸਿੰਘ ਦਏ ਸੁਨੇਹਾ ਦੇਸ਼ ਦੇ ਮਾਪਿਆਂ ਨੂੰ।

*(ਆਪਿਆਂ-ਆਪਣਿਆਂ। ਥਾਪਿਆਂ-ਨਿਯੁਕਤ ਕੀਤੇ ਨਿਗਰਾਨਾਂ। ਸੀ- ਜਿਹੀ। ਧੂੰਹਦਿਆਂ-ਬੋਰਵੈੱਲ ਵਿਚੋਂ ਲੋਹੇ ਦੀਆਂ ਸਲਾਖਾਂ ਨਾਲ ਤਿੱਖੇ ਬਲੇਡ ਵਾਲੀ ਕੁੰਡੀ ਨਾਲ ਖਿੱਚਦਿਆਂ। ਪਛੋਤਾਪਿਆਂ-ਪਛਤਾਵਿਆਂ। ਧਰਾਪਿਆ-ਸੰਤੁਸ਼ਟ।)*

-ਕਸ਼ਮੀਰਾ ਸਿੰਘ, ਫੋਨ: 801-414-0171

# ਕਿਸੇ ਦਿਨ ਉਬਾਲੇ ਦਾ ਕਾਰਨ ਬਣ ਸਕਦੇ ਹਨ ਪੰਜਾਬ ਦੇ ਹਾਲਾਤ

## ਸਿਆਸਤ ਦਾ ਪਿੜ



■ ਜਤਿੰਦਰ ਪਨੂੰ
ਫੋਨ: 91-98140-68455

ਪਿਛਲੇ ਤਿੰਨ ਮਹੀਨੇ ਪਾਰਲੀਮੈਂਟ ਚੋਣਾਂ ਦੀ ਸ਼ੁਰੂਆਤ ਤੋਂ ਸਮਾਪਤੀ ਤੱਕ ਦੇ ਹੋਣ ਕਾਰਨ ਸਾਡੀ ਸਭਨਾਂ ਦੀ ਸੋਚ 'ਤੇ ਭਾਰਤ ਦੀ ਕੇਂਦਰੀ ਰਾਜਨੀਤੀ ਭਾਰੂ ਰਹੀ ਤੇ ਪੰਜਾਬ ਵੱਲ ਆਮ ਤੌਰ 'ਤੇ ਚਲਾਵਾਂ ਜਿਹਾ ਧਿਆਨ ਜਾਂਦਾ ਸੀ; ਉਹ ਵੀ ਉਦੋਂ, ਜਦੋਂ ਕੋਈ ਅਣਗੌਲੀ ਨਾ ਕੀਤੀ ਜਾਣ ਵਾਲੀ ਗੱਲ ਹੁੰਦੀ ਸੀ। ਇਸ ਵਕਤ ਕੇਂਦਰ ਦੀ ਕਮਾਨ ਭਾਰਤੀ ਜਨਤਾ ਪਾਰਟੀ ਦੇ ਆਗੂ ਨਰਿੰਦਰ ਮੋਦੀ ਨੇ ਸੰਭਾਲ ਲਈ ਹੈ ਅਤੇ ਉਸ ਕੋਲ ਏਨੀ ਵੱਡੀ ਬਹੁ-ਗਿਣਤੀ ਦੀ ਤਾਕਤ ਆ ਗਈ ਹੈ ਕਿ ਉਹ ਜਿਸ ਤਰ੍ਹਾਂ ਚਾਹੇ, ਭਾਰਤ ਨੂੰ ਗੁਜਰਾਤ ਵਰਗਾ ਗੜ੍ਹ ਸਮਝ ਕੇ ਰਾਜ ਚਲਾ ਸਕਦਾ ਹੈ। ਪੰਜਾਬ ਦੇ ਅੰਦਰ ਕੀ ਕੁਝ ਵਾਪਰਦਾ ਹੈ, ਇਸ ਦੀ ਉਸ ਨੂੰ



*ਕੈਪਟਨ ਅਮਰਿੰਦਰ ਸਿੰਘ ਅਤੇ ਨਵਜੋਤ ਸਿੰਘ ਸਿੱਧੂ*

ਇੱਕਦਮ ਚਿੰਤਾ ਕਰਨ ਦੀ ਕਾਹਲ ਨਹੀਂ, ਇਸ ਦੀ ਥਾਂ ਉਸ ਦਾ ਧਿਆਨ ਵੀ ਅਤੇ ਉਸ ਦੇ ਗ੍ਰਹਿ ਮੰਤਰੀ ਬਣਾਏ ਪਾਰਟੀ ਪ੍ਰਧਾਨ ਅਮਿਤ ਸ਼ਾਹ ਦਾ ਸਾਰਾ ਧਿਆਨ ਵੀ ਪੱਛਮੀ ਬੰਗਾਲ ਵੱਲ ਹੈ। ਬੀਤੇ ਹਫਤੇ ਇੱਕ ਦਿਨ ਭਾਜਪਾ ਦੇ ਸੂਬਾਈ ਆਗੂਆਂ ਦੀ ਮੀਟਿੰਗ ਵਿਚ ਅਮਿਤ ਸ਼ਾਹ ਨੂੰ ਇਸ ਪੜਾਅ ਤੱਕ ਪਹੁੰਚਣ ਲਈ ਹਰ ਇੱਕ ਆਗੂ ਵਧਾਈ ਦੇ ਰਿਹਾ ਸੀ ਤੇ ਉਸ ਨੇ ਇਹ ਕਹਿ ਕੇ ਸਿਲਸਿਲਾ ਰੋਕ ਦਿੱਤਾ ਕਿ ਭਾਜਪਾ ਅਜੇ ਆਪਣੇ ਸਿਖਰ ਤੱਕ ਨਹੀਂ ਪਹੁੰਚੀ, ਵਧਾਈਆਂ ਉਸ ਪੜਾਅ 'ਤੇ ਪਹੁੰਚ ਕੇ ਲਵਾਂਗੇ ਅਤੇ ਦੇਵਾਂਗੇ। ਇਸ ਦਾ ਅਰਥ ਸਭ ਨੂੰ ਪਤਾ ਹੈ।

ਅਸੀਂ ਇਸ ਵਕਤ ਦੇਸ਼ ਦੀ ਰਾਜਨੀਤੀ ਦੀ ਗੱਲ ਕਰਨ ਦੀ ਥਾਂ ਸਾਡੇ ਪੰਜਾਬ ਦੀ ਕਰਨੀ ਚਾਹਾਂਗੇ, ਜਿਸ ਅੰਦਰ ਜੋ ਕੁਝ ਵਾਪਰਦਾ ਪਿਆ ਹੈ, ਉਹ ਇਸ ਦੀ ਭੱਲ ਬਣਾਉਣ ਦੀ ਥਾਂ ਇਸ ਦੇ ਮੰਦੇ ਹਾਲਾਤ ਪੇਸ਼ ਕਰਨ ਵਾਲਾ ਹੈ। ਵਿਧਾਨ ਸਭਾ ਵਿਚ ਕਾਂਗਰਸ ਪਾਰਟੀ ਦਾ ਤਕੜਾ ਬਹੁ-ਮੱਤ ਬੇਸ਼ੱਕ ਸਵਾ ਦੋ ਸਾਲ ਪਹਿਲਾਂ ਬਣ ਗਿਆ ਸੀ ਅਤੇ ਉਸ ਪਿੱਛੋਂ ਉਸ ਦੀ ਤਾਕਤ ਵਿਧਾਨ ਸਭਾ ਦੀ ਸ਼ਾਹਕੋਟ ਵਾਲੀ ਉਪ ਚੋਣ ਅਤੇ ਕੁਝ ਦਲ-ਬਦਲੀਆਂ ਨਾਲ ਵਧਦੀ ਗਈ ਹੈ, ਪਰ ਸਰਕਾਰ ਦੇ ਅੰਦਰਲੀ ਖਹਿਬੜ ਇਸ ਦਾ ਖਹਿੜਾ ਇਸ ਵਾਰ ਵੀ ਨਹੀਂ ਛੱਡਦੀ ਜਾਪਦੀ। ਇਸ ਵਾਰ ਦਾ ਅਰਥ ਸਿੱਧਾ ਜਿਹਾ ਹੈ ਕਿ ਪਹਿਲਾਂ ਮੁੱਖ ਮੰਤਰੀ ਬੇਅੰਤ ਸਿੰਘ ਦੇ ਰਾਜ 'ਚ ਜਿਹੜੇ ਲੋਕਾਂ ਨੂੰ ਪ੍ਰਧਾਨ ਮੰਤਰੀ ਨਰਸਿਮਹਾ ਰਾਓ ਨੇ ਉਸ ਦੀਆਂ ਜੜ੍ਹਾਂ 'ਤੇ ਟੱਕ ਲਾਉਣ ਦੇ ਰਾਹ ਪਾਇਆ ਸੀ, ਉਹ ਆਖਰ ਨੂੰ ਪਾਰਟੀ ਛੱਡਣ ਤੱਕ ਚਲੇ ਗਏ ਸਨ।

ਹਰਚਰਨ ਸਿੰਘ ਬਰਾੜ ਦੇ ਵਕਤ ਪਾਰਟੀ ਦਾ ਇੱਕ ਵੱਡਾ ਧੜਾ ਦਿੱਲੀ ਵਿਚ ਮੁੱਖ ਮੰਤਰੀ ਬਦਲਣ ਦੀ ਮੰਗ ਲਈ ਡੇਰੇ ਲਾਈ ਬੈਠਾ ਰਿਹਾ ਸੀ ਤੇ ਉਹੀ ਧੜਾ ਕੁਝ ਸਾਲ ਬਾਅਦ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਕੁਰਸੀ ਛੁਡਾਉਣ ਦੀ ਮੰਗ ਲਈ ਜਾ ਬੈਠਾ ਤਾਂ ਪਾਰਟੀ ਵਿਚ ਪਾਟਕ ਪੈਣ ਤੋਂ ਮਸਾਂ ਰੁਕਿਆ ਸੀ। ਉਦੋਂ ਦੋਵੇਂ ਵਾਰੀ ਇਹ ਸੁਣਿਆ ਗਿਆ ਸੀ ਕਿ ਉਸ ਧੜੇ ਨੂੰ ਕਾਂਗਰਸ ਹਾਈ ਕਮਾਨ ਦੇ ਕੁਝ ਲੀਡਰਾਂ ਨੇ ਆਪ ਮੌਕੇ ਦੇ ਮੁੱਖ ਮੰਤਰੀ ਵਿਰੁਧ ਸੁਰ ਤੇਜ਼ ਕਰਨ ਨੂੰ ਕਿਹਾ ਸੀ ਅਤੇ ਇਹੋ ਕੁਝ ਇਸ ਵੇਲੇ ਨਵਜੋਤ ਸਿੰਘ ਸਿੱਧੂ ਅਤੇ ਮੁੱਖ ਮੰਤਰੀ ਅਮਰਿੰਦਰ ਸਿੰਘ ਦੀ ਖਿੱਚੋਤਾਣ ਬਾਰੇ ਕਿਹਾ ਜਾ ਰਿਹਾ ਹੈ। ਚਰਚਾ ਇਹ ਹੈ ਕਿ ਕਾਂਗਰਸ ਹਾਈ ਕਮਾਨ ਵਿਚ ਬੈਠੇ ਕੁਝ ਲੋਕ ਇਸ ਗੱਲ ਤੋਂ ਬੜੇ ਫਿਕਰਮੰਦ ਰਹਿੰਦੇ ਹਨ ਕਿ ਫਲਾਣੇ ਰਾਜ ਵਿਚਲਾ ਫਲਾਣਾ ਆਗੂ ਵੱਡਾ ਹੋਈ ਜਾਂਦਾ ਹੈ, ਉਸ ਦੇ ਅੱਗੇ ਅੜਿੱਕੇ ਨਾ ਲਾਏ ਤਾਂ ਵੱਡਾ ਕੱਦ ਬਣਨ ਮਗਰੋਂ ਸਾਡੇ ਲਈ ਔਕੜਾਂ ਦਾ ਕਾਰਨ ਬਣੇਗਾ। ਉਨ੍ਹਾਂ ਨੂੰ ਪਾਰਟੀ ਦੇ ਵਿਕਾਸ ਨਾਲੋਂ ਵੱਧ ਸੂਬਾਈ ਆਗੂਆਂ ਦਾ ਕੱਦ ਛਾਂਗਣ ਦੀ ਚਿੰਤਾ ਰਹਿੰਦੀ ਹੈ।


ਨਵਜੋਤ ਸਿੰਘ ਸਿੱਧੂ ਨੂੰ ਅਸੀਂ ਬੁਰਾ ਬੰਦਾ ਨਹੀਂ ਮੰਨ ਸਕਦੇ, ਉਹ ਈਮਾਨਦਾਰ ਬੰਦਾ ਹੈ, ਮਿਹਨਤੀ ਵੀ ਪੂਰਾ ਹੈ, ਪਰ ਉਸ ਵਿਚ ਇੱਕ ਕਮਜ਼ੋਰੀ ਹੈ ਕਿ ਉਹ ਮੀਡੀਏ ਸਾਹਮਣੇ ਜਾਣ ਵੇਲੇ ਚੇਤਾ ਨਹੀਂ ਰੱਖਦਾ ਕਿ ਉਸ ਦੇ ਸਿਰ ਜੋ ਜ਼ਿੰਮੇਵਾਰੀ ਹੈ, ਉਹ ਕਿਸੇ ਜ਼ਾਬਤੇ ਤੇ ਬੰਧੇਜ ਦੀ ਮੰਗ ਕਰਦੀ ਹੈ। ਫਿਰ ਵੀ ਸਿੱਧੂ ਦੇ ਮਾਮਲੇ ਨਾਲ ਕਿਵੇਂ ਨਜਿੱਠਣਾ ਹੈ ਤੇ ਸਰਕਾਰ ਕਿਵੇਂ ਚਲਾਉਣੀ ਹੈ, ਇਹ ਕਾਂਗਰਸ ਪਾਰਟੀ ਦਾ ਕੰਮ ਹੈ, ਸਾਡੇ ਸੋਚਣ ਲਈ ਹੋਰ ਮੁੱਦੇ ਬੜੇ ਹਨ।

ਬੀਤੇ ਹਫਤੇ ਇੱਕ ਮੁੱਦਾ ਇੱਕ ਬੰਦ ਪਏ ਬੋਰ ਵੈਲ ਵਿਚ ਇੱਕ ਬੱਚੇ ਦੇ ਡਿੱਗ ਪੈਣ ਅਤੇ ਫਿਰ ਮਾਰੇ ਜਾਣ ਨਾਲ ਉਭਰਿਆ ਤਾਂ ਸਾਰਾ ਪੰਜਾਬ ਪੰਜ ਦਿਨ ਸੁੱਕਣੇ ਪਿਆ ਰਿਹਾ ਸੀ। ਇਸ ਨਾਲ ਨਜਿੱਠਣ ਵਿਚ ਉਥੋਂ ਦੇ ਪ੍ਰਸ਼ਾਸਨ ਤੇ ਇੱਕ ਜ਼ਿੰਮੇਵਾਰ ਮੰਤਰੀ ਦੇ ਗੈਰ-ਜ਼ਿੰਮੇਵਾਰ ਵਿਹਾਰ ਦੀ ਚਰਚਾ ਵੀ ਹੋਈ ਸੀ ਤੇ ਉਸ ਬਾਰੇ ਸਰਕਾਰ ਨੇ ਕਾਰਵਾਈ ਕੀ ਕੀਤੀ ਹੈ, ਇਸ ਬਾਰੇ ਆਮ ਲੋਕ ਅਜੇ ਤੱਕ ਨਹੀਂ ਜਾਣਦੇ।

ਫਿਰ ਇਹ ਹੋਇਆ ਕਿ ਮੁੱਖ ਮੰਤਰੀ ਨੇ ਸਾਰੇ ਜ਼ਿਲਿਆਂ ਦੇ ਡਿਪਟੀ ਕਮਿਸ਼ਨਰਾਂ ਨੂੰ ਹੁਕਮ ਭੇਜ ਦਿੱਤਾ ਕਿ ਇਹੋ ਜਿਹੇ ਖੁੱਲ੍ਹੇ ਪਏ ਬੋਰ ਵੈਲ ਗਿਣ ਕੇ ਦੱਸੇ ਜਾਣ ਅਤੇ ਬੰਦ ਕਰਵਾਏ ਜਾਣ ਤੇ ਇਹ ਕੰਮ ਮਸਾਂ ਚੌਵੀ ਘੰਟੇ ਵਿਚ ਹੋ ਗਿਆ। ਸਰਕਾਰ ਦੀ ਕਮਾਲ ਦੀ ਫੁਰਤੀ ਨੇ ਹਾਸੋਹੀਣੀ ਸਥਿਤੀ ਬਣਾ ਦਿੱਤੀ। ਐਡਾ ਵੱਡਾ ਪੰਜਾਬ ਤੇ ਮਸਾਂ ਛਿਆਲੀ ਬੋਰ ਵੈਲ ਏਦਾਂ ਖੁੱਲ੍ਹੇ ਪਏ ਹੋਣ ਦੀ ਰਿਪੋਰਟ ਆ ਗਈ, ਜਿਨ੍ਹਾਂ ਵਿਚੋਂ ਛੱਬੀ ਇੱਕੋ ਜ਼ਿਲੇ ਫਤਿਹਗੜ੍ਹ ਸਾਹਿਬ ਦੇ ਸਨ। ਉਹ ਛੋਟਾ ਜਿਹਾ ਜ਼ਿਲਾ ਹੈ ਤੇ ਉਥੇ ਛੱਬੀ ਨਿਕਲ ਆਏ ਅਤੇ ਲੁਧਿਆਣੇ ਵਰਗੇ ਵੱਡੇ-ਵੱਡੇ ਜ਼ਿਲਿਆਂ ਤੋਂ ਵਿਧਾਨ ਸਭਾ ਹਲਕਿਆਂ ਜਿੰਨੇ ਵੀ ਨਹੀਂ ਨਿਕਲੇ, ਇਸ ਨੇ ਲੋਕਾਂ ਨੂੰ ਹੈਰਾਨ ਕਰ ਦਿੱਤਾ ਹੈ। ਆਮ ਲੋਕ ਕਹਿ ਰਹੇ ਹਨ ਕਿ ਪੰਜਾਬ ਵਿਚ ਏਦਾਂ ਦੇ ਬੋਰ ਵੈਲ ਬਹੁਤ ਸਾਰੇ ਖੁੱਲ੍ਹੇ ਪਏ ਹਨ, ਅਫਸਰਾਂ ਨੇ ਚੌਵੀ ਘੰਟੇ ਦੀ ਹੱਦ ਵਿਚ ਸਰਕਾਰ ਦੀ ਸ਼ਾਬਾਸ਼ ਲੈਣ ਲਈ ਹੱਥੋ-ਹੱਥੀ ਆਈ ਜਾਣਕਾਰੀ ਅੱਗੇ ਭਿਜਵਾਈ ਤੇ ਸਰਕਾਰ ਨੇ ਇਸ ਨੂੰ ਸੱਚ ਮੰਨ ਕੇ ਕੰਮ ਮੁਕਾ ਛੱਡਿਆ ਹੈ।

ਦੂਸਰਾ ਮੁੱਦਾ ਇਸ ਵਕਤ ਪੰਜਾਬ ਵਿਚ ਹੁੰਦੀ ਗੁੰਡਾਗਰਦੀ ਦਾ ਹੈ। ਪੰਜਾਬ ਵਿਚ ਕਈ ਅਜਿਹੇ ਰਾਜਸੀ ਗੁੰਡੇ ਹਨ ਅਤੇ ਉਨ੍ਹਾਂ ਬਾਰੇ ਸਥਾਨਕ ਲੋਕਾਂ ਨੂੰ ਪਤਾ ਹੁੰਦਾ ਹੈ, ਜੋ ਹਮੇਸ਼ਾ ਰਾਜ ਕਰਦੀ ਪਾਰਟੀ ਤੇ ਪੁਲਿਸ ਅਫਸਰਾਂ ਦੇ ਨਾਲ ਮਿਲ ਕੇ ਹਰ ਹੱਦ ਟੱਪਣ ਤੱਕ ਚਲੇ ਜਾਂਦੇ ਹਨ। ਮੁਕਤਸਰ ਸਾਹਿਬ ਵਿਚ ਇੱਕ ਔਰਤ ਨੂੰ ਘਰੋਂ ਧੂਹਣ ਤੇ ਸੜਕ 'ਤੇ ਲਿਆ ਕੇ ਬੁਰੀ ਤਰ੍ਹਾਂ ਕੁੱਟਣ ਵਾਲੇ ਗੁੰਡੇ ਦਾ ਭਰਾ ਉਥੇ ਕੌਂਸਲਰ ਹੈ। ਪਿਛਲੀ ਸਰਕਾਰ ਵੇਲੇ ਅਕਾਲੀ ਦਲ ਦੇ ਨਾਲ ਰਿਹਾ ਉਹ ਬੰਦਾ ਅੱਜ ਕੱਲ੍ਹ ਕਾਂਗਰਸ ਪਾਰਟੀ ਦਾ ਵਰਕਰ ਬਣਿਆ ਪਿਆ ਹੈ। ਲਗਭਗ ਹਰ ਸ਼ਹਿਰ ਵਿਚ ਏਦਾਂ ਦੇ ਦਸ-ਬਾਰਾਂ ਗੁੰਡੇ ਹਰ ਵਾਰੀ ਚੋਣਾਂ ਵਿਚ ਜੇਤੂ ਪਾਰਟੀ ਦੇ ਪੱਖ ਵਿਚ ਹੁੰਦੇ ਅਤੇ ਫਿਰ ਲੋਕਾਂ ਨੂੰ ਪਹਿਲੇ ਹਾਕਮਾਂ ਦੇ ਵਕਤ ਜਿਵੇਂ ਕੁੱਟਦੇ ਰਹੇ ਸਨ, ਉਸੇ ਤਰ੍ਹਾਂ ਕੁੱਟਣ ਲੱਗੇ ਰਹਿੰਦੇ ਹਨ। ਹਰ ਸ਼ਹਿਰ ਤੋਂ ਹਫਤਾ ਵਸੂਲੀ ਵੱਡੇ ਬਾਜ਼ਾਰਾਂ ਤੱਕ ਹੀ ਨਹੀਂ, ਮੁਹੱਲਿਆਂ ਵਿਚ ਚੱਲਦੀਆਂ ਹਫਤਾਵਾਰੀ ਮੰਡੀਆਂ ਤੱਕ ਵੀ ਹੁੰਦੀ ਹੈ।

ਪਿਛਲੀ ਸਰਕਾਰ ਦੇ ਵਕਤ ਇੱਕ ਦਿਨ ਲੁਧਿਆਣੇ ਦੀ ਸਬਜ਼ੀ ਮੰਡੀ ਵਿਚ ਕਤਲ ਦੀ ਘਟਨਾ ਵਾਪਰੀ ਤਾਂ ਪਤਾ ਲੱਗਾ ਕਿ ਉਥੇ ਦੋ ਗੁੰਡਿਆਂ ਨੇ ਮੰਡੀ ਦੀ ਵੰਡ ਇਸ ਤਰ੍ਹਾਂ ਕੀਤੀ ਹੋਈ ਸੀ ਕਿ ਇੱਕ ਚੌਧਰੀ ਉਸ ਮੰਡੀ ਦੇ ਅੰਦਰੋਂ ਹਫਤਾ ਵਸੂਲਦਾ ਸੀ ਤੇ ਦੂਸਰਾ ਬਾਹਰ ਰੇੜ੍ਹੀਆਂ ਲਾਉਣ ਵਾਲੇ ਗਰੀਬਾਂ ਦੀ ਜੇਬ ਕੱਟਦਾ ਸੀ। ਇੱਕ ਦਿਨ ਰੇੜ੍ਹੀ ਵਾਲਾ ਗਰੀਬ ਬੰਦਾ ਬਾਹਰੋਂ ਮੰਡੀ ਵਿਚ ਚਲਾ ਗਿਆ ਤੇ ਅੰਦਰਲੇ ਨੇ ਪਕੜ ਕੇ ਚੱਟੀ





ਭਰਨ ਨੂੰ ਕਹਿ ਦਿੱਤਾ ਤਾਂ ਬਾਹਰ ਵਾਲਾ ਮਦਦ ਕਰਨ ਲਈ ਪਹੁੰਚ ਗਿਆ। ਫਿਰ ਦੋਹਾਂ ਵਿਚ ਗੋਲੀ ਚੱਲੀ ਤੇ ਇੱਕ ਜਣੇ ਦੀ ਮੌਤ ਹੋ ਗਈ। ਬਾਅਦ ਵਿਚ ਇਹ ਪਤਾ ਲੱਗਾ ਸੀ ਕਿ ਦੋਵੇਂ ਗੁੰਡੇ ਅਕਾਲੀ ਪਾਰਟੀ ਦੇ ਇੱਕੋ ਮੰਤਰੀ ਦੇ ਚਾਟੜੇ ਸਨ ਅਤੇ ਅੰਦਰ ਤੇ ਬਾਹਰ ਦਾ ਹਫਤਾ ਵਸੂਲੀ ਦਾ ਅਧਿਕਾਰ ਖੇਤਰ ਵੀ ਉਸ ਮੰਤਰੀ ਨੇ ਵੰਡ ਕੇ ਦਿੱਤਾ ਸੀ। ਉਦੋਂ ਦੇ ਹਫਤਾ ਵਸੂਲੀਆਂ ਕਰਨ ਵਾਲੇ ਗੁੰਡੇ ਕਾਂਗਰਸ ਦੀ ਸਰਕਾਰ ਬਣਨ ਪਿੱਛੋਂ ਸਾਧ ਨਹੀਂ ਬਣ ਗਏ, ਸਗੋਂ ਸਵਾ ਦੋ ਸਾਲ ਲੰਘਣ ਪਿੱਛੋਂ ਲੋਕਾਂ ਦਾ ਕਹਿਣਾ ਹੈ ਕਿ ਅਜਿਹੇ ਕਈ ਗੁੰਡੇ ਨਵੇਂ ਪੈਦਾ ਹੋ ਗਏ ਹਨ ਤੇ ਉਨ੍ਹਾਂ ਦੀ ਪਿੱਠ 'ਤੇ ਕਾਂਗਰਸੀ ਮੰਤਰੀਆਂ ਦੇ ਹੋਣ ਦੀ ਚਰਚਾ ਆਮ ਲੋਕ ਮੂੰਹੋਂ-ਮੂੰਹ ਕਰਦੇ ਹਨ। ਇਨ੍ਹਾਂ ਗੱਲਾਂ ਵੱਲ ਕਦੀ ਸਰਕਾਰ ਦਾ ਧਿਆਨ ਹੀ ਨਹੀਂ ਜਾਂਦਾ ਜਾਪਦਾ।

ਅਸੀਂ ਸਿਰਫ ਦੋ-ਤਿੰਨ ਵੱਡੇ ਮੁੱਦੇ ਛੋਹੇ ਹਨ, ਜੇ ਪੰਜਾਬ ਦੀ ਸਮੁੱਚੀ ਹਾਲਤ ਪੇਸ਼ ਕਰਨੀ ਹੋਵੇ ਤਾਂ ਚੁਗੱਤਿਆਂ ਦੇ ਰਾਜ ਵਰਗਾ ਨਮੂਨਾ ਪੇਸ਼ ਕੀਤਾ ਜਾ ਸਕਦਾ ਹੈ। ਪੰਜਾਬ ਦੇ ਲੋਕਾਂ ਨੂੰ ਇਸ ਗੱਲ ਦਾ ਖਾਸ ਫਰਕ ਨਹੀਂ ਪੈਂਦਾ ਕਿ ਨਵਜੋਤ ਸਿੰਘ ਸਿੱਧੂ ਮੰਤਰੀ ਰਹਿੰਦਾ ਹੈ ਕਿ ਨਹੀਂ ਜਾਂ ਉਸ ਕੋਲ ਕਿਹੜਾ ਮਹਿਕਮਾ ਹੋਵੇਗਾ, ਪਰ ਜੋ ਹਾਲਾਤ ਉਹ ਭੁਗਤ ਰਹੇ ਹਨ, ਉਨ੍ਹਾਂ ਬਾਰੇ ਆਮ ਲੋਕਾਂ ਦੀ ਨਾਰਾਜ਼ਗੀ ਕਿਸੇ ਦਿਨ ਕਿਸੇ ਵੱਡੇ ਉਬਾਲੇ ਦਾ ਕਾਰਨ ਬਣ ਸਕਦੀ ਹੈ।

## ਮਾਂ ਦੀ ਵੇਦਨਾ

*(ਫਤਿਹਵੀਰ)*

ਮਾਏ ਨੀ, ਮੈਂ ਲੇਖਾਂ ਹਾਰੀ।
ਲੁੱਟੀ ਗਈ ਆਂ ਕਰਮਾਂ ਮਾਰੀ।

ਛੁਪ ਗਿਆ ਮੇਰਾ ਚੰਨ ਦਾ ਟੁਕੜਾ
ਬਿਨਾ ਵਿਖਾਏ ਮੈਨੂੰ ਮੁੱਖੜਾ
ਮਮਤਾ ਰੋਵੇ, ਦੇਵੇ ਦੁਹਾਈਆਂ
ਸਹਾਰਿਆ ਨਹੀਉਂ ਜਾਂਦਾ ਦੁੱਖੜਾ
ਸੀਨੇ ਦੇ ਵਿਚ ਚੱਲਦੀ ਆਰੀ।
ਮਾਏ ਨੀ, ਮੈਂ ਲੇਖਾਂ ਹਾਰੀ।

ਇੱਕ ਵੀ ਬੋਲ ਨਹੀਂ ਸਾਂਝਾ ਕੀਤਾ
ਰੁੱਸ ਕੇ ਟੁਰ ਗਿਆ ਚੁੱਪ ਚੁਪੀਤਾ
ਵੇ ਮੰਮੀ ਨਾਲ ਨਹੀਂ ਰੁੱਸਦੇ ਕਾਕੇ
ਵੇ ਨਾ ਬਣ ਐਡਾ ਬੇ-ਪਰਤੀਤਾ
ਵੇ ਮੈਂ ਬੈਠੀ ਬਾਹਵਾਂ ਖਿਲਾਰੀ।
ਮਾਏ ਨੀ, ਮੈਂ ਲੇਖਾਂ ਹਾਰੀ।

ਦੱਸ ਵੇ, ਕਿੱਥੋਂ ਤੈਨੂੰ ਲੱਭਣ ਜਾਵਾਂ
ਕੀਹਦੇ ਕੋਲੋਂ ਪੁੱਛਾਂ ਸਿਰਨਾਵਾਂ
ਹੌਕਿਆਂ ਹਾਵਾਂ ਜੋਗੀ ਰਹਿ ਗਈ
ਕਿਸ ਨੂੰ ਸੀਨਾ ਚੀਰ ਵਿਖਾਵਾਂ
ਵੇ ਮੈਂ ਤੱਤੜੀ ਕਿਸਮਤ ਮਾਰੀ।
ਮਾਏ ਨੀ, ਮੈਂ ਲੇਖਾਂ ਹਾਰੀ।

ਰੋ ਰੋ ਮੁੱਕਿਆ ਅੱਖਾਂ 'ਚੋਂ ਪਾਣੀ
ਤੜਫੇ ਬੇ-ਵੱਸ ਜਿੰਦ ਨਿਮਾਣੀ
ਭਾਂ ਭਾਂ ਕਰਦਾ ਖਾਲੀ ਵਿਹੜਾ
ਪੁੱਛਦੈ ਫਤਿਹਵੀਰ ਤੈਨੂੰ ਜਾਣੀ
ਕਿਵੇਂ ਦੱਸਾਂ ਮੈਂ ਔਗਣਹਾਰੀ।
ਮਾਏ ਨੀ, ਮੈਂ ਲੇਖਾਂ ਹਾਰੀ।

ਵੇ ਛਲਕੇ ਭਰੀ ਭਰਾਈ ਛਾਤੀ
'ਕੱਲੀ ਜਦੋਂ ਪੈਨੀਂ ਆਂ ਰਾਤੀਂ
ਕੂਲੀਆਂ ਬੁੱਲ੍ਹੀਆਂ ਨੂੰ ਤਰਸਣ
ਤੈਨੂੰ ਪੁੱਛਦੀਆਂ ਗੱਲੀਂਬਾਤੀਂ
ਨਹੀਉਂ ਜਾਂਦੀ ਪੀੜ ਸਹਾਰੀ।
ਮਾਏ ਨੀ, ਮੈਂ ਲੇਖਾਂ ਹਾਰੀ।

ਖੂਨ ਜਿਗਰ ਦਾ ਪਾ ਪਾ ਪਾਲੀ
ਅੱਜ ਵਿਹਨੀ ਆਂ ਹੋਈ ਖਾਲੀ
ਹੋਣੀ ਪੁੱਟ ਕੇ ਲੈ ਗਈ ਬੂਟਾ
ਨੀ ਚੰਦਰੀ ਮੈਥੋਂ ਗਈ ਨਾ ਟਾਲੀ
ਮੇਰੀ ਉਜੜ ਗਈ ਫੁਲਵਾੜੀ।
ਮਾਏ ਨੀ, ਮੈਂ ਲੇਖਾਂ ਹਾਰੀ।

ਤੇਰੀਆਂ ਭੋਲੀਆਂ ਮਿੱਠੀਆਂ ਗੱਲਾਂ
ਯਾਦ ਕਰ ਕਰ ਪੈਂਦੀਆਂ ਸੱਲਾਂ
ਵੇ ਮੁੜ ਮੁੜ ਪੁੱਛਣ ਤੇਰੇ ਖਿਡਾਉਣੇ
ਦੱਸ ਇਹ ਪੀੜ ਕਿਵੇਂ ਮੈਂ ਝੱਲਾਂ
ਮੈਂ ਸਦਕੇ, ਮੁੜ ਆ ਇਕ ਵਾਰੀ।
ਮਾਏ ਨੀ, ਮੈਂ ਲੇਖਾਂ ਹਾਰੀ।

ਉਠਦੀ, ਬਹਿੰਦੀ ਤੱਕਾਂ ਰਾਹਵਾਂ
ਵੇ ਫਤਿਹ, 'ਵਾਜਾਂ ਮਾਰ ਬੁਲਾਵਾਂ
ਤੂੰ ਤਾਂ ਟੁਰ ਗਿਉਂ ਦੇਸ ਬਿਗਾਨੇ
ਲੁੱਛਦੇ ਦਿਲ ਨੂੰ ਕਿੰਜ ਸਮਝਾਵਾਂ
ਭੁੱਲਦੀ ਨਹੀਂ ਸੂਰਤ ਪਿਆਰੀ।
ਮਾਏ ਨੀ, ਮੈਂ ਲੇਖਾਂ ਹਾਰੀ।
ਲੁੱਟੀ ਗਈ ਆਂ ਕਰਮਾਂ ਮਾਰੀ।
ਮਾਏ ਨੀ, ਮੈਂ ਲੇਖਾਂ ਹਾਰੀ।

**-ਚੰਨ**

# ਪਾਕਿਸਤਾਨ ਸੂਬਾਈ ਅਸੈਂਬਲੀ 'ਚ ਬਾਬਾ ਨਾਨਕ ਯੂਨੀਵਰਸਿਟੀ ਲਈ ਫੰਡ ਮਨਜ਼ੂਰ

**ਇਸਲਾਮਾਬਾਦ:** ਪਾਕਿਸਤਾਨ ਦੀ ਲਹਿੰਦੇ ਪੰਜਾਬ ਦੀ ਅਸੈਂਬਲੀ ਵੱਲੋਂ ਬਜਟ ਇਜਲਾਸ ਦੌਰਾਨ ਜ਼ਿਲ੍ਹਾ ਸ੍ਰੀ ਨਨਕਾਣਾ ਸਾਹਿਬ ਵਿਖੇ ਸਥਾਪਤ ਕੀਤੀ ਜਾਣ ਵਾਲੀ ਬਾਬਾ ਗੁਰੂ ਨਾਨਕ ਯੂਨੀਵਰਸਿਟੀ ਦੀ ਉਸਾਰੀ ਲਈ ਲੋੜੀਂਦੇ



ਫੰਡਾਂ ਨੂੰ ਮਨਜ਼ੂਰੀ ਦੇ ਦਿੱਤੀ ਹੈ। ਇਸ ਕੌਮਾਂਤਰੀ ਯੂਨੀਵਰਸਿਟੀ ਲਈ ਫੰਡਾਂ ਨੂੰ ਮਨਜ਼ੂਰੀ ਦਿੱਤੇ ਜਾਣ ਦੇ ਨਾਲ-ਨਾਲ 70 ਏਕੜ ਜ਼ਮੀਨ ਵੀ ਅਲਾਟ ਕੀਤੀ ਗਈ ਹੈ।

ਮੁੱਖ ਮੰਤਰੀ ਸਰਦਾਰ ਉਸਮਾਨ ਬੁਜ਼ਦਰ ਵੱਲੋਂ ਯੂਨੀਵਰਸਿਟੀ ਦੀ ਉਸਾਰੀ ਦਾ ਮਾਮਲਾ ਇਸ ਵਰ੍ਹੇ ਦੇ ਵਿਕਾਸ ਪ੍ਰੋਗਰਾਮ 'ਚ ਸ਼ਾਮਲ ਕੀਤਾ ਗਿਆ ਹੈ। ਸ੍ਰੀ ਨਨਕਾਣਾ ਸਾਹਿਬ 'ਚ ਗੁਰੂ ਨਾਨਕ ਦੇਵ ਜੀ ਦੇ ਨਾਂ ਉਤੇ ਯੂਨੀਵਰਸਿਟੀ ਬਣਾਉਣ ਲਈ ਪਾਕਿਸਤਾਨ 'ਚ ਰਹਿ ਰਹੇ ਸਿੱਖ ਲੰਬੇ ਸਮੇਂ ਤੋਂ ਮੰਗ ਕਰ ਰਹੇ ਹਨ, ਤੇ ਪੰਜਾਬ ਸਰਕਾਰ ਵੱਲੋਂ ਕੀਤੇ ਗਏ ਉਕਤ ਐਲਾਨ ਨੂੰ ਉਨ੍ਹਾਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਮੌਕੇ ਪਾਕਿ ਸਰਕਾਰ ਵੱਲੋਂ ਉਨ੍ਹਾਂ ਨੂੰ ਦਿੱਤਾ ਗਿਆ ਇਕ ਵੱਡਾ ਤੋਹਫਾ ਦੱਸਿਆ ਹੈ। ਉੱਧਰ ਪੰਜਾਬ ਯੂਨੀਵਰਸਿਟੀ ਦੇ ਬੁਲਾਰੇ ਖੁਰਮ ਸ਼ਹਿਜ਼ਾਦ ਨੇ ਕਿਹਾ ਹੈ ਕਿ ਪਾਕਿ 'ਚ ਪਹਿਲੀ ਵਾਰ ਪੰਜਾਬ ਯੂਨੀਵਰਸਿਟੀ ਵੱਲੋਂ ਸ਼ਾਂਤੀ ਦੇ ਸੰਦੇਸ਼ ਨੂੰ ਉਤਸ਼ਾਹਿਤ ਕਰਨ ਲਈ ਬਾਬਾ ਗੁਰੂ ਨਾਨਕ ਰਿਸਰਚ ਚੇਅਰ ਦੀ ਸਥਾਪਨਾ ਕੀਤੀ ਗਈ ਹੈ, ਜਿਸ ਦੇ ਬਾਅਦ ਹੁਣ ਯੂਨੀਵਰਸਿਟੀ ਦੇ ਵਿਦਿਆਰਥੀ ਬਾਬਾ ਗੁਰੂ ਨਾਨਕ ਦੇਵ ਜੀ ਦੀਆਂ ਸਿੱਖਿਆਵਾਂ 'ਤੇ ਖੋਜ ਕਰਨਗੇ। ਉਨ੍ਹਾਂ ਕਿਹਾ ਕਿ ਪੰਜਾਬ ਯੂਨੀਵਰਸਿਟੀ ਇਕ ਅਜਿਹੀ ਵਿੱਦਿਅਕ ਸੰਸਥਾ ਹੈ, ਜੋ ਸਮਾਜ 'ਚ ਗੁਰੂ ਨਾਨਕ ਦੇਵ ਜੀ ਦੇ ਸਹਿਣਸ਼ੀਲਤਾ ਦੇ ਸੰਦੇਸ਼ ਨੂੰ ਉਤਸ਼ਾਹਿਤ ਕਰਨ ਦੀ ਲੋੜ ਮਹਿਸੂਸ ਕਰਦੀ ਹੈ।

ਦੱਸਣਯੋਗ ਹੈ ਕਿ ਪਾਕਿਸਤਾਨ ਈਵੈਕੂਈ ਟਰੱਸਟ ਪ੍ਰਾਪਰਟੀ ਬੋਰਡ ਦੇ ਸਾਬਕਾ ਚੇਅਰਮੈਨ ਲੈਫਟੀਨੈਂਟ ਕਰਨਲ ਜ਼ੁਲਫਿਕਾਰ ਅਲੀ ਖਾਂ ਵੱਲੋਂ ਪਹਿਲੀ ਵਾਰ ਸਾਲ 2007 'ਚ ਸ੍ਰੀ ਨਨਕਾਣਾ ਸਾਹਿਬ ਵਿਚਲੀ ਵਕਫ ਦੀ ਭੂਮੀ ਉਤੇ 25 ਏਕੜ 'ਚ ਬਾਬਾ ਗੁਰੂ ਨਾਨਕ ਯੂਨੀਵਰਸਿਟੀ ਖੋਲ੍ਹੇ ਜਾਣ ਦਾ ਐਲਾਨ ਕੀਤਾ ਗਿਆ ਸੀ। ਉਸ ਦੇ 9 ਵਰ੍ਹੇ ਬਾਅਦ ਨਵੰਬਰ 2016 ਵਿਚ ਗੁਰੂ ਨਾਨਕ ਦੇਵ ਜੀ ਦੇ ਗੁਰਪੁਰਬ ਮੌਕੇ ਜ਼ਿਲ੍ਹਾ ਸ੍ਰੀ ਨਨਕਾਣਾ ਸਾਹਿਬ ਵਿਖੇ ਪ੍ਰਧਾਨ ਮੰਤਰੀ ਵੱਲੋਂ ਗੁਰੂ ਨਾਨਕ ਦੇਵ ਇੰਟਰਨੈਸ਼ਨਲ ਯੂਨੀਵਰਸਿਟੀ ਦਾ ਨੀਂਹ ਪੱਥਰ ਰੱਖੇ ਜਾਣ ਦਾ ਐਲਾਨ ਕੀਤਾ ਗਿਆ, ਪਰ ਪ੍ਰਧਾਨ ਮੰਤਰੀ ਦੇ ਮੌਕੇ 'ਤੇ ਨਾ ਪਹੁੰਚਣ ਤੇ ਕੁਝ ਦਿਨਾਂ ਬਾਅਦ ਉਦਘਾਟਨ ਲਈ ਲਗਾਇਆ ਗਿਆ ਨੀਂਹ ਪੱਥਰ ਜ਼ਿਲ੍ਹੇ ਦੀ ਬਾਰ ਐਸੋਸੀਏਸ਼ਨ ਦੇ ਵਕੀਲ ਮੈਂਬਰਾਂ ਵੱਲੋਂ ਇਹ ਕਹਿ ਕੇ ਉਖਾੜ ਦਿੱਤਾ ਗਿਆ ਕਿ ਯੂਨੀਵਰਸਿਟੀ ਬਣਾਉਣ ਲਈ ਚੁਣੀ ਗਈ ਭੂਮੀ ਪਹਿਲਾਂ ਇਵੈਕੁਈ ਟਰੱਸਟ ਪ੍ਰਾਪਰਟੀ ਬੋਰਡ ਵੱਲੋਂ ਵਕੀਲਾਂ ਦੀ ਰਿਹਾਇਸ਼ੀ ਕਾਲੋਨੀ ਤੇ ਕਚਹਿਰੀ ਬਣਾਉਣ ਲਈ ਅਲਾਟ ਕੀਤੀ ਗਈ ਸੀ।

ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਬਿਸ਼ਨ ਸਿੰਘ ਨੇ ਕਿਹਾ ਕਿ ਗੁਰੂ ਨਾਨਕ ਦੇਵ ਜੀ ਦੀ ਜਨਮ ਭੂਮੀ 'ਤੇ ਉਸਾਰੀ ਜਾਣ ਵਾਲੀ ਉਕਤ ਯੂਨੀਵਰਸਿਟੀ 'ਚ ਇਕੱਲੇ ਪਾਕਿਸਤਾਨ ਦੇ ਹੀ ਨਹੀਂ, ਸਗੋਂ ਦੁਨੀਆਂ ਭਰ ਦੇ ਸਿੱਖਾਂ ਦੇ ਬੱਚੇ ਗਿਆਨ ਹਾਸਲ ਕਰ ਸਕਣਗੇ।

ਪੰਜਾਬ ਟਾਈਮਜ਼

ਸਨਿਚਰਵਾਰ, 22 ਜੂਨ 2019

# ਹਿੰਸਾ ਅਤੇ ਸਿਆਸਤ

ਦਿੱਲੀ ਵਿਚ ਸਿੱਖ ਡਰਾਈਵਰ ਨੂੰ ਕੁੱਟੇ ਜਾਣ ਦਾ ਵੀਡੀਓ ਵਾਇਰਲ ਹੋਣ ਤੋਂ ਬਾਅਦ ਇਹ ਮਸਲਾ ਭਖ ਗਿਆ ਹੈ। ਇਹ ਕੁੱਟ-ਮਾਰ ਆਮ ਲੋਕਾਂ ਜਾਂ ਕਿਸੇ ਭੀੜ ਨੇ ਨਹੀਂ ਕੀਤੀ, ਸਗੋਂ ਕੁੱਟਮਾਰ ਕਰਨ ਵਾਲੇ ਪੁਲਿਸ ਦੇ ਮੁਲਾਜ਼ਮ ਹਨ। ਵੀਡੀਓ ਦੇਖ ਕੇ ਸਾਫ ਜਾਹਰ ਹੋ ਜਾਂਦਾ ਹੈ ਕਿ ਸਬੰਧਤ ਮਸਲਾ ਇਕ ਵਾਰ ਤਾਂ ਨਜਿੱਠਿਆ ਗਿਆ ਜਾਪਦਾ ਹੈ ਪਰ ਇਸੇ ਦੌਰਾਨ ਥਾਣੇ ਵਿਚੋਂ ਹੋਰ ਮੁਲਾਜ਼ਮਾਂ ਦੀ ਧਾੜ ਨਿਕਲ ਆਉਂਦੀ ਹੈ ਅਤੇ ਇਹ ਮੁਲਾਜ਼ਮ ਸਿੱਖ ਡਰਾਈਵਰ ਸਰਬਜੀਤ ਸਿੰਘ ਤੇ ਉਸ ਨੇ ਮੁੰਡੇ ਨੂੰ ਬੇਤਹਾਸ਼ਾ ਕੁੱਟਦੇ ਹਨ। ਸਰਬਜੀਤ ਸਿੰਘ ਦਾ ਕਹਿਣਾ ਹੈ ਕਿ ਉਸ ਨੂੰ ਥਾਣੇ ਲਿਜਾ ਕੇ ਵੀ ਕੁੱਟਿਆ ਗਿਆ। ਉਸ ਦੇ ਸਰੀਰ ਉਤੇ ਪਈਆਂ ਲਾਸਾਂ ਇਸ ਗੱਲ ਦਾ ਪੁਖਤਾ ਸਬੂਤ ਹਨ। ਇਸ ਘਟਨਾ ਦੀ ਵੀਡੀਓ ਵਾਇਰਲ ਹੋਣ ਤੋਂ ਬਾਅਦ ਕਈ ਸਿੱਖ ਸੰਸਥਾਵਾਂ ਅੱਗੇ ਆਈਆਂ ਹਨ ਅਤੇ ਕੁਝ ਪੁਲਿਸ ਮੁਲਾਜ਼ਮਾਂ ਖਿਲਾਫ ਕਾਰਵਾਈ ਵੀ ਹੋਈ ਹੈ, ਪਰ ਸੋਚਣ ਵਿਚਾਰਨ ਵਾਲਾ ਸਵਾਲ ਇਹ ਹੈ ਕਿ ਕੀ ਇਹ ਸਿਰਫ ਇੰਨਾ ਕੁ ਹੀ ਮਸਲਾ ਹੈ? ਇਸ ਘਟਨਾ ਦੀਆਂ ਪਰਤਾਂ ਫਰੋਲੀਏ ਤਾਂ ਸਪਸ਼ਟ ਹੋ ਜਾਵੇਗਾ ਕਿ ਇਹ ਸਾਧਾਰਨ ਘਟਨਾ ਨਹੀਂ ਅਤੇ ਨਾ ਇਸ ਨੂੰ ਇਕ ਸਿੱਖ ਉਤੇ ਪੁਲਿਸ ਮੁਲਾਜ਼ਮਾਂ ਨਾਲ ਜ਼ਿਆਦਤੀ ਨਾਲ ਜੋੜ ਕੇ ਦੇਖਿਆ ਜਾਣਾ ਚਾਹੀਦਾ ਹੈ। ਇਸ ਮਸਲੇ ਨੂੰ ਸਮਝਣ ਲਈ ਰਤਾ ਕੁ ਪੰਜ ਸਾਲ ਪਿਛਾਂਹ ਜਾਈਏ। ਕੇਂਦਰ ਵਿਚ ਮੋਦੀ ਸਰਕਾਰ ਅਜੇ ਬਣੀ ਹੀ ਸੀ ਕਿ ਪੂਣੇ (ਮਹਾਰਾਸ਼ਟਰ) ਵਿਚ ਹਿੰਦੂਤਵੀ ਜਨੂੰਨੀਆਂ ਨੇ ਇਕ ਮੁਸਲਮਾਨ ਨੌਜਵਾਨ ਨੂੰ ਕੁੱਟ-ਕੁੱਟ ਕੇ ਮਾਰ ਦਿੱਤਾ। ਇਸ ਤੋਂ ਬਾਅਦ ਘੱਟ ਗਿਣਤੀ ਫਿਰਕੇ ਉਤੇ ਲਗਾਤਾਰ ਹਮਲੇ ਹੋਏ ਅਤੇ ਕਈ ਜਣਿਆਂ ਨੂੰ ਮਾਰ ਦਿੱਤਾ ਗਿਆ। ਦਿਨਾਂ-ਮਹੀਨਿਆਂ ਅੰਦਰ ਹੀ ਘੱਟ ਗਿਣਤੀਆਂ ਖਿਲਾਫ ਮਾਹੌਲ ਇਸ ਤਰ੍ਹਾਂ ਦਾ ਬਣਾ ਦਿੱਤਾ ਗਿਆ ਕਿ ਭੜਕੀਆਂ ਭੀੜਾਂ ਸੜਕਾਂ ਉਤੇ ਨਿਕਲਦੀਆਂ ਅਤੇ ਨਫਰਤ ਦੀ ਨ੍ਹੇਰੀ ਚਲਾ ਕੇ ਵਾਪਸ ਮੁੜ ਜਾਂਦੀਆਂ। ਉਦੋਂ ਕਿਸੇ ਵੀ ਸਿੱਖ ਸੰਸਥਾ ਜਾਂ ਜਥੇਬੰਦੀ ਨੇ ਮੁਸਲਮਾਨਾਂ ਦੇ ਹੱਕ ਵਿਚ ਹਾਅ ਦਾ ਨਾਅਰਾ ਨਹੀਂ ਮਾਰਿਆ। ਇਸੇ ਦਾ ਹੀ ਨਤੀਜਾ ਹੈ ਕਿ ਹੁਣ ਅੱਗ ਦਾ ਸੇਕ ਸਾਡੇ ਘਰਾਂ ਤਕ ਆਣ ਪਹੁੰਚਾ ਹੈ ਅਤੇ ਅਸੀਂ ਬੇਵਸ ਹੋਏ ਇਕ-ਦੂਜੇ ਵਲ ਝਾਕ ਰਹੇ ਹਾਂ।

ਇਸੇ ਤਰ੍ਹਾਂ ਦਾ ਮਾਮਲਾ ਕੁਝ ਸਾਲ ਪਹਿਲਾਂ ਅਮਰੀਕਾ ਵਿਚ ਵੀ ਸਾਹਮਣੇ ਆਇਆ ਸੀ। ਉਦੋਂ ਅਤਿਵਾਦ ਖਿਲਾਫ ਭੜਕੇ ਨਸਲਪ੍ਰਸਤ ਗੋਰੇ ਸਿੱਖਾਂ ਨੂੰ ਮੁਸਲਮਾਨ ਸਮਝ ਕੇ ਹਮਲਾਵਰ ਹੋ ਰਹੇ ਸਨ ਤਾਂ ਸਿੱਖਾਂ ਦੇ ਇਕ ਹਿੱਸੇ ਨੇ 'ਮੈਂ ਤਾਂ ਸਿੱਖ ਹਾਂ' ਮੁਹਿੰਮ ਚਲਾਈ ਸੀ। ਆਪਣੇ ਭਾਈਚਾਰੇ ਦੇ ਬਚਾਅ ਲਈ ਅਜਿਹੀਆਂ ਮੁਹਿੰਮਾਂ ਵਿੱਢਣਾ ਅਤੇ ਅਮਰੀਕਾ ਦੇ ਆਮ ਨਾਗਰਿਕਾਂ ਨੂੰ ਇਸ ਬਾਰੇ ਜਾਗਰੂਕ ਕਰਨਾ ਬਹੁਤ ਵਧੀਆ ਕਾਰਜ ਸੀ, ਪਰ ਕੀ ਇਸ ਮੁਹਿੰਮ ਦਾ ਇਕ ਹੋਰ ਅਰਥ ਕਿਤੇ ਇਹ ਤਾਂ ਨਹੀਂ ਸੀ ਕਿ ਤੁਸੀਂ ਜੇ ਮੁਸਲਮਾਨਾਂ ਨੂੰ ਮਾਰੋਗੇ ਤਾਂ ਸਾਨੂੰ ਕੋਈ ਇਤਰਾਜ਼ ਨਹੀਂ। ਇਹੀ ਉਹ ਪਲ ਸਨ ਜਦੋਂ 'ਸਰਬੱਤ ਦੇ ਭਲੇ' ਲਈ ਤੁਰਨ ਵਾਲੇ ਕਦਮ ਸਿਰਫ 'ਅਸੀਂ ਸਿੱਖ ਹਾਂ' ਵਿਚ ਵਟ ਗਏ। ਸੰਜੀਦਾ ਵਿਦਵਾਨਾਂ ਦਾ ਤਰਕ ਹੈ ਕਿ ਜੇ 1984 ਵਿਚ ਹੋਏ ਸਿੱਖ ਕਤਲੇਆਮ ਦੇ ਮਾਮਲਿਆਂ ਵਿਚ ਕੋਈ ਯੋਗ ਕਾਰਵਾਈ ਹੋਈ ਹੁੰਦੀ ਤਾਂ 2002 ਵਿਚ ਗੁਜਰਾਤ ਵਿਚ ਮੁਸਲਮਾਨਾਂ ਦਾ ਕਤਲੇਆਮ ਨਹੀਂ ਸੀ ਵਾਪਰਨਾ। ਕੀ ਇਹ ਤਰਕ ਅਜਿਹੀਆਂ ਸਾਰੀਆਂ ਘਟਨਾਵਾਂ ਅਤੇ ਵਾਰਦਾਤਾਂ ਉਤੇ ਲਾਗੂ ਨਹੀਂ ਹੁੰਦਾ? ਗੁਜਰਾਤ ਕਤਲੇਆਮ ਅਤੇ 2014 ਵਿਚ ਮੋਦੀ ਰਾਜ ਅਰੰਭ ਹੋਣ ਪਿਛੋਂ ਮੁਸਲਮਾਨਾਂ 'ਤੇ ਹੋਏ ਹਮਲਿਆਂ ਬਾਰੇ ਸਿੱਖ ਸੰਸਥਾਵਾਂ ਤੇ ਜਥੇਬੰਦੀਆਂ ਖਾਮੋਸ਼ ਰਹੀਆਂ। ਇਸ ਖਾਮੋਸ਼ੀ ਦੀ ਸਿਖਰ ਹੁਣ ਦਿੱਲੀ ਵਿਚ ਸਿੱਖ ਡਰਾਈਵਰ ਦੀ ਪੁਲਿਸ ਮੁਲਾਜ਼ਮਾਂ ਵਲੋਂ ਕੀਤੀ ਕੁੱਟ-ਮਾਰ ਦੇ ਰੂਪ ਵਿਚ ਟੁੱਟੀ ਹੈ।

ਅਸਲ ਵਿਚ, ਗਿਣੀ-ਮਿਥੀ ਸਾਜ਼ਿਸ਼ ਤਹਿਤ ਭਾਰਤੀ ਲੋਕਤੰਤਰ ਨੂੰ ਭੀੜਤੰਤਰ ਵਿਚ ਤਬਦੀਲ ਕਰ ਦਿੱਤਾ ਗਿਆ ਹੈ। ਅਜਿਹੀਆਂ ਘਟਨਾਵਾਂ ਲਗਾਤਾਰ ਵਾਪਰ ਰਹੀਆਂ ਹਨ। ਜਦੋਂ ਕੋਈ ਅਜਿਹੀ ਘਟਨਾ ਵਾਪਰਦੀ ਹੈ ਤਾਂ ਕੁਝ ਦਿਨਾਂ ਦੇ ਰੌਲੇ-ਰੱਪੇ ਤੋਂ ਬਾਅਦ ਮਸਲਾ ਠੰਢਾ ਪੈ ਜਾਂਦਾ ਹੈ, ਪਰ ਅਜਿਹੀਆਂ ਘਟਨਾਵਾਂ ਨਾਲ ਜੋ ਮਾਹੌਲ ਤਿਆਰ ਹੋ ਗਿਆ ਹੈ, ਉਹ ਬਹੁਤ ਘਾਤਕ ਹੈ। ਇਸ ਦੇ ਨਤੀਜੇ ਬਾਰੇ ਜਾਣਨ ਲਈ ਪੰਜਾਬ ਵਿਚ ਹੋਈਆਂ ਘਟਨਾਵਾਂ ਦੀ ਪੁਣ-ਛਾਣ ਕੀਤੀ ਜਾ ਸਕਦੀ ਹੈ। ਪਿਛਲੇ ਕੁਝ ਸਮੇਂ ਤੋਂ ਪੰਜਾਬ ਵਿਚ ਹੋਈਆਂ ਘਟਨਾਵਾਂ ਦਿਲ ਹਿਲਾਉਣ ਵਾਲੀਆਂ ਹਨ। ਮੁਕਤਸਰ ਵਿਚ ਪੈਸੇ ਦੇ ਦੇਣ-ਲੈਣ ਪਿਛੇ ਇਕ ਕੌਂਸਲਰ ਅਤੇ ਉਸ ਦੇ ਸਾਥੀਆਂ ਨੇ ਇਕ ਔਰਤ ਨੂੰ ਦਿਨ-ਦਿਹਾੜੇ ਉਸ ਦੇ ਘਰ ਵਿਚੋਂ ਧੂਹ ਕੇ ਉਸ ਦੀ ਕੁੱਟ-ਮਾਰ ਕੀਤੀ। ਸੰਗਰੂਰ ਜਿਲੇ ਦੇ ਪਿੰਡ ਮੀਮਸਾ ਵਿਚ ਸ਼ਾਮਲਾਟ ਦੀ ਬੋਲੀ ਦਾ ਬਣਦਾ, ਇਕ-ਤਿਹਾਈ ਹਿੱਸਾ ਦਲਿਤਾਂ ਨੂੰ ਦੇਣ ਦੇ ਮਸਲੇ 'ਤੇ ਚਲ ਰਹੇ ਸੰਘਰਸ਼ ਦੌਰਾਨ ਪਿੰਡ ਦੇ ਸਰਪੰਚ ਅਤੇ ਉਸ ਦੇ ਸਾਥੀਆਂ ਨੇ ਸੰਘਰਸ਼ ਚਲਾ ਰਹੇ ਆਗੂਆਂ ਦੀ ਬੁਰੀ ਤਰ੍ਹਾਂ ਕੁੱਟਮਾਰ ਕੀਤੀ। ਇਨ੍ਹਾਂ ਸਾਰੇ ਮਾਮਲਿਆਂ ਵਿਚ ਸਿਆਸਤਦਾਨਾਂ ਅਤੇ ਪੁਲਿਸ ਦੀ ਸ਼ਹਿ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ।

ਸਿਤਮਜ਼ਰੀਫੀ ਇਹ ਹੈ ਕਿ ਇਨ੍ਹਾਂ ਸਾਰੇ ਮਾਮਲਿਆਂ ਦਾ ਅੰਤ ਮਾਮਲਾ ਰਫਾ-ਦਫਾ ਕਰਨ ਦੇ ਰੂਪ ਵਿਚ ਹੁੰਦਾ ਹੈ। ਹਾਲ ਹੀ ਵਿਚ, ਜਸਪਾਲ ਸਿੰਘ ਦੀ ਪੁਲਿਸ ਹਿਰਾਸਤ ਵਿਚ ਹੋਈ ਮੌਤ ਅਤੇ ਉਸ ਦੀ ਲਾਸ਼ ਖੁਰਦ-ਬੁਰਦ ਕਰਨ ਦੇ ਮਾਮਲੇ ਵਿਚ ਵੀ ਅਜਿਹਾ ਹੀ ਵਾਪਰਿਆ ਹੈ। ਕੁਝ ਜੁਝਾਰੂ ਜਥੇਬੰਦੀਆਂ ਇਹ ਸੰਘਰਸ਼ ਪੂਰੀ ਇਕਾਗਰਤਾ ਨਾਲ ਲੜ ਰਹੀਆਂ ਸਨ, ਪਰ ਆਖਰਕਾਰ ਸਰਕਾਰ ਅਤੇ ਪ੍ਰਸ਼ਾਸਨ ਜਸਪਾਲ ਸਿੰਘ ਦੇ ਪਰਿਵਾਰ ਨਾਲ ਸਮਝੌਤਾ ਕਰਨ ਵਿਚ ਕਾਮਯਾਬ ਹੋ ਗਏ ਅਤੇ ਚਲ ਰਿਹਾ ਤਿੱਖਾ ਸੰਘਰਸ਼, ਜਿਸ ਵਿਚੋਂ ਇਨਸਾਫ ਮਿਲਣ ਦੀ ਆਸ ਤਾਂ ਸੀ ਹੀ, ਅਗਾਂਹ ਅਜਿਹੀਆਂ ਘਟਨਾਵਾਂ ਨੂੰ ਰੋਕਣ ਲਈ ਬੰਨ੍ਹ ਵੀ ਵੱਜਣਾ ਸੀ, ਵਿਚਾਲੇ ਹੀ ਟੁੱਟ ਗਿਆ। ਇਹ ਇਕੱਲੇ ਪੰਜਾਬ ਜਾਂ ਸਿੱਖਾਂ ਜਾਂ ਮੁਸਲਮਾਨਾਂ ਦਾ ਮਸਲਾ ਨਹੀਂ ਹੈ, ਸਮੁੱਚੇ ਮੁਲਕ ਵਿਚ ਅਜਿਹਾ ਮਾਹੌਲ ਬਣਾ ਦਿੱਤਾ ਗਿਆ ਹੈ ਕਿ ਭੀੜਾਂ ਫੈਸਲੇ ਕਰ ਰਹੀਆਂ ਹਨ। ਹੁਣ ਇਸ ਮਾਹੌਲ ਨੂੰ ਸਿਰਜਣ ਪਿਛੇ ਕੰਮ ਕਰ ਰਹੀ ਸਿਆਸਤ ਨੂੰ ਸਮਝਣ ਦੀ ਬੇਹੱਦ ਲੋੜ ਹੈ; ਨਹੀਂ ਤਾਂ 1984 ਤੋਂ ਬਾਅਦ 2002 ਵਾਪਰਦਾ ਰਹੇਗਾ ਅਤੇ ਦੋਸ਼ੀ ਦਨਦਨਾਉਂਦੇ ਰਹਿਣਗੇ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### ਦਿੱਲੀ ਕਿ ਦੈਂਤ?

ਜਿਨ੍ਹਾਂ ਇਹਦੀ ਆਜ਼ਾਦੀ ਲਈ ਸੀਸ ਵਾਰੇ, ਇਹ ਉਨ੍ਹਾਂ ਦਾ ਬਾਗ ਉਜਾੜਦੀ ਰਹੀ।
ਪੀ ਪੀ ਕੇ ਖੂਨ ਬੇਦੋਸ਼ਿਆਂ ਦਾ, ਤਪਦਾ ਆਪਣਾ ਸੀਨਾ ਹੀ ਠਾਰਦੀ ਰਹੀ।
ਕਰ ਕੇ ਜ਼ਬਰ ਤੇ ਧੌਂਸ ਹਕੂਮਤਾਂ ਦੀ, ਹੱਕ ਸਦਾ ਆਜ਼ਾਦੀ ਦਾ ਮਾਰਦੀ ਰਹੀ।
ਕੌਮ ਵੇਚੂ ਗੱਦਾਰਾਂ ਤੇ ਟੋਡੀਆਂ ਨੂੰ, ਭਾਈਵਾਲ ਬਣਾ ਸਤਿਕਾਰਦੀ ਰਹੀ।
ਜ਼ੁਲਮ ਆਸਰੇ ਕਰ ਲਏ ਧੌਣ ਉਚੀ, ਸਿਰੜ ਸਿਦਕ ਦੇ ਅੱਗੇ ਪਰ ਹਾਰਦੀ ਰਹੀ।
ਕਦੇ ਮਿੱਤ ਨਾ ਬਣੀ ਘੱਟਗਿਣਤੀਆਂ ਦੀ, ਦਿੱਲੀ ਦੈਂਤ ਦਾ ਰੂਪ ਹੀ ਧਾਰਦੀ ਰਹੀ।

# ਬਹੁਗਿਣਤੀਵਾਦ, ਘੱਟਗਿਣਤੀਆਂ ਅਤੇ ਅੱਜ ਦੇ ਹਾਲਾਤ

*ਭਾਰਤ ਵਿਚ ਭਾਰਤੀ ਜਨਤਾ ਪਾਰਟੀ ਦੀ ਅਗਵਾਈ ਹੇਠ ਲਗਾਤਾਰ ਦੂਜੀ ਵਾਰ ਕੇਂਦਰੀ ਸਰਕਾਰ ਕਾਇਮ ਹੋ ਗਈ ਹੈ। ਪਿਛਲੇ ਪੰਜ ਸਾਲਾਂ ਦੌਰਾਨ ਇਸ ਪਾਰਟੀ ਦੀ ਸਰਕਾਰ ਨੇ ਘੱਟਗਿਣਤੀਆਂ ਬਾਰੇ ਜਿਹੜਾ ਪੈਂਤੜਾ ਮੱਲਿਆ ਸੀ, ਉਸ ਨੂੰ ਹੁਣ ਵੀ ਜਿਉਂ ਦਾ ਤਿਉਂ ਅੱਗੇ ਵਧਾਇਆ ਜਾ ਰਿਹਾ ਹੈ। ਤਕਰੀਬਨ ਹਰ ਖੇਤਰ ਵਿਚ ਇਸ ਪਾਰਟੀ ਦੀ ਪੈਂਠ ਬਣਨ ਕਾਰਨ ਕੁਝ ਖਦਸ਼ੇ ਲਗਾਤਾਰ ਖੜ੍ਹੇ ਹੋ ਰਹੇ ਹਨ। ਉਘੇ ਲੇਖਕ ਸਵਰਾਜਬੀਰ ਨੇ ਇਨ੍ਹਾਂ ਹਾਲਾਤ ਬਾਰੇ ਛਾਣ-ਬੀਣ ਆਪਣੇ ਇਸ ਲੇਖ ਵਿਚ ਕੀਤੀ ਹੈ। -ਸੰਪਾਦਕ*

ਅੰਗਰੇਜ਼ੀ ਸ਼ਬਦ Majority ਲਈ ਪੰਜਾਬੀ ਵਿਚ ਬਹੁਤ ਸ਼ਬਦ ਹਨ: ਬਹੁਮਤ, ਬਹੁਸੰਮਤੀ, ਬਹੁਗਿਣਤੀ, ਬਹੁਸੰਖਿਆ ਆਦਿ; ਪਰ Majoritarianism ਵਾਸਤੇ ਪੰਜਾਬੀ ਦੇ ਸ਼ਬਦ-ਕੋਸ਼ਾਂ ਵਿਚ ਕੋਈ ਸ਼ਬਦ ਨਹੀਂ। ਇਹ ਗੈਰ ਹਾਜ਼ਰੀ ਇਸ ਤੱਥ ਦੀ ਗਵਾਹੀ ਭਰਦੀ ਹੈ ਕਿ ਪੰਜਾਬ ਵਿਚ ਇਸ ਧਾਰਨਾ/ਵਿਚਾਰ ਬਾਰੇ ਜ਼ਿਆਦਾ ਚਿੰਤਨ ਨਹੀਂ ਹੋਇਆ। ਹਾਲ ਦੀ ਘੜੀ Majoritarianism ਲਈ ਸ਼ਬਦ ਬਹੁਗਿਣਤੀਵਾਦ ਵਰਤਿਆ ਜਾ ਰਿਹਾ ਹੈ।

ਲੋਕਰਾਜ ਵਿਚ ਰਾਜ ਕਰਨ ਵਾਲੀ ਪਾਰਟੀ ਨੂੰ ਦੇਸ਼ ਦੀ ਲੋਕ ਸਭਾ ਵਿਚ ਬਹੁਸੰਮਤੀ ਚਾਹੀਦੀ ਹੈ ਜਾਂ ਰਾਸ਼ਟਰਪਤੀ ਤਰਜ਼ ਦੀਆਂ ਜਮਹੂਰੀਅਤਾਂ ਵਿਚ ਉਹ ਰਾਸ਼ਟਰਪਤੀ ਬਣਦਾ ਹੈ ਜਿਸ ਨੂੰ ਜ਼ਿਆਦਾ ਵੋਟ ਮਿਲਣ। ਹਰ ਦੇਸ਼ ਵਿਚ ਕੋਈ ਧਾਰਮਿਕ ਫਿਰਕਾ ਬਹੁਗਿਣਤੀ ਵਿਚ ਹੁੰਦਾ ਹੈ ਤੇ ਬਾਕੀ ਦੇ ਫਿਰਕੇ ਘੱਟਗਿਣਤੀ ਵਿਚ।



ਸਵਰਾਜਬੀਰ

ਇਸ ਲਈ ਚੋਣਾਂ ਵਿਚ ਉਸ ਪਾਰਟੀ ਨੂੰ ਬਹੁਸੰਮਤੀ ਮਿਲਦੀ ਹੈ ਜਿਸ ਦੇ ਹੱਕ ਵਿਚ ਬਹੁਗਿਣਤੀ ਵਾਲਾ ਫਿਰਕਾ ਵੱਡੀ ਗਿਣਤੀ ਵਿਚ ਵੋਟ ਪਾਏ। ਜ਼ਰੂਰੀ ਨਹੀਂ ਕਿ ਕਿਸੇ ਪਾਰਟੀ ਨੂੰ ਮਿਲੀ ਬਹੁਸੰਮਤੀ ਬਹੁਗਿਣਤੀ ਵਾਲੇ ਫਿਰਕੇ ਦੀਆਂ ਵੋਟਾਂ 'ਤੇ ਹੀ ਨਿਰਭਰ ਹੋਵੇ। ਬਹੁਤ ਵਾਰ ਕਿਸੇ ਪਾਰਟੀ ਨੂੰ ਬਹੁਸੰਮਤੀ ਦਿਵਾਉਣ ਵਿਚ ਬਹੁਗਿਣਤੀ ਫਿਰਕੇ ਦੇ ਲੋਕਾਂ ਦੇ ਨਾਲ-ਨਾਲ ਘੱਟਗਿਣਤੀ ਫਿਰਕੇ ਦੇ ਲੋਕਾਂ ਦੀ ਭੂਮਿਕਾ ਵੀ ਹੁੰਦੀ ਹੈ। ਇਸ ਲਈ ਲੋਕਰਾਜ ਵਿਚ ਕਿਸੇ ਪਾਰਟੀ ਦੀ ਬਹੁਸੰਮਤੀ ਹੋਣ ਤੇ ਦੇਸ਼ ਵਿਚ ਬਹੁਗਿਣਤੀਵਾਦ (Majoritarianism) ਦੀ ਵਿਚਾਰਧਾਰਾ ਦਾ ਗਲਬਾ ਹੋਣ ਵਿਚਕਾਰ ਬਹੁਤ ਫਰਕ ਹੈ।

ਬਹੁਗਿਣਤੀਵਾਦ ਮੂਲਵਾਦੀ ਤਰਜ਼ ਦੀ ਵਿਚਾਰਧਾਰਾ ਹੈ ਜਿਸ ਅਨੁਸਾਰ ਕਿਸੇ ਦੇਸ਼ ਜਾਂ ਸਮਾਜ ਵਿਚ ਬਹੁਗਿਣਤੀ ਫਿਰਕੇ ਦੀਆਂ ਭਾਵਨਾਵਾਂ, ਵਿਚਾਰਾਂ, ਰਵਾਇਤਾਂ, ਧਰਮ, ਭਾਸ਼ਾ, ਇਤਿਹਾਸ ਤੇ ਮਿਥਿਹਾਸ ਨੂੰ ਪਹਿਲ ਮਿਲਣੀ ਚਾਹੀਦੀ ਹੈ ਅਤੇ ਘੱਟਗਿਣਤੀਆਂ ਦੇ ਇਤਿਹਾਸ, ਮਿਥਿਹਾਸ ਤੇ ਰਵਾਇਤਾਂ ਨੂੰ ਦੋਇਮ ਸਥਾਨ। ਬਹੁਗਿਣਤੀਵਾਦ ਦੀ ਵਿਚਾਰਧਾਰਾ ਨੂੰ ਵੱਡੇ ਪਾਸਾਰ ਉਦੋਂ ਮਿਲਦੇ ਹਨ ਜਦੋਂ ਕੋਈ ਪਾਰਟੀ ਇਸ ਵਿਚਾਰਧਾਰਾ ਦਾ ਸਹਾਰਾ ਲੈ ਕੇ ਬਹੁਗਿਣਤੀ ਫਿਰਕੇ ਦੇ ਲੋਕਾਂ ਦੇ ਜਜ਼ਬਾਤ ਨੂੰ ਉਭਾਰਦਿਆਂ ਹੋਇਆਂ ਤਾਕਤ ਹਾਸਲ ਕਰਦੀ ਹੈ। ਇਹ ਵਰਤਾਰਾ ਬਹੁਤ ਜਟਿਲ ਹੁੰਦਾ ਹੈ। ਕੋਈ ਦੇਸ਼ ਅਚਨਚੇਤ ਬਹੁਗਿਣਤੀਵਾਦ ਦੀ ਵਿਚਾਰਧਾਰਾ ਦੇ ਪੜਾਅ 'ਤੇ ਨਹੀਂ ਪਹੁੰਚ ਜਾਂਦਾ। ਬਹੁਗਿਣਤੀ ਫਿਰਕੇ ਦੇ ਕੁਝ ਲੋਕ ਜੋ ਦੂਸਰੇ ਧਰਮਾਂ ਦੇ ਮੰਨਣ ਵਾਲਿਆਂ ਨੂੰ ਬਾਹਰਲੇ, ਓਪਰੇ, ਵੱਖਰੇ ਤੇ ਵਾਧੂ ਸਮਝਦੇ ਹਨ, ਇਸ ਵਿਚਾਰਧਾਰਾ ਦਾ ਪ੍ਰਚਾਰ ਕਰਦੇ ਹਨ। ਹਰ ਦੇਸ਼ ਵਿਚ ਮੁਸ਼ਕਲ ਸਮੇਂ ਆਉਂਦੇ ਹਨ ਜਦ ਆਰਥਿਕ ਅਸਮਾਨਤਾਵਾਂ ਕਾਰਨ ਬੇਰੁਜ਼ਗਾਰੀ ਵਧਦੀ ਹੈ ਅਤੇ ਸਨਅਤੀ ਤੇ ਕਿਸਾਨੀ ਖੇਤਰਾਂ ਵਿਚ ਸੰਕਟ ਪੈਦਾ ਹੁੰਦੇ ਹਨ। ਬਹੁਤੀ ਵਾਰ ਇਨ੍ਹਾਂ ਸਮੱਸਿਆਵਾਂ ਨੂੰ ਉਦਾਰਵਾਦੀ ਵਿਚਾਰਧਾਰਾ ਵਾਲੀਆਂ ਪਾਰਟੀਆਂ ਨਜਿੱਠਣ ਵਿਚ ਕਾਮਯਾਬ ਹੁੰਦੀਆਂ ਹਨ ਪਰ ਕਈ ਵਾਰ ਬਹੁਗਿਣਤੀਵਾਦ ਦੀ ਵਿਚਾਰਧਾਰਾ ਰੱਖਣ ਵਾਲੀਆਂ ਪਾਰਟੀਆਂ ਲੋਕਾਂ ਨੂੰ ਇਹ ਯਕੀਨ ਦਿਵਾਉਣ ਵਿਚ ਸਫਲ ਹੋ ਜਾਂਦੀਆਂ ਹਨ ਕਿ ਉਨ੍ਹਾਂ ਦੀਆਂ ਸਮੱਸਿਆਵਾਂ ਦਾ ਕਾਰਨ ਘੱਟਗਿਣਤੀ ਫਿਰਕਿਆਂ ਵਾਲੇ ਲੋਕ ਹਨ; ਉਹ (ਘੱਟਗਿਣਤੀ ਫਿਰਕੇ ਵਾਲੇ ਲੋਕ) ਦੇਸ਼ 'ਤੇ ਹਾਵੀ ਹੋਣਾ ਚਾਹੁੰਦੇ ਹਨ ਤੇ ਇਸ ਵਾਸਤੇ ਉਹ ਦੁਸ਼ਮਣ ਦੇਸ਼ਾਂ ਨਾਲ ਸਾਜ-ਬਾਜ ਕਰ ਰਹੇ ਹਨ; ਦੇਸ਼ ਦੀ ਅਖੰਡਤਾ ਦੀ ਰਾਖੀ ਸਿਰਫ ਬਹੁਗਿਣਤੀਵਾਦ ਵਾਲੀ ਵਿਚਾਰਧਾਰਾ ਵਾਲੀ ਪਾਰਟੀ ਹੀ ਕਰ ਸਕਦੀ ਹੈ, ਕਿਉਂਕਿ ਉਹੀ ਅਸਲੀ ਦੇਸ਼ ਭਗਤ ਹੈ ਅਤੇ ਪੁਰਾਤਨ ਧਰਮ ਤੇ ਮਰਿਆਦਾ ਦੀ ਰਖਵਾਲੀ ਵੀ। ਬੇਰੁਜ਼ਗਾਰੀ, ਭੁੱਖਮਰੀ ਅਤੇ ਹੋਰ ਸਮੱਸਿਆਵਾਂ ਨਾਲ ਦਰੜੇ ਹੋਏ ਲੋਕ ਸੁੱਤੇ-ਸਿਧ ਇਹੋ ਜਿਹੀ ਵਿਚਾਰਧਾਰਾ ਦਾ ਸ਼ਿਕਾਰ ਹੋ ਜਾਂਦੇ ਹਨ। ਕੁਝ ਇਸ ਤਰ੍ਹਾਂ ਦਾ ਵਰਤਾਰਾ ਹੁਣ ਭਾਰਤ ਵਿਚ ਵਾਪਰ ਰਿਹਾ ਹੈ।

ਇਥੇ ਇਹ ਪ੍ਰਸ਼ਨ ਪੁੱਛਿਆ ਜਾ ਸਕਦਾ ਹੈ ਕਿ ਜੇ ਬਹੁਗਿਣਤੀਵਾਦ ਦੇਸ਼ ਦੇ ਬਹੁਗਿਣਤੀ ਵਾਲੇ ਫਿਰਕੇ ਦੇ ਲੋਕਾਂ ਨੂੰ ਪਸੰਦ ਹੈ ਅਤੇ ਇਸ ਨੂੰ ਜਮਹੂਰੀ ਢੰਗ ਨਾਲ ਅਗਾਂਹ ਵਧਾਇਆ ਜਾ ਰਿਹਾ ਹੈ ਤਾਂ ਇਸ ਵਿਚ ਪ੍ਰੇਸ਼ਾਨੀ ਕੀ ਹੈ? ਇਤਿਹਾਸਕ ਤਜਰਬੇ ਅਨੁਸਾਰ ਬਹੁਗਿਣਤੀਵਾਦ ਕਾਰਨ ਦੇਸ਼ ਦਾ ਸਮਾਜਿਕ ਤਵਾਜ਼ਨ ਡੋਲਦਾ ਹੈ; ਘੱਟਗਿਣਤੀ ਫਿਰਕਿਆਂ ਦੇ ਲੋਕਾਂ ਵਿਚ ਬੇਗਾਨਗੀ ਦੀ ਭਾਵਨਾ ਵਧਦੀ ਹੈ; ਮੁੱਖ ਮੁੱਦੇ ਸਿਆਸੀ ਏਜੰਡੇ ਦੇ ਹਾਸ਼ੀਏ 'ਤੇ ਧੱਕ ਦਿੱਤੇ ਜਾਂਦੇ ਹਨ; ਫਿਰਕੂ ਪਾੜਾ ਵਧਣ ਨਾਲ ਵੱਖ-ਵੱਖ ਤਰ੍ਹਾਂ ਦੇ ਸਮਾਜਿਕ ਵਿਗਾੜ ਪੈਦਾ ਹੁੰਦੇ ਹਨ; ਬਹੁਗਿਣਤੀਵਾਦ ਦਾ ਝੰਡਾ ਬੁਲੰਦ ਕਰ ਰਹੀ ਪਾਰਟੀ ਦੀ ਹਮਾਇਤ ਕਰਨ ਵਾਲੇ ਸਰਮਾਏਦਾਰ ਘਰਾਣੇ ਲੋਕਾਂ ਨੂੰ ਲੁੱਟਦੇ ਹਨ। ਇਸ ਤਰ੍ਹਾਂ ਬਹੁਗਿਣਤੀਵਾਦ ਗ਼ਾਲਬ ਜਮਾਤਾਂ, ਜਾਤਾਂ ਤੇ ਸਰਮਾਏਦਾਰੀ ਦੀ ਸਾਂਝ ਦਾ ਵਸੀਲਾ ਬਣਦਾ ਹੈ ਅਤੇ ਇਸ ਸਰਦਾਰੀ ਨੂੰ ਵਧਾਉਣਾ ਲੋਚਦਾ ਹੈ।

ਬਹੁਗਿਣਤੀਵਾਦ ਜਨੂਨ ਹੈ। ਇਸ ਵਿਚ ਵਿਸ਼ਵਾਸ ਕਰਨ ਵਾਲਾ ਆਦਮੀ ਆਪਣੇ ਆਪ ਨੂੰ ਦੇਸ਼ ਭਗਤ, ਮਰਿਆਦਾ-ਪਾਲਕ, ਧਾਰਮਿਕ ਤੇ ਪੁਰਾਤਨ ਵਿਰਸੇ ਦਾ ਉਪਾਸ਼ਕ ਸਮਝਦਾ ਹੈ। ਉਹ ਆਪਣੀਆਂ ਬੁਨਿਆਦੀ ਜ਼ਰੂਰਤਾਂ ਦੀ ਕੁਰਬਾਨੀ ਦੇ ਕੇ ਵੀ ਬਹੁਗਿਣਤੀਵਾਦ ਵਾਲੀ ਪਾਰਟੀ ਦਾ ਹਾਮੀ ਬਣਿਆ ਰਹਿੰਦਾ ਹੈ। ਬੇਰੁਜ਼ਗਾਰੀ ਤੇ ਭੁੱਖਮਰੀ ਤੋਂ ਪੈਦਾ ਹੋਇਆ ਰੋਹ ਤੇ ਗੁੱਸਾ ਘੱਟਗਿਣਤੀ ਫਿਰਕਿਆਂ ਵਿਰੁਧ ਘਿਰਣਾ ਤੇ ਹਿੰਸਾ ਪੈਦਾ ਕਰਨ ਲਈ ਵਰਤਿਆ ਜਾਂਦਾ ਹੈ।

ਬਹੁਗਿਣਤੀਵਾਦ ਹਿੰਸਕ ਤੇ ਜ਼ੋਰ-ਜਬਰ ਕਰਨ ਵਾਲੇ ਤੌਰ-ਤਰੀਕੇ ਨਾਲ ਨਹੀਂ ਸਗੋਂ ਬਹੁਤ ਸੂਖਮ ਤਰੀਕਿਆਂ ਰਾਹੀਂ ਪ੍ਰਵਾਨ ਚੜ੍ਹਦਾ ਹੈ। ਇਹ ਪ੍ਰਚਾਰ ਸਭਿਆਚਾਰਕ ਤੇ ਧਾਰਮਿਕ ਸੰਸਥਾਵਾਂ, ਵਿਦਿਅਕ ਅਦਾਰਿਆਂ, ਮੀਡੀਆ ਦੇ ਵੱਖ-ਵੱਖ ਮਾਧਿਅਮਾਂ, ਸੋਸ਼ਲ ਮੀਡੀਆ, ਸਾਹਿਤ, ਕਲਾ ਆਦਿ ਰਾਹੀਂ ਕੀਤਾ ਜਾਂਦਾ ਹੈ। ਇਸ ਪ੍ਰਚਾਰ ਨਾਲ ਬਹੁਗਿਣਤੀ ਫਿਰਕੇ ਦੇ ਲੋਕਾਂ ਲਈ ਇਕ ਖਾਸ ਤਰ੍ਹਾਂ ਦਾ ਲੋਕ-ਲੁਭਾਊ ਬਿਰਤਾਂਤ ਸਿਰਜ ਕੇ ਉਨ੍ਹਾਂ ਨੂੰ ਯਕੀਨ ਦਿਵਾਇਆ ਜਾਂਦਾ ਹੈ ਕਿ ਉਹ ਦੂਸਰੇ ਲੋਕਾਂ ਤੋਂ ਉਤਮ ਤੇ ਜ਼ਿਆਦਾ ਸਭਿਆ ਹਨ; ਦੂਸਰੇ ਲੋਕਾਂ ਕਾਰਨ ਉਨ੍ਹਾਂ ਦੀ ਸਭਿਅਤਾ, ਧਰਮ ਤੇ ਪਰੰਪਰਾ ਖਤਰੇ ਵਿਚ ਹਨ। ਇਤਿਹਾਸ ਤੇ ਮਿਥਿਹਾਸ ਦੀ ਨਵੇਂ ਤਰੀਕੇ ਨਾਲ ਵਿਆਖਿਆ ਕਰਕੇ ਬਹੁਗਿਣਤੀ ਫਿਰਕੇ ਨਾਲ ਸਬੰਧਤ ਰਾਜਿਆਂ, ਰਜਵਾੜਿਆਂ, ਯੋਧਿਆਂ ਤੇ ਬਾਗੀਆਂ ਨੂੰ ਤਾਂ ਦੇਸ਼ ਭਗਤੀ ਦੀ ਰੰਗਤ ਵਿਚ ਰੰਗਿਆ ਜਾਂਦਾ ਹੈ ਪਰ ਘੱਟਗਿਣਤੀ ਫਿਰਕੇ ਨਾਲ ਸਬੰਧਤ ਅਜਿਹੇ ਲੋਕਾਂ ਨੂੰ ਜ਼ੁਲਮ ਕਰਨ ਵਾਲੇ ਤੇ ਦੇਸ਼-ਧ੍ਰੋਹੀ ਗਰਦਾਨਿਆ ਜਾਂਦਾ ਹੈ। ਭਾਸ਼ਾ ਬਹੁਗਿਣਤੀਵਾਦ ਦੀ ਵਿਚਾਰਧਾਰਾ ਨੂੰ ਵਿਸਥਾਰ ਦੇਣ ਵਿਚ ਕੇਂਦਰੀ ਧੁਰੇ ਵਜੋਂ ਕੰਮ ਕਰਦੀ ਹੈ। ਬਹੁਗਿਣਤੀ ਫਿਰਕੇ ਵਾਲੇ ਲੋਕ ਜਿਹੜੀ ਭਾਸ਼ਾ ਜ਼ਿਆਦਾ ਬੋਲਦੇ ਹਨ, ਉਸ ਨੂੰ ਵਡਿਆ ਕੇ ਰਾਸ਼ਟਰੀ ਭਾਸ਼ਾ ਵਜੋਂ ਪੇਸ਼ ਕੀਤਾ ਜਾਂਦਾ ਹੈ ਤੇ ਦੂਸਰੀਆਂ ਭਾਸ਼ਾਵਾਂ ਨੂੰ ਸਿੱਧੇ-ਅਸਿੱਧੇ ਢੰਗ ਨਾਲ ਛੁਟਿਆਇਆ ਜਾਂਦਾ ਹੈ। ਇਸ ਦਾ ਅੰਤਿਮ ਨਿਸ਼ਾਨਾ ਆਪਣੇ ਆਪ ਨੂੰ ਰਾਸ਼ਟਰਵਾਦ ਵਜੋਂ ਪੇਸ਼ ਕਰਨਾ ਹੁੰਦਾ ਹੈ। ਇਸ ਤਰ੍ਹਾਂ ਬਹੁਗਿਣਤੀਵਾਦ ਦੀ ਪ੍ਰੋੜ੍ਹਤਾ ਕਰ ਰਹੀ ਪਾਰਟੀ ਨੂੰ ਦੇਸ਼ ਦੀ ਕੌਮੀ ਜਾਂ ਰਾਸ਼ਟਰੀ ਪਾਰਟੀ ਵਜੋਂ ਨਿਵਾਜਿਆ ਜਾਂਦਾ ਹੈ ਤੇ ਦੂਸਰੀਆਂ ਪਾਰਟੀਆਂ ਨੂੰ ਸੌੜੇ ਹਿੱਤਾਂ ਵਾਲੀਆਂ ਜਥੇਬੰਦੀਆਂ ਜਾਂ ਖੇਤਰੀਆਂ ਪਾਰਟੀਆਂ ਵਜੋਂ। ਕਈ ਵਾਰ ਦੂਸਰੀਆਂ ਪਾਰਟੀਆਂ 'ਤੇ ਦੇਸ਼ ਦੇ ਹਿੱਤਾਂ ਦੇ ਵਿਰੋਧੀ ਹੋਣ ਦੇ ਦੋਸ਼ ਵੀ ਲਾਏ ਜਾਂਦੇ ਹਨ। ਬਹੁਗਿਣਤੀਵਾਦ ਬਹੁਗਿਣਤੀ ਫਿਰਕੇ ਦਾ ਲੋਕ-ਧਰਮ ਬਣਨ ਦੀ ਲੋਚਾ ਰੱਖਦਾ ਹੈ।

ਬਹੁਗਿਣਤੀਵਾਦ ਦੇ ਓਹਲੇ ਕਈ ਕੁਝ ਪਨਪਦਾ ਹੈ; ਇਹ ਮਰਦ-ਪ੍ਰਧਾਨ ਸੋਚ ਸਮਾਜ ਦਾ ਹਮਾਇਤੀ ਹੈ; ਇਸ ਦੇ ਅਨੁਸਾਰ ਔਰਤਾਂ ਨੂੰ ਇਕ ਖਾਸ ਤਰ੍ਹਾਂ ਦਾ ਲਿਬਾਸ ਪਾਉਣਾ ਚਾਹੀਦਾ ਹੈ ਤੇ ਉਸ ਮਰਿਆਦਾ ਦੀ ਪਾਲਣਾ ਕਰਨੀ ਚਾਹੀਦੀ ਹੈ ਜਿਹੜੀ ਉਹਦੇ ਵਾਸਤੇ ਮਰਦਾਂ ਨੇ ਬਣਾਈ ਹੈ। ਬਹੁਗਿਣਤੀ ਫਿਰਕੇ ਦੇ ਲੋਕਾਂ ਨੂੰ ਇਕ ਖਾਸ ਤਰ੍ਹਾਂ ਦੀ ਮਰਦਾਨਗੀ ਦਿਖਾਉਣ ਲਈ ਉਤਸ਼ਾਹਿਤ ਵੀ ਕੀਤਾ ਜਾਂਦਾ ਹੈ।

ਬਹੁਗਿਣਤੀਵਾਦ ਦੇ ਅਣਲਿਖੇ ਅਸੂਲਾਂ ਅਨੁਸਾਰ ਜੇ ਤੁਸੀਂ ਉਹ ਕਰਦੇ, ਕਹਿੰਦੇ ਤੇ ਲਿਖਦੇ ਹੋ ਜੋ ਬਹੁਗਿਣਤੀ ਦੇ ਲੋਕ-ਮਨ ਨੂੰ ਪ੍ਰਵਾਨ ਹੈ, ਤਾਂ ਸਭ ਕੁਝ ਠੀਕ ਠਾਕ ਹੈ; ਤੁਸੀਂ ਥੋੜ੍ਹੀ ਬਹੁਤ ਖੁੱਲ੍ਹ ਲੈ ਸਕਦੇ ਹੋ; ਪਰ ਜਦੋਂ ਕੋਈ ਸ਼ਖਸ ਬਹੁਗਿਣਤੀਵਾਦ ਦੇ ਪ੍ਰਵਾਨਿਤ ਮਾਪਦੰਡਾਂ ਤੋਂ ਬਾਹਰ ਪੈਰ ਰੱਖਦਾ ਹੈ ਤਾਂ ਉਸ ਨਾਲ ਕੁਝ ਵੀ ਵਾਪਰ ਸਕਦਾ ਹੈ; ਉਸ ਨੂੰ ਦੇਸ਼-ਧ੍ਰੋਹੀ ਗਰਦਾਨਿਆ ਜਾ ਸਕਦਾ ਹੈ; ਸ਼ਹਿਰੀ ਨਕਸਲੀ, ਦੇਸ਼ ਦੇ ਟੋਟੇ-ਟੋਟੇ ਕਰਨ ਵਾਲਾ, ਮਰਿਆਦਾ ਦਾ ਉਲੰਘਣ ਕਰਨ ਵਾਲਾ ਜਾਂ ਕੁਝ ਹੋਰ ਕਿਹਾ ਜਾ ਸਕਦਾ ਹੈ; ਉਸ 'ਤੇ ਕੇਸ ਦਰਜ ਕਰਕੇ ਉਸ ਨੂੰ ਗ੍ਰਿਫਤਾਰ ਕੀਤਾ ਜਾਂਦਾ ਹੈ; ਉਹ ਹਜੂਮੀ ਹਿੰਸਾ ਦਾ ਸ਼ਿਕਾਰ ਹੋ ਸਕਦਾ ਹੈ; ਸਮਾਜ, ਬਹੁਗਿਣਤੀਵਾਦ ਦੀ ਵਿਚਾਰਧਾਰਾ ਵਿਚ ਫਸਿਆ ਹੋਣ ਕਾਰਨ ਉਸ 'ਤੇ ਹੋਣ ਵਾਲੇ ਹਮਲਿਆਂ ਬਾਰੇ ਚੁੱਪ ਰਹੇਗਾ; ਕਈ ਵਾਰ ਇਹੋ ਜਿਹੇ ਹਮਲਿਆਂ ਦੀ ਹਮਾਇਤ ਵੀ ਕੀਤੀ ਜਾਂਦੀ ਹੈ।

ਕੀ ਬਹੁਗਿਣਤੀਵਾਦ ਹਮੇਸ਼ਾ ਕਾਇਮ ਰਹਿਣ ਵਾਲੀ ਵਿਚਾਰਧਾਰਾ ਹੈ? ਕੀ ਇਸ ਵਿਰੁਧ ਲੜਿਆ ਨਹੀਂ ਜਾ ਸਕਦਾ? ਇਥੇ ਇਹ ਸਮਝਣ ਦੀ ਜ਼ਰੂਰਤ ਹੈ ਕਿ ਬਹੁਗਿਣਤੀ ਵਾਲੇ ਫਿਰਕੇ ਦੀ ਬਣਤਰ ਕਦੀ ਵੀ ਇਕਸਾਰ ਨਹੀਂ ਹੁੰਦੀ। ਉਸ ਵਿਚ ਵੱਖ-ਵੱਖ ਵਰਗਾਂ, ਜਮਾਤਾਂ, ਜਾਤਾਂ ਤੇ ਵੱਖ-ਵੱਖ ਭਾਸ਼ਾਵਾਂ ਬੋਲਣ ਵਾਲੇ ਲੋਕ ਸ਼ਾਮਲ ਹੁੰਦੇ ਹਨ। ਬਹੁਤੀ ਵਾਰ ਬਹੁਗਿਣਤੀ ਫਿਰਕੇ ਦੀ ਵੱਡੀ ਤਾਦਾਦ ਦੂਸਰੇ ਫਿਰਕਿਆਂ ਨਾਲ ਏਕਤਾ ਤੇ ਸਮਤਾ ਬਣਾਈ ਰੱਖਣਾ ਚਾਹੁੰਦੀ ਹੈ। ਇਹ ਇਤਿਹਾਸ ਦੇ ਕੁਝ ਦੌਰਾਂ ਵਿਚ ਹੀ ਹੁੰਦਾ ਹੈ, ਜਦ ਬਹੁਗਿਣਤੀ ਫਿਰਕਾ ਬਹੁਗਿਣਤੀਵਾਦ ਦਾ ਸ਼ਿਕਾਰ ਹੋ ਜਾਂਦਾ ਹੈ ਤੇ ਉਹ ਲੋਕ, ਪਾਰਟੀਆਂ ਤੇ ਸੰਸਥਾਵਾਂ, ਜਿਹੜੇ ਇਸ ਵਿਚਾਰਧਾਰਾ ਦਾ ਜਾਲ ਬੁਣਦੇ ਹਨ, ਇਸ ਦਾ ਫਾਇਦਾ ਉਠਾਉਂਦੇ ਹਨ। ਇਸ ਲਈ ਬਹੁਗਿਣਤੀਵਾਦ ਦੇ ਵਿਰੁਧ ਲੜਾਈ ਸਿਰਫ ਘੱਟਗਿਣਤੀ ਫਿਰਕੇ ਵਾਲੇ ਲੋਕਾਂ ਦੇ ਗੱਠਜੋੜ ਨਾਲ ਨਹੀਂ ਲੜੀ ਜਾ ਸਕਦੀ। ਇਸ ਵਿਚ ਬਹੁਗਿਣਤੀ ਫਿਰਕਿਆਂ ਨਾਲ ਸਬੰਧਿਤ ਲੋਕਾਂ ਦਾ ਸ਼ਾਮਲ ਹੋਣਾ ਬਹੁਤ ਜ਼ਰੂਰੀ ਹੈ। ਇਹ ਦਲੀਲ ਭਾਰਤ ਦੇ ਮੌਜੂਦਾ ਹਾਲਾਤ 'ਤੇ ਵੀ ਢੁੱਕਦੀ ਹੈ। ਬਹੁਗਿਣਤੀਵਾਦ ਵਿਰੁਧ ਯੁੱਧ ਵਿਚ ਵੱਡਾ ਹਿੱਸਾ ਬਹੁਗਿਣਤੀ ਨਾਲ ਸਬੰਧਤ ਫਿਰਕੇ ਦੇ ਲੋਕਾਂ ਨੇ ਹੀ ਪਾਉਣਾ ਹੈ। ਇਨ੍ਹਾਂ ਹਾਲਾਤ ਨੂੰ ਸਮਝਣ ਵਾਲੇ ਚਿੰਤਕਾਂ, ਆਗੂਆਂ ਤੇ ਪਾਰਟੀਆਂ ਨੂੰ ਬਹੁਗਿਣਤੀ ਫਿਰਕੇ ਦੇ ਲੋਕਾਂ ਦਾ ਮਨ ਜਿੱਤਣ ਦੀ ਜ਼ਰੂਰਤ ਹੈ, ਉਨ੍ਹਾਂ ਨੂੰ ਇਹ ਦੱਸਣ ਦੀ ਲੋੜ ਹੈ ਕਿ ਬਹੁਗਿਣਤੀਵਾਦ ਨਾਲ ਦੇਸ਼ ਦੇ ਲੋਕਾਂ ਦਾ ਭਲਾ ਨਹੀਂ ਹੁੰਦਾ; ਇਹ ਵਿਚਾਰਧਾਰਾ (ਬਹੁਗਿਣਤੀਵਾਦ) ਲੋਕਾਂ ਦਾ ਧਿਆਨ ਉਨ੍ਹਾਂ ਦੇ ਅਸਲੀ ਮੁੱਦਿਆਂ ਤੋਂ ਪਰ੍ਹੇ ਹਟਾਉਣ ਲਈ ਵਰਤਿਆ ਜਾਣ ਵਾਲਾ ਸੰਦ ਹੈ; ਇਸ ਨੂੰ ਉਹ ਤਾਕਤਾਂ ਵਰਤ ਰਹੀਆਂ ਹਨ ਜੋ ਦੇਸ਼ ਨੂੰ ਪੁੱਠਾ ਗੇੜਾ ਦੇਣਾ ਚਾਹੁੰਦੀਆਂ ਹਨ। ਜ਼ਾਹਿਰ ਹੈ ਕਿ ਬਹੁਗਿਣਤੀਵਾਦ ਵਿਰੁਧ ਲੜਾਈ ਲੜਨ ਲਈ ਲੋਕਾਂ ਦੇ ਵਿਸ਼ਾਲ ਜਮਹੂਰੀ ਏਕੇ ਦੀ ਜ਼ਰੂਰਤ ਹੈ।

# ਹਿੰਦੂਤਵੀ ਹਮਲਾ: ਪੱਤਰਕਾਰਾਂ ਦੀ ਗ੍ਰਿਫਤਾਰੀ ਅਤੇ ਮੀਡੀਆ ਦੀ ਭੂਮਿਕਾ

ਨਰਿੰਦਰ ਮੋਦੀ-ਅਮਿਤ ਸ਼ਾਹ ਦੀ ਕਮਾਨ ਹੇਠ ਸੰਘ ਬ੍ਰਿਗੇਡ ਦੀ ਸਰਕਾਰ ਦੁਬਾਰਾ ਬਣ ਜਾਣ ਤੋਂ ਬਾਅਦ ਪੱਤਰਕਾਰਾਂ ਅਤੇ ਆਲੋਚਕਾਂ ਦੀਆਂ ਧੜਾਧੜ ਗ੍ਰਿਫਤਾਰੀਆਂ ਸ਼ੁਰੂ ਹੋ ਗਈਆਂ ਹਨ। ਯੂ.ਪੀ. ਦੇ ਮੁੱਖ ਮੰਤਰੀ ਮਹੰਤ ਅਦਿਤਿਆਨਾਥ ਬਾਰੇ ਕਥਿਤ ਅਪਮਾਨਜਨਕ ਸਮੱਗਰੀ ਸ਼ੇਅਰ ਕਰਨ ਦੇ ਇਲਜ਼ਾਮ ਤਹਿਤ ਦਿੱਲੀ ਤੋਂ ਫਰੀਲਾਂਸ ਪੱਤਰਕਾਰ ਪ੍ਰਸ਼ਾਂਤ ਕਨੌਜੀਆ, ਨੋਇਡਾ ਤੋਂ ਨੇਸ਼ਨ ਲਾਈਵ ਨਿਊਜ਼ ਚੈਨਲ ਦੀ ਮੁਖੀ ਇਸ਼ੀਕਾ ਸਿੰਘ ਅਤੇ ਸੰਪਾਦਕ ਅਨੁਜ ਸ਼ੁਕਲਾ (ਜੋ ਮੋਦੀ ਦੇ ਹੱਕ ਵਿਚ 'ਮੈਂ ਵੀ ਚੌਕੀਦਾਰ' ਮੁਹਿੰਮ ਦਾ ਵੱਡਾ ਚੈਂਪੀਅਨ ਰਹਿ ਚੁੱਕਾ ਹੈ) ਨੂੰ ਗ੍ਰਿਫਤਾਰ ਕਰ ਲਿਆ ਗਿਆ।

ਇਸ ਚੈਨਲ ਨੇ ਇਕ ਔਰਤ ਦੀ ਵੀਡੀਓ ਫੁਟੇਜ ਦਿਖਾ ਕੇ ਇਸ ਮਾਮਲੇ ਉਪਰ ਲਾਈਵ ਚਰਚਾ ਕੀਤੀ ਸੀ। ਔਰਤ ਨੇ ਦਾਅਵਾ ਕੀਤਾ ਸੀ ਕਿ ਉਸ ਦਾ ਮਹੰਤ ਅਦਿਤਿਆਨਾਥ ਨਾਲ

**ਬੂਟਾ ਸਿੰਘ**
ਫੋਨ: +91-94634-74342

ਵੱਟਸਐਪ ਜ਼ਰੀਏ ਇਸ਼ਕ ਚੱਲ ਰਿਹਾ ਹੈ ਅਤੇ ਉਹ ਉਸ ਨਾਲ ਵਿਆਹ ਕਰਾਉਣਾ ਚਾਹੁੰਦੀ ਹੈ। ਇਸੇ ਹਫਤੇ ਮਹੰਤ ਬਾਰੇ ਸੋਸ਼ਲ ਮੀਡੀਆ ਉਪਰ ਟਿੱਪਣੀਆਂ ਕਰਨ ਦੇ ਇਲਜ਼ਾਮ ਵਿਚ 7 ਹੋਰ ਵਿਅਕਤੀਆਂ ਨੂੰ ਵੀ ਯੂ.ਪੀ. ਪੁਲਿਸ ਨੇ ਗ੍ਰਿਫਤਾਰ ਕੀਤਾ ਹੈ। ਪ੍ਰਸ਼ਾਂਤ ਕਨੌਜੀਆ ਦੀ ਪਤਨੀ ਵਲੋਂ ਸੁਪਰੀਮ ਕੋਰਟ ਵਿਚ ਰਿੱਟ ਪਾਉਣ 'ਤੇ ਭਾਵੇਂ ਸੁਪਰੀਮ ਕੋਰਟ ਵਲੋਂ ਉਸ ਨੂੰ ਤੁਰੰਤ ਰਿਹਾਅ ਕਰਨ ਦੇ ਆਦੇਸ਼ ਦੇਣ ਨਾਲ ਉਸ ਦੀ ਰਿਹਾਈ ਸੰਭਵ ਹੋ ਗਈ ਲੇਕਿਨ ਬਾਕੀ ਪੱਤਰਕਾਰ ਅਤੇ ਟਿੱਪਣੀਕਾਰ ਸੀਖਾਂ ਪਿੱਛੇ ਡੱਕੇ ਹੋਏ ਹਨ। ਪਤਾ ਨਹੀਂ ਉਨ੍ਹਾਂ ਨੂੰ ਕਿੰਨਾ ਵਕਤ ਜੇਲ੍ਹਾਂ ਵਿਚ ਸੜਨਾ ਪਵੇ।

ਯਾਦ ਰਹੇ ਕਿ ਗ੍ਰਿਫਤਾਰੀਆਂ ਦਾ ਘੇਰਾ ਅਦਿਤਿਆਨਾਥ ਦੇ ਮਾਮਲੇ ਤਕ ਮਹਿਦੂਦ ਨਹੀਂ। ਝਾਰਖੰਡ ਤੋਂ ਪੱਤਰਕਾਰ ਤੇ ਲੇਖਕ ਰੂਪੇਸ਼ ਕੁਮਾਰ ਸਿੰਘ ਅਤੇ ਉਸ ਦੇ ਦੋ ਸਾਥੀਆਂ ਨੂੰ 'ਖਤਰਨਾਕ ਮਾਓਵਾਦੀ' ਦਾ ਇਲਜ਼ਾਮ ਲਗਾ ਕੇ ਗ੍ਰਿਫਤਾਰ ਕੀਤਾ ਗਿਆ ਹੈ। ਮੁੰਬਈ ਦੀ ਔਰਤ ਪੱਤਰਕਾਰ ਨਿਕਿਤਾ ਰਾਵ ਵਲੋਂ ਸਰਕਾਰ ਨੂੰ ਤਿੱਖੇ ਸਵਾਲ ਪੁੱਛਣ 'ਤੇ ਸੱਤਾਧਾਰੀ ਬੁਰਛਾਗਰਦਾਂ ਨੇ ਉਸ ਉਪਰ ਜਾਨਲੇਵਾ ਹਮਲਾ ਕਰ ਕੇ ਉਸ ਨੂੰ ਲਹੂ-ਲੁਹਾਨ ਕਰ ਦਿੱਤਾ ਗਿਆ। ਤਾਮਿਲਨਾਡੂ ਵਿਚ ਹਿੰਦੂ ਮੱਕਾਲ ਕਾਚੀ ਦੇ ਆਗੂ ਦੀ ਸ਼ਿਕਾਇਤ 'ਤੇ ਫਿਲਮ ਨਿਰਦੇਸ਼ਕ ਤੇ ਦਲਿਤ ਕਾਰਕੁਨ ਪਾ ਰਣਜੀਤ ਖਿਲਾਫ ਪਰਚਾ ਦਰਜ ਕੀਤਾ ਗਿਆ ਹੈ। ਉਸ ਨੇ ਪਿਛਲੇ ਦਿਨੀਂ ਟਿੱਪਣੀ ਕੀਤੀ ਸੀ ਕਿ ਚੋਲ ਸੁਲਤਾਨ ਰਾਜਾ ਰਾਜਾ-1 ਦਾ ਰਾਜ (985-1014) ਇਤਿਹਾਸ ਦਾ ਕਾਲਾ ਤਾਨਾਸ਼ਾਹ ਦੌਰ ਸੀ। ਸ਼ਾਮਲੀ (ਯੂ.ਪੀ.) ਵਿਚ ਰੇਲਵੇ ਅੰਦਰ ਭ੍ਰਿਸ਼ਟਾਚਾਰ ਦੀ ਰਿਪੋਰਟ ਕਰਨ ਗਏ ਸਟਿੰਗਰ (ਸਥਾਨਕ ਰਿਪੋਰਟਰ) ਉਪਰ ਰੇਲਵੇ ਪੁਲਿਸ ਦੇ ਗੈਂਗ ਨੇ ਹਮਲਾ ਕਰਕੇ ਅਤੇ ਉਸ ਨੂੰ ਨੰਗਾ ਕਰਕੇ ਉਸ ਦੀ ਬੇਤਹਾਸ਼ਾ ਕੁੱਟਮਾਰ ਕਰਨ ਅਤੇ ਦਰੋਗੇ ਵਲੋਂ ਪੱਤਰਕਾਰ ਦੇ ਮੂੰਹ ਵਿਚ ਪੇਸ਼ਾਬ ਕਰਨ ਦੀ ਵੀ ਖਬਰ ਹੈ।

ਐਡੀਟਰਜ਼ ਗਿਲਡ ਅਤੇ ਹੋਰ ਕਈ ਮੀਡੀਆ ਸੰਸਥਾਵਾਂ ਨੇ ਪ੍ਰਸ਼ਾਂਤ ਕਨੌਜੀਆ ਅਤੇ ਨਿਊਜ਼ ਚੈਨਲ ਦੀ ਮੁਖੀ ਅਤੇ ਸੰਪਾਦਕ ਦੀ ਗ੍ਰਿਫਤਾਰੀ ਵਿਰੁਧ ਤਾਂ ਸਟੈਂਡ ਲਿਆ ਹੈ ਅਤੇ ਦਿੱਲੀ ਵਿਚ ਸੈਂਕੜੇ ਪੱਤਰਕਾਰਾਂ ਵਲੋਂ ਰੋਸ ਮੁਜ਼ਾਹਰਾ ਵੀ ਕੀਤਾ ਗਿਆ ਲੇਕਿਨ ਰੂਪੇਸ਼ ਕੁਮਾਰ ਸਿੰਘ ਦੀ ਗ੍ਰਿਫਤਾਰੀ ਬਾਰੇ ਚੁੱਪ ਵੱਟ ਲਈ ਗਈ। ਉਸ ਦੇ ਬਾਰੇ ਸਿਰਫ ਸੰਵੇਦਨਸ਼ੀਲ ਪੱਤਰਕਾਰਾਂ ਨੇ ਹੀ ਇਕੱਠੇ ਹੋ ਕੇ ਆਵਾਜ਼ ਉਠਾਈ ਹੈ। ਰੂਪੇਸ਼ ਕੁਮਾਰ ਸਿੰਘ ਧੜੱਲੇਦਾਰ ਪੱਤਰਕਾਰ ਅਤੇ ਜੁਝਾਰੂ ਲੇਖਕ ਹਨ ਜਿਸ ਦੇ ਲੇਖ ਕਈ ਚਰਚਿਤ



ਰੂਪੇਸ਼ ਕੁਮਾਰ ਸਿੰਘ

ਰਸਾਲਿਆਂ ਦੇ ਨਾਲ ਨਾਲ 'ਦਕਸ਼ਿਨ ਕੋਸਲ' ਵਿਚ ਅਕਸਰ ਛਪਦੇ ਰਹਿੰਦੇ ਹਨ; ਖਾਸ ਕਰਕੇ ਆਦਿਵਾਸੀ ਸੰਘਰਸ਼ਾਂ ਬਾਰੇ ਉਸ ਦੀਆਂ ਰਿਪੋਰਟਾਂ ਚਰਚਾ ਦਾ ਵਿਸ਼ਾ ਬਣੀਆਂ ਹਨ।

ਰੂਪੇਸ਼ ਕੁਮਾਰ ਸਿੰਘ ਨੇ ਸਰਕਾਰ ਦੀਆਂ ਨੀਤੀਆਂ ਅਤੇ ਜਬਰ ਵਿਰੁਧ ਬੇਬਾਕੀ ਨਾਲ ਲਿਖਿਆ ਹੈ। ਇਸੇ ਲਈ ਉਸ ਨੂੰ ਫਰਜ਼ੀ ਕੇਸ ਵਿਚ ਫਸਾ ਕੇ ਜੇਲ੍ਹ ਵਿਚ ਡੱਕਿਆ ਗਿਆ ਹੈ। ਗ੍ਰਿਫਤਾਰੀ ਸਮੇਂ ਉਸ ਕੋਲੋਂ ਜੋ 'ਮਾਓਵਾਦੀ ਸਾਹਿਤ' ਬਰਾਮਦ ਦਿਖਾਇਆ ਹੈ, ਉਹ



ਪ੍ਰਸ਼ਾਂਤ ਕਨੌਜੀਆ

ਦਰਅਸਲ 'ਲਾਲ ਮਾਟੀ' ਰਸਾਲਾ ਹੈ ਜਿਸ ਦਾ ਉਹ ਸੰਪਾਦਕ ਹੈ। ਜਦੋਂ ਥੋੜ੍ਹੇ ਸਾਲ ਪਹਿਲਾਂ ਛੱਤੀਸਗੜ੍ਹ ਵਿਚ ਦੋ ਪੱਤਰਕਾਰਾਂ ਸੋਮਾਰੂ ਨਾਗ ਅਤੇ ਸੰਤੋਸ਼ ਯਾਦਵ ਨੂੰ ਮਾਓਵਾਦੀ ਹਮਾਇਤੀ ਦੱਸ ਕੇ ਗ੍ਰਿਫਤਾਰ ਕੀਤਾ ਗਿਆ ਸੀ, ਉਦੋਂ ਸੰਬੰਧਤ ਅਖਬਾਰ ਅਤੇ ਟੀਵੀ ਚੈਨਲ ਉਨ੍ਹਾਂ ਨੂੰ ਆਪਣੇ ਪੱਤਰਕਾਰ ਮੰਨਣ ਤੋਂ ਹੀ ਮੁੱਕਰ ਗਏ ਸਨ।

ਦਰਅਸਲ, ਇਹ ਅਜਿਹੇ ਹਨ ਜੋ ਆਪਣੀਆਂ ਜਾਨਾਂ ਜੋਖਮ ਵਿਚ ਪਾ ਕੇ ਕਾਰਪੋਰੇਟ ਮਾਫੀਆ, ਹੁਕਮਰਾਨਾਂ ਅਤੇ ਰਾਜ ਮਸ਼ੀਨਰੀ ਦੇ ਲੋਕ ਦੁਸ਼ਮਣ ਗੱਠਜੋੜ ਦੀ ਅਸਲੀਅਤ ਸਾਹਮਣੇ ਲਿਆਉਂਦੇ ਹਨ ਅਤੇ ਦੱਬੇਕੁਚਲੇ ਅਵਾਮ ਦੇ ਅਸਲ ਮੁੱਦਿਆਂ ਉਪਰ ਬੇਖੌਫ ਹੋ ਕੇ ਜ਼ਮੀਨੀ ਰਿਪੋਰਟਿੰਗ ਕਰ ਰਹੇ ਹਨ। ਇਨ੍ਹਾਂ ਨੂੰ ਨਾ ਤਾਂ ਮਹਾਂਨਗਰਾਂ ਵਿਚ ਬੈਠੇ ਮੋਟੀਆਂ ਤਨਖਾਹਾਂ ਲੈਣ ਵਾਲੇ ਵੱਡੇ ਪੱਤਰਕਾਰਾਂ ਵਾਂਗ ਮਾਨਤਾ ਮਿਲਦੀ ਹੈ ਅਤੇ ਨਾ ਹੀ ਇਨ੍ਹਾਂ ਨੂੰ ਨਿਸ਼ਾਨਾ ਬਣਾਏ ਜਾਣ 'ਤੇ ਮੀਡੀਆ ਸੰਸਥਾਵਾਂ ਇਨ੍ਹਾਂ ਦੇ ਹੱਕ ਵਿਚ ਖੜ੍ਹਦੀਆਂ ਹਨ।

ਸਚਾਈ ਇਹ ਹੈ ਕਿ ਮੀਡੀਆ ਅੰਦਰ ਜਮਾਤੀ ਵੰਡ ਬੜੀ ਸਪਸ਼ਟ ਹੈ। 'ਮੁੱਖਧਾਰਾ' ਮੀਡੀਆ, ਖਾਸ ਕਰਕੇ ਇਲੈਕਟ੍ਰਾਨਿਕ ਮੀਡੀਆ ਉਪਰ ਕਾਰਪੋਰੇਟ ਘਰਾਣਿਆਂ ਦੀ ਅਜਾਰੇਦਾਰੀ ਹੈ। ਪੱਤਰਕਾਰਾਂ ਲਈ ਇਹ ਇਮਤਿਹਾਨ ਦੀ ਘੜੀ ਹੈ। ਪੱਤਰਕਾਰਾਂ ਅੱਗੇ ਅੱਜ ਮੁੱਖ ਚੁਣੌਤੀ ਇਹੀ ਹੈ - ਸਰਕਾਰੀ ਪ੍ਰੈੱਸ ਕਾਨਫਰੰਸਾਂ ਦੇ ਪ੍ਰੈੱਸ ਨੋਟ ਛਾਪਣੇ ਹਨ ਜਾਂ ਪੱਤਰਕਾਰੀ ਦਾ ਸੱਚਾ ਫਰਜ਼ ਨਿਭਾਉਂਦੇ ਹੋਏ ਸਮਾਜ ਦੇ ਮੁੱਦਿਆਂ ਅਤੇ ਸਰੋਕਾਰਾਂ ਨੂੰ ਮੁੱਖ ਰੱਖਦੇ ਹੋਏ ਸੱਚੀ ਰਿਪੋਰਟਿੰਗ ਕਰਨੀ ਹੈ। ਕਥਿਤ ਮੁੱਖਧਾਰਾ ਮੀਡੀਆ ਦਾ ਵੱਡਾ ਹਿੱਸਾ ਦਰਬਾਰੀ ਪੱਤਰਕਾਰਾਂ ਦਾ ਹੈ ਜੋ ਸੱਤਾ ਦੀ ਚਾਪਲੂਸੀ ਕਰਕੇ ਆਪਣਾ ਭਵਿਖ ਚਮਕਾਉਣ ਵਿਚ ਜੁਟੇ ਹੋਏ ਹਨ। ਉਨ੍ਹਾਂ ਲਈ ਪ੍ਰੈੱਸ/ਮੀਡੀਆ ਦੀ ਆਜ਼ਾਦੀ ਕੋਈ ਮਾਇਨੇ ਨਹੀਂ ਰੱਖਦੀ, ਉਹ ਨਿਰੋਲ ਸੱਤਾ ਅਤੇ ਕਾਰਪੋਰੇਟ ਸਮੂਹਾਂ ਦੇ ਦਲਾਲ ਹਨ। ਪੁਲਿਸ ਅਤੇ ਹੋਰ ਸਰਕਾਰੀ ਤੰਤਰ ਵਲੋਂ ਬੇਬਾਕ ਪੱਤਰਕਾਰ ਜਾਂ ਲੇਖਕ ਨੂੰ ਅਲੱਗ-ਥਲੱਗ ਕਰਨ ਲਈ ਉਸ ਉਪਰ ਮਾਓਵਾਦੀ ਹਮਾਇਤੀ ਹੋਣ ਦਾ ਠੱਪਾ ਲਗਾਉਣਾ ਸੋਚੀ-ਸਮਝੀ ਸਕੀਮ ਹੁੰਦੀ ਹੈ ਕਿਉਂਕਿ ਦਰਬਾਰੀ ਖਸਲਤ ਵਾਲਿਆਂ ਨੂੰ ਇਨ੍ਹਾਂ ਤੋਂ ਵਿੱਥ ਬਣਾ ਲੈਣ ਲਈ ਬਹਾਨਾ ਮਿਲ ਜਾਂਦਾ ਹੈ।

ਹੁਣ ਤਾਂ ਹਾਲਤ ਇਹ ਬਣ ਚੁੱਕੀ ਹੈ ਕਿ ਪ੍ਰੈੱਸ ਕਲੱਬ ਆਫ ਇੰਡੀਆ ਦੇ ਕੁਝ ਅਹੁਦੇਦਾਰਾਂ ਨੇ ਅਦਿਤਿਆਨਾਥ ਬਾਬਤ ਸਮੱਗਰੀ ਨੂੰ 'ਪੱਤਰਕਾਰੀ ਦੀ ਆੜ ਵਿਚ ਕਿਰਦਾਰਕੁਸ਼ੀ ਅਤੇ ਬਲੈਕਮੇਲਿੰਗ ਕਰਨ 'ਤੇ ਉਤਾਰੂ ਏਜੰਡੇ ਵਾਲੇ ਪੱਤਰਕਾਰ' ਕਰਾਰ ਦੇ ਕੇ ਨਾ ਸਿਰਫ ਇਸ ਦੀ ਖੁੱਲ੍ਹੇਆਮ ਨਿਖੇਧੀ ਕੀਤੀ ਹੈ ਸਗੋਂ ਮੀਡੀਆ ਸੰਸਥਾਵਾਂ ਵਲੋਂ ਲਏ ਸਟੈਂਡ ਅਤੇ ਰੋਸ ਮੁਜ਼ਾਹਰੇ ਦਾ ਵਿਰੋਧ ਕਰਦਿਆਂ ਹੋਰ ਪੱਤਰਕਾਰਾਂ ਨੂੰ ਐਸੇ ਪੱਤਰਕਾਰਾਂ ਨਾਲ ਕੋਈ ਹਮਦਰਦੀ ਨਾ ਰੱਖਣ ਅਤੇ ਉਨ੍ਹਾਂ ਦਾ ਪਰਦਾਫਾਸ਼ ਕਰਨ ਦੀਆਂ ਅਪੀਲਾਂ ਤਕ ਕੀਤੀਆਂ ਗਈਆਂ ਹਨ!

ਰੂਪੇਸ਼ ਕੁਮਾਰ ਸਿੰਘ ਦੇ ਹੱਕ ਵਿਚ ਵੀ ਜਮਹੂਰੀ ਲੋਕ-ਪੱਖੀ ਤਾਕਤਾਂ ਅਤੇ ਕੁਝ ਘੱਟ ਚਰਚਿਤ ਪੱਤਰਕਾਰਾਂ ਨੇ ਹੀ ਡਟ ਕੇ ਸਟੈਂਡ ਲਿਆ ਹੈ। ਦਰਬਾਰੀ ਮੀਡੀਆ ਆਪਣੇ ਜਮਾਤੀ ਖਾਸੇ ਅਨੁਸਾਰ ਪੂਰੀ ਤਰ੍ਹਾਂ ਖਾਮੋਸ਼ ਹੈ। ਲੋਕ-ਪੱਖੀ ਤਾਕਤਾਂ ਨੂੰ ਰੂਪੇਸ਼ ਕੁਮਾਰ ਸਿੰਘ ਵਰਗੀਆਂ ਕਲਮਾਂ ਦੀ ਰਾਖੀ ਲਈ ਅਤੇ ਕੇਸ ਦਰਜ ਹੋਣ ਦੀ ਸੂਰਤ ਵਿਚ ਉਨ੍ਹਾਂ ਦੇ ਮਾਮਲਿਆਂ ਦੀ ਕਾਨੂੰਨੀ ਪੈਰਵਾਈ ਵੱਲ ਵਿਸ਼ੇਸ਼ ਧਿਆਨ ਦੇ ਕੇ ਕੰਮ ਕਰਨਾ ਚਾਹੀਦਾ ਹੈ।

ਰੂਪੇਸ਼ ਕੁਮਾਰ ਸਿੰਘ ਨੂੰ ਗ੍ਰਿਫਤਾਰ ਕਰਕੇ ਅਧਿਕਾਰੀਆਂ ਵਲੋਂ ਜੋ ਨਸੀਹਤਾਂ ਦਿੱਤੀਆਂ ਗਈਆਂ, ਉਨ੍ਹਾਂ ਤੋਂ ਗ੍ਰਿਫਤਾਰੀ ਦਾ ਮਨੋਰਥ ਸਾਫ ਪਤਾ ਲਗਦਾ ਹੈ। ਉਸ ਦੀ ਜੀਵਨ ਸਾਥਣ ਇਪਸਾ ਸ਼ਤਾਕਸ਼ੀ ਨੇ ਆਪਣੇ ਪਤੀ ਨਾਲ ਮੁਲਾਕਾਤ ਕਰਨ ਤੋਂ ਬਾਅਦ ਸੋਸ਼ਲ ਮੀਡੀਆ ਉਪਰ ਹਾਲਤ ਇਸ ਤਰ੍ਹਾਂ ਬਿਆਨ ਕੀਤੀ ਹੈ: '4 ਜੂਨ ਨੂੰ ਸਵੇਰੇ 8 ਵਜੇ ਰੂਪੇਸ਼ ਆਪਣੇ ਦੋ ਸਾਥੀਆਂ ਮਿਥਲੇਸ਼ ਕੁਮਾਰ ਅਤੇ ਮੁਹੰਮਦ ਕਲਾਮ ਨਾਲ ਘਰੋਂ ਔਰੰਗਾਬਾਦ ਲਈ ਚੱਲੇ। ਦੋ ਘੰਟੇ ਬਾਅਦ ਤਿੰਨਾਂ ਦਾ ਮੋਬਾਈਲ 'ਬੰਦ' ਆਉਣਾ ਸ਼ੁਰੂ ਹੋ ਗਿਆ। ਪਰਿਵਾਰ ਵਾਲਿਆਂ ਨੂੰ ਫਿਕਰ ਪੈ ਗਿਆ। 5 ਜੂਨ ਨੂੰ ਰਾਮਗੜ੍ਹ ਥਾਣੇ ਵਿਚ ਗੁੰਮਸ਼ੁਦਗੀ ਦੀ ਰਿਪੋਰਟ ਦਰਜ ਕਰਾਈ ਗਈ। ਰਾਮਗੜ੍ਹ ਪੁਲਿਸ ਰੂਪੇਸ਼ ਦਾ ਮੋਬਾਈਲ ਇਹ ਕਹਿ ਕੇ ਲੈ ਗਈ ਕਿ ਜਾਂਚ ਲਈ ਜ਼ਰੂਰਤ ਹੈ ਅਤੇ ਦੋ ਘੰਟੇ ਵਿਚ ਮੋੜ ਦਿੱਤਾ ਜਾਵੇਗਾ। ਉਹ ਮੋਬਾਈਲ ਹੁਣ ਤਕ ਵਾਪਸ ਨਹੀਂ ਕੀਤਾ ਗਿਆ। ਅਗਲੇ ਦਿਨ 6 ਜੂਨ ਨੂੰ ਮਿਥਲੇਸ਼ ਦਾ ਫੋਨ ਆਇਆ ਕਿ ਉਹ ਠੀਕ ਹਨ ਅਤੇ ਘਰ ਆ ਰਹੇ ਹਨ; ਲੇਕਿਨ ਤਿੰਨੇ ਹੀ ਘਰ ਨਹੀਂ ਪਹੁੰਚੇ। ਅਗਲੇ ਦਿਨ 7 ਜੂਨ ਨੂੰ ਅਖਬਾਰ ਵਿਚ ਖਬਰ ਛਪੀ - 'ਵਿਸਫੋਟਕ ਸਮੇਤ ਤਿੰਨ ਖਤਰਨਾਕ ਨਕਸਲੀ ਰੂਪੇਸ਼ ਕੁਮਾਰ ਸਿੰਘ, ਮਿਥਲੇਸ਼ ਕੁਮਾਰ ਸਿੰਘ ਅਤੇ ਮੁਹੰਮਦ ਕਲਾਮ ਸ਼ੇਰਘਾਟੀ-ਡੋਭੀ ਪੁਲਿਸ ਦੁਆਰਾ ਗ੍ਰਿਫਤਾਰ ਕਰ ਲਏ ਗਏ।'

ਦਰਅਸਲ, ਰੂਪੇਸ਼ ਦੀ ਗ੍ਰਿਫਤਾਰੀ 4 ਜੂਨ ਨੂੰ ਸਵੇਰੇ ਸਾਢੇ ਨੌਂ ਵਜੇ ਹੋ ਗਈ ਸੀ, ਨਾ ਕਿ 6 ਜੂਨ ਨੂੰ ਹੋਈ ਜਿਵੇਂ ਪੁਲਿਸ ਕਹਿ ਰਹੀ ਹੈ। ਹਜ਼ਾਰੀਬਾਗ ਤੋਂ ਥੋੜ੍ਹਾ ਅੱਗੇ ਜਦੋਂ ਉਨ੍ਹਾਂ ਨੇ ਜੰਗਲ-ਪਾਣੀ ਜਾਣ ਲਈ ਗੱਡੀ ਰੋਕੀ ਤਾਂ ਉਨ੍ਹਾਂ ਨੂੰ ਆਈ.ਬੀ. ਵਾਲਿਆਂ ਨੇ ਪਿੱਛੋਂ ਹਮਲਾ ਕਰਕੇ ਦਬੋਚ ਲਿਆ। ਵਾਲਾਂ ਤੋਂ ਫੜ ਕੇ ਅੱਖਾਂ ਉਪਰ ਕੱਪੜਾ ਬੰਨ੍ਹ ਦਿੱਤਾ ਗਿਆ ਅਤੇ ਹੱਥਾਂ ਨੂੰ ਪਿੱਠ ਪਿੱਛੇ ਕਰਕੇ ਹੱਥਕੜੀ ਲਗਾ ਦਿੱਤੀ ਗਈ। ਵਿਰੋਧ ਕਰਨ 'ਤੇ ਹੱਥਕੜੀ ਖੋਲ੍ਹ ਦਿੱਤੀ ਅਤੇ ਅੱਖਾਂ ਤੋਂ ਪੱਟੀ ਵੀ ਹਟਾ ਦਿੱਤੀ। ਫਿਰ ਉਨ੍ਹਾਂ ਨੂੰ ਬਾਰਾਚੱਟੀ ਦੇ ਕੋਬਰਾ ਬਟਾਲੀਅਨ (ਸੀ.ਆਰ.ਪੀ.ਐਫ.) ਕੈਂਪ ਵਿਚ ਲਿਜਾਇਆ ਗਿਆ। ਰੂਪੇਸ਼ ਨੂੰ ਬਿਲਕੁਲ ਸੌਣ ਨਹੀਂ ਦਿੱਤਾ ਗਿਆ ਅਤੇ ਪੂਰੀ ਰਾਤ ਮਾਨਸਿਕ ਤਸ਼ੱਦਦ ਕੀਤਾ ਗਿਆ। ਉਸ ਨੂੰ ਧਮਕਾਇਆ ਗਿਆ ਕਿ ਪ੍ਰਬੰਧ ਜਾਂ ਸਰਕਾਰ ਦੇ ਖਿਲਾਫ ਲਿਖਣਾ ਬੰਦ ਕਰੇ।

ਉਸ ਨੂੰ ਕਿਹਾ ਗਿਆ - ਪੜ੍ਹਿਆ-ਲਿਖਿਆ ਏਂ, ਮੌਜ ਨਾਲ ਕਮਾ ਤੇ ਖਾ। ਆਦਿਵਾਸੀਆਂ ਲਈ ਐਨਾ ਪ੍ਰੇਸ਼ਾਨ ਕਿਉਂ ਰਹਿੰਦਾ ਏਂ; ਕਦੇ ਕਵਿਤਾ, ਕਦੇ ਲੇਖ ਲਿਖਦਾ ਏਂ। ਇਸ ਨਾਲ ਆਦਿਵਾਸੀਆਂ ਦਾ ਮਨੋਬਲ ਵਧਦਾ ਹੈ। ਕੀ ਮਿਲੇਗਾ ਇਸ ਨਾਲ। ਜੰਗਲ, ਜ਼ਮੀਨ ਬਾਰੇ ਬਹੁਤ ਫਿਕਰਮੰਦ ਰਹਿੰਦਾ ਏਂ, ਇਸ ਤੋਂ ਕੁਝ ਵੀ ਨਹੀਂ ਮਿਲਣਾ। ਵਿਆਹਿਆ ਹੋਇਆ ਏਂ, ਪਰਿਵਾਰ ਬਾਰੇ ਸੋਚ। ਸਰਕਾਰ ਨੇ ਕਿੰਨੀਆਂ ਵਧੀਆ ਵਧੀਆ ਯੋਜਨਾਵਾਂ ਲਿਆਂਦੀਆਂ ਹਨ, ਉਨ੍ਹਾਂ ਬਾਰੇ ਲਿਖ। ਤੇਰੇ ਨਾਲ ਕੋਈ ਦੁਸ਼ਮਣੀ ਨਹੀਂ ਹੈ, ਛੱਡ ਦਿਆਂਗੇ। 5 ਜੂਨ ਨੂੰ ਮਿਥਲੇਸ਼ ਕੁਮਾਰ ਤੋਂ ਦੁਪਹਿਰ ਇਕ ਵਜੇ ਕਾਲ ਵੀ ਕਰਵਾਈ ਗਈ ਕਿ ਤਿੰਨੇ ਸੁਰੱਖਿਅਤ ਹਨ। ਘਰ ਆ ਰਹੇ ਹਨ।... 5 ਜੂਨ ਨੂੰ ਰੂਪੇਸ਼ ਨੂੰ ਚਾਰ ਘੰਟੇ ਸੌਣ ਦੀ ਇਜਾਜ਼ਤ ਦਿੱਤੀ ਗਈ। ਫਿਰ 5 ਜੂਨ ਦੀ ਸ਼ਾਮ ਨੂੰ ਕੋਬਰਾ ਬਟਾਲੀਅਨ ਦੇ ਕੈਂਪ ਵਿਚ ਇਨ੍ਹਾਂ ਦੇ ਸਾਹਮਣੇ ਹੀ ਇਨ੍ਹਾਂ ਦੀ ਗੱਡੀ ਵਿਚ ਵਿਸਫੋਟਕ (ਜਿਲੇਟਿਨ ਸਟਿੱਕ ਅਤੇ ਡੈਟੋਨੇਟਰ) ਰੱਖਿਆ ਗਿਆ। ਵਿਰੋਧ ਕਰਨ 'ਤੇ ਸ਼ੇਰਘਾਟੀ ਦੇ ਪੁਲਿਸ ਮੁਖੀ ਰਵੀਸ਼ ਕੁਮਾਰ ਨੇ ਕਿਹਾ ਕਿ 'ਅਰੇ ਫੜੇ ਹੋ ਤਾਂ ਐਂਵੇਂ ਕਿਵੇਂ ਛੱਡ ਦਿਆਂਗੇ'। ਆਪਣੇ ਵਲੋਂ ਕੇਸ ਪੂਰੀ ਮਜ਼ਬੂਤੀ ਨਾਲ ਪੇਸ਼ ਕਰਾਂਗੇ ਰੂਪੇਸ਼ ਜੀ।' ਫਿਰ ਇਸੇ ਵਿਸਫੋਟਕ ਸਮੱਗਰੀ ਨੂੰ ਦਿਖਾ ਕੇ ਡੋਭੀ ਥਾਣੇ ਵਿਚ ਪ੍ਰੈੱਸ ਕਾਨਫਰੰਸ ਕੀਤੀ ਗਈ।



*ਨੇਸ਼ਨ ਲਾਈਵ ਨਿਊਜ਼ ਚੈਨਲ ਦਾ ਸੰਪਾਦਕ ਅਨੁਜ ਸ਼ੁਕਲਾ ਯੂ.ਪੀ. ਦੇ ਮੁੱਖ ਮੰਤਰੀ ਅਦਿਤਿਆਨਾਥ ਨਾਲ ਇਕ ਇੰਟਰਵਿਊ ਦੌਰਾਨ*

ਇਨ੍ਹਾਂ ਨੂੰ ਇਹ ਕਹਿ ਕੇ ਡੋਭੀ ਥਾਣੇ ਦੇ ਹਵਾਲੇ ਕਰ ਦਿੱਤਾ ਗਿਆ ਕਿ ਇਹ ਇਸ ਤਰ੍ਹਾਂ ਗੱਲ ਸੁਣਨ ਵਾਲੇ ਨਹੀਂ, ਇਨ੍ਹਾਂ ਨੂੰ ਅੰਦਰ ਕਰੋ। 6 ਜੂਨ ਸ਼ਾਮ ਨੂੰ ਇਨ੍ਹਾਂ ਨੂੰ ਡੋਭੀ ਥਾਣੇ ਤੋਂ ਸ਼ੇਰਘਾਟੀ ਜੇਲ੍ਹ ਭੇਜ ਦਿੱਤਾ ਗਿਆ।

ਪੁਲਿਸ 7 ਜੂਨ ਨੂੰ ਉਨ੍ਹਾਂ ਦੇ ਘਰੋਂ ਮਾਰਕਸ, ਲੈਨਿਨ ਦੀਆਂ ਲਿਖਤਾਂ ਅਤੇ ਹੋਰ ਕਿਤਾਬਾਂ ਚੁੱਕ ਕੇ ਲੈ ਗਈ। ਉਨ੍ਹਾਂ ਦਾ ਲੈਪਟਾਪ ਅਤੇ ਮੋਬਾਈਲ ਪੁਲਿਸ ਦੇ ਕਬਜ਼ੇ ਵਿਚ ਹੈ ਜਿਸ ਨਾਲ ਉਹ ਕੋਈ ਵੀ ਛੇੜਛਾੜ ਕਰਕੇ ਮਨਮਰਜ਼ੀ ਦਾ ਕੇਸ ਬਣਾ ਸਕਦੇ ਹਨ। ਇਸ ਦੇ ਨਾਲ ਹੀ ਪੁਲਿਸ 7 ਜੂਨ ਨੂੰ ਸਵੇਰੇ ਹੀ ਇਹ ਕਹਿ ਕੇ ਉਸ ਦੇ ਵੱਡੇ ਭਰਾ ਕੁਮਾਰ ਅੰਸ਼ੂ ਅਤੇ ਉਨ੍ਹਾਂ ਦੇ ਸਹੁਰੇ ਵਿਸ਼ਦ ਕੁਮਾਰ ਨੂੰ ਆਪਣੇ ਨਾਲ ਲੈ ਗਈ ਕਿ ਆਪਣਾ ਬੋਕਾਰੋ ਵਾਲਾ ਘਰ ਦਿਖਾਉਣ ਲਈ ਸਾਡੇ ਨਾਲ ਚੱਲੋ, ਉਥੋਂ ਛੱਡ ਦਿਆਂਗੇ। ਕੁਝ ਘੰਟੇ ਬਾਅਦ ਹੀ ਉਸ ਦੇ ਭਰਾ ਦਾ ਮੋਬਾਈਲ 'ਬੰਦ' ਆਉਣਾ ਸ਼ੁਰੂ ਹੋ ਗਿਆ ਅਤੇ ਸਹੁਰੇ ਦੀ ਕਾਲ ਰਿਸੀਵਿੰਗ ਵੀ ਬੰਦ ਹੋ ਗਈ।

ਇਸ ਸਮੁੱਚੇ ਘਟਨਾਕ੍ਰਮ ਬਾਰੇ ਪੱਤਰਕਾਰ ਉੱਤਮ ਕੁਮਾਰ ਲਿਖਦੇ ਹਨ: 'ਸਪਸ਼ਟ ਹੈ ਕਿ ਭਾਰਤ ਦੋ ਭਾਗਾਂ ਵਿਚ ਵੰਡਿਆ ਜਾ ਚੁੱਕਾ ਹੈ। ਇਕ ਇਥੋਂ ਦੇ ਹੁਕਮਰਾਨ, ਜਾਤੀਵਾਦੀ ਪੂੰਜੀਪਤੀ, ਜਾਤਵਾਦੀ, ਬ੍ਰਾਹਮਣਵਾਦੀ ਤੇ ਵਿਦੇਸ਼ੀ ਹੁਕਮਰਾਨ, ਉਨ੍ਹਾਂ ਦੀ ਸੁਰੱਖਿਆ ਵਿਚ ਇਥੋਂ ਦੀ ਪੁਲਿਸ ਅਤੇ ਸੁਰੱਖਿਆ ਬਲ ਹਨ। ਦੂਸਰੇ ਪਾਸੇ ਹਾਸ਼ੀਏ ਉਪਰਲੇ ਲੋਕ ਦਲਿਤ, ਆਦਿਵਾਸੀ ਅਤੇ ਘੱਟ ਗਿਣਤੀਆਂ ਜੋ ਮੁਲਕ ਦੇ ਜਲ, ਜੰਗਲ ਅਤੇ ਜ਼ਮੀਨ ਨੂੰ ਬਚਾਉਣ ਦੀ ਲੜਾਈ ਵਿਚ ਅਗਵਾਈ ਕਰ ਰਹੇ ਹਨ ਜੋ ਉਨ੍ਹਾਂ ਦੇ ਹਿਤ ਵਿਚ ਆਵਾਜ਼ ਉਠਾਏਗਾ ਜਾਂ ਪੱਤਰਕਾਰੀ ਕਰੇਗਾ, ਉਸ ਨੂੰ ਜਾਂ ਤਾਂ ਮੁਕਾਬਲੇ ਵਿਚ ਮਾਰ ਦਿੱਤਾ ਜਾਵੇਗਾ ਜਾਂ ਫਿਰ ਜੇਲ੍ਹ ਦੀਆਂ ਸੀਖਾਂ ਪਿੱਛੇ ਡੱਕ ਦਿੱਤਾ ਜਾਵੇਗਾ।

ਇਸ ਯੁੱਧ ਖੇਤਰ ਵਿਚ ਡੂੰਘੇ ਵੰਡੇ ਭਾਰਤ ਨੂੰ ਅਸੀਂ ਇਸ ਤਰ੍ਹਾਂ ਡੂੰਘੀ ਹੁੰਦੀ ਖਾਈ ਅਤੇ ਚੌੜੀ ਹੁੰਦੀ ਜਾ ਰਹੀ ਦਰਾੜ ਦੇ ਰੂਪ ਵਿਚ ਦੇਖ ਸਕਦੇ ਹਾਂ। ਹੱਕ, ਬਰਾਬਰੀ, ਸੁਤੰਤਰਤਾ, ਭਾਈਚਾਰਾ ਅਤੇ ਨਿਆਂਪ੍ਰੇਮੀ ਲੋਕਾਂ ਦੇ ਖਿਲਾਫ ਸੱਤਾ ਦੁਆਰਾ ਲਗਾਤਾਰ ਹਮਲੇ ਤਿੱਖੇ ਹੁੰਦੇ ਜਾ ਰਹੇ ਹਨ। ਲੋਕ ਆਪਣੀ ਆਜ਼ਾਦੀ ਅਤੇ ਹੱਕ ਦੇ ਲਈ ਤੇਜ਼ੀ ਨਾਲ ਉਠ ਰਹੇ ਹਨ। ਆਉਣ ਵਾਲਾ ਵਕਤ ਘੁੱਪ ਹਨੇਰਾ ਜ਼ਰੂਰ ਹੋਵੇਗਾ, ਲੇਕਿਨ ਬਰਾਬਰੀ ਦਾ ਚਾਨਣ ਕਾਲੀਆਂ ਹਨੇਰੀਆਂ ਪਰਤਾਂ ਨੂੰ ਚੀਰ ਦੇਵੇਗਾ। ਲੱਖ ਕੋਸ਼ਿਸ਼ ਕਰ ਲੈਣ, ਸੱਚ ਨੂੰ ਡਰਾਇਆ ਨਹੀਂ ਜਾ ਸਕਦਾ। ਬੁੱਧੀਜੀਵੀਆਂ ਦੀ ਜ਼ਿੰਮੇਵਾਰੀ ਹੈ ਕਿ ਉਹ ਸੱਚ ਬੋਲਣ ਅਤੇ ਕੂੜ ਨੂੰ ਨੰਗਾ ਕਰਨ।'

## ਨਕਸਲੀ ਸਾਹਿਤ

ਇਕ ਵਾਰ ਮੈਂ ਦਾਂਤੇਵਾੜਾ ਦੇ ਐਸ.ਪੀ. ਨੂੰ ਮਿਲਣ ਗਿਆ। ਉਸ ਨੇ ਕਿਹਾ ਕਿ ਅੱਜ ਉਨ੍ਹਾਂ ਨਕਸਲੀ ਸਾਹਿਤ ਬਰਾਮਦ ਕੀਤਾ ਹੈ। ਮੈਨੂੰ ਉਤਸੁਕਤਾ ਹੋਈ। ਮੈਂ ਕਿਹਾ - ਕਿਹੋ ਜਿਹਾ



ਹੁੰਦਾ ਹੈ ਨਕਸਲੀ ਸਾਹਿਤ? ਉਨ੍ਹਾਂ ਮੈਨੂੰ ਜੋ ਕਿਤਾਬਾਂ ਦਿਖਾਈਆਂ ਜਿਨ੍ਹਾਂ ਵਿਚ ਡੰਕਲ ਖਰੜੇ ਅਤੇ ਸੰਸਾਰੀਕਰਨ ਵਿਰੁਧ ਲੇਖ ਸਨ। ਮੈਂ ਕਿਹਾ ਕਿ ਇਹ ਸਭ ਤਾਂ ਅਸੀਂ ਵੀ ਪੜ੍ਹਦੇ ਹਾਂ। ਉਹ ਕੁਝ ਨਹੀਂ ਬੋਲੇ, ਸਰਕਾਰ ਦਾ ਹੁਕਮ ਜੋ ਵਜਾ ਰਹੇ ਸਨ। ਹੇਠਲੀਆਂ ਅਦਾਲਤਾਂ ਵਿਚ ਪੁਲਿਸ ਵਾਲੇ ਕੋਈ ਵੀ ਕਿਤਾਬ ਪੇਸ਼ ਕਰਕੇ ਜੱਜ ਸਾਹਮਣੇ ਰੱਖ ਦਿੰਦੇ ਹਨ। ਕਿਸੇ ਵੀ ਮਾਮਲੇ ਵਿਚ ਜੱਜ ਕਿਤਾਬਾਂ ਨੂੰ ਪੜ੍ਹ ਕੇ ਨਹੀਂ ਦੇਖਦੇ ਅਤੇ ਸਜ਼ਾ ਸੁਣਾ ਦਿੰਦੇ ਹਨ।

*-ਹਿਮਾਂਸ਼ੂ ਕੁਮਾਰ*
*(ਗਾਂਧੀਵਾਦੀ ਕਾਰਕੁਨ)*

## ਵਿਚਾਰਾਂ ਦੀ ਆਜ਼ਾਦੀ ਅਤੇ ਪਾਰਲੀਮੈਂਟਰੀ ਖੱਬੇ

ਕੇਰਲ ਦੇ ਮੁੱਖ ਮੰਤਰੀ ਪਿਨਾਰਾਈ ਵਿਜੇਅਨ ਨੇ 12 ਜੂਨ 2019 ਨੂੰ ਵਿਧਾਨ ਸਭਾ ਵਿਚ ਦੱਸਿਆ ਕਿ ਸੱਤਾ ਸੰਭਾਲਣ ਤੋਂ ਬਾਅਦ ਸੀ.ਪੀ.ਐਮ. ਦੇ ਮੌਜੂਦਾ ਰਾਜ ਵਿਚ ਕੁਲ 119 ਲੋਕਾਂ ਉਪਰ ਕੇਸ ਦਰਜ ਕੀਤੇ ਜਾ ਚੁੱਕੇ ਹਨ ਜਿਨ੍ਹਾਂ ਨੇ ਸੋਸ਼ਲ ਮੀਡੀਆ ਉਪਰ ਮੁੱਖ ਮੰਤਰੀ ਬਾਰੇ ਟਿੱਪਣੀਆਂ ਕੀਤੀਆਂ। ਮੁੱਖ ਮੰਤਰੀ ਨੇ ਇਹ ਜਾਣਕਾਰੀ ਵਿਰੋਧੀ ਧਿਰ ਦੇ ਆਗੂ ਵਲੋਂ ਦਿੱਤੇ 149 ਕੇਸਾਂ ਦੇ ਅੰਕੜੇ ਨੂੰ ਦਰੁਸਤ ਕਰਨ ਲਈ ਦਿੱਤੀ। ਵਿਜੇਅਨ ਨੇ ਮਈ 2016 ਵਿਚ ਸੱਤਾ ਸੰਭਾਲੀ ਸੀ।



ਇਸ ਹਿਸਾਬ ਨਾਲ ਦੇਖਿਆ ਜਾਵੇ ਤਾਂ ਬੀਤੇ ਤਿੰਨ ਸਾਲ ਵਿਚ ਆਪਣੇ ਸ਼ਾਸਨ ਕਾਲ ਵਿਚ ਸੀ.ਪੀ.ਐਮ. ਦੇ ਇਸ ਆਗੂ ਨੇ ਆਲੋਚਨਾ ਕਰਨ ਦੇ 'ਜੁਰਮ' ਵਿਚ ਹਰ ਸਾਲ ਔਸਤ ਚਾਲੀ ਵਿਅਕਤੀਆਂ ਉਪਰ ਕੇਸ ਦਰਜ ਕੀਤੇ ਹਨ।

ਇਹ ਦੇਖ ਕੇ ਲੱਗਦਾ ਹੈ ਕਿ ਸੀ.ਪੀ.ਐਮ. ਦਾ ਮੁੱਖ ਮੰਤਰੀ ਭਗਵੇਂ ਮਹੰਤ ਅਦਿਤਿਆਨਾਥ ਤੋਂ ਵੀ ਇਸ ਮਾਮਲੇ ਵਿਚ ਅੱਗੇ ਨਿਕਲਣਾ ਚਾਹੁੰਦਾ ਹੈ।

# ਗੁਰਦੁਆਰਾ ਸੈਨ ਹੋਜੇ ਵਿਚ ਮਹਾਨ ਆਤਮ ਰਸ ਕੀਰਤਨ ਦਰਬਾਰ




**ਸੈਨ ਹੋਜੇ (ਬਿਊਰੋ):** ਸੈਨ ਹੋਜੇ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਯੂਥ ਮੈਂਬਰਾਨ ਦੇ ਸਹਿਯੋਗ ਨਾਲ ਗੁਰਦੁਆਰਾ ਸਾਹਿਬ ਵਿਖੇ ਤਿੰਨ ਰੋਜ਼ਾ 'ਮਹਾਨ ਆਤਮ ਰਸ ਕੀਰਤਨ ਦਰਬਾਰ' ਲਾਇਆ ਗਿਆ, ਜਿਸ ਵਿਚ ਸਮੁੱਚੇ ਕੈਲੀਫੋਰਨੀਆ ਤੋਂ ਆਈ ਸੰਗਤ ਨੇ ਸ਼ਿਰਕਤ ਕੀਤੀ। ਇਸ ਮੌਕੇ ਤਿੰਨੇ ਦਿਨ ਨੌਂ ਉਘੇ ਰਾਗੀ ਜਥਿਆਂ ਨੇ ਕੀਰਤਨ ਕਰਕੇ ਸੰਗਤ ਨੂੰ ਨਿਹਾਲ ਕੀਤਾ।

ਇਹ ਸਮਾਗਮ ਪੰਜਵੇਂ ਪਾਤਸ਼ਾਹ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਅਤੇ ਪਹਿਲੇ ਪਾਤਸ਼ਾਹ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਪੁਰਬ ਨੂੰ ਸਮਰਪਿਤ ਸੀ। ਅਖੀਰ ਵਿਚ ਗੁਰਦੁਆਰਾ ਕਮੇਟੀ ਨੇ ਸਮਾਗਮ ਦੀ ਸਫਲਤਾ ਲਈ ਸਾਰੇ ਰਾਗੀ ਜਥਿਆਂ, ਨੌਜਵਾਨਾਂ ਮੈਂਬਰਾਂ ਅਤੇ ਸੰਗਤ ਦਾ ਦਿਲੋਂ ਧੰਨਵਾਦ ਕੀਤਾ।






*ਆਤਮ ਰਸ ਕੀਰਤਨ ਦਰਬਾਰ ਵਿਚ ਕੀਰਤਨ ਕਰਦੇ ਹੋਏ ਕੀਰਤਨੀ ਜਥੇ*

# 'ਆਪ' ਦੇ ਦਲਬਦਲੂ ਵਿਧਾਇਕਾਂ ਦੇ ਸਿਰ ਉਤੇ ਕੈਪਟਨ ਸਰਕਾਰ ਦਾ ਹੱਥ

**ਚੰਡੀਗੜ੍ਹ:** ਆਮ ਆਦਮੀ ਪਾਰਟੀ ਦੇ ਪੰਜ ਅਸਤੀਫਾ ਦੇਣ ਵਾਲੇ ਅਤੇ ਦਲਬਦਲੀਆਂ ਕਰ ਚੁੱਕੇ ਵਿਧਾਇਕਾਂ ਦੇ ਦੋਵੀਂ ਹੱਥੀਂ ਲੱਡੂ ਹਨ। ਇਨ੍ਹਾਂ ਦੀ ਵਿਧਾਇਕੀ ਜਿਥੇ ਅੱਜ ਵੀ ਬਰਕਰਾਰ ਹੈ, ਉਥੇ ਉਨ੍ਹਾਂ ਨੂੰ ਵਿਧਾਨ ਸਭਾ ਦੀਆਂ ਕਮੇਟੀਆਂ ਵਿਚ ਵੀ ਨਾਮਜ਼ਦ ਕੀਤਾ ਗਿਆ ਹੈ।

ਇਨ੍ਹਾਂ ਪੰਜਾਂ ਤੋਂ ਇਲਾਵਾ 'ਆਪ' ਦੇ ਚਾਰ ਬਾਗੀ ਵਿਧਾਇਕਾਂ ਨੂੰ ਵੀ ਪੰਜਾਬ ਵਿਧਾਨ ਸਭਾ ਵੱਲੋਂ ਗਠਿਤ ਕੀਤੀਆਂ 13 ਵੱਖ-ਵੱਖ ਕਮੇਟੀਆਂ ਵਿਚ ਥਾਂ ਮਿਲੀ ਹੈ। ਪੰਜਾਬ ਵਿਧਾਨ ਸਭਾ ਦੇ ਸਪੀਕਰ ਰਾਣਾ ਕੰਵਰਪਾਲ ਸਿੰਘ ਵੱਲੋਂ ਗਠਿਤ ਕੀਤੀਆਂ ਕਮੇਟੀਆਂ ਵਿਚ ਲੋਕ ਸਭਾ ਚੋਣਾਂ ਦੌਰਾਨ ਦਲਬਦਲੀ ਕਰਕੇ ਕਾਂਗਰਸ ਵਿਚ ਸ਼ਾਮਲ ਹੋਏ 'ਆਪ' ਦੇ ਰੋਪੜ ਤੋਂ ਵਿਧਾਇਕ ਅਮਰਜੀਤ ਸਿੰਘ ਸੰਦੋਆ ਵਿਸ਼ੇਸ਼ ਅਧਿਕਾਰ ਕਮੇਟੀ ਅਤੇ ਪਟੀਸ਼ਨ ਕਮੇਟੀ ਦੋਵਾਂ ਵਿਚ ਨਾਮਜ਼ਦ ਹਨ। ਲੋਕ ਸਭਾ ਚੋਣਾਂ ਸਮੇਂ 'ਆਪ' ਤੇ ਖਾਸ ਕਰਕੇ ਬਾਗੀ ਸਾਥੀ ਸੁਖਪਾਲ ਸਿੰਘ ਖਹਿਰਾ ਨੂੰ ਝਟਕਾ ਦੇ ਕੇ ਕਾਂਗਰਸ 'ਚ ਸ਼ਾਮਲ ਹੋਏ ਮਾਨਸਾ ਦੇ ਵਿਧਾਇਕ ਨਾਜ਼ਰ ਸਿੰਘ ਮਾਨਸ਼ਾਹੀਆ ਨੂੰ ਵੀ ਲਾਇਬ੍ਰੇਰੀ ਕਮੇਟੀ 'ਚ ਨਾਮਜ਼ਦ ਕੀਤਾ ਗਿਆ ਹੈ।

## ਦਲਬਦਲੂ ਵਿਧਾਇਕਾਂ ਦੇ ਦੋਵੀਂ ਹੱਥੀਂ ਲੱਡੂ

ਦੱਸਣਯੋਗ ਹੈ ਕਿ ਸ. ਸੰਦੋਆ ਅਤੇ ਸ. ਮਾਨਸ਼ਾਹੀਆ ਉਪਰ ਦਲਬਦਲੀ ਕਾਰਨ ਉਨ੍ਹਾਂ ਉਪਰ ਵਿਧਾਨ ਸਭਾ ਦੀ ਮੈਂਬਰਸ਼ਿਪ ਰੱਦ ਹੋਣ ਦੀ ਤਲਵਾਰ ਲਟਕੀ ਪਈ ਹੈ ਅਤੇ ਇਹ ਦੋਵੇਂ ਵਿਧਾਇਕ ਦੇ ਅਹੁਦਿਆਂ ਤੋਂ ਅਸਤੀਫੇ ਵੀ ਦੇ ਚੁੱਕੇ ਹਨ। ਸ. ਮਾਨਸ਼ਾਹੀਆ ਨੂੰ ਸਪੀਕਰ ਵੱਲੋਂ ਅਸਤੀਫੇ ਦੇ ਮਾਮਲੇ ਵਿਚ ਸੁਣਵਾਈ ਕਰਨ ਲਈ 30 ਜੁਲਾਈ ਨੂੰ ਸੱਦਿਆ ਵੀ ਗਿਆ ਹੈ। ਇਨ੍ਹਾਂ ਤੋਂ ਇਲਾਵਾ 'ਆਪ' ਦੇ ਮੁੱਖ ਬਾਗੀ ਅਤੇ ਪਾਰਟੀ ਤੇ ਵਿਧਾਇਕ ਦੇ ਅਹੁਦਿਆਂ ਤੋਂ ਵੀ ਅਸਤੀਫਾ ਦੇ ਚੁੱਕੇ ਹਲਕਾ ਭੁਲੱਥ ਦੇ ਵਿਧਾਇਕ ਸੁਖਪਾਲ ਖਹਿਰਾ ਨੂੰ ਵੀ ਮੇਜ 'ਤੇ ਰੱਖੇ ਜਾਣ ਵਾਲੇ ਕਾਗਜ-ਪੱਤਰਾਂ ਸਬੰਧੀ ਕਮੇਟੀ ਵਿਚ ਨਾਮਜ਼ਦ ਕੀਤਾ ਹੈ। ਸ. ਖਹਿਰਾ ਦਾ ਅਸਤੀਫਾ ਪ੍ਰਵਾਨ ਕਰਨ ਦਾ ਮਾਮਲਾ ਵਿਧਾਨ ਸਭਾ ਦੇ ਸਪੀਕਰ ਦੇ ਵਿਚਾਰ ਅਧੀਨ ਹੈ ਅਤੇ ਉਨ੍ਹਾਂ ਨੂੰ ਇਸ ਸਬੰਧ ਵਿਚ 30 ਜੁਲਾਈ ਨੂੰ ਸੱਦਿਆ ਹੈ। 'ਆਪ' ਤੋਂ ਅਸਤੀਫਾ ਦੇ ਕੇ ਜੈਤੋ ਦੇ ਵਿਧਾਇਕ ਮਾਸਟਰ ਬਲਦੇਵ ਸਿੰਘ ਨੂੰ ਵੀ ਸਰਕਾਰੀ ਆਸ਼ਵਾਸਨਾ ਕਮੇਟੀ ਵਿਚ ਨਾਮਜ਼ਦ ਕੀਤਾ ਹੈ।

ਦੱਸਣਯੋਗ ਹੈ ਕਿ ਭਾਵੇਂ ਬਲਦੇਵ ਸਿੰਘ ਨੇ ਵਿਧਾਇਕ ਦੇ ਅਹੁਦੇ ਤੋਂ ਅਸਤੀਫਾ ਨਹੀਂ ਦਿੱਤਾ ਪਰ ਉਨ੍ਹਾਂ ਦੀ ਵਿਧਾਨ ਸਭਾ ਦੀ ਮੈਂਬਰਸ਼ਿਪ ਖਾਰਜ ਕਰਨ ਦੀ ਪਟੀਸ਼ਨ ਪੈ ਚੁੱਕੀ ਹੈ ਅਤੇ ਉਨ੍ਹਾਂ ਨੂੰ ਵੀ ਸਪੀਕਰ ਨੇ ਇਸ ਮਾਮਲੇ ਸਬੰਧੀ 20 ਅਗਸਤ ਨੂੰ ਸੱਦਿਆ ਹੈ। 'ਆਪ' ਦੇ ਦਾਖਾ ਤੋਂ ਵਿਧਾਇਕ ਐਚ.ਐਸ. ਫੂਲਕਾ ਵੀ ਕਈ ਮਹੀਨੇ ਪਹਿਲਾਂ 'ਆਪ' ਤੇ ਵਿਧਾਇਕ ਦੇ ਅਹੁਦੇ ਤੋਂ ਅਸਤੀਫ਼ਾ ਦੇ ਚੁੱਕੇ ਹਨ ਪਰ ਇਸ ਦੇ ਬਾਵਜੂਦ ਉਨ੍ਹਾਂ ਨੂੰ ਅਧੀਨ ਵਿਧਾਨ ਕਮੇਟੀ ਦਾ ਮੈਂਬਰ ਨਾਮਜ਼ਦ ਕੀਤਾ ਹੈ। ਸਪੀਕਰ ਵੱਲੋਂ 'ਆਪ' ਦੇ 4 ਹੋਰ ਬਾਗੀ ਵਿਧਾਇਕਾਂ ਕੰਵਰ ਸੰਧੂ, ਜਗਤਾਰ ਸਿੰਘ ਜੱਗਾ, ਪਿਰਮਲ ਸਿੰਘ ਖਾਲਸਾ ਅਤੇ ਜਗਦੇਵ ਸਿੰਘ ਕਮਾਲੂ ਨੂੰ ਕਮੇਟੀਆਂ ਵਿਚ ਨਾਮਜ਼ਦ ਕੀਤਾ ਹੈ। 'ਆਪ' ਦੇ ਵਿਧਾਇਕ ਕੁਲਤਾਰ ਸਿੰਘ ਸੰਧਵਾਂ ਨੂੰ ਲੋਕ ਲੇਖਾ ਕਮੇਟੀ ਦੇ ਚੇਅਰਮੈਨ ਦਾ ਅਹੁਦਾ ਨਿਵਾਜਿਆ ਗਿਆ ਹੈ। ਸਪੀਕਰ ਵੱਲੋਂ ਕੁੱਲ 13 ਕਮੇਟੀਆਂ 'ਚੋਂ ਕੇਵਲ ਦੋ ਕਮੇਟੀਆਂ ਦੇ ਚੇਅਰਮੈਨ ਹੀ ਵਿਰੋਧੀ ਧਿਰ ਦੇ ਵਿਧਾਇਕਾਂ ਵਿਚੋਂ ਲਾਏ ਹਨ, ਜਿਨ੍ਹਾਂ 'ਚੋਂ ਇਕ ਸ. ਸੰਧਵਾਂ ਹਨ।

## ਸਾਬਕਾ ਫੌਜੀ ਵੱਲੋਂ ਮੁਨਸ਼ੀ ਦਾ ਗੋਲੀਆਂ ਮਾਰ ਕੇ ਕਤਲ

**ਹੁਸ਼ਿਆਰਪੁਰ:** ਮਾਹਿਲਪੁਰ ਦੇ ਪੁਲਿਸ ਥਾਣੇ ਵਿਚ ਲਾਇਸੈਂਸੀ ਅਸਲਾ ਜਮ੍ਹਾਂ ਕਰਵਾਉਣ ਆਏ ਇਕ ਸਾਬਕਾ ਫੌਜੀ ਨੇ ਮੁਨਸ਼ੀ ਦਾ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ। ਮ੍ਰਿਤਕ ਦੀ ਸ਼ਨਾਖਤ ਅਮਰਜੀਤ ਸਿੰਘ ਵਜੋਂ ਹੋਈ ਹੈ। ਕਤਲ ਪਿਛਲੇ ਅਸਲ ਕਾਰਨਾਂ ਦਾ ਪਤਾ ਨਹੀਂ ਲੱਗ ਸਕਿਆ ਪਰ ਮੁੱਢਲੀ ਜਾਂਚ ਵਿਚ ਸਾਹਮਣੇ ਆਇਆ ਹੈ ਕਿ ਸਾਬਕਾ ਫੌਜੀ ਦੀ ਥਾਣੇ ਵਿਚ ਮੁਨਸ਼ੀ ਨਾਲ ਮਾਮੂਲੀ ਤਕਰਾਰ ਹੋਈ ਸੀ।

ਜਾਣਕਾਰੀ ਮੁਤਾਬਕ ਮਾਹਿਲਪੁਰ ਦੇ ਵਾਰਡ ਨੰਬਰ ਗਿਆਰਾਂ ਦਾ ਵਸਨੀਕ ਸਾਬਕਾ ਫੌਜੀ ਸੁਰਿੰਦਰ ਸਿੰਘ ਆਪਣੀ ਲਾਇਸੈਂਸੀ ਦੋਨਾਲੀ ਜਮ੍ਹਾਂ ਕਰਵਾਉਣ ਲਈ ਥਾਣੇ ਪੁੱਜਿਆ ਤਾਂ ਮੁੱਖ ਮੁਨਸ਼ੀ ਨਾਲ ਕਿਸੇ ਗੱਲ 'ਤੇ ਉਸ ਦਾ ਤਕਰਾਰ ਹੋ ਗਿਆ। ਗੁੱਸੇ ਵਿਚ ਆਏ ਸਾਬਕਾ ਫੌਜੀ ਨੇ ਦੋਨਾਲੀ ਵਿਚੋਂ ਦੋ ਫਾਇਰ ਮੁਨਸ਼ੀ ਅਮਰਜੀਤ ਸਿੰਘ ਵੱਲ ਕਰ ਦਿੱਤੇ। ਗੋਲੀਆਂ ਉਸ ਦੀ ਵੱਖੀ ਅਤੇ ਛਾਤੀ ਵਿਚ ਲੱਗੀਆਂ।

ਗੋਲੀਆਂ ਦੀ ਆਵਾਜ਼ ਸੁਣ ਕੇ ਥਾਣੇ ਵਿਚ ਅਫਰਾ-ਤਫਰੀ ਮਚ ਗਈ ਤੇ ਡਿਊਟੀ 'ਤੇ ਤਾਇਨਾਤ ਸੰਤਰੀ ਨੇ ਹਿੰਮਤ ਕਰ ਕੇ ਫੌਜੀ ਨੂੰ ਜੱਫਾ ਮਾਰ ਕੇ ਹੇਠਾਂ ਸੁੱਟ ਲਿਆ। ਪੁਲਿਸ ਕਰਮਚਾਰੀਆਂ ਨੇ ਉਸ ਨੂੰ ਤੁਰੰਤ ਕਾਬੂ ਕਰ ਲਿਆ। ਗੰਭੀਰ ਜਖਮੀ ਹੋਏ ਥਾਣੇ ਦੇ ਮੁਨਸ਼ੀ ਅਮਰਜੀਤ ਸਿੰਘ ਨੂੰ ਤੁਰੰਤ ਸਿਵਲ ਹਸਪਤਾਲ ਲਿਜਾਇਆ ਗਿਆ ਤੇ ਮਗਰੋਂ ਹੁਸ਼ਿਆਰਪੁਰ ਰੈਫਰ ਕਰ ਦਿੱਤਾ ਗਿਆ, ਜਿੱਥੇ ਡਾਕਟਰਾਂ ਨੇ ਮੁਨਸ਼ੀ ਨੂੰ ਮ੍ਰਿਤਕ ਐਲਾਨ ਦਿੱਤਾ। ਸਾਬਕਾ ਫੌਜੀ ਵਿਚ ਮਾਮਲਾ ਦਰਜ ਕਰਕੇ ਗ੍ਰਿਫਤਾਰ ਕਰ ਲਿਆ ਹੈ।

# ਨਸ਼ਿਆਂ ਦਾ ਲੱਕ ਤੋੜਨ ਵਾਲੇ ਦਾਅਵੇ ਹੋਏ ਹਵਾ

**ਚੰਡੀਗੜ੍ਹ:** ਪੰਜਾਬ ਸਰਕਾਰ ਵੱਲੋਂ ਰਾਜ ਵਿਚੋਂ ਨਸ਼ੇ ਦੇ ਖਾਤਮੇ ਦੇ ਕੀਤੇ ਜਾ ਰਹੇ ਦਾਅਵਿਆਂ ਦੇ ਬਾਵਜੂਦ ਸਰਹੱਦ ਨਾਲ ਲੱਗਦੀ ਮਾਝੇ ਦੀ ਧਰਤੀ ਨਸ਼ਿਆਂ ਦੀ ਲਪੇਟ ਵਿਚ ਹੈ। ਕੈਪਟਨ ਅਮਰਿੰਦਰ ਸਿੰਘ ਵੱਲੋਂ ਸੱਤਾ ਵਿਚ ਆਉਣ 'ਤੇ ਚਾਰ ਹਫਤਿਆਂ ਵਿਚ ਨਸ਼ਾ ਖਤਮ ਕਰਨ ਸਬੰਧੀ ਖਾਧੀ ਸਹੁੰ ਦਾ ਲੋਕਾਂ ਤੇ ਸਿਆਸੀ ਧਿਰਾਂ ਵਲੋਂ ਮਜ਼ਾਕ ਉਡਾਇਆ ਜਾ ਰਿਹਾ ਹੈ।



ਪੰਜਾਬ ਸਰਕਾਰ ਵਲੋਂ ਨਸ਼ਿਆਂ ਦੀ ਸਪਲਾਈ ਤੋੜਨ ਦੇ ਦਾਅਵੇ ਕੀਤੇ ਜਾ ਰਹੇ ਹਨ ਪਰ ਇਸ ਦੇ ਬਾਵਜੂਦ ਕਈ ਨੌਜਵਾਨ ਵਧੇਰੇ ਨਸ਼ਾ ਲੈਣ ਕਾਰਨ ਮੌਤ ਦੇ ਮੂੰਹ ਵਿਚ ਜਾ ਰਹੇ ਹਨ। ਹਾਲ ਹੀ ਵਿਚ ਪਿੰਡ ਕਾਦਰਾਬਾਦ ਦੇ 23 ਸਾਲਾ ਨੌਜਵਾਨ ਦੀ ਵਧੇਰੇ ਨਸ਼ੇ ਕਾਰਨ ਮੌਤ ਹੋ ਗਈ ਸੀ ਅਤੇ ਇਸ ਤੋਂ ਕੁਝ ਦਿਨ ਪਹਿਲਾਂ ਹੀ ਨੇੜਲੇ ਪਿੰਡ ਕੋਟਲੀ ਮੱਲੀਆਂ ਦੇ ਇਕ ਨੌਜਵਾਨ ਦੀ ਮੌਤ ਹੋ ਗਈ ਸੀ। ਇਸੇ ਤਰ੍ਹਾਂ ਮਾਝੇ ਅੰਦਰ ਪਿਛਲੇ ਕੁਝ ਸਮੇਂ ਵਿਚ ਹੀ ਦਰਜਨ ਦੇ ਕਰੀਬ ਨੌਜਵਾਨ ਸਿਵਿਆਂ ਦੇ ਰਾਹ ਪੈ ਚੁੱਕੇ ਹਨ। ਨਸ਼ਿਆਂ ਵਿਰੁੱਧ ਸਰਕਾਰ ਵਲੋਂ ਚਲਾਈ ਜਾ ਰਹੀ ਮੁਹਿੰਮ ਵਿਚ ਪੁਲਿਸ ਦੀ ਕਾਰਗੁਜ਼ਾਰੀ ਵੀ ਸ਼ੱਕ ਦੇ ਘੇਰੇ ਵਿਚ ਹੈ। ਹਾਲ ਹੀ ਵਿਚ ਮਜੀਠਾ ਹਲਕੇ ਅੰਦਰ ਇੱਕ ਨੌਜਵਾਨ ਨੂੰ ਅਗਵਾ ਕਰਕੇ ਉਸ ਉਪਰ ਨਸ਼ਾ ਤਸਕਰੀ ਦੇ ਇਲਜ਼ਾਮ ਲਾਉਣ ਦੇ ਮਾਮਲੇ ਵਿਚ ਥਾਣੇਦਾਰ ਸਮੇਤ ਪੰਜ ਪੁਲਿਸ ਮੁਲਾਜ਼ਮਾਂ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ।

ਆਰਥਿਕ ਪੱਖੋਂ ਟੁੱਟ ਚੁੱਕੇ ਨੌਜਵਾਨਾਂ ਵਲੋਂ ਨਸ਼ੇ ਦੀ ਪੂਰਤੀ ਲਈ ਲੁੱਟਾਂ ਖੋਹਾਂ ਕੀਤੀਆਂ ਜਾ ਰਹੀਆਂ ਹਨ। ਆਰਥਿਕ ਕਮਜ਼ੋਰ ਹੋ ਜਾਣ ਕਰਕੇ ਨਸ਼ੇੜੀਆਂ ਵਲੋਂ ਸਸਤੇ ਤੇ ਘਟੀਆ ਨਸ਼ਿਆਂ ਦਾ ਸੇਵਨ ਕੀਤਾ ਜਾ ਰਿਹਾ ਹੈ। ਪਿਛਲੇ ਇਕ ਦਹਾਕੇ ਤੋਂ ਵੱਧ ਸਮੇਂ ਤੋਂ ਪੰਜਾਬ ਵਿਚ ਫੈਲੇ ਨਸ਼ਿਆਂ ਦੇ ਜਾਲ ਨੇ ਜਵਾਨੀ ਤਬਾਹ ਕਰਕੇ ਰੱਖ ਦਿੱਤੀ ਹੈ। ਸਿਆਸੀ ਪਾਰਟੀਆਂ ਵਲੋਂ ਚੋਣਾਂ ਸਮੇਂ ਇਸ ਨੂੰ ਮੁੱਦਾ ਜ਼ਰੂਰ ਬਣਾਇਆ ਜਾਂਦਾ ਹੈ ਪਰ ਇਸ ਮਾਮਲੇ ਪ੍ਰਤੀ ਕੋਈ ਵੀ ਗੰਭੀਰ ਨਜ਼ਰ ਨਹੀਂ ਆ ਰਿਹਾ। ਸਮੈਕ ਤੇ ਹੈਰੋਇਨ ਦੇ ਕੀਮਤੀ ਨਸ਼ਿਆਂ ਤੋਂ ਇਲਾਵਾ ਹੁਣ ਗੋਲੀਆਂ ਤੇ ਸਿੰਥੈਟਿਕ ਡਰੱਗ ਦਾ ਇਸਤੇਮਾਲ ਜ਼ਿਆਦਾ ਕੀਤਾ ਜਾ ਰਿਹਾ ਹੈ ਜੋ ਬਹੁਤ ਘਾਤਕ ਹੈ।

ਨਸ਼ਾ ਛੁਡਾਉਣ ਦੀ ਆੜ ਵਿਚ ਸੈਂਕੜੇ ਨਾਜਾਇਜ਼ ਨਸ਼ਾ ਛੁਡਾਊ ਕੇਂਦਰ ਪੰਜਾਬ ਵਿਚ ਖੁੱਲ੍ਹੇ ਹੋਏ ਹਨ। ਇਨ੍ਹਾਂ ਕੇਂਦਰਾਂ ਵਿਚ ਨਸ਼ਾ ਛੁਡਾਉਣ ਦੇ ਨਾਂ 'ਤੇ ਬੱਚਿਆਂ ਦਾ ਸਰੀਰਕ ਤੇ ਮਾਪਿਆਂ ਦਾ ਆਰਥਿਕ ਸ਼ੋਸ਼ਣ ਕੀਤਾ ਜਾ ਰਿਹਾ ਹੈ। ਹਾਲ ਹੀ ਵਿਚ ਅੰਮ੍ਰਿਤਸਰ ਜ਼ਿਲ੍ਹੇ ਅੰਦਰ ਵੀ ਇਕ ਅਜਿਹੇ ਨਸ਼ਾ ਛੁਡਾਊ ਕੇਂਦਰ ਦਾ ਪਰਦਾਫਾਸ਼ ਹੋਇਆ ਹੈ। ਹੈਰਾਨੀ ਵਾਲੀ ਗੱਲ ਇਹ ਹੈ ਕਿ ਸਰਕਾਰੀ ਅੰਕੜਿਆਂ ਅਨੁਸਾਰ ਇਕੱਲੇ ਅੰਮ੍ਰਿਤਸਰ ਜ਼ਿਲ੍ਹੇ ਵਿਚ ਹੀ 15,324 ਨਸ਼ੇ ਤੋਂ ਗ੍ਰਸਤ ਰੋਗੀਆਂ ਦਾ ਇਲਾਜ ਕੀਤਾ ਜਾ ਰਿਹਾ ਹੈ।

ਇਸ ਤੋਂ ਇਲਾਵਾ ਕਈ ਪ੍ਰਾਈਵੇਟ ਕੇਂਦਰਾਂ ਵਿਚ ਵੱਖਰੇ ਨਸ਼ੇੜੀ ਦਾਖਲ ਹਨ। ਅੰਮ੍ਰਿਤਸਰ ਤੋਂ ਇਲਾਵਾ ਤਰਨ ਤਾਰਨ ਤੇ ਗੁਰਦਾਸਪੁਰ ਜ਼ਿਲ੍ਹਿਆਂ ਅੰਦਰ ਵੀ ਹਜ਼ਾਰਾਂ ਨੌਜਵਾਨ ਆਪਣਾ ਇਲਾਜ ਕਰਵਾ ਰਹੇ ਹਨ। ਸਰਕਾਰਾਂ ਵੱਲੋਂ ਸਮੇਂ ਸਮੇਂ 'ਤੇ ਨਸ਼ਾ ਵਿਰੋਧੀ ਹਫਤੇ ਤੇ ਪੰਦਰਵਾੜੇ ਮਨਾਏ ਜਾਂਦੇ ਹਨ ਪਰ ਇਸ ਵਿਰੁੱਧ ਲੰਬੀ ਲੜਾਈ ਲੜਨ ਦੀ ਜ਼ਰੂਰਤ ਹੈ।

## ਪੁਲਿਸ ਅਫਸਰ ਨੇ ਹੀ ਪੰਜਾਬ 'ਚ ਨਸ਼ਿਆਂ ਦੇ ਕਾਰੋਬਾਰ ਦੀ ਖੋਲ੍ਹੀ ਪੋਲ

**ਫਿਰੋਜ਼ਪੁਰ:** ਐਸ.ਐਸ.ਪੀ. ਫਿਰੋਜ਼ਪੁਰ ਸੰਦੀਪ ਗੋਇਲ ਦੀ ਵਾਇਰਲ ਹੋ ਰਹੀ ਵੀਡੀਓ ਚਰਚਾ ਦਾ ਵਿਸ਼ਾ ਬਣੀ ਹੋਈ ਹੈ। ਦਰਅਸਲ. ਇਥੇ ਨਸ਼ਿਆਂ ਵਿਚ ਗਲਤਾਨ ਹੋ ਰਹੀ ਜਵਾਨੀ ਨੂੰ ਸੁਧਾਰਨ ਲਈ ਸੈਮੀਨਾਰ ਕਰਾਇਆ ਗਿਆ ਸੀ। ਇਸ ਵਿਚ ਐਸ.ਐਸ.ਪੀ. ਗੋਇਲ ਨੇ ਆਪਣੇ ਹੀ ਵਿਭਾਗ ਨੂੰ ਖਰੀਆਂ-ਖਰੀਆਂ ਸੁਣਾਈਆਂ। ਉਨ੍ਹਾਂ ਨਸ਼ਾ ਖਤਮ ਨਾ ਹੋਣ ਪਿੱਛੇ ਪੁਲਿਸ ਦੀ ਨਾਕਾਮੀ ਨੂੰ ਵੱਡਾ ਕਾਰਨ ਦੱਸਿਆ। ਗੋਇਲ ਨੇ ਨਸ਼ਿਆਂ ਤੋਂ ਬਚਣ ਦੀ ਨਸੀਹਤ ਦਿੰਦਿਆਂ ਪੁਲਿਸ ਮੁਲਾਜ਼ਮਾਂ ਤੇ ਅਧਿਕਾਰੀਆਂ ਨੂੰ ਮਿਲਦੀ ਲੱਖਾਂ ਮੂੰਹੀਂ ਤਨਖਾਹ ਦਾ ਵਾਸਤਾ ਦਿੱਤਾ ਤੇ ਇਮਾਨਦਾਰੀ ਨਾਲ ਆਪਣਾ ਫਰਜ਼ ਨਿਭਾਉਣ ਦੀ ਅਪੀਲ ਕੀਤੀ। ਨਸ਼ਾ ਵਿਰੋਧੀ ਸੈਮੀਨਾਰ ਵਿਚ ਐਸ.ਐਸ.ਪੀ. ਗੋਇਲ ਜ਼ਰਾ ਭਾਵੁਕ ਹੋ ਗਏ। ਉਨ੍ਹਾਂ ਦੀ ਪੁਲਿਸ ਪ੍ਰਸ਼ਾਸਨ ਵਿਰੁੱਧ ਬੁਲੰਦ ਕੀਤੀ ਆਵਾਜ਼ ਦਰਸਾਉਂਦੀ ਹੈ ਕਿ ਉਹ ਕਿਸੇ ਵੀ ਤਰ੍ਹਾਂ ਦੇ ਸਿਆਸੀ ਪ੍ਰਭਾਵ ਹੇਠ ਨਹੀਂ ਹਨ।

ਉਨ੍ਹਾਂ ਪੁਲਿਸ ਮੁਲਾਜ਼ਮਾਂ ਤੇ ਅਧਿਕਾਰੀਆਂ ਨੂੰ ਮਿਲਦੀਆਂ ਤਨਖਾਹਾਂ ਦਾ ਹਵਾਲਾ ਦਿੰਦਿਆਂ ਹਰ ਮੁਲਾਜ਼ਮ ਨੂੰ ਇਮਾਨਦਾਰੀ ਨਾਲ ਨੌਕਰੀ ਕਰਨ ਤੇ ਕਿਸੇ ਤਰ੍ਹਾਂ ਦੀ ਕਾਲੀ ਕਮਾਈ ਨਾ ਕਰਨ ਦੀ ਅਪੀਲ ਕੀਤੀ। ਵਾਇਰਲ ਹੋ ਰਹੀ ਵੀਡੀਓ ਵਿਚ ਐਸ.ਐਸ.ਪੀ. ਦੇ ਸ਼ਬਦ ਜਿਥੇ ਪੁਲਿਸ ਪ੍ਰਸ਼ਾਸਨ ਵਿਚ ਲੁਕੀਆਂ ਕਾਲੀਆਂ ਭੇਡਾਂ ਨੂੰ ਪਛਾਣਨ ਦੀ ਵਕਾਲਤ ਕਰ ਰਹੇ ਸਨ, ਉਥੇ ਸਿਆਸਤਦਾਨਾਂ ਦੇ ਖੌਫ ਤੋਂ ਵੀ ਆਜ਼ਾਦ ਦਿਖਾਈ ਦੇ ਰਹੇ ਹਨ।

## ਛੇ ਰਾਜ ਸਭਾ ਸੀਟਾਂ ਲਈ ਜ਼ਿਮਨੀ ਚੋਣ 5 ਨੂੰ

**ਨਵੀਂ ਦਿੱਲੀ:** ਚੋਣ ਕਮਿਸ਼ਨ ਨੇ ਛੇ ਰਾਜ ਸਭਾ ਸੀਟਾਂ 'ਤੇ ਜ਼ਿਮਨੀ ਚੋਣਾਂ ਦਾ ਐਲਾਨ ਕੀਤਾ ਹੈ। ਇਹ ਚੋਣਾਂ 5 ਜੁਲਾਈ ਨੂੰ ਹੋਣਗੀਆਂ। ਇਨ੍ਹਾਂ ਵਿਚ ਭਾਜਪਾ ਮੁਖੀ ਅਮਿਤ ਸ਼ਾਹ ਵੱਲੋਂ ਛੱਡੀ ਸੀਟ ਵੀ ਸ਼ਾਮਲ ਹੈ। ਵੋਟਾਂ ਦੀ ਗਿਣਤੀ ਵੀ ਪੰਜ ਜੁਲਾਈ ਨੂੰ ਹੀ ਹੋਵੇਗੀ।

# ਰਾਸ਼ਟਰਪਤੀ ਦੀ ਪ੍ਰਾਇਮਰੀ ਚੋਣ ਲੜ ਰਹੇ ਐਰਿਕ ਸਵਾਲਵੈਲ ਲਈ ਫੰਡ ਰੇਜ਼ਰ

**ਫਰੀਮਾਂਟ (ਬਿਊਰੋ):** ਅਮਰੀਕੀ ਰਾਸ਼ਟਰਪਤੀ ਦੀ ਚੋਣ ਲਈ ਡੈਮੋਕਰੈਟਿਕ ਪਾਰਟੀ ਵਲੋਂ ਪ੍ਰਾਇਮਰੀ ਚੋਣਾਂ 'ਚ ਉਮੀਦਵਾਰ ਐਰਿਕ ਸਵਾਲਵੈਲ, ਜੋ ਕੈਲੀਫੋਰਨੀਆਂ ਡਿਸਟ੍ਰਿਕ-15 ਤੋਂ ਕਾਂਗਰਸਮੈਨ ਹਨ, ਦੀ ਚੋਣ ਮੁਹਿੰਮ ਨੂੰ ਹੁਲਾਰਾ ਦੇਣ ਲਈ ਇੱਥੇ ਪੰਜਾਬੀ ਭਾਈਚਾਰੇ ਵਲੋਂ ਇਕ ਉਚੇਚਾ ਫੰਡ ਰੇਜ਼ਿੰਗ ਸਮਾਗਮ ਰਾਜਾ ਸਵੀਟਸ ਦੇ ਸ. ਮੱਖਣ ਸਿੰਘ ਬੈਂਸ, ਸ. ਅਮੋਲਕ ਸਿੰਘ ਗਾਖਲ, ਮਾਈਕ ਜੌਹਲ, ਬਾਲੀ ਮਾਂਗਟ, ਬੌਬ ਸਿੰਘ ਅਤੇ ਯੂਨੀਅਨ ਸਿਟੀ ਦੇ ਡਿਪਟੀ ਮੇਅਰ ਗੈਰੀ ਸਿੰਘ ਦੀ ਅਗਵਾਈ ਹੇਠ ਕੀਤਾ ਗਿਆ, ਜਿਸ ਵਿਚ ਕੈਲੀਫੋਰਨੀਆ ਤੋਂ ਡੈਮੋਕਰੈਟਿਕ ਪਾਰਟੀ ਨਾਲ ਜੁੜੀਆਂ ਅਹਿਮ ਸ਼ਖਸੀਅਤਾਂ ਅਤੇ ਪੰਜਾਬੀ ਭਾਈਚਾਰੇ ਦੇ ਸਿਰਕੱਢ ਲੋਕਾਂ ਨੇ ਸ਼ਿਰਕਤ ਕੀਤੀ।

ਇਸ ਮੌਕੇ ਐਰਿਕ ਸਵਾਲਵੈਲ ਨੂੰ ਪ੍ਰਾਇਮਰੀ ਚੋਣਾਂ 'ਚ ਅੱਗੇ ਨਿਕਲਣ ਲਈ ਹਰ ਸਹਿਯੋਗ ਦੇਣ ਦੀ ਪੇਸ਼ਕਸ਼ ਕੀਤੀ ਗਈ ਅਤੇ ਉਨ੍ਹਾਂ ਨੂੰ ਵੱਡਾ ਫੰਡ ਵੀ ਦਿੱਤਾ ਗਿਆ। ਰਾਜਾ ਸਵੀਟਸ ਦੇ ਮੱਖਣ ਸਿੰਘ ਬੈਂਸ ਨੇ ਕਿਹਾ ਕਿ ਐਰਿਕ ਸਵਾਲਵੈਲ ਉਨ੍ਹਾਂ ਦੇ ਕਰੀਬ ਦੋ ਦਹਾਕੇ ਪੁਰਾਣੇ ਮਿੱਤਰ ਹਨ ਤੇ ਉਹ ਕਾਂਗਰਸਮੈਨ ਬਣਨ ਤੋਂ ਪਹਿਲਾਂ ਵੀ ਉਨ੍ਹਾਂ ਨੂੰ ਜਾਣਦੇ ਹਨ ਅਤੇ ਉਨ੍ਹਾਂ ਨੇ ਭਾਰਤੀ, ਖਾਸ ਕਰ ਪੰਜਾਬੀ ਭਾਈਚਾਰੇ ਨੂੰ ਹਮੇਸ਼ਾ ਸਹਿਯੋਗ ਦਿੱਤਾ ਹੈ। ਉਨ੍ਹਾਂ ਦੀ ਗੱਲ ਨੇੜੇ ਹੋ ਕੇ ਸੁਣੀ ਹੈ, ਇਸ ਲਈ ਅਸੀਂ ਕਾਮਨਾ ਕਰਦੇ ਹਾਂ ਕਿ ਉਨ੍ਹਾਂ ਦੀ ਮਿਹਨਤ ਨੂੰ ਬੂਰ ਪਵੇ ਅਤੇ ਅਜਿਹਾ ਹੋਣ ਨਾਲ ਪੰਜਾਬੀਆਂ ਨੂੰ ਹੋਰ ਵੀ ਵਡਿਆਈ ਮਿਲੇਗੀ। ਉਂਜ ਵੀ ਕੈਲੀਫੋਰਨੀਆ ਡੈਮੋਕਰੈਟਿਕ ਪਾਰਟੀ ਦੀ ਸਟੇਟ ਹੋਣ ਕਰਕੇ ਐਰਿਕ ਸਵਾਲਵੈਲ ਨੂੰ ਬਹੁਤ ਸਹਿਯੋਗ ਮਿਲ ਰਿਹਾ ਹੈ।

ਇਸ ਮੌਕੇ ਸਰਬਜੀਤ ਚੀਮਾ, ਸ਼ਰਨ ਕੌਰ, ਬਲਜੀਤ ਸੰਧੂ, ਯੂਨੀਅਨ ਸਿਟੀ ਦੇ ਡਿਪਟੀ ਮੇਅਰ ਗੈਰੀ ਸਿੰਘ, ਸਰੂਪ ਸਿੰਘ ਝੱਜ ਤੇ ਹੋਰ ਨਾਮੀ ਸ਼ਖਸੀਅਤਾਂ ਹਾਜ਼ਰ ਸਨ ਅਤੇ ਵੱਡੀ ਗਿਣਤੀ ਵਿਚ ਬੀਬੀਆਂ ਵੀ ਇਸ ਪ੍ਰੋਗਰਾਮ ਦਾ ਹਿੱਸਾ ਬਣੀਆਂ।



*ਐਰਿਕ ਸਵਾਲਵੈਲ ਪੰਜਾਬੀ ਭਾਈਚਾਰੇ ਦੀਆਂ ਉਘੀਆਂ ਸ਼ਖਸੀਅਤਾਂ ਅਤੇ ਡੈਮੋਕਰੈਟਿਕ ਪਾਰਟੀ ਦੇ ਅਹੁਦੇਦਾਰਾਂ ਨਾਲ।*



*ਐਰਿਕ ਸਵਾਲਵੈਲ ਮੱਖਣ ਸਿੰਘ ਬੈਂਸ ਅਤੇ ਯੂਨੀਅਨ ਸਿਟੀ ਦੇ ਡਿਪਟੀ ਮੇਅਰ ਗੈਰੀ ਸਿੰਘ ਨਾਲ।*

# 'ਮਹਿਫਿਲ-ਏ-ਗਜ਼ਲ' 'ਚ ਹੋਇਆ ਦੋ ਪੰਜਾਬਾਂ ਦਾ ਸੰਗਮ

**ਫਰਿਜ਼ਨੋ (ਬਿਊਰੋ):** ਪੰਜਾਬੀ ਮਾਂ ਬੋਲੀ ਅਤੇ ਸੱਭਿਆਚਾਰ ਨੂੰ ਸਮਰਪਿਤ ਸੰਸਥਾ 'ਫਰਿਜ਼ਨੋ ਡਰੀਮਜ਼' ਵੱਲੋਂ ਇਕ ਪਰਿਵਾਰਕ ਪ੍ਰੋਗਰਾਮ 'ਮਹਿਫਿਲ-ਏ-ਗਜ਼ਲ' ਇਥੇ ਹਵੇਲੀ ਰੈਸਟੋਰੈਂਟ ਵਿਚ ਕੀਤਾ ਗਿਆ, ਜਿਸ ਦੀ ਸ਼ੁਰੂਆਤ ਛੋਟੇ ਬੱਚੇ ਅਮਨਜੋਤ ਸਿੰਘ ਨੇ 'ਸ਼ੁਕਰ ਦਾਤਿਆ' ਗੀਤ ਨਾਲ ਕੀਤੀ। ਉਪਰੰਤ ਫਿਲਮ ਕਲਾਕਾਰ ਬਾਈ ਸੁਰਜੀਤ ਨੇ ਆਪਣੇ ਨਵੇਂ ਆ ਰਹੇ ਰਿਕਾਰਡ ਗੀਤ ਗਾਏ, ਜਦੋਂ ਕਿ ਦਿਲਦਾਰ ਮਿਊਜ਼ੀਕਲ ਦੇ ਅਵਤਾਰ ਗਰੇਵਾਲ ਨੇ ਗੀਤਾਂ ਅਤੇ ਕਮੇਡੀ ਰਾਹੀਂ ਖੂਬ ਰੰਗ ਬੰਨ੍ਹਿਆ।

ਸੁਰੀਲੇ ਕਲਾਕਾਰ ਰਾਜੇਸ਼ ਰਾਜੂ ਨੇ ਆਪਣੇ ਗੀਤਾਂ ਨਾਲ ਹਾਜ਼ਰੀ ਭਰੀ, ਜਦੋਂ ਕਿ ਬੱਲੂ ਸਿੰਘ ਨੇ ਪੰਜਾਬੀ ਗੀਤਾਂ ਦੇ ਨਾਲ-ਨਾਲ ਹਿੰਦੀ ਦੇ ਹਲਕੇ-ਫੁਲਕੇ ਗੀਤ ਗਾਏ। ਇਸ ਮਹਿਫਿਲ ਦੌਰਾਨ ਹਾਰਮੋਨੀਅਮ ਦੀਆਂ ਸੁਰਾਂ 'ਤੇ ਜਗਦੇਵ ਧੰਜਲ ਨੇ ਗਜ਼ਲਾਂ ਰਾਹੀਂ ਮਾਹੌਲ ਬਹੁਤ ਅਨੰਦਮਈ ਬਣਾਇਆ। ਪ੍ਰਸਿੱਧ ਗਾਇਕ ਅਤੇ ਗੀਤਕਾਰ ਧਰਮਵੀਰ ਥਾਂਦੀ ਨੇ ਆਪਣੇ ਨਵੇਂ ਪਰਿਵਾਰਕ ਗੀਤਾਂ ਰਾਹੀਂ ਪ੍ਰੋਗਰਾਮ ਨੂੰ ਰੰਗੀਨ ਬਣਾ ਦਿੱਤਾ। ਇਸ ਤੋਂ ਇਲਾਵਾ ਪ੍ਰੋਗਰਾਮ ਵਿਚ ਕਰਮਜੀਤ ਬੈਨੀਪਾਲ ਅਤੇ ਹੋਰ ਬਹੁਤ ਸਾਰੇ ਕਲਾਕਾਰਾਂ ਨੇ ਹਾਜ਼ਰੀ ਭਰੀ।

ਪ੍ਰੋਗਰਾਮ ਦੌਰਾਨ ਪਾਕਿਸਤਾਨ ਦੇ ਅੰਬੈਸਡਰ ਨੇ ਬਤੌਰ ਮੁੱਖ ਮਹਿਮਾਨ ਵਜੋਂ ਹਾਜ਼ਰੀ ਭਰੀ। ਉਨ੍ਹਾਂ ਨੇ ਧਰਮਵੀਰ ਥਾਂਦੀ ਦੇ ਗੀਤ 'ਦਿੱਲੀ ਅਤੇ ਲਾਹੌਰ ਦੇ ਮੇਲ' 'ਤੇ ਭਾਵੁਕ ਹੁੰਦਿਆਂ ਸਮੁੱਚੀ 'ਫਰਿਜ਼ਨੋ ਡਰੀਮਜ਼' ਦੀ ਟੀਮ ਨੂੰ ਵਧਾਈ ਦਿੱਤੀ। ਇਸ ਸਮੇਂ ਸੰਸਥਾ ਦੇ ਮੁੱਖ ਸਰਪ੍ਰਸਤ ਤਰਨ ਸਿੰਘ (ਆਸ਼ੀਆਨਾ ਟਰੈਵਲ) ਨੇ ਪ੍ਰੋਗਰਾਮ ਦੀ ਸਫਲਤਾ ਲਈ ਸਭ ਦਾ ਧੰਨਵਾਦ ਕੀਤਾ। ਸਟੇਜ ਸੰਚਾਲਨ ਮਲਕੀਤ ਮੀਤ ਨੇ ਕੀਤਾ।

ਇਸ ਪ੍ਰੋਗਰਾਮ ਦੀ ਖਾਸੀਅਤ ਇਹ ਸੀ ਕਿ ਚੜ੍ਹਦੇ ਅਤੇ ਲਹਿੰਦੇ ਪੰਜਾਬ ਦੇ ਸਰੋਤੇ ਇੱਕੋ ਮੰਚ 'ਤੇ ਪਰਿਵਾਰਾਂ ਸਮੇਤ ਪਹੁੰਚੇ ਸਨ। ਜੁਲਾਈ ਮਹੀਨੇ ਰਿਲੀਜ਼ ਹੋਣ ਜਾ ਰਹੀ ਸਥਾਨਕ ਕਲਾਕਾਰਾਂ ਵਲੋਂ ਬਣਾਈ ਗਈ ਪੰਜਾਬੀ ਫਿਲਮ 'ਡਰੀਮ ਯੂ. ਐਸ. ਏ.' ਦੀ ਪ੍ਰੋਮੋਸ਼ਨ ਹਾਲੀਵੁੱਡ ਤੋਂ ਅਦਾਕਾਰਾ ਨਿੱਕੀ ਕੌਰ ਅਤੇ ਸਾਥੀਆਂ ਨੇ ਕੀਤੀ। ਅੰਤ ਵਿਚ ਹਾਜ਼ਰੀਨ ਨੂੰ ਇੱਕ ਦੂਜੇ ਨਾਲ ਜਾਣ ਪਛਾਣ ਕਰਵਾਉਂਦੇ ਹੋਏ ਜਸਵੰਤ ਸਿੰਘ ਮਹਿਮੀ ਅਤੇ ਸਮੁੱਚੀ ਟੀਮ ਨੇ ਸਨਮਾਨ ਕੀਤਾ।



# ਰਾਜਸਥਾਨ ਦੀ ਸੁਮਨ ਬਣੀ ਮਿਸ ਇੰਡੀਆ ਵਰਲਡ-2019

**ਮੁੰਬਈ:** ਰਾਜਸਥਾਨ ਦੀ ਸੁਮਨ ਰਾਓ ਨੇ ਮਿਸ ਇੰਡੀਆ ਵਰਲਡ 2019 ਦਾ ਖਿਤਾਬ



ਜਿੱਤਿਆ ਹੈ। ਉਹ ਚਾਰਟਰਡ ਅਕਾਊਂਟੈਂਸੀ (ਸੀ. ਏ.) ਕਰ ਰਹੀ ਹੈ। ਸਮਾਗਮ ਇਥੋਂ ਦੇ ਸਰਦਾਰ ਵੱਲਭ ਭਾਈ ਪਟੇਲ ਇਨਡੋਰ ਸਟੇਡੀਅਮ ਵਿਚ ਹੋਇਆ। ਰਾਓ ਨੇ ਕਿਹਾ ਕਿ ਉਸ ਨੂੰ ਬਹੁਤ ਮਾਣ ਕਿ ਮੈਂ ਜਿਥੋਂ ਆਈ ਹਾਂ, ਉਸ ਸਮਾਜ ਲਈ ਉਮੀਦ ਦੀ ਇਕ ਕਿਰਨ ਬਣ ਗਈ ਹਾਂ ਅਤੇ ਹੁਣ ਮੇਰੇ ਵਰਗੀਆਂ ਹੋਰ ਲੜਕੀਆਂ ਆਪਣੇ ਸੁਪਨੇ ਪੂਰੇ ਕਰਨ ਤੋਂ ਡਰਨਗੀਆਂ ਨਹੀਂ। ਮੇਰਾ ਪਰਿਵਾਰ ਤੇ ਦੋਸਤ ਬਹੁਤ ਖੁਸ਼ ਹਨ ਅਤੇ ਮੈਂ ਉਨ੍ਹਾਂ ਨਾਲ ਜਸ਼ਨ ਮਨਾਉਣ ਦਾ ਇੰਤਜ਼ਾਰ ਨਹੀਂ ਕਰ ਸਕਦੀ।

ਇਸ ਦੇ ਨਾਲ ਹੀ ਛੱਤੀਸਗੜ੍ਹ ਦੀ ਇੰਜਨੀਅਰ ਸ਼ਿਵਾਨੀ ਜਾਧਵ ਨੇ ਮਿਸ ਗਰੈਂਡ ਇੰਡੀਆ 2019 ਅਤੇ ਬਿਹਾਰ ਦੀ ਮੈਨੇਜਮੈਂਟ ਵਿਦਿਆਰਥਣ ਸ਼੍ਰੇਆ ਸ਼ੰਕਰ ਨੇ ਮਿਸ ਇੰਡੀਆ ਯੂਨਾਈਟਿਡ ਕੌਂਟੀਨੈਂਟ 2019 ਦਾ ਖਿਤਾਬ ਆਪਣੇ ਨਾਂ ਕੀਤਾ ਹੈ। ਤੇਲੰਗਾਨਾ ਦੀ ਸੰਜਨਾ ਵਿਜ ਮਿਸ ਇੰਡੀਆ ਰਨਰਜ਼ ਅੱਪ 2019 ਰਹੀ।

ਜੇਤੂਆਂ ਦੀ ਚੋਣ ਉਘੇ ਡਿਜ਼ਾਈਨਰ ਫਾਲਗੁਨੀ ਸ਼ਾਨੇ ਪੀਕੌਕ, ਮਿਸ ਵਰਲਡ 2018 ਵਨੇਸਾ ਪੋਂਚਾ ਡੀ ਲਿਓਨ, ਅਦਾਕਾਰਾ ਹੁਮਾ ਕੁਰੈਸ਼ੀ, ਚਿਤਰਾਂਗਦਾ ਸਿੰਘ, ਆਯੂਸ਼ ਸ਼ਰਮਾ, ਫਿਲਮ ਨਿਰਮਾਤਾ ਰੇਮੋ ਡਿਸੂਜ਼ਾ, ਸਪਿੰਟਰ ਦੁਤੀ ਚੰਦ ਅਤੇ ਫੁਟਬਾਲ ਟੀਮ ਦੀ ਕਪਤਾਨ ਸੁਨੀਲ ਛੇਤਰੀ ਦੇ ਪੈਨਲ ਨੇ ਕੀਤਾ। ਸ਼ੋਅ ਦੌਰਾਨ ਕੈਟਰੀਨਾ ਕੈਫ, ਵਿਕੀ ਕੌਸ਼ਲ, ਨੋਰਾ ਫਤੇਹੀ ਤੇ ਮੌਨੀ ਰੌਇ ਨੇ ਪ੍ਰੋਗਰਾਮ ਪੇਸ਼ ਕੀਤੇ। ਸੰਚਾਲਨ ਬੌਲੀਵੁੱਡ ਫਿਲਮ ਨਿਰਮਾਤਾ ਕਰਨ ਜੌਹਰ, ਅਦਾਕਾਰ ਤੇ ਐਂਕਰ ਮਨੀਸ਼ ਪੌਲ ਨੇ ਮਿਸ ਵਰਲਡ 2017 ਮਾਨੁਸ਼ੀ ਛਿੱਲਰ ਨਾਲ ਮਿਲ ਕੇ ਕੀਤਾ।

# ਬੇਗਮਪੁਰਾ ਇੰਟਰਨੈਸ਼ਨਲ ਸੰਗੀਤ ਸਭਾ ਵਲੋਂ ਵਿਨੋਦ ਕੁਮਾਰ ਚੁੰਬਰ ਦਾ ਸਨਮਾਨ

**ਬੰਗਾ (ਬਿਊਰੋ):** ਬੇਗਮਪੁਰਾ ਇੰਟਰਨੈਸ਼ਨਲ ਸੰਗੀਤ ਸੰਸਥਾ ਵਲੋਂ ਰੂਪ ਲਾਲ ਧੀਰ ਦੀ ਅਗਵਾਈ ਹੇਠ ਇੱਥੇ ਡਿੰਪੀ ਰੈਸਟੋਰੈਂਟ ਵਿਖੇ ਇਕ ਵਿਸ਼ੇਸ਼ ਸਮਾਗਮ ਅਯੋਜਿਤ ਕੀਤਾ ਗਿਆ ਜਿਸ ਵਿਚ ਕੈਲੀਫੋਰਨੀਆ ਤੋਂ ਉਚੇਚਾ ਪੁੱਜੇ ਉਘੇ ਸਮਾਜ ਸੇਵੀ ਅਤੇ ਸ੍ਰੀ ਗੁਰੂ ਰਵਿਦਾਸ ਸਭਾ ਬੇਏਰੀਆ ਦੇ ਪ੍ਰਧਾਨ ਵਿਨੋਦ ਕੁਮਾਰ ਚੁੰਬਰ ਇਥੇ ਪੁੱਜੇ ਮਿਸ਼ਨਰੀ ਗਾਇਕਾਂ ਨੂੰ ਮਾਇਕ ਮਦਦ ਦੇਣ ਲਈ ਵੀ ਧੰਨਵਾਦ ਕੀਤਾ।

ਸ੍ਰੀ ਵਿਨੋਦ ਕੁਮਾਰ ਚੁੰਬਰ ਨੇ ਕਿਹਾ ਕਿ ਉਹ ਦਲਿਤ ਸਮਾਜ ਸ੍ਰੀ ਗੁਰੂ ਰਵਿਦਾਸ ਅਤੇ ਡਾ. ਬੀ.ਆਰ ਅੰਬੇਡਕਰ ਜੀ ਦੇ ਮਿਸ਼ਨ ਨੂੰ ਅੱਗੇ ਲੈ ਕੇ ਜਾਣ ਵਾਲੀ ਇਸ ਬੇਗਮਪੁਰਾ ਇੰਟਰਨੈਸ਼ਨਲ ਸੰਗੀਤ ਸੰਸਥਾ ਦੇ ਸਮੂਹ



*ਵਿਨੋਦ ਕੁਮਾਰ ਚੁੰਬਰ ਅਤੇ ਰਜਨੀ ਠੱਕਰਵਾਲ ਨੂੰ ਸਨਮਾਨਿਤ ਕਰਦੇ ਹੋਏ ਬੇਗਮਪੁਰਾ ਇੰਟਰਨੈਸ਼ਨਲ ਸੰਗੀਤ ਸੰਸਥਾ ਦੇ ਮੁਖੀ ਰੂਪ ਲਾਲ ਧੀਰ ਅਤੇ ਹੋਰ ਅਹੁਦੇਦਾਰ।*

ਦਾ ਦਲਿਤ ਸਮਾਜ ਅਤੇ ਡਾ. ਬੀ.ਆਰ. ਅੰਬੇਡਕਰ ਮਿਸ਼ਨ ਲਈ ਕੀਤੇ ਜਾ ਰਹੇ ਵਿਸ਼ੇਸ਼ ਕਾਰਜਾਂ ਲਈ ਸਨਮਾਨ ਕੀਤਾ ਗਿਆ।

ਇਸ ਮੌਕੇ ਬੋਲਦਿਆਂ ਸੰਸਥਾ ਦੇ ਮੁਖੀ ਰੂਪ ਲਾਲ ਧੀਰ ਨੇ ਕਿਹਾ ਕਿ ਵਿਨੋਦ ਕੁਮਾਰ ਚੁੰਬਰ ਬੇਏਰੀਆ 'ਚ ਉਸਾਰੀ ਜਾ ਰਹੀ ਸ੍ਰੀ ਗੁਰੂ ਰਵਿਦਾਸ ਗੁਰਦੁਆਰਾ ਸਾਹਿਬ ਦੀ ਆਧੁਨਿਕ ਇਮਾਰਤ ਨੂੰ ਅਮਲੀ ਰੂਪ ਦੇਣ ਲਈ ਅਹਿਮ ਯੋਗਦਾਨ ਪਾ ਰਹੇ ਹਨ। ਉਨ੍ਹਾਂ ਸ੍ਰੀ ਚੁੰਬਰ ਦਾ ਅਹੁਦੇਦਾਰਾਂ ਦੇ ਧੰਨਵਾਦੀ ਹਨ, ਜਿਨ੍ਹਾਂ ਨੇ ਉਨ੍ਹਾਂ ਨੂੰ ਉਚੇਚੇ ਤੌਰ 'ਤੇ ਬੁਲਾ ਕੇ ਮਾਣ ਸਨਮਾਨ ਦਿੱਤਾ। ਸ੍ਰੀ ਚੁੰਬਰ ਨੇ ਉਘੇ ਮਿਸ਼ਨਰੀ ਗਾਇਕ ਰੂਪ ਲਾਲ ਧੀਰ, ਰਾਜ ਕੁਮਾਰ ਦਦਰਾਲ, ਰਜਨੀ ਠੱਕਰਵਾਲ, ਬਲਵਿੰਦਰ ਬਿੱਟੂ, ਪ੍ਰਸ਼ੋਤਮ ਸੱਲ੍ਹਣ, ਸਤਪਾਲ ਸਾਹਲੋਂ ਅਤੇ ਕਮਲ ਸੱਲ੍ਹਣ ਨੂੰ ਉਤਸ਼ਾਹਿਤ ਕਰਨ ਲਈ ਨਗਦ ਰਾਸ਼ੀ ਭੇਟ ਕੀਤੀ ਅਤੇ ਉਨ੍ਹਾਂ ਨੂੰ ਅਮਰੀਕਾ ਆਉਣ ਦਾ ਸੱਦਾ ਵੀ ਦਿੱਤਾ।

# ਅਮਨ-ਸ਼ਾਂਤੀ ਵਾਲੇ ਮੁਲਕਾਂ ਦੀ ਸੂਚੀ ਵਿਚ ਭਾਰਤ ਹੁਣ 141ਵੇਂ ਨੰਬਰ 'ਤੇ ਖਿਸਕਿਆ

**ਨਵੀਂ ਦਿੱਲੀ:** ਆਸਟਰੇਲੀਆ ਆਧਾਰਿਤ 'ਇੰਸਟੀਚਿਊਟ ਫਾਰ ਇਕਨਾਮਿਕਸ ਐਂਡ ਪੀਸ' ਮੁਤਾਬਕ ਅਮਨ-ਸ਼ਾਂਤੀ ਬਰਕਰਾਰ ਰੱਖਣ ਦੇ ਮਾਮਲੇ 'ਚ ਭਾਰਤ ਦੀ ਆਲਮੀ ਦਰਜਾਬੰਦੀ ਪੰਜ ਦਰਜੇ ਹੇਠਾਂ ਖਿਸਕ ਕੇ ਹੁਣ 141 ਹੋ ਗਈ ਹੈ। ਇਹ ਸੂਚੀ 163 ਮੁਲਕਾਂ ਲਈ ਜਾਰੀ ਕੀਤੀ ਗਈ ਹੈ। ਆਈਸਲੈਂਡ ਹਾਲੇ ਵੀ ਦੁਨੀਆਂ ਵਿਚ ਸਭ ਤੋਂ ਵੱਧ ਅਮਨ-ਸ਼ਾਂਤੀ ਵਾਲਾ ਮੁਲਕ ਹੈ, ਜਦਕਿ ਅਫਗਾਨਿਸਤਾਨ ਦਾ ਦਰਜਾ ਸਭ ਤੋਂ ਹੇਠਾਂ ਹੈ।

ਗੁਆਂਢੀ ਮੁਲਕ ਪਾਕਿਸਤਾਨ ਦਾ ਨੰਬਰ ਇਸ ਮਾਮਲੇ ਵਿਚ 153ਵਾਂ ਹੈ। ਇਸ ਸੰਸਥਾ ਵੱਲੋਂ ਇਹ ਦਰਜਾਬੰਦੀ ਤਿੰਨ ਨੁਕਤਿਆਂ- ਸਮਾਜਿਕ ਸੁਰੱਖਿਆ, ਘਰੇਲੂ ਤੇ ਕੌਮਾਂਤਰੀ ਟਕਰਾਅ ਤੇ ਫੌਜੀ ਗਤੀਵਿਧੀਆਂ ਦੇ ਆਧਾਰ 'ਤੇ ਜਾਰੀ ਕੀਤੀ ਜਾਂਦੀ ਹੈ।

ਆਈਸਲੈਂਡ 2008 ਤੋਂ ਸਿਖਰ 'ਤੇ ਬਣਿਆ ਹੋਇਆ ਹੈ। ਨਿਊਜ਼ੀਲੈਂਡ, ਆਸਟਰੀਆ, ਪੁਰਤਗਾਲ ਤੇ ਡੈਨਮਾਰਕ ਨੇ ਵੀ ਸਿਖਰਲੀ ਥਾਂ ਮੱਲੀ ਹੈ।

ਸੀਰੀਆ ਦੀ ਥਾਂ ਅਫਗਾਨਿਸਤਾਨ ਹੁਣ ਦੁਨੀਆਂ ਦਾ ਸਭ ਤੋਂ ਵੱਧ ਗੜਬੜੀ ਵਾਲਾ ਮੁਲਕ ਬਣ ਗਿਆ ਹੈ। ਮੌਸਮੀ ਖਤਰਿਆਂ ਦੇ ਮਾਮਲੇ ਵਿਚ ਭਾਰਤ, ਫਿਲੀਪੀਨਜ਼, ਜਪਾਨ, ਬੰਗਲਾਦੇਸ਼, ਮਿਆਂਮਾਰ, ਚੀਨ, ਇੰਡੋਨੇਸ਼ੀਆ, ਵੀਅਤਨਾਮ ਤੇ ਪਾਕਿਸਤਾਨ ਵੱਡੇ ਸੰਕਟ ਦਾ ਸਾਹਮਣਾ ਕਰ ਰਹੇ ਹਨ। ਭਾਰਤ ਦੇ ਨਾਲ ਅਮਰੀਕਾ, ਚੀਨ, ਸਾਊਦੀ ਅਰਬ ਤੇ ਰੂਸ ਦਾ ਰੱਖਿਆ ਬਜਟ ਦੁਨੀਆਂ ਵਿਚ ਸਭ ਤੋਂ ਵੱਧ ਹੈ।

# ਇੰਡੋ-ਅਮਰੀਕਨ ਕਲਚਰਲ ਆਰਗੇਨਾਈਜੇਸ਼ਨ ਵਲੋਂ ਜੱਲ੍ਹਿਆਂਵਾਲੇ ਬਾਗ ਦੇ ਸ਼ਹੀਦਾਂ ਨੂੰ ਸ਼ਰਧਾਂਜਲੀ

**ਸੈਨ ਫਰਾਂਸਿਸਕੋ (ਬਿਊਰੋ):** ਇੰਡੋ-ਅਮਰੀਕਨ ਕਲਚਰਲ ਆਰਗੇਨਾਈਜੇਸ਼ਨ ਵਲੋਂ 5 ਵੁੱਡ ਸਟਰੀਟ 'ਤੇ ਸਥਿਤ, ਗਦਰ ਪਾਰਟੀ ਦੇ ਮਹਾਨ ਸੂਰਬੀਰਾਂ ਦੇ ਸਥਾਨ ਯੁਗਾਂਤਰ ਆਸ਼ਰਮ (ਗਦਰ ਮੈਮੋਰੀਅਲ ਹਾਲ) ਵਿਚ ਪ੍ਰਭਾਵਸ਼ਾਲੀ ਸਮਾਗਮ ਕੀਤਾ ਗਿਆ। ਇਹ ਸਮਾਗਮ ਜੱਲ੍ਹਿਆਂਵਾਲੇ ਬਾਗ ਦੇ ਖੂਨੀ ਘਾਣ ਨੂੰ ਸਮਰਪਿਤ



ਸੀ, ਜਿਸ ਨੂੰ ਅੱਜ 100 ਵਰ੍ਹੇ ਤੋਂ ਉਪਰ ਦਾ ਸਮਾਂ ਹੋ ਗਿਆ ਹੈ ਅਤੇ ਦੁਨੀਆ ਭਰ ਵਿਚ ਇਸ ਨਾ-ਭੁਲਣਯੋਗ ਖੂਨੀ ਸਾਕੇ ਦੇ ਸ਼ਹੀਦਾਂ ਨੂੰ ਸ਼ਰਧਾਂਜਲੀਆਂ ਭੇਟ ਕੀਤੀਆਂ ਜਾ ਰਹੀਆਂ ਹਨ।

ਇਸ ਸ਼ਹੀਦੀ ਸਮਾਗਮ ਦੀ ਸ਼ੁਰੂਆਤ ਬਾਬਾ ਕਰਤਾਰ ਸਿੰਘ ਦੁੱਕੀ ਦੇ ਪੋਤਰੇ ਜਗਦੀਸ਼ ਸਿੰਘ ਖੰਗੂੜਾ ਨੇ ਗਦਰ ਪਾਰਟੀ ਦਾ ਝੰਡਾ ਝੁਲਾ ਕੇ ਕੀਤੀ। ਕਸ਼ਮੀਰ ਸਿੰਘ ਕਾਂਗਣਾ ਨੇ ਸਟੇਜ ਦੀ ਕਾਰਵਾਈ ਸ਼ੁਰੂ ਕਰਦਿਆਂ ਗਦਰ ਮੈਮੋਰੀਅਲ ਦੇ ਇਤਿਹਾਸ ਬਾਰੇ ਸੰਖੇਪ ਜਾਣਕਾਰੀ ਦਿਤੀ ਅਤੇ ਜੱਲ੍ਹਿਆਂਵਾਲੇ ਬਾਗ ਦੇ ਖੂਨੀ ਕਾਂਡ ਨੂੰ ਨਾ ਭੁੱਲਣਯੋਗ ਦੱਸਦਿਆਂ ਕਿਹਾ ਕਿ ਬਰਤਾਨਵੀ ਸਰਕਾਰ ਨੂੰ ਇਸ ਦਰਿੰਦਗੀ ਭਰੇ ਕਾਰੇ ਲਈ ਮੁਆਫੀ ਮੰਗਣੀ ਚਾਹੀਦੀ ਹੈ। ਜੇ ਚੀਨ ਦੀ ਸਰਕਾਰ ਜਾਪਾਨ ਕੋਲੋਂ ਨੈਨਕਨ ਰੇਪ ਬਾਰੇ ਦਬਾਅ ਪਾ ਕੇ ਮੁਆਫੀ ਮੰਗਵਾ ਸਕਦੀ ਹੈ ਅਤੇ ਉਨ੍ਹਾਂ ਪੀੜਤ ਔਰਤਾਂ ਨੂੰ ਮੁਆਵਜ਼ਾ ਵੀ ਦਿਵਾਇਆ ਗਿਆ ਸੀ ਤਾਂ ਬਰਤਾਨਵੀ ਸਰਕਾਰ 'ਤੇ ਕਿਉਂ ਨਹੀਂ ਦਬਾਅ ਪਾਇਆ ਗਿਆ?

ਜਥੇਬੰਦੀ ਦੇ ਮੋਢੀ ਅਤੇ ਡਾਇਰੈਕਟਰ ਸੁਮਿੱਤਰ ਸਿੰਘ ਉਪਲ ਨੇ ਬਿਮਾਰ ਹੋਣ ਦੇ ਬਾਵਜੂਦ ਯੂਬਾ ਸਿਟੀ ਤੋਂ ਆ ਕੇ ਗਦਰ ਮੈਮੋਰੀਅਲ ਹਾਲ ਵਿਚ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕੀਤੀ। ਕੈਂਸਰ ਦੀ ਨਾ ਮੁਰਾਦ ਬਿਮਾਰੀ ਨਾਲ ਜੂਝਦਿਆਂ ਉਨ੍ਹਾਂ ਆਪਣੀ ਜਥੇਬੰਦੀ ਨੂੰ ਹੱਲਾਸ਼ੇਰੀ ਦਿੰਦਿਆਂ ਉਰਦੂ ਦਾ ਸ਼ਿਅਰ ਪੜ੍ਹਿਆ, ਹਾਥੋਂ ਮੇਂ ਜੁੰਬਿਸ਼ ਨਹੀਂ, ਆਖੋਂ ਮੇਂ ਤੋਂ ਦਮ ਹੈ।

ਜਥੇਬੰਦੀ ਦੇ ਪ੍ਰਧਾਨ ਸੁਰਿੰਦਰ ਸਿੰਘ ਬਿੰਦਰਾ ਨੇ ਆਪਣੇ ਸ਼ਰਧਾਂਜਲੀ ਭਾਸ਼ਣ ਵਿਚ ਜੱਲ੍ਹਿਆਂਵਾਲੇ ਬਾਗ ਦੇ ਪਿਛੋਕੜ ਬਾਰੇ ਦੱਸਿਆ ਕਿ ਇਹ ਸਰਦਾਰ ਹਿੰਮਤ ਸਿੰਘ, ਜੋ ਪਿੰਡ ਜੱਲ੍ਹਾ ਤੋਂ ਸਨ ਅਤੇ ਮਹਾਰਾਜਾ ਰਣਜੀਤ ਸਿੰਘ ਦੀ ਫੌਜ ਵਿਚ ਸਨ, ਨੇ ਬਣਵਾਇਆ ਸੀ। ਇਹ ਬਾਗ ਬਾਅਦ ਵਿਚ ਆਜ਼ਾਦੀ ਸੰਗਰਾਮ ਦੌਰਾਨ ਜਲਸੇ, ਮੀਟਿੰਗਾਂ ਦਾ ਕੇਂਦਰ ਬਣ ਗਿਆ। ਉਨ੍ਹਾਂ ਜੱਲ੍ਹਿਆਂਵਾਲੇ ਬਾਗ ਵਿਚ ਹੋਏ ਨਿਹੱਥੇ ਲੋਕਾਂ ਦੇ ਕਤਲਾਂ ਅਤੇ ਫੌਜ ਵਲੋਂ ਚਲਾਈਆਂ ਗੋਲੀਆਂ ਦਾ ਵਿਸਥਾਰ ਸਹਿਤ ਵਰਣਨ ਕਰਦਿਆਂ ਕਿਹਾ ਕਿ ਗੋਲੀ ਉਦੋਂ ਤਕ ਚਲਦੀ ਰਹੀ, ਜਦ ਤਕ ਸਾਰਾ ਅਸਲਾ ਮੁੱਕ ਨਾ ਗਿਆ।

ਇਸ ਮੌਕੇ ਉਨ੍ਹਾਂ ਜਥੇਬੰਦੀ ਦੇ ਆਗੂ ਕਿਰਪਾਲ ਸਿੰਘ ਸੰਧੂ, ਜੋ ਬਿਮਾਰੀ ਕਾਰਨ ਹਾਜ਼ਰ ਨਾ ਹੋ ਸਕੇ, ਵੱਲੋਂ ਭੇਜੇ ਸੁਨੇਹੇ ਦਾ ਜ਼ਿਕਰ ਕੀਤਾ ਅਤੇ ਜਥੇਬੰਦੀ ਦੇ ਜਨਰਲ ਸਕੱਤਰ ਗਿਆਨ ਸਿੰਘ ਬਿਗਲਾ ਦੇ ਨਾ ਸ਼ਾਮਿਲ ਹੋ ਸਕਣ ਬਾਰੇ ਵੀ ਦੱਸਿਆ।

ਗਿਆਨ ਸਿੰਘ ਬਿਲਗਾ ਵੱਲੋਂ ਜਾਰੀ ਬਿਆਨ ਵਿਚ ਕਿਹਾ ਗਿਆ ਕਿ ਗੁਰੂ ਦੀ ਨਗਰੀ ਅੰਮ੍ਰਿਤਸਰ ਵਿਖੇ ਜੱਲ੍ਹਿਆਂਵਾਲੇ ਬਾਗ ਵਿਚ 13 ਅਪਰੈਲ 1919 ਨੂੰ ਰੋਲਟ ਐਕਟ ਵਿਰੁਧ ਪੁਰ-ਅਮਨ ਰੋਸ ਪ੍ਰਗਟ ਕਰ ਰਹੇ ਨਿਹੱਥੇ ਲੋਕਾਂ 'ਤੇ ਬਰਤਾਨਵੀ ਸਾਮਰਾਜ ਦੇ ਬੁੱਚੜ ਜਨਰਲ ਡਾਇਰ ਵਲੋਂ ਅੰਨ੍ਹੇਵਾਹ ਗੋਲੀਆਂ ਚਲਾ ਕੇ ਸੈਂਕੜੇ ਲੋਕਾਂ, ਜਿਨ੍ਹਾਂ ਵਿਚ ਔਰਤਾਂ, ਬੱਚੇ ਤੇ ਬਜੁਰਗ ਵੀ ਸਨ, ਮੌਤ ਦੇ ਘਾਟ ਉਤਾਰ ਦਿੱਤਾ ਗਿਆ ਸੀ।

ਇਸ ਮੌਕੇ ਪਰਮਪ੍ਰੀਤ ਸਿੰਘ ਬਿੰਦਰਾ, ਜੋ ਆਪ ਵਕੀਲ ਵੀ ਹਨ ਤੇ ਜਿਨ੍ਹਾਂ ਦੇ ਉਪਰਾਲੇ ਨਾਲ ਇਹ ਸਮਾਗਮ ਹੋਇਆ, ਅਤੇ ਰੋਜ਼ੀ ਬਿੰਦਰਾ ਨੇ ਵੀ ਸ਼ਰਧਾਂਜਲੀ ਭੇਟ ਕੀਤੀ। ਪਰਮਪ੍ਰੀਤ ਸਿੰਘ ਬਿੰਦਰਾ ਨੇ ਭਾਰਤੀ ਸਫਾਰਤਖਾਨੇ ਦੇ ਸਮੁੱਚੇ ਮੁਲਾਜ਼ਮਾਂ ਦਾ ਧੰਨਵਾਦ ਕੀਤਾ, ਜਿਨ੍ਹਾਂ ਨੇ ਮਿਲਵਰਤਨ ਕਰਕੇ ਸਮਾਗਮ ਨੂੰ ਸਫਲ



ਬਣਾਉਣ ਵਿਚ ਸਾਥ ਦਿੱਤਾ।

ਯੂਬਾ ਸਿਟੀ ਤੋਂ ਬੀਬੀ ਸੰਦੀਪ, ਜੋ ਮਰਹੂਮ ਹਰਪਾਲ ਸੰਘਾ ਦੀ ਨੂੰਹ ਹੈ, ਨੇ ਵੀ ਸ਼ਰਧਾਂਜਲੀ ਭੇਟ ਕਰਦਿਆਂ ਆਖਿਆ ਕਿ ਉਹ ਗਦਰੀ ਬਾਬਿਆਂ ਦੇ ਸਭ ਪ੍ਰੋਗਰਾਮਾਂ ਵਿਚ ਹਿੱਸਾ ਲੈਂਦੇ ਰਹਿਣਗੇ। ਪ੍ਰਸਿਧ ਗਦਰੀ ਬਾਬਾ ਕਰਤਾਰ ਸਿੰਘ ਦੁੱਕੀ ਦੇ ਪੋਤਰੇ ਸ. ਜਗਦੀਸ਼ ਸਿੰਘ ਖੰਗੂੜਾ ਨੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕੀਤੀ ਅਤੇ ਗਦਰ ਪਾਰਟੀ ਦੇ ਦਫਤਰ ਤੇ ਆਪਣੇ ਬਾਬੇ ਕਰਤਾਰ ਸਿੰਘ ਦੁੱਕੀ ਬਾਰੇ ਜਾਣਕਾਰੀ ਦਿੰਦਿਆਂ ਕਿਹਾ ਕਿ ਉਨ੍ਹਾਂ ਦੇ ਬਾਬਾ ਜੀ ਅਤੇ ਸਰਦਾਰ ਕਰਤਾਰ ਸਿੰਘ ਸਰਾਭਾ ਇਕੱਠੇ ਅਖਬਾਰ 'ਗਦਰ' ਵਿਚ ਕੰਮ ਕਰਦੇ ਰਹੇ ਸਨ।

ਚੈਂਬਰ ਆਫ ਕਾਮਰਸ ਦੇ ਸਕੱਤਰ ਸੈਕਰਾਮੈਂਟੋ ਤੋਂ ਸੁਖਚੈਨ ਨੇ ਆਪਣੇ ਵਲੋਂ ਅਤੇ ਆਪਣੇ ਚੈਂਬਰ ਵਲੋਂ ਸ਼ਰਧਾਂਜਲੀ ਭੇਂਟ ਕਰਦਿਆਂ ਇੰਡੋ-ਅਮਰੀਕਨ ਕਲਚਰਲ ਆਰਗੇਨਾਈਜੇਸ਼ਨ ਦਾ ਅਜਿਹੇ ਸਮਾਗਮ ਲਈ ਧੰਨਵਾਦ ਕੀਤਾ।

ਮੁੱਖ ਬੁਲਾਰੇ ਪ੍ਰੋ. ਕੇਵਲ ਸਿੰਘ ਕਲੋਟੀ ਨੇ ਆਪਣੇ ਭਾਸ਼ਣ ਵਿਚ ਆਖਿਆ ਕਿ ਕੈਨੇਡਾ ਦੀ ਸਰਕਾਰ ਨੇ ਕਾਮਾਗਾਟਾਮਾਰੂ ਬਾਰੇ ਮੁਆਫੀ ਮੰਗ ਲਈ ਹੈ। ਬਰਤਾਨਵੀ ਸਰਕਾਰ ਨੂੰ ਵੀ ਅਜਿਹੇ ਘਿਨਾਉਣੇ ਪਾਪ ਲਈ ਮੁਆਫੀ ਮੰਗਣੀ ਚਾਹੀਦੀ ਹੈ। ਉਨ੍ਹਾਂ ਕੌਂਸਲ ਜਨਰਲ ਨੂੰ ਸੰਬੋਧਨ ਹੁੰਦਿਆਂ ਆਖਿਆ ਕਿ ਉਹ ਤਾਂ ਯੁਗਾਂਤਰ ਆਸ਼ਰਮ ਦੇਖਣ ਆਏ ਸਨ, ਪਰ ਉਨ੍ਹਾਂ ਨੂੰ ਇਹ ਸ਼ਬਦ ਦੇਖਣ ਨੂੰ ਨਹੀਂ ਮਿਲਿਆ।

ਇਸ ਮੌਕੇ ਨਰਿੰਦਰਪਾਲ ਸਿੰਘ ਹੁੰਦਲ ਅਤੇ ਅਮਰੀਕ ਸਿੰਘ ਖੰਡਾਲੀਆ ਨੇ ਵੀ ਸ਼ਰਧਾਂਜਲੀ ਭੇਟ ਕੀਤੀ। ਅਮਰੀਕ ਸਿੰਘ ਖੰਡਾਲੀਆ ਨੇ ਉਸ ਵਕਤ ਬਾਬੂ ਫਿਰੋਜ਼ ਦੀਨ ਸ਼ਰਫ ਦੀ ਜੱਲ੍ਹਿਆਂਵਾਲੇ ਬਾਗ ਨਾਲ ਸਬੰਧਤ ਕਵਿਤਾ ਸੁਣਾਈ। ਉਨ੍ਹਾਂ ਗਦਰ ਦੀ ਨਵੀਂ ਬਣਨ ਵਾਲੀ ਇਮਾਰਤ ਨੂੰ ਪਹਿਲੀ ਦਿਖ ਦੇਣ ਦੀ ਪੁਰਜ਼ੋਰ ਅਪੀਲ ਕੀਤੀ ਤਾਂ ਕਿ ਸਿਟੀ ਵਲੋਂ ਫਿਰ ਇਸ ਨੂੰ ਇਤਿਹਾਸਕ ਸਥਾਨ ਦਾ ਦਰਜਾ ਮਿਲ ਸਕੇ।

ਭਾਰਤੀ ਕੌਂਸਲ ਜਨਰਲ ਸੰਜੇ ਪਾਂਡੇ ਨੇ ਜਥੇਬੰਦੀ ਵਲੋਂ ਉਠਾਏ ਸਵਾਲਾਂ ਦੇ ਜਵਾਬ ਦਿੰਦਿਆਂ ਕਿਹਾ ਕਿ ਜੋ ਵੀ ਅੰਦਰ ਤਸਵੀਰਾਂ ਅਤੇ ਹੋਰ ਦਸਤਾਵੇਜ਼ ਪਏ ਹਨ, ਉਨ੍ਹਾਂ ਨੂੰ ਪੂਰੀ ਤਰ੍ਹਾਂ ਸੰਭਾਲ ਕੇ ਰੱਖਿਆ ਜਾਵੇਗਾ। ਪੁਰਾਣੀ ਇਮਾਰਤ ਨੂੰ ਢਾਹੁੰਦੇ ਵਕਤ ਪਹਿਲਾਂ ਵਾਪਰੀ ਘਟਨਾ ਨੂੰ ਮੁੜ ਨਹੀਂ ਦੁਹਰਾਇਆ ਜਾਵੇਗਾ। ਉਨ੍ਹਾਂ ਤੋਂ ਇਲਾਵਾ ਡਿਪਟੀ ਕੌਂਸਲ ਰੋਹਿਤ ਰਵੀਸ਼ ਵੀ ਹਾਜ਼ਰ ਸਨ।

ਕਮਲ ਬੰਗਾ ਨੇ ਬਹੁਤ ਹੀ ਥੋੜ੍ਹੇ ਪਰ ਪ੍ਰਭਾਵਸ਼ਾਲੀ ਲਫਜ਼ਾਂ ਵਿਚ ਆਪਣੀ ਕਵਿਤਾ ਰਾਹੀਂ ਸ਼ਰਧਾਂਜਲੀ ਭੇਟ ਕੀਤੀ। ਰਾਜ ਬਰਾੜ ਅਤੇ ਪੰਮੀ ਮਾਨ ਨੇ ਦੇਸ਼ ਭਗਤੀ ਅਤੇ ਸ਼ਹੀਦਾਂ ਦੇ ਗੀਤ ਗਾਏ। ਅਸ਼ੋਕ ਭੌਰਾ ਅਤੇ ਪੰਜਾਬ ਦੇ ਪ੍ਰਸਿਧ ਢਾਡੀ ਦਿਆ ਸਿੰਘ ਦਿਲਬਰ ਦੇ ਪੁੱਤਰ ਕੁਲਜੀਤ ਸਿੰਘ ਦਿਲਬਰ ਨੇ ਵੀ ਸ਼ਰਧਾਂਜਲੀਆਂ ਭੇਟ ਕੀਤੀਆਂ। ਬਾਬਾ ਹਰਨਾਮ ਸਿੰਘ ਟੁੰਡੀਲਾਟ ਦੀ ਭਤੀਜੀ ਬੀਬੀ ਹਰਜਿੰਦਰ ਕੌਰ ਦੇ ਪੁੱਤਰ ਸਤਵਿੰਦਰ ਸਿੰਘ ਰਾਣਾ ਅਤੇ ਨਾਮਧਾਰੀ ਸੰਗਤ ਵਲੋਂ ਦਵਿੰਦਰ ਸਿੰਘ ਨੇ ਹਾਜ਼ਰੀ ਭਰੀ।

ਇੰਡੋ-ਅਮਰੀਕਨ ਕਲਚਰਲ ਆਰਗੇਨਾਈਜੇਸ਼ਨ ਦੀ ਸਮੁੱਚੀ ਟੀਮ ਜਰਨੈਲ ਸਿੰਘ ਸਰਪੰਚ, ਬਲਵੰਤ ਬਾਂਕਾ, ਜਗਜੀਤ ਸਿੰਘ ਗਿੱਲ, ਜੁਝਾਰ ਸਿੰਘ ਗਿੱਲ, ਮਲਕੀਤ ਬੈਂਸ, ਰਾਕੇਸ਼ ਬੈਂਸ, ਬਲਦੇਵ ਰਾਜ, ਹੈਡਮਾਸਟਰ ਬਲਬੀਰ ਸਿੰਘ ਗਿੱਲ, ਭਾਗ ਸਿੰਘ ਰੱਕੜ, ਸੈਕਰਾਮੈਂਟੋ ਅਤੇ ਹੋਰ ਦੂਰ ਦਰੇਡੇ ਤੋਂ ਆਏ ਜੀਆਂ ਨੇ ਪਰਿਵਾਰਾਂ ਸਮੇਤ ਹਾਜ਼ਰੀ ਭਰੀ। ਜਥੇਬੰਦੀ ਵਲੋਂ ਹਾਜ਼ਰੀਨ ਲਈ ਮਠਿਆਈ ਅਤੇ ਲੰਗਰ ਅਟੁਟ ਵਰਤਾਇਆ ਗਿਆ।

# ਐਡਵੋਕੇਟ ਐਚ. ਐਸ. ਫੂਲਕਾ ਗੁਰਦੁਆਰਾ ਸੈਨ ਹੋਜੇ ਵਿਖੇ ਨਤਮਸਤਕ ਹੋਏ








**ਸੈਨ ਹੋਜੇ (ਬਿਊਰੋ):** ਸੀਨੀਅਰ ਐਡਵੋਕੇਟ, ਮਨੁੱਖੀ ਅਧਿਕਾਰਾਂ ਦੇ ਕਾਮੇ, ਲੇਖਕ ਅਤੇ ਸਿਆਸਤਦਾਨ ਸ. ਹਰਵਿੰਦਰ ਸਿੰਘ ਫੂਲਕਾ ਨੇ ਇਥੇ ਗੁਰਦੁਆਰਾ ਸੈਨ ਹੋਜੇ ਵਿਖੇ ਸੰਗਤ ਨੂੰ ਸੰਬੋਧਨ ਕੀਤਾ। ਆਪਣੇ ਸੰਬੋਧਨ ਦੌਰਾਨ ਉਨ੍ਹਾਂ 1984 ਦੇ ਸਿੱਖ ਕਤਲੇਆਮ ਤੋਂ ਬਾਅਦ ਨਿਆਂ ਹਾਸਲ ਕਰਨ ਲਈ ਅਦਾਲਤਾਂ ਅੰਦਰ ਲੜੀ ਲੜਾਈ ਬਾਰੇ ਵਿਸਥਾਰ ਸਹਿਤ ਚਾਨਣਾ ਪਾਇਆ। ਉਨ੍ਹਾਂ ਦੱਸਿਆ ਕਿ ਅਜਿਹੀਆਂ ਕੋਸ਼ਿਸ਼ਾਂ ਸਦਕਾ ਹੀ ਅੱਜ ਕਾਂਗਰਸੀ ਆਗੂ ਸੱਜਣ ਕੁਮਾਰ ਜੇਲ੍ਹ ਦੀਆਂ ਸੀਖਾਂ ਪਿਛੇ ਬੰਦ ਹੈ ਅਤੇ ਜਗਦੀਸ਼ ਟਾਈਟਲਰ ਤੇ ਕਮਲ ਨਾਥ ਖਿਲਾਫ ਚੱਲ ਰਹੇ ਕੇਸਾਂ ਦੇ ਫੈਸਲੇ ਵੀ ਜਲਦੀ ਹੀ ਆ ਜਾਣਗੇ।

ਇਸ ਮੌਕੇ ਗੁਰਦੁਆਰਾ ਸੈਨ ਹੋਜੇ ਦੀ ਪ੍ਰਬੰਧਕ ਕਮੇਟੀ ਨੇ ਪੀੜਤਾਂ ਨੂੰ ਇਨਸਾਫ ਦਿਵਾਉਣ ਲਈ ਉਨ੍ਹਾਂ ਦੀ ਲਗਨ ਅਤੇ ਸਿਰੜ ਲਈ ਉਨ੍ਹਾਂ ਦੀ ਪ੍ਰਸ਼ੰਸਾ ਕੀਤੀ। ਉਨ੍ਹਾਂ ਵਲੋਂ ਕੀਤੇ ਇਨ੍ਹਾਂ ਕਾਰਜਾਂ ਦੇ ਮਾਣ ਵਜੋਂ ਉਨ੍ਹਾਂ ਨੂੰ ਸਿਰੋਪਾਓ ਦਿੱਤਾ ਗਿਆ। ਨਾਲ ਹੀ ਕਿਹਾ ਗਿਆ ਕਿ ਅਗਾਂਹ ਤੋਂ ਅਜਿਹੇ ਕਾਰਜ ਕਰਦੇ ਰਹਿਣ ਲਈ ਵਾਹਿਗੁਰੂ ਉਨ੍ਹਾਂ ਨੂੰ ਸਦਾ ਚੜ੍ਹਦੀ ਕਲਾ ਵਿਚ ਰੱਖੇ।

# ਵਿਦਿਆਰਥੀਆਂ ਦੇ ਭਾਸ਼ਣ ਮੁਕਾਬਲੇ 28 ਜੁਲਾਈ ਨੂੰ

**ਫਰਿਜ਼ਨੋ (ਬਿਊਰੋ):** ਇੰਡੋ ਅਮੈਰੀਕਨ ਹੈਰੀਟੇਜ ਫੋਰਮ, ਫਰਿਜ਼ਨੋ ਵਲੋਂ ਵਿਦਿਆਰਥੀਆਂ ਦੇ ਭਾਸ਼ਣ ਮੁਕਾਬਲੇ 28 ਜੁਲਾਈ ਨੂੰ ਇਥੇ ਇੰਡੀਆ ਓਵਨ (3035 ਵੈਸਟ ਐਸਲੈਨ ਐਵਨਿਊ) ਵਿਚ ਦੁਪਹਿਰ ਇਕ ਵਜੇ ਤੋਂ ਸ਼ਾਮ 5 ਵਜੇ ਤੱਕ ਕਰਵਾਏ ਜਾਣਗੇ, ਜੋ ਜੱਲਿਆਂਵਾਲੇ ਬਾਗ ਦੇ ਸ਼ਹੀਦੀ ਸਾਕੇ, ਸ਼ਹੀਦ ਊਧਮ ਸਿੰਘ ਸੁਨਾਮ ਅਤੇ ਸ਼ਹੀਦ ਮਦਨ ਲਾਲ ਢੀਂਗੜਾ ਨੂੰ ਸਮਰਪਿਤ ਹੋਣਗੇ।

ਫੋਰਮ ਅਨੁਸਾਰ ਇਨ੍ਹਾਂ ਮੁਕਾਬਲਿਆਂ ਵਿਚ ਵਿਦਿਆਰਥੀਆਂ ਨੂੰ ਉਮਰ ਦੇ ਹਿਸਾਬ ਚਾਰ ਗਰੁਪਾਂ ਵਿਚ ਵੰਡ ਕੇ ਵੱਖ ਵੱਖ ਵਿਸ਼ੇ ਦਿਤੇ ਗਏ ਹਨ। ਪ੍ਰਾਇਮਰੀ ਸਕੂਲ ਦੇ ਵਿਦਿਆਰਥੀ ਕਿਸੇ ਵੀ ਆਜ਼ਾਦੀ ਘੁਲਾਟੀਏ 'ਤੇ ਆਧਾਰਤ ਸਪੀਚ ਕਰਨਗੇ। ਮਿਡਲ ਸਕੂਲ ਦੇ ਵਿਦਿਆਰਥੀ ਸ਼ਹੀਦ ਊਧਮ ਸਿੰਘ ਜਾਂ ਸ਼ਹੀਦ ਮਦਨ ਲਾਲ ਢੀਂਗੜਾ ਦੇ ਜੀਵਨ ਅਤੇ ਸੰਘਰਸ਼ 'ਤੇ ਆਧਾਰਤ ਭਾਸ਼ਣ ਦੇਣਗੇ। ਹਾਈ ਸਕੂਲ ਦੇ ਵਿਦਿਆਰਥੀਆਂ ਦਾ ਵਿਸ਼ਾ ਜੱਲਿਆਂਵਾਲੇ ਬਾਗ ਦਾ ਸਾਕਾ ਹੋਵੇਗਾ। ਕਾਲਜ ਅਤੇ ਯੂਨੀਵਰਸਿਟੀ ਦੇ ਵਿਦਿਆਰਥੀਆਂ ਦੇ ਭਾਸ਼ਣ ਦਾ ਵਿਸ਼ਾ 'ਜੱਲਿਆਂਵਾਲੇ ਬਾਗ ਦੇ ਸਾਕੇ ਦਾ ਭਾਰਤ ਦੀ ਆਜ਼ਾਦੀ ਦੀ ਲੜਾਈ 'ਤੇ ਪ੍ਰਭਾਵ' ਹੋਵੇਗਾ। ਹਿੱਸਾ ਲੈਣ ਵਾਲੇ ਸਾਰੇ ਵਿਦਿਆਰਥੀਆਂ ਨੂੰ ਸਰਟੀਫਿਕੇਟ ਦਿਤੇ ਜਾਣਗੇ ਅਤੇ ਹਰ ਗਰੁਪ ਦੇ ਪਹਿਲੇ ਤਿੰਨ ਜੇਤੂਆਂ ਨੂੰ ਨਕਦ ਇਨਾਮ ਦਿਤੇ ਜਾਣਗੇ।

ਜ਼ਿਕਰਯੋਗ ਹੈ ਕਿ ਫੋਰਮ ਪਿਛਲੇ ਅੱਠ ਸਾਲਾਂ ਤੋਂ ਵਿਦਿਆਰਥੀਆਂ ਲਈ ਇਹ ਪ੍ਰੋਗਰਾਮ ਕਰਵਾ ਰਿਹਾ ਹੈ, ਜਿਸ ਦਾ ਮੁਖ ਮਕਸਦ ਬੱਚਿਆਂ ਨੂੰ ਸਮਾਜ ਵਿਚ ਅਗਾਂਹਵਧੂ ਅਤੇ ਲੀਡਰਸ਼ਿਪ ਰੋਲ ਲਈ ਤਿਆਰ ਕਰਨਾ ਹੈ। ਫੋਰਮ ਨੇ ਸਮੂਹ ਭਾਈਚਾਰੇ ਨੂੰ ਆਪਣੇ ਬੱਚਿਆਂ ਨੂੰ ਇਸ ਪ੍ਰੋਗਰਾਮ ਵਿਚ ਹਿਸਾ ਲੈਣ ਲਈ ਉਤਸ਼ਾਹਤ ਕਰਨ ਦੀ ਅਪੀਲ ਕੀਤੀ ਹੈ। ਹੋਰ ਜਾਣਕਾਰੀ ਲਈ ਹਰਜਿੰਦਰ ਢੇਸੀ (559-618-0156), ਸੁਰਿੰਦਰ ਮੰਢਾਲੀ (559-473-9269) ਜਾਂ ਗੁਰਦੀਪ ਸਿੰਘ ਗਿੱਲ (559-360-4248) ਨਾਲ ਸੰਪਰਕ ਕੀਤਾ ਜਾ ਸਕਦਾ ਹੈ। ਮੁਕਾਬਲਿਆਂ ਲਈ ਨਾਂ ਰਜਿਸਟਰ ਕਰਵਾਉਣ ਲਈ ਈਮੇਲ IAHForum@Gmail.Com ਰਾਹੀਂ ਸੰਪਰਕ ਕੀਤਾ ਜਾ ਸਕਦਾ ਹੈ।

ਇਸੇ ਦੌਰਾਨ ਫੋਰਮ ਦੀ ਮੀਟਿੰਗ ਵਿਚ ਫੋਰਮ ਦੇ ਕੈਸ਼ੀਅਰ ਅਤੇ ਮੋਢੀ ਮੈਂਬਰ ਜਸਵੰਤ ਸਿੰਘ ਮਾਨ ਦੀ ਸੁਪਤਨੀ ਬੀਬੀ ਗੁਰਦੀਪ ਕੌਰ ਮਾਨ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ। ਉਹ ਲੰਘੀ ਜੂਨ 7 ਨੂੰ ਅਕਾਲ ਚਲਾਣਾ ਕਰ ਗਏ ਸਨ। ਮੀਟਿੰਗ ਵਿਚ ਇਕ ਮਤੇ ਰਾਹੀਂ ਬੀਬੀ ਮਾਨ ਦੀ ਮੌਤ 'ਤੇ ਦੁਖ ਜਾਹਰ ਕਰਦਿਆਂ ਮਾਨ ਪਰਿਵਾਰ ਨਾਲ ਹਮਦਰਦੀ ਦਾ ਪ੍ਰਗਟਾਵਾ ਕੀਤਾ।

ਇਕ ਹੋਰ ਮਤੇ ਰਾਹੀਂ ਫੋਰਮ ਨੇ ਪੰਜਾਬ ਦੇ ਉਘੇ ਸ਼ੋਸ਼ਲ ਵਰਕਰ, ਲੇਖਕ ਅਤੇ ਪਟਿਆਲਾ ਦੇ ਰਾਜਿੰਦਰਾ ਕਾਲਜ ਦੇ ਮੈਡੀਕਲ ਡਾਕਟਰ ਬੀਬੀ ਹਰਸ਼ਿੰਦਰ ਕੌਰ ਦੀ ਬਿਨਾ ਵਜ੍ਹਾ ਨੌਕਰੀ ਤੋਂ ਮੁਅੱਤਲੀ ਦੀ ਨਿੰਦਾ ਕੀਤੀ ਅਤੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਉਨ੍ਹਾਂ ਨੂੰ ਸਤਿਕਾਰ ਸਮੇਤ ਨੌਕਰੀ 'ਤੇ ਬਹਾਲ ਕੀਤਾ ਜਾਵੇ। ਯਾਦ ਰਹੇ, ਡਾ. ਹਰਸ਼ਿੰਦਰ ਕੌਰ ਪਿਛਲੇ ਲੰਬੇ ਸਮੇਂ ਤੋਂ ਪੰਜਾਬ ਦੇ ਸਮਾਜਕ ਮਸਲਿਆਂ ਪ੍ਰਤੀ ਲੋਕਾਂ ਨੂੰ ਜਾਗਰੂਕ ਕਰਨ ਅਤੇ ਗਰੀਬ ਪਰਿਵਾਰਾਂ ਦੀਆਂ ਬੇਟੀਆਂ ਦੀ ਪੜ੍ਹਾਈ ਲਈ ਉਘਾ ਯੋਗਦਾਨ ਪਾ ਰਹੇ ਹਨ। ਉਹ ਫੋਰਮ ਵਲੋਂ ਮਾਰਚ 2018 ਵਿਚ ਕਰਵਾਏ ਗਏ ਮੇਲੇ ਦੇ ਮੁਖ ਮਹਿਮਾਨ ਵੀ ਸਨ, ਜਿਥੇ ਲੋਕਾਂ ਨੇ ਉਨ੍ਹਾਂ ਨੂੰ ਬੜੇ ਉਤਸ਼ਾਹ ਨਾਲ ਸੁਣਿਆ।

## ਫਰਿਜ਼ਨੋ ਦੇ ਗੁਰਬਖਸ਼ ਸਿੰਘ ਸਿੱਧੂ ਨੇ ਚਮਕਾਇਆ ਭਾਈਚਾਰੇ ਦਾ ਨਾਂ

**ਫਰਿਜ਼ਨੋ (ਬਿਊਰੋ):** ਨਿਊ ਮੈਕਸੀਕੋ ਸਟੇਟ ਦੇ ਸ਼ਹਿਰ ਐਲਬਾਕਰਕੀ ਵਿਚ 16ਵੀਆਂ ਯੂ. ਐਸ. ਏ. ਨੈਸ਼ਨਲ ਸੀਨੀਅਰ ਖੇਡਾਂ ਹੋਈਆਂ, ਜਿਨ੍ਹਾਂ ਵਿਚ ਪੂਰੇ ਅਮਰੀਕਾ ਤੋਂ ਸੀਨੀਅਰ ਖਿਡਾਰੀ ਪਹੁੰਚੇ।




ਇਨ੍ਹਾਂ ਖੇਡਾਂ ਵਿਚ ਇਥੋਂ ਦੇ ਪੰਜਾਬੀ ਸੀਨੀਅਰ ਗੱਭਰੂ ਗੁਰਬਖਸ਼ ਸਿੰਘ ਸਿੱਧੂ ਨੇ ਵੀ ਹਿੱਸਾ ਲਿਆ ਤੇ 41.33 ਮੀਟਰ ਹੈਮਰ ਥਰੋ ਕਰਕੇ ਸਿਲਵਰ ਮੈਡਲ ਆਪਣੇ ਨਾਂ ਕੀਤਾ। ਗੁਰਬਖਸ਼ ਸਿੱਧੂ ਪਿਛਲੇ ਲੰਮੇ ਸਮੇਂ ਤੋਂ ਆਪਣੇ ਖਰਚੇ 'ਤੇ ਪੂਰੇ ਅਮਰੀਕਾ ਭਰ ਵਿਚ ਸੀਨੀਅਰ ਗੇਮਾਂ ਵਿਚ ਹਿੱਸਾ ਲੈ ਕੇ ਪੰਜਾਬੀ ਭਾਈਚਾਰੇ ਦਾ ਨਾਂ ਉਚਾ ਕਰ ਰਿਹਾ ਹੈ।

# ਝਿੱਕਾ ਆਰਟ ਪ੍ਰਮੋਸ਼ਨ ਵਲੋਂ ਫਾਦਰ'ਜ਼ ਡੇਅ ਸਮਾਗਮ 23 ਨੂੰ

**ਹੇਵਰਡ (ਬਿਊਰੋ):** ਝਿੱਕਾ ਆਰਟ ਪ੍ਰਮੋਸ਼ਨ ਦੇ ਮਨਜੀਤ ਝਿੱਕਾ ਅਤੇ ਸੋਨੀਆ ਝਿੱਕਾ ਵਲੋਂ ਪੰਜਾਬ ਲੋਕ ਰੰਗ, ਇੱਕੀ ਇੰਟਰਨੈਸ਼ਨਲ ਐਂਟਰਟੇਨਮੈਂਟ ਅਤੇ ਸੈਨ ਹੋਜ਼ੇ ਹੈਰੀਟੇਜ ਕਲੱਬ ਦੇ ਸਹਿਯੋਗ ਨਾਲ ਫਾਦਰ'ਜ਼ ਡੇਅ ਨੂੰ ਸਮਰਪਿਤ ਦੂਜਾ ਸੰਗੀਤ ਸਮਾਗਮ ਇੱਥੇ ਰਾਜਾ ਸਵੀਟਸ, ਵਿਨਟਨ ਐਵਨਿਊ ਵਿਖੇ 23 ਜੂਨ, ਐਤਵਾਰ ਨੂੰ ਸ਼ਾਮ 3 ਵਜੇ ਤੋਂ ਦੇਰ ਸ਼ਾਮ ਤੱਕ ਕਰਵਾਇਆ ਜਾ ਰਿਹਾ ਹੈ।


ਸੋਨੀਆ ਝਿੱਕਾ ਅਤੇ ਮਨਜੀਤ ਝਿੱਕਾ ਨੇ ਦੱਸਿਆ ਕਿ ਮਾਂ ਦੀ ਮਮਤਾ ਅਤੇ ਸਮਾਜ ਦੀ ਸਿਰਜਣਹਾਰ ਮਾਂ ਦੀ ਯਾਦ ਵਿਚ ਜਿੱਥੇ ਵੱਡੇ ਸਮਾਗਮ ਕਰਵਾਏ ਜਾਂਦੇ ਹਨ, ਉਥੇ ਫਾਦਰ'ਜ਼ ਡੇਅ 'ਤੇ ਬਾਪੂ ਦੀ ਯਾਦ ਵਿਚ ਵੀ ਸਮਾਰੋਹ ਕਰਵਾਉਣ ਦੀ ਲੜੀ ਪੰਜਾਬੀ ਭਾਈਚਾਰੇ ਵਿਚ ਪਿਛਲੇ ਸਾਲ ਤੋਂ ਸ਼ੁਰੂ ਕੀਤੀ ਗਈ ਹੈ। ਕਿਉਂਕਿ ਮਾਂ ਘਰ ਚਲਾਉਂਦੀ ਹੈ ਅਤੇ ਬਾਪ ਪਰਿਵਾਰ, ਜ਼ਿੰਦਗੀ ਦੇ ਦੋਵੇਂ ਵੱਡੇ ਪਹੀਏ ਪੂਜਣਯੋਗ ਹਨ।

ਸਮਾਗਮ ਵਿਚ ਜਿੱਥੇ ਪਿਤਾ ਦਾ ਫਰਜ਼ ਨਿਭਾਉਣ ਵਾਲੀਆਂ ਅਹਿਮ ਸ਼ਖਸੀਅਤਾਂ ਨੂੰ ਉਮਰ ਦੇ ਤਜ਼ਰਬੇ ਸਾਂਝੇ ਕਰਨ ਦਾ ਮੌਕਾ ਦਿੱਤਾ ਜਾਵੇਗਾ, ਉਥੇ ਉਨ੍ਹਾਂ ਦਾ ਸਨਮਾਨ ਵੀ ਕੀਤਾ ਜਾਵੇਗਾ।

ਅਜੇ ਭੰਗੜਾ ਅਕੈਡਮੀ ਵਲੋਂ ਗਿੱਧਾ ਅਤੇ ਭੰਗੜਾ ਦੀ ਪੇਸ਼ਕਾਰੀ ਹੋਵੇਗੀ। ਗਾਇਕ ਜੋੜੀ ਦੀਪ ਢਿੱਲੋਂ ਅਤੇ ਜੈਸਮੀਨ ਜੱਸੀ ਮਹਿਮਾਨ ਕਲਾਕਾਰ ਵਜੋਂ ਇਸ ਸੰਗੀਤਕ ਸ਼ਾਮ ਨੂੰ ਹੋਰ ਵੀ ਰੰਗੀਨ ਬਣਾਉਣਗੇ। ਮੰਚ ਸੰਚਾਲਨ ਸ਼ਕਤੀ ਮਾਣਕ ਕਰੇਗੀ।

ਇੱਥੇ ਰਾਜਾ ਸਵੀਟਸ ਵਿਚ ਹੋਈ ਇਕ ਅਹਿਮ ਮੀਟਿੰਗ ਵਿਚ ਹਾਜ਼ਰ ਸਖਸ਼ੀਅਤਾਂ ਝਿੱਕਾ ਆਰਟ ਪ੍ਰਮੋਸ਼ਨ ਦੇ ਸੰਚਾਲਕ ਮਨਜੀਤ ਝਿੱਕਾ ਅਤੇ ਸੋਨੀਆ ਝਿੱਕਾ, ਭੂਆ ਗੁਰਮੀਤ ਕੌਰ ਛੀਨਾ, ਸ਼ਕਤੀ ਮਾਣਕ, ਕਸ਼ਮੀਰ ਕੌਰ ਭੌਰਾ, ਜਸਪ੍ਰੀਤ ਬਾਗਲਾ, ਜਸਵਿੰਦਰ ਕੌਰ, ਬਲਜਿੰਦਰ ਸਿੰਘ ਪੱਟੀ, ਮਨਜੀਤ ਕੌਰ ਪੱਟੀ, ਪਰਮਿੰਦਰ ਲਾਡੀ, ਜਸਵਿੰਦਰ ਸੱਗੀ ਹਾਜ਼ਰ ਸਨ। ਇਹ ਫੈਸਲਾ ਲਿਆ ਗਿਆ ਕਿ ਅਗਲੇ ਸਾਲ ਤੋਂ ਫਾਦਰ'ਜ਼ ਡੇਅ ਨੂੰ ਹੋਰ ਵੀ ਵੱਡੇ ਪੱਧਰ 'ਤੇ ਮਨਾਇਆ ਜਾਵੇਗਾ।

Homeopathicvibes
Harminder Singh Gill
Homeopathic Consultant and Practitioner



D.H.M.S; B.C.I.H
(Ex Homeopathic Medical officer Punjab Govt.)
Now we have two locations:
940 E. El Camino Real, Sunnyvale, CA 94087
www.homeopathicvibes.com
Ph: (408) 737-7100
Fax: (408)737-7102
39210 State St., Suite 111, Fremont, CA 94538
We sell and ship homeopathic remedies through out North America.

US Business Brokers Inc.
American Financing Group LLC
101 W 22nd St, Suite 111, Lombard, IL 60148
23280 Pacific Highway South, Suite 307, Kent, WA 98032

ਬਿਜਨਸ ਵੇਚਣ ਤੇ ਖਰੀਦਣ ਅਤੇ ਫਾਇਨਾਂਸ ਕਰਵਾਉਣ ਲਈ ਸੰਪਰਕ ਕਰੋ




Financing - Loans
- We do all kinds of SBA & Conventional loans.
- We are specialized in Gas Stations, Liquor Stores, Hotels, Convenience Stores, Motels, Apartment Buildings, Strip Plazas, Commercial Buildings, Food Franchise.
- Purchase/Refinance
- Lowest Rates (With or Without Real Estate)
- Best Possible Mortgage Solutions For You...

AMERICAN AFG FINANCING GROUP LLC

Contact us Buy or Sell business
AJ Sandhu (MBA)
Managing Broker/Realtor/Consultant
Licensed in IL, IN, WA
916-995-0783 (Cell)
425-529-6283 (Cell)
630-206-2467 (Fax)
www.ubbchicago.com aj@ubbchicago.com

Contact us for any Financing Need Nationwide.
• FAST APPROVAL • QUICK CLOSINGS • SBA 504 & 7A
• CONVENTIONAL LOANS • HOTELS, MOTELS
• GAS STATIONS, TRUCK STOPS • INDUSTRIAL CLIENT
• SUBWAY, DUNKIN DONUTS
• LIQUOR STORES, C-STORES, CAR WASH

# ਪੰਜਾਬੀ ਚਿੰਤਨ ਦੀ ਹਕੀਕਤ

***ਪੰਜਾਬ ਦਾ ਹਰ ਖੇਤਰ ਅੱਜ ਖੜੋਤ ਦੀ ਖਾਈ ਵੱਲ ਖਿਸਕ ਰਿਹਾ ਹੈ। ਇਸ ਖੜੋਤ ਨੂੰ ਤੋੜਨ ਲਈ ਭਵਿਖਮੁਖੀ ਪਹੁੰਚ ਪਹਿਲੀ ਸ਼ਰਤ ਹੁੰਦੀ ਹੈ, ਪਰ ਅਸੀਂ ਅੱਜ ਦੀਆਂ ਸਮੱਸਿਆਵਾਂ ਦਾ ਹੱਲ ਬੀਤੇ ਸਮੇਂ ਵਿਚੋਂ ਲੱਭ ਰਹੇ ਹਾਂ। ਰਾਜਪਾਲ ਸਿੰਘ ਨੇ ਆਪਣੇ ਇਸ ਲੇਖ ਵਿਚ ਕੁਝ ਅਜਿਹੇ ਨੁਕਤੇ ਉਭਾਰੇ ਹਨ, ਜਿਨ੍ਹਾਂ ਨੂੰ ਸਰ ਕੀਤੇ ਬਿਨਾ ਅਗਲਾ ਕਦਮ ਜੇ ਅਸੰਭਵ ਨਹੀਂ ਤਾਂ ਔਖਾ ਜ਼ਰੂਰ ਜਾਪਦਾ ਹੈ। -ਸੰਪਾਦਕ***

ਵਕਤ ਦੇ ਨਾਲ-ਨਾਲ ਹਰ ਸਮਾਜ ਕਈ ਤਰ੍ਹਾਂ ਦੇ ਦੌਰਾਂ 'ਚੋਂ ਲੰਘਦਾ ਹੈ। ਇਕ ਦੌਰ ਲਹਿਰਾਂ ਦਾ ਹੁੰਦਾ ਹੈ, ਜਦ ਜਨਸਮੂਹ ਤੇ ਉਨ੍ਹਾਂ 'ਚੋਂ ਪੈਦਾ ਹੋਏ ਆਗੂਆਂ ਨੂੰ ਨਿਸ਼ਾਨਾ ਦਿਸਦਾ ਹੁੰਦਾ ਹੈ ਤੇ ਜਾਪਦਾ ਹੁੰਦਾ ਹੈ ਕਿ ਜੇ ਅਸੀਂ ਉਹ ਨਿਸ਼ਾਨਾ ਹਾਸਲ ਕਰ ਲਈਏ ਤਾਂ ਸਭ ਮੁਸ਼ਕਿਲਾਂ ਦੂਰ ਹੋ ਜਾਣਗੀਆਂ, ਸਮਾਜ ਸਹੀ ਰਸਤੇ 'ਤੇ ਚੱਲ ਪਵੇਗਾ। ਇਹ ਨਿਸ਼ਾਨਾ ਚੱਲ ਰਹੇ ਪ੍ਰਬੰਧ ਵਿਚ ਕਿਸੇ ਸੁਧਾਰ ਤੋਂ ਲੈ ਕੇ ਸਿਆਸੀ ਆਜ਼ਾਦੀ, ਕਿਸੇ ਤਾਨਾਸ਼ਾਹ ਹਾਕਮ ਦੇ ਜ਼ੁਲਮ ਤੋਂ ਛੁਟਕਾਰਾ ਜਾਂ ਕਿਸੇ ਸਥਾਪਿਤ ਪ੍ਰਬੰਧ ਨੂੰ ਪੂਰੀ ਤਰ੍ਹਾਂ ਬਦਲ ਕੇ ਨਵਾਂ ਪ੍ਰਬੰਧ ਸਥਾਪਿਤ ਕਰਨ ਤੀਕ ਹੋ ਸਕਦਾ ਹੈ।



**ਰਾਜਪਾਲ ਸਿੰਘ**
ਫੋਨ: 91-98767-10809

ਇਸ ਦੌਰ 'ਚ ਨਿਸ਼ਾਨਾ ਸਪਸ਼ਟ ਹੁੰਦਾ ਹੈ; ਇਸ ਨੂੰ ਹਾਸਲ ਕਰਨ ਵਾਲੇ ਰਾਹ ਬਾਰੇ ਵਾਦ-ਵਿਵਾਦ ਚਲਦੇ ਹਨ, ਪਰ ਵੱਡੇ ਸਿਧਾਂਤਕ ਮੱਤਭੇਦ ਨਹੀਂ ਹੁੰਦੇ; ਜੋ ਮੱਤਭੇਦ ਹੁੰਦੇ ਵੀ ਹਨ, ਉਹ ਲਹਿਰ ਦੇ ਉਤਸ਼ਾਹ ਕਾਰਨ ਦਬ ਜਾਂਦੇ ਹਨ। ਵੱਖ ਵੱਖ ਦੇਸ਼ਾਂ 'ਚ ਆਜ਼ਾਦੀ, ਸਮਾਜਵਾਦ ਤੇ ਧਾਰਮਿਕ ਰਾਜ ਸਥਾਪਿਤ ਕਰਨ ਲਈ ਲਹਿਰਾਂ ਆਦਿ ਇਸ ਦੀਆਂ ਮਿਸਾਲਾਂ ਹਨ।

ਸਮਾਜ ਕੁਝ ਸਮਾਂ ਉਸ ਲਹਿਰ ਦੇ ਆਸ਼ਿਆਂ ਨੂੰ ਹਾਸਲ ਕਰਨ ਲਈ ਨਿੱਠ ਕੇ ਕੰਮ ਕਰਦਾ ਹੈ। ਇਸ ਦੌਰ ਦੀਆਂ ਨਿਸ਼ਾਨੀਆਂ ਭਾਰਤ ਵਿਚ ਆਜ਼ਾਦੀ ਪਿਛੋਂ ਦੇ ਕੁਝ ਸਾਲਾਂ ਦੌਰਾਨ ਜਾਂ ਸਮਾਜਵਾਦੀ ਇਨਕਲਾਬ ਲਿਆਉਣ ਵਾਲੇ ਦੇਸ਼ਾਂ ਦੇ ਮੁਢਲੇ ਦੌਰ 'ਚ ਦੇਖੀਆਂ ਜਾ ਸਕਦੀਆਂ ਹਨ। ਨਵੇਂ ਜੋਸ਼ ਨਾਲ ਨਿਸ਼ਾਨਿਆਂ 'ਚੋਂ ਕੁਝ ਹਾਸਲ ਕਰ ਲਿਆ ਜਾਂਦਾ ਹੈ ਪਰ ਚਿਤਵਿਆ ਸਾਰਾ ਕੁਝ ਹਾਸਲ ਨਹੀਂ ਹੁੰਦਾ, ਕਿਉਂਕਿ ਸਮੇਂ ਨਾਲ ਹਾਲਾਤ ਬਦਲ ਜਾਂਦੇ ਹਨ, ਨਵੀਆਂ ਸਮੱਸਿਆਵਾਂ ਖੜ੍ਹੀਆਂ ਹੋ ਜਾਂਦੀਆਂ ਹਨ, ਸਮਾਜ ਵਿਚ ਨਵੀਂ ਪੀੜ੍ਹੀ ਅੱਗੇ ਆ ਜਾਂਦੀ ਹੈ ਜਿਸ ਵਿਚ ਪਹਿਲੀ ਲਹਿਰ ਪ੍ਰਤੀ ਉਹ ਭਾਵਨਾਤਮਿਕ ਲਗਾਓ ਨਹੀਂ ਹੁੰਦਾ। ਹੌਲੀ-ਹੌਲੀ ਸਮਾਜ ਵਿਚ ਆਈ ਖੜੋਤ ਨੂੰ ਤੋੜਨ ਲਈ ਸਮਾਜ 'ਚ ਚਿੰਤਨ/ਮੰਥਨ ਦਾ ਦੌਰ ਚਲਦਾ ਹੈ।

ਪੰਜਾਬ ਅੱਜ ਕੱਲ੍ਹ ਇਸੇ ਚਿੰਤਨ/ਮੰਥਨ ਦੇ ਦੌਰ ਵਿਚੋਂ ਗੁਜ਼ਰ ਰਿਹਾ ਹੈ। ਇਹ ਹੁਣ ਤਕ ਆਜ਼ਾਦੀ, ਸਮਾਜਵਾਦੀ, ਧਾਰਮਿਕ ਤੇ ਸੁਧਾਰਕ, ਹਰ ਤਰ੍ਹਾਂ ਦੀਆਂ ਲਹਿਰਾਂ ਦੇ ਦੌਰ 'ਚੋਂ ਲੰਘ ਚੁਕਾ ਹੈ। ਸਆਸੀ ਖੇਤਰ 'ਚ ਪਾਰਟੀਆਂ ਬਣ ਤੇ ਟੁੱਟ ਰਹੀਆਂ ਹਨ, ਲੇਖ ਅਤੇ ਕਿਤਾਬਾਂ ਲਿਖੀਆਂ/ਪੜ੍ਹੀਆਂ ਜਾ ਰਹੀਆਂ ਹਨ। ਸੋਸ਼ਲ ਮੀਡੀਆ 'ਤੇ ਬਹਿਸਾਂ ਹੋ ਰਹੀਆਂ ਹਨ। ਹਰ ਵਿਚਾਰ ਅਤੇ ਹਰ ਵਰਤਾਰੇ ਨੂੰ ਪੜਚੋਲਵੀਂ ਨਿਗ੍ਹਾ ਨਾਲ ਦੇਖਿਆ ਪਰਖਿਆ ਜਾ ਰਿਹਾ ਹੈ, ਪਰ ਕੋਈ ਸਪਸ਼ਟ ਸੇਧ ਜਾਂ ਅਜਿਹੇ ਸਾਰਥਿਕ ਸਿੱਟੇ ਨਿਕਲ ਕੇ ਸਾਹਮਣੇ ਨਹੀਂ ਆ ਰਹੇ।

ਸਵਾਲ ਹੈ ਕਿ ਮੌਜੂਦਾ ਦੌਰ ਦਾ ਚਿੰਤਨ ਸਮਾਜ ਨੂੰ ਕੋਈ ਸੇਧ ਦੇਣ ਜਾਂ ਨਵੇਂ ਸਮਿਆਂ ਦੀਆਂ ਸਮੱਸਿਆਵਾਂ ਦੇ ਹੱਲ ਪੇਸ਼ ਕਰਨ ਵਿਚ ਸਫਲ ਕਿਉਂ ਨਹੀਂ ਹੋ ਰਿਹਾ? ਚੱਲ ਰਹੇ ਚਿੰਤਨ/ਮੰਥਨ ਦੇ ਅਮਲ 'ਤੇ ਝਾਤੀ ਮਾਰਦਿਆਂ ਇਸ ਵਿਚ ਕੁਝ ਅਜਿਹੇ ਰੁਝਾਨ ਦਿਸਦੇ ਹਨ ਜਿਨ੍ਹਾਂ ਕਰਕੇ ਇਹ ਸਮਾਜ ਨੂੰ ਕੋਈ ਸਾਰਥਿਕ ਸੂਝ ਅਤੇ ਅਗਵਾਈ ਦੇਣ ਦੇ ਸਮਰੱਥ ਨਹੀਂ ਹੋ ਰਿਹਾ।


ਪਹਿਲੀ ਗੱਲ ਤਾਂ ਪੰਜਾਬੀ ਚਿੰਤਨ ਭਵਿਖ-ਮੁਖੀ ਹੋਣ ਦੀ ਥਾਂ ਭੂਤ-ਮੁਖੀ ਹੈ। ਮੌਜੂਦਾ ਸਮੱਸਿਆਵਾਂ ਦੇ ਹੱਲ ਬੀਤੇ ਸਮੇਂ 'ਚੋਂ ਲੱਭੇ ਜਾ ਰਹੇ ਹਨ। ਅਸੀਂ ਬੀਤੇ ਸਮਿਆਂ ਦੇ ਵੱਖਰੇ ਜੀਵਨ ਹਾਲਾਤ ਵਿਚ ਪੈਦਾ ਹੋਏ ਵਿਚਾਰਾਂ ਨੂੰ ਆਧੁਨਿਕ ਜੀਵਨ ਲਈ ਰਾਹ ਦਸੇਰਾ ਮੰਨ ਰਹੇ ਹਾਂ।

ਧਰਮ ਤੋਂ ਅਗਵਾਈ ਲੈਣ ਵਾਲਿਆਂ ਨੇ ਤਾਂ ਮੋਢੀਆਂ ਦੇ ਸੈਂਕੜੇ ਸਾਲ ਪਹਿਲਾਂ ਕਹੇ ਬਚਨਾਂ ਨੂੰ ਸਦੀਵੀ ਸੱਚ ਮੰਨਣਾ ਹੀ ਹੋਇਆ, ਇਸ ਕੰਮ ਵਿਚ ਅਗਾਂਹਵਧੂ ਕਹਾਉਣ ਵਾਲੇ ਵੀ ਪਿਛਾਂਹ ਵੱਲ ਹੀ ਦੇਖ ਰਹੇ ਹਨ। ਉਹ ਸਮਾਜ ਨੂੰ ਬਦਲਣ ਲਈ ਕਦੇ ਬਿਲਕੁਲ ਵੱਖਰੇ ਸਮਾਜ 'ਚ ਸੌ ਸਾਲ ਪਹਿਲਾਂ ਅਪਣਨਾਈਆਂ ਜੁਗਤਾਂ ਨੂੰ ਅੱਜ ਵਰਤਣਾ ਚਾਹੁੰਦੇ ਹਨ ਤੇ ਕਦੇ ਕਿਸੇ ਹੋਰ ਮੁਲਕ ਵਿਚ 70 ਸਾਲ ਪਹਿਲਾਂ ਵਾਪਰੇ ਦੀ ਨਕਲ ਕਰਨਾ ਚਾਹੁੰਦੇ ਹਨ। ਜਿੰਨੀ ਤੇਜ਼ੀ ਨਾਲ ਦੁਨੀਆਂ ਬਦਲ ਰਹੀ ਹੈ, ਸਮਝਣ ਲਈ 20 ਸਾਲ ਪਹਿਲਾਂ ਘੜੀਆਂ ਜੁਗਤਾਂ ਵੀ ਕੰਮ ਨਹੀਂ ਆਉਣੀਆਂ, ਸੌ-ਡੇਢ ਸੌ ਸਾਲ ਪਹਿਲਾਂ ਤਾਂ ਹਾਲਾਤ ਬਿਲਕੁਲ ਹੀ ਹੋਰ ਸਨ।

ਇਉਂ ਅੱਜ ਦੇ ਬਹੁਤੇ ਲੇਖਕ ਸੌ ਸਾਲ ਪੁਰਾਣੇ ਪੰਜਾਬ ਨੂੰ ਆਵਾਜ਼ਾਂ ਮਾਰ ਰਹੇ ਹਨ ਪਰ ਉਹ ਭੁੱਲ ਜਾਂਦੇ ਹਨ ਕਿ ਸੌ ਸਾਲ ਪਹਿਲਾਂ ਵੀ ਪ੍ਰੋ. ਪੂਰਨ ਸਿੰਘ ਉਸ ਤੋਂ ਪੁਰਾਣੇ ਪੰਜਾਬ ਨੂੰ ਆਵਾਜ਼ਾਂ ਮਾਰ ਰਿਹਾ ਸੀ (ਪੰਜਾਬ ਨੂੰ ਕੂਕਾਂ ਮੈਂ)। ਉਸ ਤੋਂ ਪਹਿਲਾਂ ਬੁੱਲ੍ਹੇ ਸ਼ਾਹ ਵੀ ਆਪਣੇ ਸਮੇਂ ਬਾਰੇ ਕਹਿੰਦਾ ਸੀ ਕਿ ਉਲਟੇ ਹੋਰ ਜ਼ਮਾਨੇ ਆਏ।

ਸ਼ਾਇਦ ਇਸ ਸੋਚ ਦੀਆਂ ਜੜ੍ਹਾਂ ਪੁਰਾਤਨ ਭਾਰਤੀ ਧਾਰਮਿਕ ਚਿੰਤਨ ਵਿਚ ਪਈਆਂ ਹਨ ਜੋ ਮੰਨਦਾ ਹੈ ਕਿ ਪਹਿਲਾਂ ਸਤਯੁਗ ਸੀ, ਉਸ ਤੋਂ ਬਾਅਦ ਤ੍ਰੇਤਾ, ਫਿਰ ਦੁਆਪਰ ਅਤੇ ਹੁਣ ਕਲਯੁੱਗ ਹੈ ਤੇ ਇਨ੍ਹਾਂ 'ਚੋਂ ਬਾਅਦ ਵਾਲਾ ਹਰ ਯੁੱਗ ਪਹਿਲੇ ਨਾਲੋਂ ਮਾੜਾ ਹੀ ਆਇਆ; ਭਾਵ ਮਨੁੱਖੀ ਸਮਾਜ ਵਿਕਾਸ ਦੀ ਥਾਂ ਵਿਨਾਸ਼ ਵੱਲ ਜਾ ਰਿਹਾ ਹੈ।

ਇੰਜ ਇਹ ਭੂਤ-ਮੁਖੀ ਪਹੁੰਚ ਕੁਝ ਨਵਾਂ ਸੋਚਣ ਤੇ ਨਵੇਂ ਵਿਚਾਰਾਂ ਨੂੰ ਅਪਨਾਉਣ ਤੋਂ ਇਨਕਾਰੀ ਹੋਈ ਰਹਿੰਦੀ ਹੈ। ਅਸਲ 'ਚ ਕੋਈ ਵੀ ਸਮਾਂ ਸਮੱਸਿਆਵਾਂ ਤੋਂ ਮੁਕਤ ਨਹੀਂ ਹੁੰਦਾ। ਜੋ ਪਹਿਲੇ ਸਮਿਆਂ ਵਿਚ ਦੁੱਖ ਤਕਲੀਫਾਂ ਸਨ,




***ਫਰਾਂਸੀਸੀ ਬੁੱਤਸਾਜ਼ ਅਗਸਤ ਰੋਦਿਨ ਦਾ ਬਣਾਇਆ ਬੁੱਤ 'ਚਿੰਤਕ'।***

ਉਹ ਅੱਜ ਨਹੀਂ ਹਨ ਤੇ ਜੋ ਅੱਜ ਹਨ, ਉਹ ਭਵਿਖ ਵਿਚ ਨਹੀਂ ਹੋਣਗੀਆਂ, ਕਿਉਂਕਿ ਮਨੁੱਖ ਆਖ਼ਰ ਹਰ ਸਮੱਸਿਆ ਦਾ ਹੱਲ ਲੱਭ ਹੀ ਲੈਂਦਾ ਹੈ।

ਪੰਜਾਬੀ ਚਿੰਤਕਾਂ/ਲੇਖਕਾਂ ਵਿਚੋਂ ਗੁਰਬਖਸ਼ ਸਿੰਘ ਪ੍ਰੀਤਲੜੀ ਇਸ ਆਮ ਰੁਝਾਨ ਦੇ ਉਲਟ ਅਜਿਹਾ ਚਿੰਤਕ ਸੀ ਜਿਸ ਨੇ ਭਵਿਖਮੁਖੀ ਸੁਪਨੇ ਲਏ। ਉਹ ਅਜਿਹਾ ਲੇਖਕ ਸੀ ਜੋ ਪਹਿਲਾਂ ਵਰਣਨ ਕੀਤੀ ਆਮ ਪ੍ਰਚਲਿਤ ਧਾਰਨਾ ਦੇ ਉਲਟ ਦੁਨੀਆ ਨੂੰ ਬਿਹਤਰ ਹੋ ਰਹੀ ਤਸੱਵਰ ਕਰਦਾ ਸੀ। ਇਸੇ ਕਰਕੇ ਉਹ ਇਕ ਥਾਂ ਲਿਖਦਾ ਹੈ, "ਉਸ ਦੀਆਂ ਅੱਖਾਂ ਹੀ ਤੋੜ ਉਮਰ ਤੀਕ ਕੰਮ ਕਰਨਗੀਆਂ ਜੋ ਦੁਨੀਆਂ ਨੂੰ ਸੁਹਣੀ ਤੋਂ ਸੁਹਣੇਰੀ ਹੁੰਦੀ ਤਕਦਾ ਹੈ।"

ਮੌਜੂਦਾ ਚਿੰਤਨ ਦਾ ਦੂਸਰਾ ਮਸਲਾ ਆਪਣੇ ਵਿਚਾਰਾਂ ਨੂੰ ਅੰਤਿਮ ਸੱਚ ਮੰਨਣ ਦਾ ਹੈ। ਇਕ ਦੂਜੇ ਨਾਲ ਸੰਵਾਦ ਕਰਕੇ ਸਿੱਖਣ ਸਿਖਾਉਣ ਦੀ ਬਜਾਏ ਦੂਜੇ ਨੂੰ ਗ਼ਲਤ ਸਿੱਧ ਕਰਕੇ ਆਪਣਾ ਲੋਹਾ ਮੰਨਵਾਉਣ ਦਾ ਰੁਝਾਨ ਭਾਰੂ ਰਹਿੰਦਾ ਹੈ। ਇਸ ਦੀਆਂ ਜੜ੍ਹਾਂ ਵੀ ਧਾਰਮਿਕ ਸੋਚ ਦੀ ਜਕੜ ਵਿਚ ਪਈਆਂ ਹਨ। ਕਦੇ ਧਾਰਮਿਕ ਲੋਕ ਸ਼ਾਸਤਾਰਥ ਕਰਦੇ ਸਨ, ਉਥੇ ਕਿਸੇ ਸਚਾਈ 'ਤੇ ਪਹੁੰਚਣ ਦੀ ਬਜਾਏ ਦੂਜੇ ਨੂੰ ਬਹਿਸ ਵਿਚ ਹਰਾਉਣਾ ਮੁੱਖ ਮੰਤਵ ਹੁੰਦਾ ਸੀ।

ਕਿਸੇ ਵੀ ਸਾਰਥਿਕ ਬਹਿਸ ਵਿਚਾਰ ਲਈ ਇਹ ਜ਼ਰੂਰੀ ਹੁੰਦਾ ਹੈ ਕਿ ਵਿਚਾਰ ਕਰਤਾ ਇਹ ਮੰਨ ਕੇ ਚੱਲਣ ਕਿ ਸੰਪੂਰਨ ਸੱਚਾਈ ਕਿਸੇ ਕੋਲ ਨਹੀਂ ਹੁੰਦੀ; ਹਰ ਸ਼ਖਸ ਕੋਲ ਸੱਚਾਈ ਦਾ ਇਕ ਟੋਟਾ ਹੁੰਦਾ ਹੈ ਤੇ ਦੂਜਿਆਂ ਕੋਲ ਹੋਰ ਟੋਟੇ ਹੋ ਸਕਦੇ ਹਨ। ਸੰਵਾਦ ਦਾ ਮਕਸਦ ਇਹ ਸਾਰੇ ਟੁਕੜੇ ਇਕੱਠੇ ਕਰ ਕੇ ਪੂਰਨ ਸੱਚਾਈ ਦੇ ਵੱਧ ਤੋਂ ਵੱਧ ਨੇੜੇ ਪਹੁੰਚਣਾ ਹੁੰਦਾ ਹੈ ਪਰ ਜਦ ਆਪਣੇ ਅਧੂਰੇ ਸੱਚ ਨੂੰ ਸੰਪੂਰਨ ਮੰਨ ਕੇ ਬਹਿਸ ਕੀਤੀ ਜਾਂਦੀ ਹੈ ਤਾਂ ਉਹ ਮਸਲਿਆਂ ਦੇ ਹੱਲ ਵੱਲ ਵਧਣ ਦੀ ਥਾਂ ਬਹਿਸ ਕਰਨ ਦੀ ਕਲਾ ਦਾ ਪ੍ਰਗਟਾਵਾ ਮਾਤਰ ਰਹਿ ਜਾਂਦਾ ਹੈ। ਸਾਡੇ ਬਹੁਤ ਸਾਰੇ ਵਿਦਵਾਨ ਇਸ ਕਲਾ ਦੇ ਤਾਂ ਬਹੁਤ ਮਾਹਿਰ ਹਨ ਜਿਸ ਨਾਲ ਉਹ ਆਪਣੀ ਗੱਲ ਜਚਾ ਜਾਂਦੇ ਹਨ ਪਰ ਉਹ ਪਾਠਕ/ਸਰੋਤੇ ਦੀ ਸਮਝ ਵਿਚ ਕੋਈ ਵਾਧਾ ਨਹੀਂ ਕਰਦੇ। ਇਸੇ ਕਰਕੇ ਉਨ੍ਹਾਂ ਦੇ ਵਿਚਾਰਾਂ ਦਾ ਅਸਰ ਸਥਾਈ ਨਹੀਂ ਹੁੰਦਾ।

ਤੀਜਾ ਨੁਕਤਾ ਵਿਦਵਾਨਾਂ ਅਤੇ ਆਮ ਲੋਕਾਂ ਵਿਚਕਾਰ ਵੱਡਾ ਪਾੜਾ ਹੋਣਾ ਹੈ। ਆਮ ਲੋਕਾਂ ਦੇ ਵਿਚਾਰ ਆਪਣੇ ਜੀਵਨ ਤਜਰਬੇ ਵਿਚੋਂ ਬਣਦੇ ਹਨ ਜਦੋਂਕਿ ਵਿਦਵਾਨਾਂ ਦੇ ਵਿਚਾਰ ਉਨ੍ਹਾਂ ਵਲੋਂ ਪੜ੍ਹੀਆਂ ਕਿਤਾਬਾਂ ਵਿਚੋਂ ਬਣੇ ਹੁੰਦੇ ਹਨ। ਦੋਵਾਂ ਦਾ ਆਪੋ ਆਪਣਾ ਮਹੱਤਵ ਹੈ ਪਰ ਜੇ ਦੋਵਾਂ ਦਾ ਆਪਸੀ ਤਾਲਮੇਲ ਨਹੀਂ ਹੁੰਦਾ ਤਾਂ ਇਹ ਸਮਾਜ ਦੇ ਵਿਕਾਸ ਵਿਚ ਕੋਈ ਚੰਗੀ ਭੂਮਿਕਾ ਨਹੀਂ ਨਿਭਾ ਸਕਦੇ। ਜੇ ਭਾਰਤ ਵਿਚ ਵਿਗਿਆਨ ਦਾ ਵਿਕਾਸ ਨਹੀਂ ਹੋਇਆ ਤਾਂ ਇਸ ਪਿੱਛੇ ਵੀ ਇਹ ਤੀਜਾ ਨੁਕਤਾ ਹੀ ਕਾਰਜਸ਼ੀਲ ਸੀ।

ਭਾਰਤ ਵਿਚ ਜਾਤਪਾਤੀ ਪ੍ਰਬੰਧ ਹੋਣ ਕਰਕੇ ਜੋ ਲੋਕ ਕਿੱਤੇ ਵਾਲੇ ਅਮਲ ਵਿਚ ਪਏ ਹੋਏ ਸਨ, ਜਿਵੇਂ ਕਿਸਾਨ, ਲੁਹਾਰ, ਤਰਖਾਣ, ਚਮਾਰ, ਠਠਿਆਰ ਆਦਿ ਉਨ੍ਹਾਂ ਦੀ ਪਹੁੰਚ ਕਿਤਾਬੀ ਗਿਆਨ ਤਕ ਨਹੀਂ ਸੀ ਅਤੇ ਜਿਹੜੇ ਲੋਕ ਗ੍ਰੰਥ ਪੜ੍ਹਦੇ ਸਨ, ਬੌਧਿਕ ਸੋਚ ਵਿਚਾਰ ਕਰਦੇ ਸਨ, ਉਹ ਬ੍ਰਾਹਮਣ ਲੋਕ ਪੈਦਾਵਾਰ ਦੇ ਅਮਲ ਤੋਂ ਟੁੱਟੇ ਹੋਏ ਸਨ। ਇਸ ਕਰਕੇ ਬ੍ਰਾਹਮਣ ਵਰਗ ਲੋਕਾਂ ਦੇ ਜੀਵਨ ਦੀਆਂ ਅਸਲ ਸਮੱਸਿਆਵਾਂ ਨੂੰ ਸੰਬੋਧਿਤ ਨਾ ਹੋ ਕੇ ਬ੍ਰਹਮ ਅਤੇ ਆਤਮਾ ਆਦਿ ਬਾਰੇ ਸ਼ਬਦ ਜਾਲ ਘੜਨ ਵਿਚ ਲੱਗਾ ਰਿਹਾ ਅਤੇ ਕਿਰਤੀ ਵਰਗ ਆਪਣੀ ਕਿਰਤ ਦੇ ਤਜਰਬਿਆਂ ਵਿਚੋਂ ਸਿਧਾਂਤ ਨਾ ਘੜ ਸਕਿਆ ਅਤੇ ਨਾ ਹੀ ਆਪਣੇ ਅਮਲੀ ਗਿਆਨ ਨੂੰ ਲਿਖਤੀ ਰੂਪ ਦੇ ਕੇ ਦੂਰ ਨੇੜੇ ਦੇ ਹੋਰ ਲੋਕਾਂ ਨਾਲ ਸਾਂਝਾ ਕਰ ਸਕਿਆ। ਵਿਗਿਆਨ ਇਨ੍ਹਾਂ ਦੋਵਾਂ ਦੇ ਜੋੜਮੇਲ ਵਿਚੋਂ ਹੀ ਵਿਕਸਤ ਹੁੰਦਾ ਹੈ, ਜਿਵੇਂ ਪੱਛਮੀ ਦੇਸ਼ਾਂ ਵਿਚ ਹੋਇਆ।

ਇਹ ਪਾੜਾ ਅੱਜ ਵੀ ਇੰਨਾ ਹੀ ਤਿੱਖਾ ਹੈ, ਭਾਵੇਂ ਇਸ ਦਾ ਰੂਪ ਬਦਲ ਗਿਆ ਹੈ। ਵੱਖ-ਵੱਖ ਖੇਤਰਾਂ 'ਚੋਂ ਅਨੇਕਾਂ ਮਿਸਾਲਾਂ ਲਈਆਂ ਜਾ ਸਕਦੀਆਂ ਹਨ। ਕਾਲਜਾਂ, ਯੂਨੀਵਰਸਿਟੀਆਂ ਦੀ ਪੜ੍ਹਾਈ ਜ਼ਿੰਦਗੀ ਤੇ ਸਮਾਜ ਦੀਆਂ ਸਮੱਸਿਆਵਾਂ ਨੂੰ ਸਮਝਣ ਤੇ ਹੱਲ ਕਰਨ ਦੇ ਯੋਗ ਨਹੀਂ ਕਰ ਰਹੀ। ਤਕਨੀਕੀ ਕਾਲਜਾਂ ਤੇ ਸੰਸਥਾਵਾਂ ਦੀ ਸਿਖਲਾਈ ਕਿਸੇ ਮਿਸਤਰੀ ਦੀ ਆਮ ਵਰਕਸ਼ਾਪ ਵਿਚ ਸਿੱਖੇ ਕੰਮ ਦੀ ਬਰਾਬਰੀ ਨਹੀਂ ਕਰ ਰਹੀ।

ਇਸ ਪ੍ਰਸੰਗ ਵਿਚ ਇਕ ਹੋਰ ਉਦਾਹਰਣ ਅੰਗਰੇਜ਼ੀ ਭਾਸ਼ਾ ਪ੍ਰਤੀ ਪਹੁੰਚ ਦੀ ਹੈ। ਜਦ ਸਾਡੇ ਵਿਦਵਾਨ ਲੋਕ 'ਮੈਮਰੀ ਕਾਰਡ' ਨੂੰ 'ਯਾਦ ਪੱਤਾ' ਕਹਿਣ ਲਈ ਜ਼ੋਰ ਲਾ ਰਹੇ ਹਨ; ਲੇਖਕ, ਸਰਕਾਰ ਤੋਂ ਸਖਤ ਕਾਨੂੰਨਾਂ ਦੀ ਮੰਗ ਲਈ ਧਰਨੇ ਲਾ ਰਹੇ ਹੁੰਦੇ ਹਨ ਅਤੇ ਨੇਤਾਗਿਰੀ ਦੇ ਇਛੁੱਕ ਕੁਝ ਹੋਰ ਲੋਕ ਨੇਮਪਲੇਟਾਂ ਅਤੇ ਸਾਈਨ ਬੋਰਡਾਂ ਉਤੇ ਕਾਲੀਆਂ ਕੂਚੀਆਂ ਫੇਰ ਰਹੇ ਹੁੰਦੇ ਹਨ ਤਾਂ ਉਨ੍ਹਾਂ ਦੇ ਆਪਣੇ ਬੱਚੇ ਅੰਗਰੇਜ਼ੀ ਵਿਚ ਮੁਹਾਰਤ ਹਾਸਲ ਕਰਨ ਲਈ ਆਈਲੈੱਟਸ ਸੈਂਟਰਾਂ ਦੀਆਂ ਪੌੜੀਆਂ ਚੜ੍ਹ ਰਹੇ ਹੁੰਦੇ ਹਨ ਅਤੇ ਆਮ ਲੋਕ ਆਪਣੇ ਬੱਚਿਆਂ ਨੂੰ 'ਚੰਗੇ ਅੰਗਰੇਜ਼ੀ ਸਕੂਲ' ਵਿਚ ਦਾਖਲ ਕਰਵਾਉਣ ਲਈ ਜੁੱਤੀਆਂ ਤੁੜਾ ਰਹੇ ਹੁੰਦੇ ਹਨ।

ਕਹਿਣ ਦਾ ਭਾਵ ਕਿ ਵਿਦਵਾਨ ਲੋਕ ਜਾਂ ਤਾਂ ਆਮ ਲੋਕਾਂ ਨੂੰ ਮਾਤ ਭਾਸ਼ਾ ਦਾ ਮਹੱਤਵ ਸਮਝਾ ਨਹੀਂ ਸਕੇ, ਜਾਂ ਉਹ ਖੁਦ ਅੰਗਰੇਜ਼ੀ ਵਰਗੀ ਭਾਸ਼ਾ ਦੇ ਮਹੱਤਵ ਅਤੇ ਲੋੜ ਨੂੰ ਸਮਝ ਨਹੀਂ ਸਕੇ। ਚਿੰਤਕਾਂ ਅਤੇ ਲੋਕਾਂ ਦੀ ਸੋਚ ਵਿਚਲਾ ਅਜਿਹਾ ਪਾੜਾ ਹੋਰ ਵੀ ਬਹੁਤ ਖੇਤਰਾਂ ਵਿਚ ਦੇਖਿਆ ਜਾ ਸਕਦਾ ਹੈ।

## ਆਖ ਤਸਵੀਰਾਂ ਬੋਲਦੀਆਂ


***ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 29 ਜੂਨ 2019 ਹੈ। -ਸੰਪਾਦਕ***

### ਕੈਪਸ਼ਨ ਮੁਕਾਬਲਾ-383



***ਫਤਿਹਵੀਰ ਨੂੰ ਯਾਦ ਕਰ ਰੋਂਦਿਓ ਜੀ, ਦੇਖੋ ਲੱਦੇ ਨੇ ਕਿਸ ਤਰ੍ਹਾਂ ਬਾਲ ਯਾਰੋ।***
***ਕਿਹੜਾ ਮੰਨਦਾ ਟ੍ਰੈਫਿਕ ਦੇ ਨਿਯਮ ਉਥੇ, ਉਤੋਂ ਸੜਕਾਂ ਦਾ ਮੰਦੜਾ ਹਾਲ ਯਾਰੋ।***

### ਕੈਪਸ਼ਨ ਮੁਕਾਬਲਾ-381



ਜਾਨ ਤਲੀ 'ਤੇ ਰੱਖ ਕੇ ਤੁਰਦੇ
ਪੰਜਾਬੀ ਪੁੱਤ ਸਰਦਾਰਾਂ ਦੇ।
ਖੇਡ ਅਨੋਖੀ ਕਰ ਕੇ ਵਿਖਾਉਂਦੇ
ਜਿਗਰੇ ਨੇ ਦਿਲਦਾਰਾਂ ਦੇ।
ਬਾਈਕ ਉਤੇ ਖੜ੍ਹ ਪੱਗ ਬੰਨ੍ਹਦੇ
ਹੌਸਲੇ ਬਰਖੁਰਦਾਰਾਂ ਦੇ।
ਕਿੰਜ ਬੰਨ੍ਹੀਏ ਸਿਫਤਾਂ ਦੇ ਪੁਲ
ਜਾਂਬਾਜ਼ ਤੇ ਖੁਦਦਾਰਾਂ ਦੇ।

***-ਸੇਵਾ ਸਿੰਘ ਨੂਰਪੁਰੀ***

---

ਬੰਬੂ ਕਾਟ ਦੀ ਪਿੱਠ 'ਤੇ ਖੜ੍ਹ ਕੇ
ਮਸਤੀ ਵਿਚ ਭਜਾਈ ਜਾਵੇ।
ਚਿਣ ਚਿਣ ਲਾਵੇ ਪੇਚ ਪੱਗ ਦੇ
ਹੈਰਾਨੀ ਦੇ ਵਿਚ ਸਭ ਨੂੰ ਪਾਵੇ।
ਜਾਨ ਤਲੀ 'ਤੇ ਧਰ ਕੇ ਰੱਖਦਾ
ਜੁਆਨ ਪੰਜਾਬੀ ਇਹ ਅਖਵਾਵੇ।

***-ਜਗਮੀਤ ਸਿੰਘ ਪੰਧੇਰ***
***ਵਿੰਨੀਪੈਗ, ਐਮ. ਬੀ. (ਕੈਨੇਡਾ)***
***ਫੋਨ: 1-431-887-7222***

---

ਲੋਕੀ ਖੜ੍ਹ-ਖੜ੍ਹ ਤਕਦੇ ਨੇ
ਸਿੰਘਾਂ ਦੀਆਂ ਦਸਤਾਰਾਂ ਨੂੰ।
ਹਰਦਮ ਰਹੇ ਤਿਆਰ ਖਾਲਸਾ
ਆਪਣੇ ਪਹਿਨ ਕੱਕਾਰਾਂ ਨੂੰ।
ਲੱਖਾਂ ਦੇ ਵਿਚ ਖੜ੍ਹਾ ਖਾਲਸਾ
ਹਰ ਥਾਂ ਦਿਸੇ ਨਿਰਾਲਾ ਜੀ।
ਜੇਕਰ ਪੈ ਜਾਏ ਲੋੜ ਦੇਸ਼ ਨੂੰ
ਹੈ ਕੌਮੀ ਰਖਵਾਲਾ ਜੀ।
ਖੜ੍ਹ ਕੇ ਮੋਟਰ-ਸਾਈਕਲ 'ਤੇ
ਸਿੱਖ ਚੱਕਰ ਲਾਉਂਦੇ ਦੁਨੀਆਂ ਦਾ।
ਨਾਲ ਸਮੇਂ ਦੇ ਬਣੋ ਸਿਆਣੇ
ਵੇਲਾ ਨਹੀਂ ਅਕਲਾਂ ਸੁੰਨੀਆਂ ਦਾ।

***-ਮਾਸਟਰ ਪ੍ਰੀਤਮ ਸਿੰਘ ਲੰਮੇ***

***ਫੋਨ: 925-325-2486***

---

ਬੁਲੇਟ 'ਤੇ ਅਡੋਲ ਖੜ੍ਹ ਪੱਗ ਬੰਨ੍ਹਦਾ
ਸ਼ੀਸ਼ੇ ਮੂਹਰੇ ਰੋਜ ਜਿਵੇਂ ਬੰਨ੍ਹਦਾ।
ਜੋਸ਼, ਜਜ਼ਬਾ, ਤਸਵੀਰ ਮੂੰਹੋਂ ਬੋਲਦੀ,
ਰੁਕੀਆਂ ਕਾਰਾਂ, ਨਾ ਕੋਈ ਲੰਘੇ ਕੋਲ ਦੀ।
ਅਲੋਕਾਰਾ ਕੰਮ ਕੀਤਾ ਸਰਦਾਰ ਨੇ,
ਵੀਡੀਓ ਬਣਾਉਣ ਲੱਗੇ,
ਸੜਕ ਵਿਚਕਾਰ ਨੇ।

***-ਦਵਿੰਦਰ ਕੌਰ***

---

ਪੱਗ ਇਕ ਵਿਲੱਖਣ ਮੁੱਦਾ
ਲਹਿ ਜਾਏ ਜੇ ਪਰਿਆ ਵਿਚ
ਇੱਜਤ ਰੁਲ ਜਾਂਦੀ ਖਾਕ 'ਚ
ਨਿਗ੍ਹਾ ਨੀਵੀਂ, ਜੀਣਾ ਹਰਾਮ ਹੋ ਜਾਂਦਾ।
ਰੱਖ ਦਿੱਤੀ ਜੇ ਪੱਗ ਪੈਰਾਂ 'ਚ ਕਿਸੇ ਦੇ
ਸਮਝੋ ਜਮੀਰ ਦਾਅ 'ਤੇ ਲਾ ਦਿੱਤੀ।
ਲੜ ਸਾਂਝੇ ਕਰ ਬਣੇ ਜੇ ਪੱਗ ਵੱਟ ਭਰਾ
ਇਹ ਪੈਰਾਂ 'ਚ ਨਹੀਂ ਰੁਲਣੀ ਚਾਹੀਦੀ।
ਪੱਗ ਸੁੰਦਰਤਾ ਵੱਖਰੀ ਪਛਾਣ ਹੈ।
ਖੜ੍ਹੇ ਹੋਵਣ ਜੇ ਹਜ਼ਾਰਾਂ ਮਨੁੱਖ
ਇਕੋ ਪਗੜੀਧਾਰ ਦੂਰੋ ਨਜ਼ਰ ਆਊ।
ਪੰਜਾਬੀ ਪੱਗ ਇਕੱਲਾ ਇਕੱਲਾ ਲੜ ਠੋਕਵਾਂ
ਠਾਠੀ ਮੱਥੇ ਵਿਚਕਾਰ ਨੱਕ ਦੀ ਸੇਧ ਉਪਰ
ਨੱਬੇ ਪ੍ਰਤੀਸ਼ਤ ਦਾ ਐਂਗਲ ਬਣ ਜਾਵੇ
ਕਹਾਉਂਦਾ ਫਿਰ ਮੈਂ ਪੰਜਾਬੀ ਗੱਭਰੂ ਹਾਂ।

***-ਦਰਸ਼ਨਪਾਲ ਦੋਸਾਂਝ***

---

ਪੱਗ ਉਨਾਭੀ ਵਿਚ ਵੀਰ ਮੇਰਾ
ਪੇਚ ਪਟਿਆਲਾ ਸ਼ਾਹੀ ਲਾਵੇ।
ਪੱਗਾਂ ਉਹਦੀਆਂ ਦੇ ਰੰਗ ਗਿਣਦਿਆਂ
ਡਾਹਢਾ ਚੇਤਾ ਵੀਰ ਦਾ ਆਵੇ।
ਇਹ ਪੱਗ ਮੇਰੇ ਮਾਪਿਆਂ ਦਿੱਤੀ
ਇੱਕ ਲਾਹਵੇ, ਇੱਕ ਪਾਵੇ।
ਸਦਾ ਵੱਸੇ ਮੇਰੇ ਬਾਬਲ ਦਾ ਖੇੜਾ
ਅੰਮੜੀ ਜਾਈ ਧੁਰ ਅੰਦਰੋਂ
ਇਹੋ ਔਸੀਆਂ ਪਾਵੇ।

***-ਸੁਕੰਨਿਆ ਭਾਰਦਵਾਜ***

### ਕੈਪਸ਼ਨ ਮੁਕਾਬਲਾ-380

ਘਰ ਦੀ ਬਣੀ ਨੂੰ ਨੱਕ-ਮੂੰਹ ਮਾਰਨ
ਅੱਜ ਦੇ ਨਿਆਣੇ-ਸਿਆਣੇ।
ਤਲੀਆਂ, ਫੁੱਲੀਆਂ, ਮਸਾਲੇਦਾਰ
ਬਾਹਰੋਂ ਖਾਂਦੇ, ਭੁੱਲ ਗਏ
ਛੱਤੀ ਰੋਗ ਸਹੇੜਨ ਹੱਥੀ।

***-ਦਵਿੰਦਰ ਕੌਰ***

# ਪੁਰਾਤਨ ਓਲੰਪਿਕਸ ਖੇਡਾਂ ਦੀ ਰੌਚਕ ਗਾਥਾ

ਖੇਡ ਸੰਸਾਰ

***ਅੱਜ ਓਲੰਪਿਕ ਖੇਡਾਂ ਦਾ ਬਹੁਤ ਵੱਡਾ ਰੁਤਬਾ ਹੈ। ਇਨ੍ਹਾਂ ਖੇਡਾਂ ਵਿਚ ਸ਼ਮੂਲੀਅਤ ਹੀ ਆਪਣੇ ਆਪ ਵਿਚ ਵੱਡੇ ਮਾਣ ਵਾਲੀ ਗੱਲ ਹੈ। ਮੌਜੂਦਾ ਓਲੰਪਿਕ ਖੇਡਾਂ ਦੀ ਸ਼ੁਰੂਆਤ ਸੰਨ 1896 ਵਿਚ ਪੁਰਾਣੀਆਂ ਖੇਡਾਂ ਦੇ ਬੇਹਦ ਰੌਚਕ ਇਤਿਹਾਸ ਤੋਂ ਪ੍ਰਭਾਵਿਤ ਹੋ ਕੇ ਕੀਤੀ ਗਈ। ਇਤਿਹਾਸਕਾਰਾਂ ਅਨੁਸਾਰ ਪੁਰਾਤਨ ਓਲੰਪਿਕ ਖੇਡਾਂ ਦੀ ਸ਼ੁਰੂਆਤ 776 ਬੀ. ਸੀ. ਦੌਰਾਨ ਏਥਨ ਵਿਚ ਕਲੋਡੀਅਸ ਦਰਿਆ ਦੇ ਕਿਨਾਰੇ ਓਲੰਪੀਆਡ ਦੇ ਸਥਾਨ 'ਤੇ ਹੋਈ। ਇਸ ਲੇਖ ਵਿਚ ਹਰਜਿੰਦਰ ਸਿੰਘ ਗੁਲਪੁਰ ਨੇ ਓਲੰਪਿਕ ਖੇਡਾਂ ਦਾ ਇਤਿਹਾਸ ਫਰੋਲਿਆ ਹੈ। -ਸੰਪਾਦਕ***


ਯੂਨਾਨ (ਗਰੀਕ) ਨੂੰ ਓਲੰਪਿਕਸ ਖੇਡਾਂ ਦਾ ਜਨਮ ਦਾਤਾ ਹੋਣ ਦਾ ਮਾਣ ਹਾਸਲ ਹੈ। ਇਤਿਹਾਸਕਾਰਾਂ ਨੇ ਓਲੰਪਿਕਸ ਖੇਡਾਂ ਦੇ ਇਤਿਹਾਸ ਨੂੰ ਦੋ ਹਿੱਸਿਆਂ ਵਿਚ ਵੰਡਿਆ ਹੈ। ਇਤਿਹਾਸ ਦੇ ਇੱਕ ਹਿੱਸੇ ਵਿਚ ਪੁਰਾਤਨ ਓਲੰਪਿਕਸ ਖੇਡਾਂ ਦਾ ਵਰਣਨ ਹੈ ਅਤੇ ਦੂਜੇ ਹਿੱਸੇ ਵਿਚ ਆਧੁਨਿਕ ਖੇਡਾਂ ਦਾ। ਆਧੁਨਿਕ ਖੇਡਾਂ ਦੀ ਸ਼ੁਰੂਆਤ ਸੰਨ 1896 ਵਿਚ ਪੁਰਾਣੀਆਂ ਖੇਡਾਂ ਦੇ ਬੇਹਦ ਰੌਚਕ ਇਤਿਹਾਸ ਤੋਂ ਪ੍ਰਭਾਵਿਤ ਹੋ ਕੇ ਕੀਤੀ ਗਈ, ਜਿਸ ਕਰਕੇ ਪੂਰੇ ਵਿਸ਼ਵ ਦੇ ਖਿਡਾਰੀਆਂ ਅਤੇ ਖੇਡ ਪ੍ਰੇਮੀਆਂ ਦੀਆਂ ਨਜ਼ਰਾਂ ਵਿਚ ਪੁਰਾਤਨ ਓਲੰਪਿਕਸ ਖੇਡਾਂ ਦਾ ਖਾਸ ਮਹੱਤਵ ਹੈ।

ਇਹ ਤਾਂ ਅਸੀਂ ਜਾਣਦੇ ਹੀ ਹਾਂ ਕਿ ਹਜ਼ਾਰਾਂ ਸਾਲ ਪਹਿਲਾਂ ਵਿਸ਼ਵ ਦਾ ਸ਼ਕਤੀਸ਼ਾਲੀ ਦੇਸ਼ ਹੋਣ ਕਰਕੇ ਹਰ ਖੇਤਰ ਵਿਚ ਯੂਨਾਨ ਦੀ ਤੂਤੀ ਬੋਲਦੀ ਸੀ। ਵਿਦਿਅਕ ਕੋਰਸਾਂ ਦੀਆਂ ਕਿਤਾਬਾਂ ਵਿਚ ਅਸੀਂ

**ਹਰਜਿੰਦਰ ਸਿੰਘ ਗੁਲਪੁਰ**
**ਫੋਨ: 91-98722-38722**

ਅਕਸਰ ਪੜ੍ਹਦੇ ਆਏ ਹਾਂ ਕਿ ਫਲਾਣਾ ਸ਼ਬਦ ਫਲਾਣੇ ਯੂਨਾਨੀ ਸ਼ਬਦ ਤੋਂ ਲਿਆ ਗਿਆ ਹੈ। ਇਹ ਨੁਕਤਾ ਅਮੀਰ ਯੂਨਾਨੀ ਵਿਰਾਸਤ ਦੀ ਨਿਸ਼ਾਨਦੇਹੀ ਕਰਦਾ ਹੈ।

ਇਤਿਹਾਸਕਾਰਾਂ ਅਨੁਸਾਰ ਪੁਰਾਤਨ ਓਲੰਪਿਕਸ ਖੇਡਾਂ ਦੀ ਸ਼ੁਰੂਆਤ 776 ਬੀ. ਸੀ. ਦੌਰਾਨ ਏਥਨ ਵਿਚ ਕਲੋਡੀਅਸ ਦਰਿਆ ਦੇ ਕਿਨਾਰੇ ਓਲੰਪੀਆਡ ਦੇ ਸਥਾਨ 'ਤੇ ਹੋਈ ਮੰਨੀ ਜਾਂਦੀ ਹੈ। ਇਨ੍ਹਾਂ ਖੇਡਾਂ ਦੇ ਅਰੰਭ ਕਾਲ ਦਾ ਸਭ ਤੋਂ ਪੁਖਤਾ ਸਬੂਤ ਬਣੀ ਪੁਰਾਤਤਵ ਵਿਗਿਆਨੀਆਂ ਨੂੰ ਓਲੰਪੀਆਡ ਦੇ ਖੰਡਰਾਂ ਦੀ ਖੁਦਾਈ ਦੌਰਾਨ ਕਰੋਈਬੋਸ ਨਾਂ ਦੇ ਇੱਕ ਅਥਲੀਟ ਦੀ ਤਾਂਬੇ ਤੋਂ ਬਣੀ ਮੂਰਤੀ। ਏਲਿਸ ਸ਼ਹਿਰ ਨਾਲ ਸਬੰਧਿਤ ਇਸ



ਅਥਲੀਟ ਦੀ ਮੂਰਤੀ ਉਤੇ ਉਸ ਦੇ ਬਾਇਓਡਾਟਾ ਸਮੇਤ ਓਲੰਪਿਕਸ ਚੈਂਪੀਅਨ 776 ਬੀ. ਸੀ. ਉਕਰਿਆ ਹੋਇਆ ਹੈ।

ਪਹਿਲੀ ਵਾਰ ਇਹ ਅਥਲੀਟ ਸਿਰਫ 192 ਮੀਟਰ (600 ਫੁੱਟ) ਲੰਬੀ ਫੱਰਾਟਾ ਦੌੜ ਜਿੱਤ ਕੇ ਚੈਂਪੀਅਨ ਬਣਿਆ ਸੀ, ਜਿਸ ਨੂੰ ਸਟੇਡ ਕਿਹਾ ਜਾਂਦਾ ਸੀ। ਸਟੇਡੀਅਮ ਸ਼ਬਦ ਦੀ ਉਤਪਤੀ ਇਸੇ ਸਟੇਡ ਸ਼ਬਦ ਤੋਂ ਹੋਈ ਹੈ। ਇਸ ਤੋਂ ਸਾਬਤ ਹੁੰਦਾ ਹੈ ਕਿ ਹੋ ਸਕਦਾ ਹੈ ਇਹ ਖੇਡਾਂ ਇਸ ਤੋਂ ਵੀ ਪਹਿਲਾਂ ਅਰੰਭ ਹੋਈਆਂ ਹੋਣ। 776 ਬੀ. ਸੀ. ਤੋਂ ਇਨ੍ਹਾਂ ਖੇਡਾਂ ਦਾ ਲਿਖਤੀ ਇਤਿਹਾਸ ਮਿਲਣ ਦੇ ਵੀ ਪ੍ਰਮਾਣ ਮਿਲਦੇ ਹਨ। ਇਨ੍ਹਾਂ ਖੇਡਾਂ ਦਾ ਦੌਰ ਕਰੀਬ 12 ਸਦੀਆਂ ਤੱਕ ਚਲਦਾ ਰਿਹਾ।

ਚਾਰ ਸਾਲਾਂ ਪਿਛੋਂ ਹੋਣ ਵਾਲੀਆਂ ਇਨ੍ਹਾਂ ਖੇਡਾਂ ਦੀ ਹਰਮਨ ਪਿਆਰਤਾ ਦਾ ਪਤਾ ਇਥੋਂ ਲਗਦਾ ਹੈ ਕਿ ਇਨ੍ਹਾਂ ਵਿਚ ਭਾਗ ਲੈਣ ਲਈ ਯੂਨਾਨ ਦੇ ਕੋਨੇ ਕੋਨੇ ਤੋਂ ਇਲਾਵਾ ਰੋਮ ਅਤੇ ਤੁਰਕੀ ਆਦਿ ਤੋਂ ਵੀ ਖਿਡਾਰੀ ਆਉਂਦੇ ਸਨ। ਖੇਡਾਂ ਸ਼ੁਰੂ ਹੋਣ ਤੋਂ ਕੁਝ ਮਹੀਨੇ ਪਹਿਲਾਂ ਇੱਕ ਤਰ੍ਹਾਂ ਨਾਲ ਜੰਗ ਬੰਦੀ ਦੀ ਰਵਾਇਤ ਸੀ, ਜਿਸ ਨੂੰ ਗਰੀਕ ਭਾਸ਼ਾ ਵਿਚ Olympia Truce ਕਿਹਾ ਜਾਂਦਾ ਸੀ। ਕਰੀਬ ਤਿੰਨ ਮਹੀਨੇ ਪਹਿਲਾਂ ਇੱਕ ਦੂਜੀ ਰਿਆਸਤ ਖਿਲਾਫ ਚਲਦੀਆਂ ਫੌਜੀ ਕਾਰਵਾਈਆਂ ਨੂੰ ਮੁਅੱਤਲ ਕਰ ਦਿੱਤਾ ਜਾਂਦਾ ਸੀ। ਇਥੋਂ ਤੱਕ ਕਿ ਖੇਡਾਂ ਦੌਰਾਨ ਦਿੱਤੀਆਂ ਜਾਣ ਵਾਲੀਆਂ ਮੌਤ ਦੀਆਂ ਸਜ਼ਾਵਾਂ ਵੀ ਮੁਆਫ ਕਰ ਦਿੱਤੀਆਂ ਜਾਂਦੀਆਂ ਸਨ। ਇਸ ਰਵਾਇਤ ਦਾ ਉਦੇਸ਼ ਦੂਰ ਦੁਰਾਡੇ ਤੋਂ ਆਉਣ ਵਾਲੇ ਖਿਡਾਰੀਆਂ ਦੀ ਪਹੁੰਚ ਅਤੇ ਵਾਪਸੀ ਸੁਰੱਖਿਆ ਨੂੰ ਯਕੀਨੀ ਬਣਾਉਣਾ ਸੀ।

394 ਏ. ਡੀ. ਵਿਚ ਜਦੋਂ ਏਥਨ 'ਤੇ ਰੋਮਨ ਰਾਜਿਆਂ ਦਾ ਕਬਜਾ ਹੋਇਆ ਤਾਂ ਈਸਾਈ (ਕੈਥੋਲਿਕ) ਧਰਮ ਨਾਲ ਸਬੰਧਤ ਰਾਜਾ ਕਲੋਡੀਅਸ ਪਹਿਲੇ ਨੇ ਇਨ੍ਹਾਂ ਖੇਡਾਂ ਨੂੰ ਆਪਣੇ ਧਰਮ ਦੇ ਅਨੁਸਾਰੀ ਨਾ ਹੋਣ ਦਾ ਫਤਵਾ ਜਾਰੀ ਕਰਦਿਆਂ ਬੰਦ ਕਰਵਾ ਦਿੱਤਾ। ਇਥੇ ਹੀ ਬੱਸ ਨਹੀਂ, ਉਸ ਨੇ ਇਸ ਮਹਾਨ ਓਲੰਪਿਕਸ ਲਹਿਰ ਨਾਲ ਸਬੰਧਤ ਹਰ ਨਿਸ਼ਾਨੀ ਨੂੰ ਤਹਿਸ ਨਹਿਸ ਕਰ ਦਿੱਤਾ। ਰਹਿੰਦੀ ਕਸਰ ਕਲੋਡੀਅਸ ਦਰਿਆ ਵਿਚ ਆਉਂਦੇ ਹੜ੍ਹਾਂ ਨੇ ਪੂਰੀ ਕਰ ਦਿੱਤੀ। ਭਾਈਚਾਰਕ ਸਾਂਝ ਨੂੰ ਮਜਬੂਤੀ ਬਖਸ਼ਣ ਵਾਲੀ ਇਹ ਖੇਡ ਲਹਿਰ ਕਈ ਸਦੀਆਂ ਤੱਕ ਆਪਣੀ ਹਾਜਰੀ ਲਵਾ ਕੇ ਵਕਤ ਦੀ ਗਰਦਿਸ਼ ਹੇਠ ਦਬ ਕੇ ਦਮ ਤੋੜ ਗਈ।

ਸੰਨ 1896 ਵਿਚ ਓਲੰਪਿਕਸ ਖੇਡਾਂ ਦੀ ਮੁੜ ਕੇ ਜੋਤ ਜਗਾਉਣ ਲਈ ਖੇਡ ਪ੍ਰੇਮੀ ਅਤੇ ਵਿਦਵਾਨ ਪੇਰੀਅਰ ਡੀ. ਕੁਬਰਟਿਨ ਸ਼ਲਾਘਾ ਦੇ ਪਾਤਰ ਹਨ। ਪੁਰਾਤਨ ਓਲੰਪਿਕਸ ਖੇਡਾਂ ਦੀ ਸ਼ੁਰੂਆਤ ਬਾਰੇ ਇਤਿਹਾਸਕਾਰ ਇੱਕ ਮੱਤ ਨਹੀਂ ਹਨ। ਕੁਝ ਇਕ ਦਾ ਖਿਆਲ ਹੈ ਕਿ ਉਪਰੋਕਤ ਦਰਿਆ ਦੇ ਨੇੜੇ ਮੌਜੂਦ ਪਹਾੜੀ 'ਤੇ ਯੂਨਾਨੀਆਂ ਦੇ ਸਭ ਤੋਂ ਵੱਡੇ ਮੰਨੇ ਜਾਂਦੇ ਜੀਅਸ ਦੇਵਤਾ ਦਾ ਮੰਦਿਰ ਸੀ/ਹੈ। ਉਥੇ ਦੇਵਤਾ ਦੇ ਸਤਿਕਾਰ ਵਿਚ ਤਿਉਹਾਰ ਮਨਾਇਆ ਜਾਂਦਾ ਸੀ। ਇਸ ਪਵਿੱਤਰ ਮੰਨੇ ਜਾਂਦੇ ਅਵਸਰ 'ਤੇ ਸ਼ਰਧਾਲੂਆਂ ਦੇ ਮਨੋਰੰਜਨ ਲਈ ਕੁਝ ਖੇਡ ਕਰਤੱਬ ਦਿਖਾਏ ਜਾਂਦੇ ਸਨ, ਜਿਨ੍ਹਾਂ ਨੇ ਹੌਲੀ ਹੌਲੀ ਵਿਆਪਕ ਖੇਡ ਮੇਲੇ ਦਾ ਰੂਪ ਧਾਰ ਲਿਆ। ਉਸ ਸਮੇਂ ਯੂਨਾਨ ਦੇਸ਼ ਕਰੀਬ ਵੀਹ ਰਿਆਸਤਾਂ (Provincial States) ਵਿਚ ਵੰਡਿਆ ਹੋਇਆ ਸੀ। ਇਨ੍ਹਾਂ ਵਿਚ ਏਥਨ ਅਤੇ ਸਪਾਰਟਾ ਦੀਆਂ ਰਿਆਸਤਾਂ ਸ਼ਕਤੀਸ਼ਾਲੀ ਸਨ। ਜਿਥੇ ਏਥਨ ਵਿਚ ਸਮਕਾਲੀ ਲੋਕਤੰਤਰੀ ਰਾਜ ਪ੍ਰਣਾਲੀ ਸੀ, ਉਥੇ ਸਪਾਰਟਾ ਵਿਚ ਇੱਕ ਪੁਰਖਾ ਰਾਜ ਪ੍ਰਬੰਧ ਸੀ। ਏਥਨ ਦਾ ਰਾਜ ਪ੍ਰਬੰਧ ਜਿਥੇ ਆਪਣੇ ਨਾਗਰਿਕਾਂ ਦੇ ਸਰੀਰਕ ਅਤੇ ਮਾਨਸਿਕ ਵਿਕਾਸ ਵੱਲ ਧਿਆਨ ਦਿੰਦਾ ਸੀ, ਉਥੇ ਸਪਾਰਟਾ



**ਕਰੋਈਬੋਸ ਨਾਂ ਦੇ ਇੱਕ ਅਥਲੀਟ ਦੀ ਤਾਂਬੇ ਤੋਂ ਬਣੀ ਮੂਰਤੀ**

ਦਾ ਰਾਜਾ ਆਪਣੇ ਨਾਗਰਿਕਾਂ ਦੇ ਮਹਿਜ ਸਰੀਰਕ ਪੱਖੋਂ ਰਿਸ਼ਟ ਪੁਸ਼ਟ ਹੋਣ 'ਤੇ ਜੋਰ ਦਿੰਦਾ ਸੀ। ਇਨ੍ਹਾਂ ਵਖ ਵਖ ਰਾਜ ਪ੍ਰਣਾਲੀਆਂ ਦੇ ਫਲਸਰੂਪ ਏਥਨ ਵਿਚ ਯੋਧੇ ਅਤੇ ਵਿਦਵਾਨ-ਦੋਵੇਂ ਪੈਦਾ ਹੋਏ ਜਿਵੇਂ ਸੁਕਰਾਤ, ਅਰਸਤੂ ਅਤੇ ਸਿਕੰਦਰ ਮਹਾਨ ਆਦਿ, ਜਦੋਂ ਕਿ ਸਪਾਰਟਾ ਰਿਆਸਤ ਵਿਚ ਕੇਵਲ ਬਲਸ਼ਾਲੀ ਯੋਧੇ ਪੈਦਾ ਹੋਏ।

ਸਪਾਰਟਾ ਦੀ ਫੌਜੀ ਹਕੂਮਤ ਵਲੋਂ ਸਰੀਰਕ ਤੌਰ 'ਤੇ ਅਪਾਹਜ ਜਾਂ ਕਮਜ਼ੋਰ ਬੱਚਿਆਂ ਨੂੰ ਟਿਬਰੀ ਨਾਂ ਦੀ ਪਹਾੜੀ ਤੋਂ ਸੁੱਟ ਕੇ ਮਾਰ ਦਿੱਤਾ ਜਾਂਦਾ ਸੀ। ਬੱਚਿਆਂ ਦੀ ਸ਼ਨਾਖਤੀ ਪਰੇਡ ਕਰਵਾਈ ਜਾਂਦੀ ਸੀ। ਬਚਪਨ ਦੌਰਾਨ ਹੀ ਉਨ੍ਹਾਂ ਨੂੰ ਕੁਝ ਸਮੇਂ ਵਾਸਤੇ ਫੌਜੀ ਬੈਰਕਾਂ ਵਿਚ ਰੱਖਿਆ ਜਾਂਦਾ ਸੀ। ਸਪਾਰਟਾ ਦੇ ਰਾਜੇ ਦਾ ਫੁਰਮਾਨ ਸੀ ਕਿ ਉਸ ਨੂੰ ਕੇਵਲ ਤੇ ਕੇਵਲ ਸਰੀਰਕ ਪੱਖੋਂ ਰਿਸ਼ਟ ਪੁਸ਼ਟ ਨਾਗਰਿਕਾਂ ਦੀ ਲੋੜ ਹੈ। ਫੌਜੀ ਸਿਖਲਾਈ ਹਰ ਇੱਕ ਨਾਗਰਿਕ ਵਾਸਤੇ ਲਾਜ਼ਮੀ ਸੀ।

ਉਨ੍ਹਾਂ ਸਮਿਆਂ ਦੌਰਾਨ ਹੀ ਏਥਨ ਵਾਸੀਆਂ ਵਲੋਂ ਇਸ ਕਹਾਵਤ ਨੂੰ ਜਨਮ ਦਿੱਤਾ ਗਿਆ ਪ੍ਰਤੀਤ ਹੁੰਦਾ ਹੈ ਕਿ 'ਤੰਦਰੁਸਤ ਸਰੀਰ ਵਿਚ ਹੀ ਤੰਦਰੁਸਤ ਮਨ ਦਾ ਨਿਵਾਸ ਹੁੰਦਾ ਹੈ।' ਇਨ੍ਹਾਂ ਖੇਡਾਂ ਦੀ ਸ਼ੁਰੂਆਤ ਦੇ ਧਾਰਮਿਕ ਕਾਰਨ ਤੋਂ ਇਲਾਵਾ ਇੱਕ ਹੋਰ ਦੰਦ ਕਥਾ ਜੁੜੀ ਹੋਈ ਹੈ ਕਿ ਯੂਨਾਨ ਦੀ ਇੱਕ ਰਿਆਸਤ ਦੇ ਤਾਕਤਵਰ ਰਾਜੇ ਨੇ ਆਪਣੀ ਧੀ ਦੇ ਵਿਆਹ ਵਾਸਤੇ ਸ਼ਰਤ ਰੱਖੀ ਕਿ ਜਿਹੜਾ ਰਾਜਕੁਮਾਰ ਉਸ ਦੀ ਧੀ ਨੂੰ ਆਪਣੇ ਰਥ 'ਤੇ ਬਿਠਾ ਕੇ ਸਹੀ ਸਲਾਮਤ ਉਸ ਤੋਂ ਜਾਂ ਉਸ ਵਲੋਂ ਨਿਯਤ ਕੀਤੇ ਯੋਧਿਆਂ ਤੋਂ ਬਚ ਕੇ ਮਿਥੀ ਹੱਦ ਨੂੰ ਪਾਰ ਕਰ ਜਾਵੇਗਾ, ਉਹ ਆਪਣੀ ਧੀ ਦਾ ਵਿਆਹ ਉਸੇ ਰਾਜਕੁਮਾਰ ਨਾਲ ਕਰੇਗਾ। ਇਸ ਸ਼ਰਤ ਨੂੰ ਪੂਰਾ ਕਰਦਿਆਂ ਕਈ ਰਾਜਕੁਮਾਰ ਰਾਜੇ ਹੱਥੋਂ ਕਤਲ ਹੋ ਗਏ। ਆਖਰ ਏਥਨ ਦਾ ਰਾਜਕੁਮਾਰ ਇਹ ਸ਼ਰਤ ਪੂਰੀ ਕਰਨ ਵਿਚ ਸਫਲ ਹੋ ਗਿਆ। ਉਸ ਨੇ ਸ਼ਰਤ ਵਿਚ ਹਿੱਸਾ ਲੈਣ ਤੋਂ ਪਹਿਲਾਂ ਉਸ ਸਾਰਥੀ ਨਾਲ ਗੰਢ ਤੁਪ ਕਰ ਲਈ ਸੀ, ਜਿਸ ਨੇ ਉਸ ਦਾ ਪਿਛਾ ਕਰਨ ਵਾਲੇ ਰਥ ਦੀ ਰਥਵਾਨੀ ਕਰਨੀ ਸੀ। ਉਸ ਰਥਵਾਨ ਨੇ ਮਿਲੀਭੁਗਤ ਨਾਲ ਸਬੰਧਤ ਰਥ ਦਾ ਪਹੀਆ ਕਮਜੋਰ ਪਾ ਲਿਆ, ਜੋ ਕੁਝ ਦੂਰੀ 'ਤੇ ਜਾ ਕੇ ਤੈਅਸ਼ੁਦਾ ਸਕੀਮ ਅਨੁਸਾਰ ਟੁੱਟ ਗਿਆ ਅਤੇ ਰਾਜ ਕੁਮਾਰ ਮਿਥੀ ਹੱਦ ਟੱਪਣ ਵਿਚ ਸਫਲ ਹੋ ਗਿਆ।

ਇਸ ਵਿਆਹ ਦੀ ਖੁਸ਼ੀ ਵਿਚ ਉਸ ਨੇ ਜੀਅਸ ਦੇਵਤਾ ਦੇ ਮੰਦਿਰ ਵਿਚ ਇੱਕ ਬਹੁਤ ਵੱਡਾ ਸਮਾਗਮ ਕਰਵਾਇਆ, ਜਿਸ ਦੌਰਾਨ ਤਰ੍ਹਾਂ ਤਰ੍ਹਾਂ ਦੇ ਕਰਤੱਬ ਮੁਕਾਬਲੇ ਕਰਵਾਏ ਗਏ, ਜੋ ਅੱਗੇ ਜਾ ਕੇ ਪੁਰਾਤਨ ਓਲੰਪਿਕਸ ਖੇਡਾਂ ਦੀ ਬੁਨਿਆਦ ਬਣੇ। ਔਰਤਾਂ ਨੂੰ ਪੁਰਾਤਨ ਓਲੰਪਿਕਸ ਖੇਡਾਂ ਵਿਚ ਭਾਗ ਲੈਣ ਅਤੇ ਖੇਡਾਂ ਨੂੰ ਦੇਖਣ ਦੀ ਸਖਤ ਮਨਾਹੀ ਸੀ। ਇਸ ਨਿਯਮ ਦੀ ਉਲੰਘਣਾ ਕਰਨ ਵਾਲੀ ਔਰਤ ਵਾਸਤੇ ਮੌਤ ਦੀ ਸਜ਼ਾ ਦਾ ਕਾਨੂੰਨ ਸੀ। ਇੱਕ ਵਾਰ 'ਕਾਲਿਪੇਤੀਆਰਾ' ਨਾਂ ਦੀ ਔਰਤ ਮਰਦਾਵਾਂ ਭੇਸ ਬਦਲ ਕੇ ਇਸ ਲਈ ਇਨ੍ਹਾਂ ਖੇਡਾਂ ਨੂੰ ਦੇਖਣ ਚਲੇ ਗਈ ਕਿ ਉਹ ਆਪਣੇ ਪੁੱਤਰ ਨੂੰ ਖੇਡਾਂ 'ਚ ਹਿੱਸਾ ਲੈਂਦਿਆਂ ਦੇਖ ਸਕੇ। ਜਦੋਂ ਉਹਦਾ ਪੁੱਤਰ ਮੁਕਾਬਲਾ ਜਿੱਤ ਕੇ ਓਲੰਪਿਕ ਚੈਂਪੀਅਨ ਬਣਿਆ ਤਾਂ ਉਹ ਖੁਸ਼ੀ ਵਿਚ ਉਛਲਣ ਲੱਗ ਪਈ। ਇਸ ਦੌਰਾਨ ਉਸ ਦੇ ਔਰਤ ਹੋਣ ਬਾਰੇ ਭੇਦ ਖੁੱਲ੍ਹ ਗਿਆ। ਉਸ ਔਰਤ ਦੇ ਪੁੱਤਰ ਤੋਂ ਇਲਾਵਾ ਉਸ ਦਾ ਪਿਤਾ ਅਤੇ ਭਰਾ ਵੀ ਆਪਣੇ ਸਮੇਂ ਦੇ ਚੈਂਪੀਅਨ ਸਨ, ਜਿਨ੍ਹਾਂ ਦਾ ਸਤਿਕਾਰ ਕਰਕੇ ਔਰਤ ਨੂੰ ਮੁਆਫ ਕਰ ਦਿੱਤਾ ਗਿਆ। ਇਸ ਉਪਰੰਤ ਓਲੰਪੀਆਡ ਸਟੇਡੀਅਮ ਵਿਚ ਦਾਖਲ ਹੋਣ ਵਾਲਿਆਂ ਦੀ ਬਾਕਾਇਦਾ ਜਾਂਚ ਕਰਨੀ ਅਰੰਭ ਕਰ ਦਿੱਤੀ ਗਈ।

ਖੁਦਾਈ ਦੌਰਾਨ ਮਿਲੀਆਂ ਮੂਰਤੀਆਂ ਅਤੇ ਧਾਤੂ ਵਸਤਾਂ ਉਤੇ ਉਕਰੀਆਂ ਤਸਵੀਰਾਂ ਤੋਂ ਪਤਾ ਲਗਦਾ ਹੈ ਕਿ ਖਿਡਾਰੀ ਅਲਫ ਨੰਗੇ ਹੋ ਕੇ ਇਨ੍ਹਾਂ ਖੇਡਾਂ ਵਿਚ ਸ਼ਿਰਕਤ ਕਰਦੇ ਸਨ। ਅਜਿਹਾ ਵਧ ਤੋਂ ਵਧ ਕਾਰਗੁਜਾਰੀ ਦਿਖਾਉਣ ਦੀ ਗਰਜ ਨਾਲ ਕੀਤਾ ਜਾਂਦਾ ਸੀ, ਕਿਉਂਕਿ ਉਸ ਜਮਾਨੇ ਦੇ ਕੱਪੜੇ ਖਿਡਾਰੀਆਂ ਦੀ ਕਾਰਗੁਜਾਰੀ ਵਿਚ ਰੁਕਾਵਟ ਪੈਦਾ ਕਰਦੇ ਸਨ। ਪੁਰਾਤਨ ਓਲੰਪਿਕਸ ਖੇਡਾਂ ਚਾਰ ਸਾਲ ਬਾਅਦ 6 ਅਗਸਤ ਤੋਂ 18 ਸਤੰਬਰ ਦੇ ਵਿਚਕਾਰ ਕਰਵਾਈਆਂ ਜਾਂਦੀਆਂ ਸਨ। ਇਨ੍ਹਾਂ ਦੀ ਅਟਲਤਾ ਕਾਰਨ ਸਮਕਾਲੀ ਇਤਿਹਾਸਕਾਰ ਘਟਨਾਵਾਂ ਦਾ ਹਵਾਲਾ ਦੇਣ ਸਮੇਂ ਓਲੰਪਿਕਸ ਖੇਡਾਂ ਦੀ ਪੈਰਵੀ ਕਰਦੇ ਸਨ। ਪੁਰਾਣੀਆਂ ਓਲੰਪਿਕਸ ਖੇਡਾਂ ਵਿਚ ਸਮੇਂ ਦੇ ਨਾਲ ਈਵੈਂਟਸ ਦੀ ਗਿਣਤੀ ਵਧਦੀ ਗਈ। ਇਨ੍ਹਾਂ ਵਿਚ ਮੁਖ ਤੌਰ 'ਤੇ ਰਥ ਦੌੜਾਂ, ਘੋੜ ਦੌੜਾਂ, ਮੱਲ ਯੁਧ (ਕੁਸ਼ਤੀ ਅਤੇ ਮੁੱਕੇਬਾਜੀ ਦਾ ਸੁਮੇਲ), ਵਖ ਵਖ ਦੂਰੀ ਦੀਆਂ ਦੌੜਾਂ, ਲੰਬੀ ਛਾਲ, ਉਚੀ ਛਾਲ, ਡਿਸਕਸ ਥਰੋਅ, ਜੈਵਲੀਅਨ ਥਰੋਅ, ਤਲਵਾਰਬਾਜ਼ੀ, ਤੀਰਅੰਦਾਜ਼ੀ ਅਤੇ ਪੈਂਟੈਥਲਿਨ (ਪੰਜ ਟਰੈਕ ਤੇ ਫੀਲਡ ਈਵੈਂਟਸ) ਆਦਿ ਪ੍ਰਮੁਖ ਖੇਡ ਮੁਕਾਬਲੇ ਸ਼ਾਮਿਲ ਸਨ।

ਰਥ ਦੌੜਾਂ ਦੀ ਈਵੈਂਟ ਨੂੰ ਸਭ ਤੋਂ ਖਤਰਨਾਕ ਅਤੇ ਜੋਖਮ ਵਾਲੀ ਮੰਨਿਆ ਜਾਂਦਾ ਸੀ। ਰਥ ਅੱਗੇ ਦੋ ਅਤੇ ਚਾਰ ਘੋੜੇ ਜੋੜੇ ਜਾਂਦੇ ਸਨ। ਰਥ ਦੌੜ ਦਾ ਫਾਸਲਾ 2.5 ਮੀਲ ਤੋਂ 8 ਮੀਲ ਰਖਿਆ ਹੁੰਦਾ ਸੀ। ਲੰਬੀ ਦੂਰੀ ਦੀ ਮੈਰਾਥਨ ਦੌੜ ਭਾਵੇਂ ਪੁਰਾਤਨ ਓਲੰਪਿਕਸ ਖੇਡਾਂ ਦੀ ਸੂਚੀ ਵਿਚ ਸ਼ਾਮਿਲ ਨਹੀਂ ਸੀ, ਪਰ ਯੂਨਾਨੀ ਇਤਿਹਾਸ ਨਾਲ ਸਬੰਧਤ ਇੱਕ ਦਿਲਚਸਪ ਘਟਨਾ ਤੋਂ ਪ੍ਰਭਾਵਿਤ ਹੋ ਕੇ ਸੰਨ 1908 ਦੀਆਂ ਓਲੰਪਿਕਸ ਖੇਡਾਂ ਵਿਚ ਇਸ ਅਹਿਮ ਅਤੇ



**724 ਬਿਕਰਮੀ ਕੈਲੰਡਰ ਈਸਵੀ ਵਿਚ ਦੂਜੀ ਲੰਮੀ ਦੌੜ ਸ਼ੁਰੂ ਕੀਤੀ ਗਈ, ਜਿਸ ਨੂੰ 'ਡਾਇਲੋਸ' (DIAULOS) ਕਰਕੇ ਜਾਣਿਆ ਜਾਂਦਾ ਸੀ**

ਜਾਨ ਹੂਲਵੀਂ ਈਵੈਂਟ ਨੂੰ ਆਧੁਨਿਕ ਓਲੰਪਿਕਸ ਖੇਡਾਂ ਵਿਚ ਸ਼ਾਮਿਲ ਕੀਤਾ ਗਿਆ। ਇਸ ਘਟਨਾ ਅਨੁਸਾਰ ਏਥਨ ਰਾਜ ਦੀਆਂ ਫੌਜਾਂ ਦਾ ਦੁਸ਼ਮਣ ਰਿਆਸਤ ਦੀਆਂ ਫੌਜਾਂ ਨਾਲ ਯੁਧ ਏਥਨ ਤੋਂ ਛੱਬੀ ਮੀਲ ਦੀ ਦੂਰੀ 'ਤੇ ਸਥਿਤ ਮੈਰਾਥਨ ਮੈਦਾਨ ਵਿਚ ਹੋਇਆ ਸੀ।

ਫਿਡਪੀਡਸ ਨਾਂ ਦੇ ਜਿਸ ਸੈਨਿਕ ਨੇ ਫੌਜੀ ਹੁਕਮ ਦੀ ਪਾਲਣਾ ਕਰਦਿਆਂ ਸੂਰਜ ਦੇ ਅਸਤ ਹੋਣ ਤੋਂ ਪਹਿਲਾਂ ਏਥਨ ਵਾਸੀਆਂ ਨੂੰ ਜਿੱਤ ਦੀ ਖਬਰ ਦਿੱਤੀ ਸੀ, ਉਹ ਤੇਜੀ ਨਾਲ ਖਤਮ ਕੀਤੇ ਪੰਧ ਕਾਰਨ ਲੱਗੇ ਹੱਦੋਂ ਵਧ ਜੋਰ ਸਦਕਾ ਖਬਰ ਦਿੰਦੇ ਸਾਰ ਦਮ ਤੋੜ ਗਿਆ ਸੀ। ਉਸ ਜਾਂਬਾਜ ਸੈਨਿਕ ਦੀ ਯਾਦ ਨੂੰ ਤਰੋਤਾਜਾ ਰੱਖਣ ਲਈ ਇਹ ਦੌੜ ਸ਼ੁਰੂ ਕੀਤੀ ਗਈ, ਜਿਸ ਦੀ ਲੰਬਾਈ 26 ਮੀਲ 385 ਗਜ ਰੱਖੀ ਗਈ ਹੈ।

ਦਿਲਚਸਪ ਗੱਲ ਇਹ ਹੈ ਕਿ ਪੁਰਾਤਨ ਓਲੰਪਿਕ ਖੇਡਾਂ ਦੇ ਜੇਤੂਆਂ ਨੂੰ ਓਲੰਪੀਆਡ ਸਥਿਤ ਜੀਅਸ ਦੇਵਤਾ ਦੇ ਮੰਦਿਰ ਵਿਖੇ ਲੱਗੇ ਪਵਿੱਤਰ ਮੰਨੇ ਜਾਂਦੇ ਜੈਤੂਨ ਦੇ ਰੁੱਖਾਂ ਦੀ ਛਿੱਲ, ਟਾਹਣੀਆਂ ਅਤੇ ਪੱਤਿਆਂ ਤੋਂ ਬਣੇ ਤਾਜ ਪਹਿਨਾਏ ਜਾਂਦੇ ਸਨ। ਉਸ ਵਕਤ ਇਸ ਨੂੰ ਸਭ ਤੋਂ ਕੀਮਤੀ ਇਨਾਮ ਮੰਨਿਆ ਜਾਂਦਾ ਸੀ। ਇਸ ਤੋਂ ਇਲਾਵਾ ਜੈਤੂਨ ਦਾ ਤੇਲ ਵੀ ਜੇਤੂਆਂ ਨੂੰ ਦਿੱਤਾ ਜਾਂਦਾ ਸੀ। ਯੂਨਾਨੀ ਲੋਕ ਜੈਤੂਨ ਨੂੰ ਤਾਕਤ ਅਤੇ ਬੁਧੀ ਦੀ ਦੇਵੀ ਦੇ ਪ੍ਰਤੀਕ ਵਜੋਂ ਮਾਨਤਾ ਦਿੰਦੇ ਆਏ ਹਨ।



# ਤੂੰ ਜ਼ਿੰਦਾ ਹੈ ਤੋ ਜ਼ਿੰਦਗੀ ਕੀ ਜੀਤ ਮੇਂ ਯਕੀਨ ਕਰ

ਉਘਾ ਲਿਖਾਰੀ ਅਤੇ ਅਦਾਕਾਰ ਗਿਰੀਸ਼ ਕਰਨਾਡ ਰਾਬਿੰਦਰਨਾਥ ਟੈਗੋਰ ਵਾਲੀ ਸਰਬ ਸਾਂਝੀਵਾਲਤਾ ਦੀ ਚੇਤਨਾ ਦੀ ਲੜੀ ਦੀ ਅਗਲੀ ਕੜੀ ਸੀ। ਉਸ ਨੂੰ ਸਰੀਰਕ ਤੌਰ 'ਤੇ ਅਲਵਿਦਾ ਕਹਿੰਦਿਆਂ ਫਿਰਕਾਪ੍ਰਸਤੀ, ਫਾਸ਼ੀਵਾਦ ਅਤੇ ਕੁਫਰ ਦੇ ਇਸ ਦੌਰ ਵਿਚ ਨਿਹੱਥੇ ਤੇ ਨਿਤਾਣੇ ਹੋਣ ਦਾ ਅਹਿਸਾਸ ਸੁਭਾਵਿਕ ਹੈ। ਮੁਨਸ਼ੀ ਪ੍ਰੇਮ ਚੰਦ, ਸਤਿਆਜੀਤ ਰੇਅ, ਸਆਦਤ ਹਸਨ ਮੰਟੋ, ਗੁਰੂ ਦੱਤ, ਬਿਮਲ ਰਾਏ, ਬਾਦਲ ਸਰਕਾਰ, ਕੈਫੀ ਆਜ਼ਮੀ, ਜਾਂ ਨਿਸਾਰ ਅਖ਼ਤਰ, ਏ.ਕੇ. ਅੱਬਾਸ, ਸਾਹਿਰ ਲੁਧਿਆਣਵੀ, ਕ੍ਰਿਸ਼ਨਾ ਸੋਬਤੀ, ਸਫ਼ਦਰ ਹਾਸ਼ਮੀ ਵਰਗਿਆਂ ਦੀਆਂ ਪੈੜਾਂ ਦਾ ਇਹ ਰਾਹੀ ਭਾਰਤੀ ਆਤਮਾ ਦੀਆਂ ਸੂਖਮ ਰਮਜ਼ਾਂ ਨੂੰ ਤਾਉਮਰ ਆਪਣੀ ਕਲਮ, ਕਲਾ



**ਡਾ. ਕੁਲਦੀਪ ਕੌਰ**
ਫੋਨ: +91-98554-04330

ਤੇ ਵਿਚਾਰਾਂ ਦੀ ਸਾਣ 'ਤੇ ਤਿੱਖਾ ਕਰਦਾ ਲੋਕ ਚੇਤਨਾ ਨੂੰ ਝੰਜੋੜਦਾ ਰਿਹਾ।

ਗਿਰੀਸ਼ ਕਰਨਾਡ ਦੀ ਜ਼ਿੰਦਗੀ ਦਾ ਪਲਾਟ ਵੀ ਉਸ ਦੇ ਨਾਟਕਾਂ ਵਾਂਗ ਬਹੁਪਰਤੀ, ਜਜ਼ਬਾਤ ਨਾਲ ਓਤ-ਪੋਤ ਅਤੇ ਸਮਾਜਿਕ ਬਦਲਾਓ ਦੇ ਜਨੂੰਨ ਨਾਲ ਭਰਿਆ ਹੋਇਆ ਸੀ। ਇਸ ਸੰਵੇਦਨਸ਼ੀਲ ਅਤੇ ਜ਼ਿੰਦਾਦਿਲ ਜਿਊੜੇ ਦੀ ਸ਼ਾਨਦਾਰ ਸੋਚ ਦਾ ਅੰਦਾਜ਼ਾ ਇਸ ਤੱਥ ਤੋਂ ਲਗਾਇਆ ਜਾ ਸਕਦਾ ਹੈ ਕਿ ਸਾਹਿਤ ਦੇ ਬੇਸ਼ਕੀਮਤੀ ਪੁਰਸਕਾਰ ਜਿੱਤਣ ਅਤੇ ਭਾਰਤੀ ਕਲਾ ਜਗਤ ਨੂੰ ਆਪਣੀ ਜ਼ਿੰਦਗੀ ਲੇਖੇ ਲਾਉਣ ਦੇ ਬਾਵਜੂਦ ਉਸ ਦੇ ਸਸਕਾਰ ਮੌਕੇ ਨਾ ਤਾਂ ਚਿੱਟੇ ਕੱਪੜੀਏ ਨੇਤਾ, ਪੁਲਿਸ ਅਤੇ ਸਮਾਜਿਕ ਠੇਕੇਦਾਰ ਕਿਤੇ ਨਜ਼ਰੀਂ ਪਏ ਅਤੇ ਨਾ ਹੀ ਮੀਡੀਆ ਕਰਮੀਆਂ ਦੀਆਂ 'ਆਜ ਕੀ ਤਾਜ਼ਾ ਖ਼ਬਰ' ਚੀਕਦੀਆਂ ਭੀੜਾਂ ਉਸ ਦੀ ਅਰਥੀ ਦੇ ਆਸ ਪਾਸ ਫਟਕੀਆਂ। ਕੋਈ ਪੰਡਤ ਨਹੀਂ, ਕੋਈ ਮੁੱਲਾ ਨਹੀਂ, ਕੋਈ ਧਾਰਮਿਕ ਕਰਮ-ਕਾਂਡ ਨਹੀਂ, ਕੋਈ ਰੋਣਾ-ਧੋਣਾ ਨਹੀਂ। ਉਸ ਆਪਣੀ ਮੌਤ ਸਮੇਂ ਵੀ ਆਪਣੀ ਮਨੁੱਖੀ ਅਣਖ ਅਤੇ ਸਵੈਮਾਣ ਨੂੰ ਬੁਲੰਦ ਰੱਖਿਆ।

ਮੌਤ ਦਾ ਦ੍ਰਿਸ਼ ਇੰਨਾ ਸੁਭਾਵਿਕ, ਤਰਕਸ਼ੀਲਤਾ ਅਤੇ ਮਾਨਵੀ ਨਜ਼ਰੀਏ ਨਾਲ ਭਰਿਆ ਹੋਇਆ ਕਿਵੇਂ ਸਿਰਜਿਆ ਗਿਆ? ਇਸ ਨੂੰ ਘੋਖਣ ਲਈ ਸਾਨੂੰ ਉਸ ਗਿਰੀਸ਼ ਕਰਨਾਡ ਨੂੰ ਦੇਖਣਾ ਤੇ ਸਮਝਣਾ ਪਵੇਗਾ ਜਿਹੜਾ ਕਰਨਾਟਕ ਦੇ ਛੋਟੇ ਜਿਹੇ ਪਿੰਡ ਦੀਆਂ ਗਲੀਆਂ ਵਿਚ ਖੇਡਦਾ ਜਵਾਨ ਹੋਇਆ ਅਤੇ ਬਿਜਲੀ ਦੇ ਲੰਮੇ-ਲੰਮੇ ਕੱਟਾਂ ਦੌਰਾਨ ਆਪਣੇ ਗਲੀ ਵਿਚ ਬੈਠੇ ਬਜ਼ੁਰਗਾਂ ਦੇ ਸਿਰ੍ਹਾਂਦੀ ਬੈਠ ਕੇ ਰਾਤ-ਰਾਤ ਭਰ ਕਦੇ ਨਾ ਮੁੱਕਣ ਵਾਲੀਆਂ ਬਾਤਾਂ ਸੁਣਦਾ ਰਿਹਾ। ਉਸ ਅਨੁਸਾਰ, "ਮੈਂ ਕਈ ਵਾਰ ਕਈ ਨਾਟਕ ਬਹੁਤ-ਬਹੁਤ ਵਾਰ ਦੇਖੇ।" ਆਪਣੀ ਜੀਵਨੀ ਵਿਚ ਉਹ ਇਸ ਦੁਹਰਾਉ ਦਾ ਧੰਨਵਾਦ ਕਰਦਿਆਂ ਆਖਦਾ ਹੈ, "ਦਰਦ, ਤਰਾਸਦੀ ਅਤੇ ਵੇਦਨਾ ਨਾਲ ਮੇਰਾ ਪਹਿਲਾ ਵਾਹ ਸਿਰਸੀ ਹਸਪਤਾਲ ਦੇ ਕੰਪਾਊਂਡਾਂ ਵਿਚ ਖੇਡਦਿਆਂ ਪਿਆ। ਇਥੇ ਹਮੇਸ਼ਾ ਕੁਝ ਨਾ ਕੁਝ ਭਿਆਨਕ ਅਤੇ ਅਚਾਨਕ ਵਾਪਰਦਾ ਰਹਿੰਦਾ ਸੀ। ਮੈਂ, ਮੇਰੀ ਭੈਣ ਲੀਨਾ ਅਤੇ ਬਾਕੀ ਬੱਚਿਆਂ ਨੂੰ ਰੋਕਣ ਵਾਲਾ ਕੋਈ ਨਹੀਂ ਸੀ। ਅਸੀਂ ਉਥੇ ਕੰਧਾਂ ਨਾਲ ਲੱਗ ਕੇ ਇਹ ਸਾਰਾ ਕੁਝ ਦੇਖੀ ਜਾਂਦੇ, ਸੁਣੀ ਜਾਂਦੇ, ਰੋਈ ਜਾਂਦੇ। ਐਪਰ, ਸਾਡੀ ਪੋਸਟਮਾਰਟਮ ਰੂਮ ਵਿਚ ਜਾਣ ਦੀ ਕਦੇ ਹਿੰਮਤ ਨਾ ਹੋਈ। ਕੁਝ ਅਜਿਹਾ ਅਜੀਬ ਅਤੇ ਭਿਅੰਕਰ ਧੜਕੂ ਸੀ ਉਸ ਕਮਰੇ ਬਾਰੇ ਸਾਡੇ ਮਨਾਂ ਵਿਚ। ਉਥੇ ਮ੍ਰਿਤਕ ਸਰੀਰ ਪਏ ਰਹਿੰਦੇ, ਹਾਦਸਿਆਂ ਵਿਚ ਮਰੇ ਹੋਏ, ਝਗੜਿਆਂ ਵਿਚ ਜਾਨ ਗਵਾਉਣ ਵਾਲੇ ਜਾਂ ਫਿਰ ਕਤਲ ਹੋਈਆਂ ਅਣਪਛਾਤੀਆਂ ਲਾਸ਼ਾਂ। ਪਿਤਾ ਜੀ ਡਾਕਟਰ ਸਨ ਅਤੇ ਉਨ੍ਹਾਂ ਦੀ ਡਿਊਟੀ ਲਾਸ਼ਾਂ ਦਾ ਪੋਸਟਮਾਰਟਮ ਕਰਨ ਦੀ ਸੀ। ਸਾਨੂੰ ਪਿਤਾ ਤੋਂ ਭੈਅ ਆਉਂਦਾ, ਉਹ ਕਿਵੇਂ ਉਨ੍ਹਾਂ ਲਾਸ਼ਾਂ ਦੀ ਚੀਰ-ਫਾੜ ਕਰਦੇ ਅਤੇ ਫਿਰ ਸਿਉਂਦੇ ਸਨ!"

ਮੌਤ ਦਾ ਇਹ ਮੈਟਾਫਰ ਜਾਂ ਚਿੰਨ੍ਹ ਸਾਰੀ ਉਮਰ ਕਿਰਨਾਡ ਦੇ ਨਾਲ-ਨਾਲ ਰਿਹਾ। ਉਸ ਨੇ ਬਚਪਨ ਵਿਚ ਮਨੁੱਖੀ ਜ਼ਿੰਦਗੀ ਦੀਆਂ ਦੋ ਮੂੰਹਜ਼ੋਰ ਸਚਾਈਆਂ - ਮੌਤ ਤੇ ਪਿਆਰ, ਦੋਵਾਂ ਵਿਚਲੀ ਅਨਿਸ਼ਚਿਤਤਾ, ਕਸ਼ਮਕਸ਼, ਬੇਵਸੀ ਅਤੇ ਜਨੂੰਨ

## ਅਲਵਿਦਾ ਪਿਆਰੇ ਗਿਰੀਸ਼ ਕਰਨਾਡ...

ਨੂੰ ਬਹੁਤ ਨੇੜਿਓਂ ਤੱਕਿਆ। ਉਨ੍ਹਾਂ ਦੇ ਪਿਤਾ ਦੀ ਦੂਜੀ ਪਤਨੀ ਉਸੇ ਹਸਪਤਾਲ ਵਿਚ ਨਰਸ ਵਜੋਂ ਕੰਮ ਕਰਦੀ ਸੀ ਅਤੇ ਉਨ੍ਹਾਂ ਦੇ ਰਿਸ਼ਤੇ ਵਿਚਲੇ ਦਵੰਦਾਂ ਤੇ ਨੈਤਿਕ ਜੱਦੋਜਹਿਦ ਨੇ ਉਸ ਦੇ ਜੀਵਨ ਬਾਰੇ ਨਜ਼ਰੀਏ ਵਿਚ ਦ੍ਰਿਸ਼ਟੀਕੋਣ ਦੀ ਸਪਸ਼ਟਤਾ ਦੀ ਜ਼ਰੂਰਤ ਨੂੰ ਪਕੇਰਿਆ ਕਰ ਦਿੱਤਾ।

ਆਪਣੀ ਜੀਵਨੀ ਵਿਚ ਉਹ ਇਸ ਨੂੰ ਬਹੁਤ ਮਜ਼ਾਹੀਆ ਲਹਿਜੇ ਵਿਚ ਦਰਜ ਕਰਦਿਆਂ ਲਿਖਦਾ ਹੈ ਕਿ ਬਚਪਨ ਵਿਚ ਬਹੁਤਾ ਵਾਹ ਪੋਸਟਮਾਰਟਮ ਦੇ ਕਮਰੇ ਦੇ ਆਸ-ਪਾਸੇ ਮੇਰੀ ਕਲਪਨਾ ਵਿਚ ਘੁੰਮਦੇ-ਫਿਰਦੇ ਭੂਤਾਂ ਨਾਲ ਪਿਆ। ਸਮਝ ਆ ਗਿਆ ਜ਼ਿੰਦਗੀ ਕੋਈ ਗੁੰਝਲਦਾਰ ਸ਼ੈਅ ਹੈ ਜਿਸ ਨੂੰ ਤਰਕ ਅਤੇ ਮਾਨਵੀ ਦ੍ਰਿਸ਼ਟੀ ਤੋਂ ਬਿਨਾ ਸੁਲਝਾਉਣ ਦਾ ਕੋਈ ਹੋਰ ਰਸਤਾ ਨਹੀਂ ਹੋ ਸਕਦਾ। ਉਸ ਦਾ ਲਿਖਿਆ ਪਹਿਲਾ ਨਾਟਕ 'ਯਯਾਤੀ' ਅਤੇ 'ਤੁਗਲਕ' ਵਿਚ ਤੁਗਲਕ ਦਾ ਨੀਮ ਪਾਗਲ ਕਿਰਦਾਰ ਸਵੈ-ਹੋਂਦ ਨੂੰ ਸੰਬੋਧਿਤ ਸਵਾਲਾਂ ਅਤੇ ਮਨੋਵਿਗਿਆਨਕ ਘਾਤੜਾਂ ਦੀ ਅਮੁੱਕ ਲੜੀ ਹੈ। ਨਾਟਕ 'ਨਾਗਮੰਡਲ' ਦੇ ਪਾਤਰਾਂ ਵਿਚੋਂ ਸਹਿਜੇ ਹੀ ਦੋਹਰੀ ਸ਼ਖਸੀਅਤ ਅਤੇ ਸਹੀ ਗਲਤ ਦੇ ਅਲਜਬਰੇ ਵਿਚ ਉਲਝੇ ਕਿਰਦਾਰਾਂ ਦੀ ਨਿਸ਼ਾਨਦੇਹੀ ਕੀਤੀ ਜਾ ਸਕਦੀ ਹੈ।

ਗਿਰੀਸ਼ ਕਰਨਾਡ ਦਾ ਲਿਖਿਆ ਪਹਿਲਾ ਨਾਟਕ 'ਯਯਾਤੀ' ਉਦੋਂ ਛਪਿਆ ਜਦੋਂ ਉਹ ਆਕਸਫੋਰਡ ਵਿਚ ਵਜ਼ੀਫ਼ੇ 'ਤੇ ਪੜ੍ਹ ਰਿਹਾ ਸੀ। ਜ਼ਿੰਦਗੀ ਉਸ ਨੂੰ ਪੱਛਮ ਵਿਚ ਇਕ ਬੁੱਧੀਜੀਵੀ ਵਜੋਂ ਸਥਾਪਿਤ ਹੋਣ ਅਤੇ ਐਸ਼ੋ-ਅਰਾਮ ਨਾਲ ਅੰਗਰੇਜ਼ੀ ਭਾਸ਼ਾ ਵਿਚ ਖੱਟਣ-ਕਮਾਉਣ ਦਾ ਸੱਦਾ ਦੇ ਰਹੀ ਸੀ। ਫਿਰ ਵੀ ਉਸ ਨੇ ਵਾਪਿਸ ਆਪਣੇ ਮੁਲਕ ਆ ਕੇ ਕੰਨੜ ਵਿਚ ਲਿਖਦੇ ਰਹਿਣ ਅਤੇ ਆਪਣੀਆਂ ਸਾਹਿਤਕ-ਸਭਿਆਚਾਰਕ ਜੜ੍ਹਾਂ ਨਾਲ ਜੁੜਨ ਦਾ ਫੈਸਲਾ ਕਿਉਂ ਕੀਤਾ? ਇਸ ਦਾ ਜਵਾਬ ਉਸ ਦੀ ਬੌਧਿਕ ਇਮਾਨਦਾਰੀ ਅਤੇ ਆਜ਼ਾਦੀ ਦੀ ਧਾਰਨਾ ਨਾਲ ਇਕ-ਸੁਰ ਹੋਣ ਤੋਂ ਮਿਲਦਾ ਹੈ।

ਇਸ ਬਾਰੇ ਇਕ ਇੰਟਰਵਿਊ ਦੌਰਾਨ ਉਸ ਨੇ ਸਪਸ਼ਟ ਕੀਤਾ ਕਿ ਸਾਹਿਤ, ਦਰਸ਼ਨ, ਵਿਗਿਆਨ ਤੋਂ ਬਿਨਾ ਹਿਸਾਬ ਮੇਰਾ ਮਨਪਸੰਦ ਵਿਸ਼ਾ ਰਿਹਾ ਹੈ। ਮੈਂ ਇਨ੍ਹਾਂ ਤਿੰਨਾਂ ਵਿਚ ਹਮੇਸ਼ਾ ਵੰਡਿਆ ਰਿਹਾ। ਮੇਰਾ ਸੁਪਨਾ ਕਵੀ ਬਣਨ ਦਾ ਰਿਹਾ ਪਰ ਸ਼ਾਇਦ ਹਿਸਾਬ ਵਿਸ਼ੇ ਨਾਲ ਲਗਾਉ ਨੇ ਕਵਿਤਾ ਨੂੰ ਨਾਟਕਾਂ ਦਾ ਰੂਪ ਦੇ ਦਿੱਤਾ। ਐਲਡੋਕਸ ਹੈਕਸਲੇ ਦੇ ਨਾਵਲ ਦਾ ਇਕ ਕਿਰਦਾਰ ਬਾਈਨੌਮੀਅਲ ਥਿਊਰਮ ਦੀ ਖੂਬਸੂਰਤੀ ਨੂੰ ਮਹਿਸੂਸ ਕਰਕੇ ਰੋ ਪੈਂਦਾ ਹੈ। ਤੁਗਲਕ ਲਿਖਦਿਆਂ ਨੰਬਰਾਂ ਨੇ ਮੈਨੂੰ ਆਪਣੇ ਮੋਹ ਵਿਚ ਜਕੜ ਲਿਆ। ਮੈਂ ਕਿਰਦਾਰਾਂ ਨੂੰ ਹਿਸਾਬ ਦੇ ਗੁਣਾ-ਭਾਗ ਤੇ ਜਮ੍ਹਾਂ-ਘਟਾਉ ਨਾਲ ਨਾਪਿਆ, ਘੜਿਆ, ਤੋੜਿਆ ਅਤੇ ਭੋਗਿਆ। ਨਾਟਕ ਖਤਮ ਕਰਨ ਦੀ ਦਿਸ਼ਾ ਵੱਲ ਲਿਜਾਂਦਿਆਂ ਮੈਨੂੰ ਹਿਸਾਬ ਦੀ ਕਿਸੇ ਖ਼ੂਬਸੂਰਤ ਥਿਊਰਮ ਨੂੰ ਹੱਲ ਕਰਨ ਦਾ ਅਹਿਸਾਸ ਹੋਇਆ।

ਉਸ ਦੇ ਇਸ ਬਿਆਨ ਤੋਂ ਉਸ ਦੀ ਕਾਰਜਸ਼ੈਲੀ ਦਾ ਅੰਦਾਜ਼ਾ ਲਾਇਆ ਜਾ ਸਕਦਾ ਹੈ। ਇਸ ਤੋਂ ਵੀ ਅਗਲੇਰੀ ਸਿੱਖਣ ਦੀ ਪ੍ਰਕਿਰਿਆ ਹੋਰ ਵੀ ਦਿਲਚਸਪ ਹੈ। ਇਸ ਨੂੰ ਉਦਾਹਰਣ ਰਾਹੀਂ ਸਮਝਿਆ ਜਾ ਸਕਦਾ ਹੈ। ਜਦੋਂ ਉਹ ਧਾਰਵਾੜ (ਕਰਨਾਟਕ) ਰਹਿੰਦੇ ਸਨ ਤਾਂ ਇਕ ਅਧਿਆਪਕ ਕੇ.ਜੇ. ਸ਼ਾਹ ਉਸ ਨੂੰ ਹਿਸਾਬ, ਫਿਲਾਸਫੀ ਆਫ ਮਾਈਂਡ ਅਤੇ ਫਿਲਾਸਫ਼ੀ ਆਫ ਲੈਂਗੂਏਜ਼ ਪੜ੍ਹਾਉਂਦੇ ਸਨ। ਇਸ ਅਧਿਆਪਕ ਦੀ ਪ੍ਰੇਰਨਾ ਨਾਲ ਹੀ ਉਹ ਆਕਸਫੋਰਡ ਤੱਕ ਪੁੱਜਾ। ਆਪਣੇ ਆਖਰੀ ਸਾਲਾਂ ਵਿਚ ਕੇ.ਜੇ. ਸ਼ਾਹ ਨੇ ਜਦੋਂ ਇੰਦਰਾ ਗਾਂਧੀ ਦੁਆਰਾ ਲਗਾਈ ਐਮਰਜੈਂਸੀ ਦਾ ਸਮਰਥਨ ਕੀਤਾ ਅਤੇ ਮੁਸਲਿਮ ਵਿਰੋਧੀ ਪੱਤਾ ਖੇਡਣਾ ਸ਼ੁਰੂ ਕੀਤਾ ਤਾਂ ਗਿਰੀਸ਼ ਕਰਨਾਡ ਨੇ ਭਰੇ ਮਨ ਪਰ ਸਪਸ਼ਟ ਸੁਰ ਵਿਚ ਨਾ ਸਿਰਫ ਉਨ੍ਹਾਂ ਦਾ ਵਿਰੋਧ ਕੀਤਾ ਸਗੋਂ ਗੁਰੂ-ਵਿਦਿਆਰਥੀ ਦੇ ਰਿਸ਼ਤੇ ਨੂੰ ਵੀ ਸਦਾ ਲਈ ਤਿਲਾਂਜਲੀ ਦੇ ਦਿੱਤੀ।

ਇਤਿਹਾਸਕਾਰ ਰਾਮ ਚੰਦਰ ਗੁਹਾ ਗਿਰੀਸ਼ ਕਰਨਾਡ ਬਾਰੇ ਲਿਖੇ ਆਪਣੇ ਸ਼ਰਧਾਂਜਲੀ ਲੇਖ ਲਿਖਦਾ ਹੈ ਕਿ ਗਿਰੀਸ਼ ਕਰਨਾਡ ਭਾਰਤੀ ਸਭਿਅਤਾ ਦੀ ਅਮੀਰੀ ਦਾ ਪ੍ਰਤੀਕ ਸੀ। ਇਸ ਟਿਪਣੀ ਦੇ ਪ੍ਰਸੰਗ ਵਿਚ ਦੇਖਿਆ ਜਾਵੇ ਤਾਂ ਸਿਰਫ ਨਾਟਕ ਦੇ ਖੇਤਰ ਵਿਚ ਹੀ ਉਹ ਇਕ ਮਾਤਰ ਅਜਿਹੇ ਭਾਰਤੀ ਨਾਟਕਕਾਰ ਸਨ ਜਿਸ ਦੇ ਨਾਟਕਾਂ ਬਾਰੇ ਕੌਮਾਂਤਰੀ ਹਲਕਿਆਂ ਵਿਚ ਲਗਾਤਾਰ ਚਰਚਾ ਹੁੰਦੀ ਰਹੀ ਹੈ। ਦਿਲਚਸਪ ਤੱਥ ਇਹ ਹੈ ਕਿ ਉਸ ਦੇ ਨਾਟਕਾਂ ਜਿਨ੍ਹਾਂ ਵਿਚੋਂ 'ਤੁਗਲਕ', 'ਨਾਗਮੰਡਲ', ਹਿਆਵੰਦਨਾ' ਮੁੱਖ ਹਨ, ਭਾਰਤੀ ਮਿਥਿਹਾਸ ਕਥਾਵਾਂ 'ਤੇ ਆਧਾਰਿਤ ਹਨ ਪਰ ਇਨ੍ਹਾਂ ਵਿਚਲਾ ਸੱਚ ਅੱਜ ਦੇ ਸਮਿਆਂ ਦੀ ਸਟੀਕ ਵਿਆਖਿਆ ਕਰਦਾ ਹੈ।

ਉਸ ਦੇ ਨਾਟਕ 'ਤੁਗਲਕ' ਦੇ ਅਨੇਕਾਂ ਸ਼ੋਅ ਕਰਨ ਵਾਲੇ ਨਿਰਦੇਸ਼ਕ ਭਾਨੂੰ ਭਾਰਤੀ ਅਨੁਸਾਰ, 1950 ਅਤੇ 1960 ਦੇ ਦਹਾਕਿਆਂ ਦੌਰਾਨ ਭਾਰਤੀ ਨਾਟਕਕਾਰਾਂ ਵਿਚ ਕਈ ਪ੍ਰਤਿਭਾਸ਼ਾਲੀ ਸ਼ਖਸੀਅਤਾਂ ਸਥਾਨਕ ਭਾਸ਼ਾਵਾਂ ਵਿਚ ਨਾਟਕ ਲਿਖ ਅਤੇ ਖੇਡ ਰਹੀਆਂ ਸਨ ਜਿਵੇਂ ਮੋਹਨ ਰਾਕੇਸ਼, ਬਾਦਲ ਸਰਕਾਰ, ਵਿਜੇ ਤੈਂਦੂਲਕਰ, ਧਰਮਵੀਰ ਭਾਰਤੀ ਆਦਿ। ਜੇ ਅਸੀਂ ਅੱਜ 50-60 ਸਾਲਾਂ ਬਾਅਦ ਭਾਰਤੀ ਨਾਟਕਾਂ ਦੇ ਇਤਿਹਾਸ 'ਤੇ ਨਜ਼ਰ ਮਾਰੀਏ ਤਾਂ ਧਰਮਵੀਰ ਭਾਰਤੀ ਦਾ 'ਅੰਧਾ ਯੁੱਗ' ਅਤੇ ਗਿਰੀਸ਼ ਕਿਰਨਾਡ ਦਾ 'ਤੁਗਲਕ' ਆਪਣੀ ਗਹਿਰੀ



ਗਿਰੀਸ਼ ਕਰਨਾਡ

ਸਭਿਆਰਕ ਪੈਂਠ ਤੇ ਮੌਜੂਦਾ ਦੌਰ ਦਾ ਸਟੀਕ ਵਿਸ਼ਲੇਸ਼ਣ ਕਾਰਨ ਕਸਮੇਂ ਤੋਂ ਪਾਰ ਵਾਲੀਆਂ ਲਿਖਤਾਂ ਸਾਬਿਤ ਹੋਈਆਂ ਹਨ। ਇਨ੍ਹਾਂ ਵਿਅਚ ਮਾਨਵੀ ਤ੍ਰਾਸਦੀਆਂ, ਸਮਾਜਕ ਹਾਲਾਤ ਤੇ ਮਨੋਵਿਗਿਆਨਕ ਜੱਦੋਜਹਿਦ ਦਾ ਅਜਿਹਾ ਸੂਖਮ ਤੇ ਪਾਰਦਰਸ਼ੀ ਜਾਲ ਬੁਣਿਆ ਪਿਆ ਹੈ, ਜੋ ਦਰਸ਼ਕਾਂ ਦੀਆਂ ਨਾਜ਼ੁਕ, ਦੁਖਦੀਆਂ ਰਗਾਂ ਨੂੰ ਸ਼ਬਦਾਂ ਅਤੇ ਮਨੋਭਾਵਾਂ ਨਾਲ ਛੇੜਦਾ ਚਲਾ ਜਾਂਦਾ ਹੈ। ਇਸ ਵਿਚ ਸਿਆਸਤ ਹੈ, ਇਤਿਹਾਸ ਹੈ, ਮਨੁੱਖੀ ਰੁਦਨ ਹੈ, ਵੇਦਨਾ ਹੈ, ਰੋਹ ਹੈ, ਰੰਜ਼ ਹੈ, ਗੁੱਸਾ ਹੈ, ਬੇਵਸੀ ਹੈ, ਭੋਗੇ ਜਾਣ ਦੀ ਪੀੜਾ ਹੈ ਅਤੇ ਹਾਲਾਤ ਦੀ ਨਿਰੰਤਰਤਾ ਖਿਲਾਫ ਵਿਦਰੋਹ ਹੈ।

ਇਨ੍ਹੀਂ ਦਿਨੀਂ ਵਿਚ ਹਿੰਦੀ ਦੇ ਮੁੱਖ ਨਾਟਕਕਾਰ ਪ੍ਰੋ. ਕੇ.ਐਸ. ਰਾਜਿੰਦਰਨ ਗਿਰੀਸ਼ ਕਿਰਨਾਡ ਦੇ ਤਿੰਨ ਨਾਟਕਾਂ 'ਅਗਨੀ ਔਰ ਵਰਸ਼ਾ', 'ਵੈਡਿੰਗ ਐਲਬਮ' ਅਤੇ 'ਬਾਲੀ' ਦਾ ਦਿੱਲੀ ਵਿਚ ਪ੍ਰਦਰਸ਼ਨ ਕਰ ਰਹੇ ਹਨ। ਉਨ੍ਹਾਂ ਅਨੁਸਾਰ, ਦਰਸ਼ਕਾਂ ਇਨ੍ਹਾਂ ਨਾਟਕਾਂ ਨੂੰ ਵਾਰ-ਵਾਰ ਦੇਖਣ ਆ ਰਹੇ ਹਨ। ਇਸ ਦਾ ਕਾਰਨ ਇਹ ਹੈ ਕਿ ਇਹ ਮੌਜੂਦਾ ਦੌਰ ਦੇ ਗੁੰਝਲਦਾਰ ਹਾਲਾਤ ਦੀ ਘੁੰਮਣ-ਘੇਰੀ ਵਿਚ ਫਸੇ ਮਰਦਾਂ ਅਤੇ ਔਰਤਾਂ ਦੀਆਂ ਆਪਣੀਆਂ ਕਹਾਣੀਆਂ ਅਤੇ ਹਕੀਕਤ ਦੀ ਹੂ-ਬ-ਹੂ ਪੇਸ਼ਕਾਰੀ ਹਨ।

ਹਕੀਕਤ ਅਤੇ ਕਲਪਿਤਾ ਵਿਚਲੀ ਮਹੀਨ ਲਕੀਰ ਦੇ ਆਸ-ਪਾਸ ਹੀ ਉਸ ਦੀਆਂ ਜ਼ਿਆਦਾਤਰ ਫਿਲਮਾਂ ਦੀਆਂ ਪਟਕਥਾਵਾਂ ਘੁੰਮਦੀਆਂ ਹਨ। 1970 ਵਿਚ ਉਸ ਨੇ ਆਪਣੇ ਅਭਿਨੈ ਕਰੀਅਰ ਦੀ ਸ਼ੁਰੂਆਤ ਸ੍ਰੀ ਅਨੰਤਾਮੂਰਤੀ ਦੀ ਕਲਮਬਧ ਕੀਤੀ ਫਿਲਮ 'ਸਮਸਕਾਰਾ' (ਅੰਤਿਮ ਸੰਸਕਾਰ) ਤੋਂ ਕੀਤੀ। ਫਿਲਮ ਕੰਨੜ ਭਾਸ਼ਾ ਵਿਚ ਸੀ ਅਤੇ ਇਸ ਫਿਲਮ ਨੂੰ ਕੰਨੜ ਭਾਸ਼ਾ ਵਿਚ ਸਮਾਂਤਰ ਸਿਨੇਮਾ ਅੰਦੋਲਨ ਦੀ ਸ਼ੁਰੂਆਤੀ ਫਿਲਮ ਗਿਣਿਆ ਜਾਂਦਾ ਹੈ। ਫਿਲਮ ਦੇ ਰਿਲੀਜ਼ ਹੁੰਦਿਆਂ ਹੀ ਮਦਰਾਸ ਹਾਈਕੋਰਟ ਨੇ ਇਸ ਉਤੇ ਪਾਬੰਦੀ ਲਗਾ ਦਿਤੀ ਕਿ ਫਿਲਮ ਵਿਚ ਜਾਤੀ ਪ੍ਰਥਾ ਦਾ ਵਿਰੋਧ ਇੰਨੇ ਜ਼ਬਰਦਸਤ ਢੰਗ ਨਾਲ ਕੀਤਾ ਗਿਆ ਹੈ ਕਿ ਇਸ ਨਾਲ ਰਾਜ ਵਿਚ ਬਹੁਗਿਣਤੀ ਉਚ ਜਾਤੀ ਦੀਆਂ ਭਾਵਨਾਵਾਂ ਭੜਕ ਸਕਦੀਆਂ ਸਨ।

ਬਾਅਦ ਵਿਚ ਇਸ ਫਿਲਮ ਨੂੰ ਕੌਮੀ ਪੁਰਸਕਾਰ ਮਿਲਿਆ ਅਤੇ ਕੇਂਦਰੀ ਸਰਕਾਰ ਨੇ ਇਹ ਪਾਬੰਦੀ ਹਟਾ ਦਿੱਤੀ। ਜੇ ਇਸ ਫਿਲਮ ਦੀ ਪੜਚੋਲ ਕੀਤੀ ਜਾਵੇ ਤਾਂ ਇਹ ਮੌਜੂਦਾ ਦੌਰ ਵਿਚ ਬੀਫ ਖਾਣ ਦੇ 'ਸ਼ੱਕ' ਦੇ ਆਧਾਰ 'ਤੇ ਕੀਤੇ ਕਤਲਾਂ ਅਤੇ ਵੇਲਾ ਵਿਹਾ ਚੁੱਕੇ ਬ੍ਰਾਹਮਣਵਾਦੀ ਮਨੂ-ਸਿਮਰਤੀ ਆਧਾਰਤ ਸਿਆਸਤੀ ਦਾਅ-ਪੇਚਾਂ ਦੀ ਜ਼ੋਰਦਾਰ ਖਿਲਾਫਤ ਕਰਦੀ ਫਿਲਮ ਹੈ। ਫਿਲਮ ਵਿਚ ਗਿਰੀਸ਼ ਨੇ ਅਜਿਹੇ ਬ੍ਰਾਹਮਣ ਦਾ ਕਿਰਦਾਰ ਨਿਭਾਇਆ ਹੈ ਜਿਹੜਾ ਆਪਣੇ ਦੋਸਤ ਦੀ ਮੌਤ ਦੇ ਦਵੰਦ ਨਾਲ ਜੂਝਦਿਆਂ ਆਪਣੇ ਸਵਾਲਾਂ ਦੇ ਜਵਾਬ ਧਾਰਮਿਕ ਗ੍ਰੰਥਾਂ ਵਿਚੋਂ ਲੱਭਣ ਵਿਚ ਅਸਮਰੱਥ ਰਹਿੰਦਾ ਹੈ ਅਤੇ ਇਨ੍ਹਾਂ ਕਰਮ-ਕਾਂਡਾਂ ਦੀ ਸਾਰਥਿਕਤਾ 'ਤੇ ਸਵਾਲ ਖੜ੍ਹੇ ਕਰਦਾ ਹੈ। ਇਥੇ ਇਹ ਤੱਥ ਜਾਣਨਾ ਵੀ ਘੱਟ ਦਿਲਚਸਪ ਨਹੀਂ ਹੋਵੇਗਾ ਕਿ ਫਿਲਮ ਦੇ ਲੇਖਕ ਅਨੰਤਮੂਰਤੀ ਨੇ ਇਹ ਫਿਲਮ ਇੰਗਮਰ ਬਰਗਮੈਨ ਦੀ ਕਲਾਸਿਕ ਫਿਲਮ 'ਦਿ ਸਵੈਨਥ ਸੀਲ' ਤੋਂ ਪ੍ਰਭਾਵਿਤ ਹੋ ਕੇ ਲਿਖੀ ਸੀ। ਫਿਲਮ ਬਾਰੇ ਇੰਟਰਵਿਊ ਵਿਚ ਉਹ ਮਜ਼ਾਕੀਆ ਲਹਿਜੇ 'ਚ ਆਖਦੇ ਹਨ ਕਿ ਜੇ ਫਿਲਮ ਵਿਚ ਦਰਸਾਈ ਲੋਕੇਸ਼ਨ ਦੇ ਬਾਸ਼ਿੰਦਿਆਂ ਨੂੰ ਫਿਲਮ ਦੇ ਕੇਂਦਰੀ ਨੁਕਤੇ ਦੀ ਭਿਣਕ ਲੱਗ ਜਾਂਦੀ ਤਾਂ ਇਹ ਫਿਲਮ ਬਣਾਉਣੀ ਅਸੰਭਵ ਹੋ ਜਾਂਦੀ।

ਗਿਰੀਸ਼ ਕਰਨਾਡ ਦੀਆਂ ਗਹਿਰੀਆਂ ਕਾਲੀਆਂ ਅੱਖਾਂ ਅਤੇ ਗਹਿਰ-ਗੰਭੀਰ ਸ਼ਖਸੀਅਤ ਵਿਚਲੀ ਮਾਸੂਮੀਅਤ ਅਤੇ ਸੱਚਾਈ ਨੂੰ ਟੀ.ਵੀ. ਸੀਰੀਜ਼ 'ਮਾਲਗੁਡੀ ਡੇਅਜ਼' ਰਾਹੀਂ ਪੜ੍ਹਿਆ ਜਾ ਸਕਦਾ ਹੈ ਜਿਸ ਤੋਂ ਬਾਅਦ ਦਰਸ਼ਕ ਉਸ ਨੂੰ 'ਸਵਾਮੀ ਦਾ ਪਿਤਾ' ਵਜੋਂ ਹੀ ਜਾਣਨ ਲੱਗ ਪਏ। ਇਸ ਟੀ.ਵੀ. ਸੀਰੀਜ਼ ਦੀ ਭਾਰਤੀ ਟੈਲੀਵਿਜ਼ਨ ਦੇ ਇਤਿਹਾਸ ਵਿਚ ਕੀ ਭੂਮਿਕਾ ਹੈ, ਇਸ ਤੱਥ ਦਾ ਅੰਦਾਜ਼ਾ ਇਸ ਗੱਲ ਤੋਂ ਲਗਾਇਆ ਜਾ ਸਕਦਾ ਹੈ ਕਿ ਕਰਨਾਟਕ ਦੇ ਜਿਸ ਛੋਟੇ ਜਿਹੇ ਪਿੰਡ 'ਅਗਸੇ' ਵਿਚ ਇਹ ਟੀ.ਵੀ. ਸੀਰੀਜ਼ ਫਿਲਮਾਈ ਗਈ, ਭਾਰਤੀ ਰੇਲਵੇ ਨੇ ਉਸ ਨੂੰ 'ਮਾਲਗੁਡੀ ਸਟੇਸ਼ਨ' ਵਜੋਂ ਵਿਕਸਿਤ ਕਰ ਲਿਆ।

ਆਪਣਾ ਸਭ ਤੋਂ ਮਹੱਤਵਪੂਰਨ ਨਾਟਕ 'ਤੁਗਲਕ' ਗਿਰੀਸ਼ ਕਰਨਾਡ ਨੇ 1964 ਵਿਚ ਲਿਖਿਆ। ਮੁਗਲ ਸ਼ਾਸਕ ਮੁਹੰਮਦ ਬਿਨ ਤੁਗਲਕ 'ਤੇ ਆਧਾਰਤ ਇਹ ਨਾਟਕ ਨਹਿਰੂਵਾਦੀ ਸਮਾਜਵਾਦ ਦੇ ਭਾਰਤੀ ਤਜਰਬੇ ਵਿਚਲੀਆਂ ਊਣਤਾਈਆਂ, ਵਿਰੋਧਤਾਈਆਂ ਅਤੇ ਸਿਆਸੀ ਘੁੰਢੀਆਂ ਨੂੰ ਪਰਤ-ਦਰ-ਪਰਤ ਖੋਲ੍ਹਦਾ ਹੈ। ਇਸ ਨੂੰ ਦੇਖਦਿਆਂ ਸੁਭਾਵਿਕ ਹੀ ਸਿਆਸੀ ਸਮਝ ਦੇ ਫਲਸਫੇ ਅਤੇ ਹਕੀਕਤ ਵਿਚਲੀ ਵਿਥ ਉਘੜ ਕੇ ਸਾਹਮਣੇ ਆ ਜਾਂਦੀ ਹੈ। ਗਿਰੀਸ਼ ਕਰਨਾਡ ਦੇ ਇਸ ਨਾਟਕ ਦੀ ਖ਼ੂਬਸੂਰਤੀ ਇਸ ਨਾਟਕ ਦਾ ਕਾਲ ਅਤੇ ਸਪੇਸ ਦੀਆਂ ਹੱਦਾਂ ਤੋਂ ਪਾਰ ਮਨੁੱਖੀ ਚੇਤਨਾ ਦੇ ਖਾਸੇ ਅਤੇ 'ਸਮੂਹਿਕ ਜ਼ਿੰਮੇਵਾਰੀ' ਦੀ ਸਾਰਥਿਕਤਾ ਨਾਲ ਜਾ ਜੁੜਨਾ ਹੈ।

ਉਸ ਦੇ ਇਕ ਹੋਰ ਮਹੱਤਵਪੂਰਨ ਨਾਟਕ 'ਨਾਗਮੰਡਲ' ਦੀ ਕਹਾਣੀ ਬਹੁਤ ਸਾਰੀਆਂ ਛੋਟੀਆਂ-ਛੋਟੀਆਂ ਕਹਾਣੀਆਂ ਦਾ ਸਾਂਝਾ ਕੈਨਵਸ ਹੈ ਜਿਸ ਵਿਚੋਂ ਜੇ ਤੁਸੀਂ ਕੋਈ ਇਕ ਤੰਦ ਫੜ ਕੇ ਖਿੱਚਣ ਦੀ ਕੋਸ਼ਿਸ਼ ਕਰਦੇ ਹੋ, ਤੁਹਾਨੂੰ ਬਾਕੀ ਸਾਰੀਆਂ ਤੰਦਾਂ ਦੀ ਸ਼ਨਾਖਤ ਕਰਨ ਅਤੇ ਉਨ੍ਹਾਂ ਨੂੰ ਸਮਝਣ ਲਈ ਮਜਬੂਰ ਹੋਣਾ ਪੈਂਦਾ ਹੈ। ਭਾਰਤੀ ਪ੍ਰਸੰਗ ਵਿਚ ਜਿਨਸੀ ਸੁੱਚਮਤਾ ਅਤੇ ਵਿਆਹ-ਸੰਸਥਾ ਅੰਦਰਲੀ ਨੈਤਿਕਤਾ ਨੂੰ ਸੰਬੋਧਿਤ ਹੁੰਦਿਆਂ ਇਹ ਨਾਟਕ ਸਹੀ-ਗਲਤ, ਸੱਚ-ਝੂਠ, ਹਕੀਕੀ-ਕਲਪਿਤ, ਮਿਥਕ-ਇਤਿਹਾਸਕ, ਮੂਰਤ-ਅਮੂਰਤ ਦੀਆਂ ਧਾਰਨਾਵਾਂ ਅਤੇ ਇਨ੍ਹਾਂ ਅੰਦਰਲੀ ਆਪਸੀ ਕਸ਼ਮਕਸ਼ ਬਾਰੇ ਨਵੇਂ ਸਵਾਲ ਪੈਦਾ ਕਰਦਾ ਹੈ।

ਆਪਣੇ ਫਿਲਮ ਆਧਾਰਿਤ ਕਾਰਜਾਂ ਦੌਰਾਨ ਉਸ ਨੇ ਨਿਰਦੇਸ਼ਕ ਵਜੋਂ 'ਵਮਸ਼ਾ ਵਰਿਖਸ਼' (ਕੰਨੜ) ਫਿਲਮ ਦਾ ਨਿਰਦੇਸ਼ਨ ਕੀਤਾ। ਇਸ ਤੋਂ ਇਲਾਵਾ 'ਗੋਧਿਲ' ਅਤੇ 'ਉਤਸਵ' ਫਿਲਮਾਂ ਬਣਾਈਆਂ। 'ਉਤਸਵ' ਦਾ ਜ਼ਿਕਰ ਭਾਰਤ ਦੀਆਂ ਉਨ੍ਹਾਂ ਚੋਣਵੀਆਂ ਫਿਲਮਾਂ ਵਿਚ ਹੁੰਦਾ ਹੈ ਜਿਨ੍ਹਾਂ ਨੇ ਭਾਰਤੀ ਸੁਹਜ ਪਰੰਪਰਾ ਨੂੰ ਬਹੁਤ ਬਾਰੀਕੀ ਨਾਲ ਸੁਨਹਿਰੀ ਪਰਦੇ 'ਤੇ ਲਿਆਂਦਾ ਹੈ। ਇਸ ਤੋਂ ਇਲਾਵਾ ਅਦਾਕਾਰ ਵਜੋਂ ਫਿਲਮ 'ਨਿਸ਼ਾਂਤ' (1975), 'ਮੰਥਨ' (1976), 'ਸਵਾਮੀ' (1977) ਅਤੇ 'ਪੁਕਾਰ' (2000) ਵਿਚ ਵਖੋ-ਵੱਖਰੀਆਂ ਭੂਮਿਕਾਵਾਂ ਅਦਾ ਕੀਤੀਆਂ। ਉਸ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਫਿਲਮ ਨਿਰਦੇਸ਼ਕ ਸ਼ਿਆਮ ਬੈਨੇਗਲ ਨੇ ਲਿਖਿਆ: "ਮੈਨੂੰ ਇਹ ਮੰਨਣ ਵਿਚ ਕੋਈ ਝਿਜਕ ਨਹੀਂ ਕਿ ਸਾਡੇ ਤਿੰਨਾਂ ਦੋਸਤਾਂ- ਮੈਂ, ਕਰਨਾਡ ਤੇ ਸੱਤਿਆਦੇਵ ਦੂਬੇ ਵਿਚੋਂ ਕਰਨਾਡ ਸਭ ਤੋਂ ਵੱਧ ਬੁਧੀਮਾਨ ਸੀ। ਉਹ ਮੌਲਿਕ ਸਿਰਜਕ ਸੀ। ਮੈਂ ਉਸ ਦੀ ਬੌਧਿਕ ਸਮਰੱਥਾ ਦਾ ਹਮੇਸ਼ਾ ਕਾਇਲ ਰਿਹਾ।"

ਇਸੇ ਬੌਧਿਕ ਸਮਰੱਥਾ ਦੇ ਦਮ 'ਤੇ ਉਸ ਨੂੰ 1972 ਵਿਚ ਸੰਗੀਤ ਨਾਟਕ ਅਕੈਡਮੀ ਐਵਾਰਡ, 1974 ਵਿਚ ਪਦਮਸ੍ਰੀ, 1992 ਵਿਚ ਪਦਮ ਭੂਸ਼ਣ, 1994 ਵਿਚ ਸਾਹਿਤ ਅਕਾਦਮੀ ਪੁਰਸਕਾਰ, 1998 ਵਿਚ ਗਿਆਨਪੀਠ ਪੁਰਸਕਾਰ, 1998 ਵਿਚ ਕਾਲੀਦਾਸ ਸਨਮਾਨ ਮਿਲਣ ਤੋਂ ਇਲਾਵਾ ਸੌਦਰਨ ਯੂਨੀਵਰਸਿਟੀ ਕੈਲੀਫੋਰਨੀਆ (ਅਮਰੀਕਾ) ਵਲੋਂ ਆਨਰੇਰੀ ਡਿਗਰੀ ਦਿੱਤੀ ਗਈ। ਉਸ ਨੇ ਫਿਲਮਾਂ ਦੇ ਖੇਤਰ ਵਿਚ ਕੌਮੀ ਐਵਾਰਡ ਤੋਂ ਬਿਨਾ ਅਨੇਕਾਂ ਕੌਮਾਂਤਰਰੀ ਸਨਮਾਨ ਪ੍ਰਾਪਤ ਕੀਤੇ। ਉਹ 'ਫਿਲਮ ਐਂਡ ਟੈਲੀਵਿਜ਼ਨ ਇੰਸਟੀਚਿਊਟ ਇੰਡੀਆ' ਦੇ 1974 ਤੋਂ 1975 ਤੱਕ ਅਤੇ ਸੰਗੀਤ ਨਾਟਕ ਅਕੈਡਮੀ ਦੇ 1988 ਤੋਂ 1993 ਤੱਕ ਚੇਅਰਮੈਨ ਵੀ ਰਹੇ। ਨਿੱਜੀ ਜ਼ਿੰਦਗੀ ਵਿਚ ਉਸ ਸਬੰਧੀ ਇਕ ਦਿਲਚਸਪ ਤੱਥ ਇਹ ਹੈ ਕਿ ਉਸ ਨੂੰ ਆਪਣੀ ਪਤਨੀ ਸਰਸਵਤੀ ਗਣਪਤੀ ਨਾਲ ਵਿਆਹ ਕਰਵਾਉਣ ਲਈ 42 ਸਾਲ ਦੀ ਉਮਰ ਤੱਕ ਉਡੀਕਣਾ ਪਿਆ ਕਿਉਂਕਿ ਉਹ ਬ੍ਰਾਹਮਣ ਸੀ ਅਤੇ ਉਸ ਦੀ ਪ੍ਰੇਮਿਕਾ ਪਾਰਸੀ।

ਗਿਰੀਸ਼ ਕਰਨਾਡ ਦੀ ਪਛਾਣ ਫਿਲਮਾਂ, ਨਾਟਕਾਂ ਅਤੇ ਅਦਾਕਾਰੀ ਤੋਂ ਵੱਧ ਇਕ ਆਦਰਸ਼ਵਾਦੀ ਮਨੁੱਖ ਅਤੇ ਚੇਤਨ ਜਾਗਰੂਕ ਨਾਗਰਿਕ ਵਜੋਂ ਵੀ ਬਹੁਤ ਮਹੱਤਵਪੂਰਨ ਹੈ। ਉਸ ਨੇ ਸਾਰੀ ਉਮਰ ਧਾਰਮਿਕ ਤੰਗਨਜ਼ਰੀ, ਮੂਲਵਾਦ, ਕੱਟੜਵਾਦ, ਫਿਰਕਾਪ੍ਰਸਤੀ ਅਤੇ ਮੁਸਲਿਮ-ਦਲਿਤਾਂ ਵਿਰੋਧੀ ਸਮਾਜਿਕ ਅਤੇ ਸਿਆਸੀ ਟੀਰ ਦਾ ਡਟ ਕੇ ਵਿਰੋਧ ਕੀਤਾ। 1992 ਵਿਚ ਉਸ ਨੇ ਬਾਬਰੀ ਮਸਜਿਦ ਢਾਹੁਣ ਖਿਲਾਫ ਤਿੱਖੀ ਟਿੱਪਣੀ ਕੀਤੀ। 2014 ਦੀਆਂ ਚੋਣਾਂ ਦੌਰਾਨ ਜਦੋਂ ਭਾਰਤੀ ਸਿਨੇਮਾ ਦੇ ਸਿਰਕੱਢ ਅਦਾਕਾਰ ਅਤੇ ਨਿਰਦੇਸ਼ਕ ਜਦੋਂ ਨਰਿੰਦਰ ਮੋਦੀ ਦੀ 'ਵਾਹ ਵਾਹ' ਵਿਚ ਜੁਟੇ ਹੋਏ ਸਨ, ਤਾਂ ਉਸ ਨੇ ਪ੍ਰਧਾਨ ਮੰਤਰੀ ਵਜੋਂ ਮੋਦੀ ਦੀ ਕਾਬਲੀਅਤ 'ਤੇ ਵਾਜਬ ਸਵਾਲ ਖੜ੍ਹੇ ਕੀਤੇ। 'ਅਰਬਨ ਨਕਸਲ' ਮੁਹਿੰਮ ਦੌਰਾਨ ਖਿੱਚੀ ਫੋਟੋ ਸਾਡੇ ਦੌਰ ਵਿਚ 'ਵਿਰੋਧ' ਅਤੇ 'ਆਜ਼ਾਦੀ' ਦੀ ਝਲਕ ਨੂੰ ਨਵੇਂ ਸਿਰਿਉਂ ਪ੍ਰਭਾਸ਼ਿਤ ਕਰਦੀ ਹੈ।

ਗਿਰੀਸ਼ ਕਰਨਾਡ ਨੂੰ ਯਾਦ ਕਰਨ ਦਾ ਸਭ ਤੋਂ ਸਹੀ ਤੇ ਢੁਕਵਾਂ ਤਰੀਕਾ ਉਸ ਦੇ ਜੀਵਨ ਮੁੱਲਾਂ ਨੂੰ ਆਪਣੇ ਚੇਤਿਆਂ ਅਤੇ ਆਪਣੀ ਜੀਵਨ ਸ਼ੈਲੀ ਵਿਚ ਉਤਾਰ ਲੈਣਾ ਹੈ। ਪਿਛਲੇ ਦਿਨੀਂ ਪੱਤਰਕਾਰ ਗੌਰੀ ਲੰਕੇਸ਼ ਕਤਲ ਕੇਸ ਦੀ ਜਾਂਚ ਕਰ ਰਹੀ ਟੀਮ ਦੇ ਹੱਥ ਅਜਿਹੇ ਸਬੂਤ ਲੱਗੇ ਜਿਨ੍ਹਾਂ ਤੋਂ ਇਹ ਸਾਬਿਤ ਹੁੰਦਾ ਸੀ ਕਿ ਗੌਰੀ ਲੰਕੇਸ਼ ਤੋਂ ਵੀ ਪਹਿਲਾਂ ਫਿਰਕਾਪ੍ਰਸਤਾਂ ਅਤੇ ਆਰ.ਐਸ.ਐਸ. ਦਾ ਨਿਸ਼ਾਨਾ ਗਿਰੀਸ਼ ਕਰਨਾਡ ਨੂੰ ਕਤਲ ਕਰਨਾ ਸੀ। ਜਦੋਂ ਉਸ ਤੋਂ ਇਸ ਬਾਰੇ ਸਵਾਲ ਪੁੱਛਿਆ ਗਿਆ ਤਾਂ ਉਸ ਨੇ ਸੰਘੀ ਲਾਣੇ ਦੀ ਕਾਇਰਤਾ ਬਾਰੇ ਮੁਸਕਰਾਉਂਦਿਆਂ ਸਿਰਫ ਇੰਨਾ ਜਵਾਬ ਦਿੱਤਾ, "ਮੇਰੀ ਇਸ ਵਿਚ ਕੋਈ ਦਿਲਚਸਪੀ ਨਹੀਂ।"

ਸ਼ਮਸ਼ੇਰ ਸੰਧੂ ਦਾ ਸਮਾਂ-3

ਸ਼ਖਸੀਅਤਾਂ

# ਯਾਦਾਂ ਦਾ ਵਿਹੜਾ ਗਾਵੇ ਜ਼ਿੰਦਗੀ ਦੇ ਗੀਤ

**ਸ਼ਮਸ਼ੇਰ ਸੰਧੂ ਨੂੰ ਬਹੁਤੇ ਲੋਕ, ਗੀਤਕਾਰ ਵਜੋਂ ਹੀ ਜਾਣਦੇ ਹਨ। ਬਹੁਤ ਘੱਟ ਲੋਕਾਂ ਨੂੰ ਪਤਾ ਹੋਵੇਗਾ ਕਿ ਉਸ ਨੇ ਕਮਾਲ ਦੀਆਂ ਕਹਾਣੀਆਂ ਵੀ ਲਿਖੀਆਂ ਹਨ ਅਤੇ ਉਸ ਦਾ ਰੁਜ਼ਗਾਰ ਮੂਲ ਰੂਪ ਵਿਚ ਪੱਤਰਕਾਰੀ ਸੀ। ਉਸ ਦੇ ਕੁਲੀਗ ਅਤੇ ਯਾਰ ਗੁਰਦਿਆਲ ਸਿੰਘ ਬੱਲ ਨੇ ਆਪਣੇ ਇਸ ਲੰਮੇ ਲੇਖ ਵਿਚ ਸ਼ਮਸ਼ੇਰ ਸੰਧੂ ਬਾਰੇ ਜਿਹੜੀ ਕਥਾ ਸੁਣਾਈ ਹੈ, ਉਹ ਨਿਵੇਕਲੀ ਤਾਂ ਹੈ ਹੀ, ਇਸ ਵਿਚ ਜ਼ਿੰਦਗੀ ਨੂੰ ਸਮਝਣ-ਸਮਝਾਉਣ ਲਈ ਖੋਲ੍ਹੀਆਂ ਘੁੰਡੀਆਂ ਬੜਾ ਦਿਲਚਸਪ ਮੰਜ਼ਰ ਬੰਨ੍ਹਦੀਆਂ ਹਨ। ਐਤਕੀਂ ਪੜ੍ਹੋ ਇਸ ਲੰਮੇ ਲੇਖ ਦੀ ਤੀਜੀ ਤੇ ਆਖਰੀ ਕਿਸ਼ਤ। -ਸੰਪਾਦਕ**

ਸ਼ਮਸ਼ੇਰ ਸੰਧੂ ਨੇ ਜ਼ਿੰਦਗੀ ਦੇ ਹਰ ਰੰਗ ਦਾ ਨਜ਼ਾਰਾ ਦੇਖਣ ਦੀ ਚਾਹਤ ਦੇ ਬਾਵਜੂਦ ਆਪਣੇ ਵਿਤ ਅਤੇ ਸੰਕੋਚ ਨਾਲ ਚਲਦਿਆਂ ਆਪਣੇ ਆਪ ਨੂੰ ਪੂਰੀ ਸਾਵਧਾਨੀ ਨਾਲ ਬਚਾ ਕੇ ਰੱਖਿਆ; 'ਪੰਜਾਬੀ ਟ੍ਰਿਬਿਊਨ' ਵਿਚ ਨਿਊਜ਼ ਰੂਮ ਦੀ ਅਤਿ ਨੀਰਸ ਨੌਕਰੀ ਦੌਰਾਨ ਵੀ। ਸ਼ਾਇਦ ਇਸੇ ਸਦਕਾ ਹੀ ਉਹ ਪੰਜਾਬੀਆਂ ਨੂੰ ਆਪਣੇ ਕਈ ਯਾਦਗਾਰੀ ਗੀਤਾਂ ਦੇ ਤੋਹਫੇ ਦੇ ਸਕਿਆ ਹੈ; ਤੇ ਇਹ ਵੀ ਕਿਹੜੀ ਛੋਟੀ ਗੱਲ ਹੈ ਕਿ ਉਹ ਦੀਦਾਰ ਸੰਧੂ ਵਰਗੇ ਆਪਣੇ ਅਨੇਕਾਂ ਮਿੱਤਰਾਂ ਨੂੰ ਸਦਾ ਸਾਹ ਸਾਹ ਨਾਲ ਯਾਦ ਕਰਦਾ ਰਿਹਾ ਹੈ। ਉਨ੍ਹਾਂ ਦੇ ਦੁੱਖਾਂ-ਦਰਦਾਂ ਦੀਆਂ ਕਹਾਣੀਆਂ ਸਦਾ ਸੁਣਾਉਂਦਾ ਰਿਹਾ। ਰਣਧੀਰ ਸਿੰਘ ਚੰਦ, ਜਗਤਾਰ, ਸੁਰਜੀਤ ਪਾਤਰ, ਸੁਖਵਿੰਦਰ ਅੰਮ੍ਰਿਤ, ਐਸ. ਐਸ. ਮੀਸ਼ਾ ਅਤੇ ਹੋਰ ਕਈ ਸਮਕਾਲੀ ਸ਼ਾਇਰਾਂ ਦੇ ਅਨੇਕਾਂ ਸ਼ਿਅਰ ਉਸ ਨੂੰ ਜ਼ਬਾਨੀ ਯਾਦ ਹਨ। ਇਕ ਵਾਰ ਤਾਂ ਫੋਨ ਉਪਰ ਉਹਨੇ ਕੁਝ ਸ਼ੇਅਰ ਜੋ ਮੈਨੂੰ ਵੀ ਜ਼ਬਾਨੀ ਯਾਦ ਸਨ, ਸੁਣਾ ਕੇ ਸੱਚਮੁੱਚ



ਗੁਰਦਿਆਲ ਸਿੰਘ ਬੱਲ
ਫੋਨ: 647-982-6091

ਹੈਰਾਨ ਹੀ ਕਰ ਦਿਤਾ। ਗੱਲਾਂ ਗੱਲਾਂ ਵਿਚ ਉਹ ਕਹਿਣ ਲੱਗਾ, ਲੈ ਸ਼ਿਅਰ ਸੁਣ:

ਜ਼ਿਕਰ ਹੀ ਛਿੜਿਆ ਹੈ
ਕੇਵਲ ਹੁਸਨ ਦੀ ਉਸ ਜਾਨ ਦਾ
ਦੇਖ ਰੌਸ਼ਨ ਹੋ ਗਏ ਨੇ
ਜਾਮ ਸਾਰੇ ਕਿਸ ਤਰ੍ਹਾਂ।
---
ਰੱਬ ਮੈਥੋਂ ਹਸ਼ਰ ਵਿਚ
ਇਸ ਤੋਂ ਸਿਵਾ ਪੁਛੇਗਾ ਕੀ
ਸਿਤਮ ਦੇ ਦਿਨ ਉਸ ਜਹਾਂ ਵਿਚ
ਤੂੰ ਗੁਜ਼ਾਰੇ ਕਿਸ ਤਰ੍ਹਾਂ।
---
ਦਸ ਕਿ ਖਲਾਵਾਂ ਵਿਚ ਵੀ
ਖੁਸ਼ ਨੇ ਸਿਤਾਰੇ ਕਿਸ ਤਰ੍ਹਾਂ।
ਖਿੜ ਖਿੜਾ ਕੇ ਹਸਦੇ ਨੇ
ਸਬਰ ਮਾਰੇ ਕਿਸ ਤਰ੍ਹਾਂ।
ਆਰਜ਼ੂ ਦੀ ਫਸਲ ਤੇ
ਨਾਜ਼ੁਕ ਬਹੁਤ ਹੈ ਜਾਣੇ ਮਨ
ਰਾਸ ਆ ਸਕਦੇ ਨੇ
ਇਸ ਨੂੰ ਹੰਝੂ ਖਾਰੇ ਕਿਸ ਤਰ੍ਹਾਂ।

ਇਹ ਸਾਡੇ ਉਸਤਾਦ ਗੁਰਦੀਪ ਦੇਹਰਾਦੂਨ ਦੀ ਕਿਸੇ ਗਜ਼ਲ ਦੇ ਸ਼ੇਅਰ ਹਨ। ਗੁਰਦੀਪ, ਪੰਜਾਬੀ ਦੇ ਸਾਡੇ ਸਮਿਆਂ 'ਚ ਪਿਛਲੀ ਕਰੀਬ ਅੱਧੀ ਸਦੀ ਤੋਂ ਵੀ ਵੱਧ ਮਿਰਜ਼ਾ ਗਾਲਿਬ ਅਤੇ ਫੈਜ਼ ਅਹਿਮਦ ਫੈਜ਼ ਦੀ ਜ਼ਮੀਨ ਵਿਚ ਗਜ਼ਲਾਂ ਕਹਿਣ ਵਾਲਾ ਤੇ ਜ਼ਿੰਦਗੀ ਦੇ ਸੁਪਨੇ ਤੇ ਸ਼ਾਨਾਂ ਦਾ ਗੀਤ ਲਗਾਤਾਰ, ਨਿਰੰਤਰ ਗਾਉਣ ਵਾਲਾ ਸ਼ਾਇਰ ਹੈ।

ਗਜ਼ਲਾਂ ਦੇ ਸ਼ਿਅਰ ਹੀ ਨਹੀਂ, ਸ਼ਮਸ਼ੇਰ ਨੂੰ 'ਜੱਗ ਜੰਕਸ਼ਨ ਰੇਲਾਂ ਦਾ' ਵਾਲੇ ਦਰਵੇਸ਼ ਕਵੀਸ਼ਰ ਕਰਨੈਲ ਸਿੰਘ ਪਾਰਸ ਦੀਆਂ ਅਨੇਕਾਂ ਝੋਕਾਂ ਅਤੇ ਕੋਰੜੇ ਵੀ ਚੇਤੇ ਹਨ। ਕਈ ਵਰ੍ਹੇ ਪਹਿਲਾਂ ਕੇਰਾਂ ਸ਼ਮਸ਼ੇਰ ਨਰਿੰਦਰ ਭੁੱਲਰ ਨਾਲ ਅਤੇ ਉਸ ਤੋਂ ਪਿਛੋਂ ਉਸ ਦੇ ਸਾਥੀ ਜਸਬੀਰ ਸਮਰ ਨਾਲ ਮੈਨੂੰ ਪਟਿਆਲੇ ਘਰੇ ਮਿਲਣ ਆਇਆ। ਦੋਵੇਂ ਵਾਰੀਂ ਪੀਟਰ ਸਕਾਟ ਦੀਆਂ ਦੋ ਬੋਤਲਾਂ 'ਉਪਹਾਰ' ਵਜੋਂ ਮੈਨੂੰ ਉਹ ਦੇ ਕੇ ਜਾਂਦਾ ਰਿਹਾ। ਉਸ ਨੂੰ ਮਨੋ ਮਨੀ ਕੰਜੂਸ ਸਮਝਣ ਵਾਲਾ ਮੇਰਾ 'ਸ਼ਿਕਵਾ' ਉਸ ਮੁਕਾ ਦਿਤਾ। ਉਸ ਵਲੋਂ ਉਸ ਸਮੇਂ ਸੁਣਾਏ 'ਪਾਰਸ' ਦੇ ਇਕ ਕੋਰੜੇ ਦੇ ਇਕ ਦੋ ਬੰਦ ਜ਼ਰਾ ਦੇਖੋ:

ਹੋਵੇ ਹੇ ਪਰਮਾਤਮਾ, ਦੁਸ਼ਮਣ ਦਾ ਵੀ ਭਲਾ
ਟਲੇ ਗੁਆਂਢੀ ਤੋਂ ਸਦਾ, ਕੋਹਾਂ ਦੂਰ ਬਲਾ
ਰੱਖੀਂ ਮਰਦਿਆਂ ਤਕ ਤੂੰ, ਸਭ ਦੀ ਉਜਲੀ ਪੱਤ
ਤੇਰੇ ਭਾਣੇ ਦਾਤਿਆ, ਸੁਖੀ ਵਸੇ ਸਰਬੱਤ।
---
ਗਿਆਨੀ, ਪੰਡਿਤ, ਮੌਲਵੀ,
ਉਗਲ ਫਿਰਕੂ ਵੱਖ
ਆਪਸ ਵਿਚ ਲੜਾਉਣ ਨਾ,
ਹਿੰਦੂ, ਮੁਸਲਿਮ, ਸਿੱਖ
ਸੰਨ 47 ਵਾਂਗ ਨਾ, ਚੁੱਕਣ ਚੰਦਰੀ ਅੱਤ
ਤੇਰੇ ਭਾਣੇ ਦਾਤਿਆ, ਸੁਖੀ ਵਸੇ ਸਰਬੱਤ।

ਇਸੇ ਤਰ੍ਹਾਂ 'ਜੱਗ ਜੰਕਸ਼ਨ ਰੇਲਾਂ' ਦਾ ਸ਼ਮਸ਼ੇਰ ਨੂੰ ਸਾਰਾ ਹੀ ਜ਼ੁਬਾਨੀ ਯਾਦ ਹੈ। ਇਸ ਵਿਚੋਂ ਵੀ ਇਕ ਬੰਦ ਜ਼ਰਾ ਦੇਖੋ:

ਘਰ ਨੂੰਹ ਨੇ ਸਾਂਭ ਲਿਆ,
ਤੁਰ'ਗੀ ਧੀ ਝਾੜ ਕੇ ਪੱਲੇ
ਪੋਤੇ ਨੇ ਜਨਮ ਲਿਆ,
ਬਾਬਾ ਸਿਵਿਆਂ ਦੇ ਵੱਲ ਚੱਲੇ
ਕਿਤੇ ਜ਼ੋਰ ਮਕਾਣਾਂ ਦਾ,
ਕਿਧਰੇ ਵਿਆਹ ਅਤੇ ਮੁਕਲਾਵੇ
ਜੱਗ ਜੰਕਸ਼ਨ ਰੇਲਾਂ ਦਾ,
ਗੱਡੀ ਇਕ ਆਵੇ ਇਕ ਜਾਵੇ।

ਸ਼ਮਸ਼ੇਰ ਦੀਆਂ ਅਨੇਕ ਪ੍ਰਾਪਤੀਆਂ ਹਨ; ਸਭੇ ਉਸ ਦੇ ਯਾਰਾਂ ਨੇ ਭਲੀ ਭਾਂਤ ਗਿਣਾਈਆਂ ਹੋਈਆਂ ਹਨ ਪਰ ਮੇਰੀ ਜਾਚੇ ਉਸ ਦੇ ਅਨੰਦ ਦੀ ਸਿਖਰ ਉਸ ਦੇ ਲੜਕੇ ਗਗਨਜੀਤ ਦੇ ਵਿਆਹ ਵਾਲਾ ਮੇਲਾ ਸੀ। ਮੈਂ ਉਸ ਯਾਦਗਾਰੀ ਮੇਲੇ ਵਿਚ ਤਾਂ ਸ਼ਰੀਕ ਨਾ ਹੋ ਸਕਿਆ, ਉਸ ਦੇ ਜਲਵੇ ਅਤੇ ਸ਼ਮਸ਼ੇਰ ਦੇ ਚਾਅ ਦਾ ਨਜ਼ਾਰਾ ਨੈਟ ਉਤੇ ਪਾਈ ਉਸ ਵਿਆਹ ਦੀ ਰਿਕਾਰਡਿੰਗ ਤੋਂ ਹੀ ਕੀਤਾ। ਸਾਰੇ ਹੀ ਅਹਿਮ ਗਾਇਕ ਅਤੇ ਹੋਰ ਅਨੇਕਾਂ ਯਾਰ-ਬਾਸ਼ ਉਥੇ ਹਾਜ਼ਰ ਸਨ। ਸ਼ਮਸ਼ੇਰ ਦੇ ਲੜਕੇ ਗਗਨ ਅਤੇ ਨੂੰਹ ਅਦਿਤੀ ਨੂੰ ਨਾਲ ਲੈ ਕੇ ਪੰਜਾਬ ਦੇ ਮਹਿਬੂਬ ਗਾਇਕ ਗੁਰਦਾਸ ਮਾਨ ਨੇ ਮੁੰਡੇ ਦੀ ਘੋੜੀ ਗਾ ਕੇ ਜੋ ਅਲੌਕਿਕ ਜਲਵਾ ਖੜ੍ਹਾ ਕੀਤਾ, ਉਹ ਦੇਖਿਆਂ ਹੀ ਬਣਦਾ ਹੈ। ਉਸ ਦੇ ਦੋ ਚਾਰ ਬੋਲ ਜ਼ਰਾ ਦੇਖੋ:

ਵੇ ਤੇਰੀ ਘੋੜੀ ਜੀਵੇ, ਵੇ ਤੇਰੀ ਘੋੜੀ ਜੀਵੇ
ਵੇ ਬਜ਼ੁਰਗਾਂ ਦਾ ਸਦਾ ਸਿਰ 'ਤੇ
ਰਵੇ ਸਾਇਆ!
ਕਰੇ ਸੇਵਾ ਤੂੰ ਮਾਪਿਆਂ ਦੀ
ਵੇ ਮਾਂ ਜਾਇਆ।
---
ਰੱਬ ਕਰੇ, ਘਰਵਾਲੀ ਤੇਰੀ
ਸਦਾ ਸੁਹਾਗਣ ਥੀਵੇ
ਪੁੱਤ, ਪੋਤਰਿਆਂ, ਦੋਹਤਰਿਆਂ ਤੋਂ
ਪਾਣੀ ਵਾਰ ਕੇ ਪੀਵੇ।
---


ਸ਼ਮਸ਼ੇਰ ਗਗਨਗੀਤ ਅਤੇ ਨੂੰਹ ਅਦਿਤੀ ਦੇ ਨਾਲ ਖੜ੍ਹਾ ਹੈ। ਪੰਮੀ ਬਾਈ ਉਸ ਦੇ ਨਾਲ ਹੈ ਅਤੇ ਗੁਰਦਾਸ ਮਾਨ ਘੋੜੀ ਗਾ ਰਿਹਾ ਹੈ। ਕੇਹਾ ਉਦਾਤ ਵਾਤਾਵਰਨ ਬੱਝਾ ਹੋਇਆ ਹੈ। ਮੁਆਫ ਕਰਨਾ, ਬਾਬਾ ਪ੍ਰੇਮ ਸਿੰਘ ਹੋਤੀ ਨੇ ਕੰਵਰ ਨੌਨਿਹਾਲ ਸਿੰਘ ਦੇ ਵਿਆਹ ਦਾ ਬਿਰਤਾਂਤ ਜਿਸ ਚਾਅ ਤੇ ਉਮਾਹ ਨਾਲ ਬੰਨ੍ਹਿਆ ਹੈ, ਸ਼ਮਸ਼ੇਰ ਦੇ ਲਾਡਲੇ ਪੁੱਤਰ ਦੇ ਵਿਆਹ ਦੀ ਇਹ ਸਿਖਰਲੀ ਝਾਕੀ ਦਾ ਨਜ਼ਾਰਾ ਕਰਦਿਆਂ ਮੇਰੇ ਚੇਤਿਆਂ ਅੰਦਰ ਬਾਬਾ ਜੀ ਦੇ ਉਸ ਬਿਰਤਾਂਤ ਦੀ ਕਿਧਰੇ ਬਚਪਨ ਵਿਚ ਪੜ੍ਹੀ ਲਿਖਤ ਦੇ ਧੁੰਦਲੇ ਪਏ ਵੇਰਵੇ ਆਪ ਮੁਹਾਰੇ ਹੀ ਵਾਰ ਵਾਰ ਉਭਰੀ ਜਾ ਰਹੇ ਸਨ।

ਆਈਜ਼ਾਡੋਰਾ ਡੰਕਨ 20ਵੀਂ ਸਦੀ ਦੇ ਸ਼ੁਰੂਆਤੀ ਸਾਲਾਂ ਦੀ ਮਹਾਨ ਨ੍ਰਿਤਕੀ ਸੀ। ਮੈਂ ਉਮਰ ਭਰ ਉਸ ਦੀ ਸ਼ਖਸੀਅਤ, ਉਸ ਦੀ ਕਲਾ ਅਤੇ ਭਿਆਨਕ ਤ੍ਰਾਸਦੀ ਦੇ ਵੱਖ ਵੱਖ ਅੰਜਾਮਾਂ 'ਤੇ ਚਿਤਵਨ ਕੀਤਾ ਹੈ। ਮੈਨੂੰ ਸਦਾ ਹੀ ਉਹ ਆਪਣੀ ਬੇਹੱਦ ਪਿਆਰੀ ਭੈਣ ਲਗਦੀ ਰਹੀ ਹੈ। ਮੈਂ ਉਸ ਬਾਰੇ ਬਣੀਆਂ ਇਕ ਦੋ ਫਿਲਮਾਂ ਦੇਖੀਆਂ ਹਨ। ਉਹ ਸਟੇਜ 'ਤੇ ਨੱਚਣ ਲਈ ਜਦੋਂ ਆਉਂਦੀ ਹੈ ਤਾਂ ਜਦੇ ਹੀ ਇੰਦਰ ਦੇ ਅਖਾੜੇ ਵਿਚ ਅਪਸਰਾਵਾਂ ਦੇ ਇਲਾਹੀ ਨਾਚ ਵਾਲਾ ਮਾਹੌਲ ਆਸ਼ਕਾਰ ਹੋ ਜਾਂਦਾ ਹੈ। ਸਾਡੇ ਆਪਣੇ ਸਮਿਆਂ ਅੰਦਰ 'ਵਾਕਾ ਵਾਕਾ' ਗੀਤ ਵਾਲੀ ਕੋਲੰਬੀਅਨ ਨ੍ਰਿਤਕੀ ਸ਼ਕੀਰਾ ਅਜਿਹਾ ਕੌਤਿਕ ਹੀ ਤਾਂ ਕਰਦੀ ਹੈ, ਤੇ ਕੇਹੀ ਲੈਅ ਸੀ ਉਸ ਦਿਨ ਗੁਰਦਾਸ ਮਾਨ ਦੇ ਵਿਆਹ ਵਾਲੇ ਮੁੰਡੇ ਖਾਤਰ ਘੋੜੀ ਗਾਇਣ ਵਿਚ, ਮਾਨੋ ਇਹ ਪਲ ਸਾਡੇ ਸਾਥੀ, ਸ਼ਮਸ਼ੇਰ ਲਈ ਬੇਸ਼ਕੀਮਤੀ ਉਪਹਾਰ ਸਨ ਜੋ ਉਹਨੇ ਬੜੇ ਸੰਜਮ ਨਾਲ ਜਿਉਂਦਿਆਂ, ਫੂਕ ਫੂਕ ਕੇ ਪੈਰ ਧਰਦਿਆਂ ਹਾਸਲ ਕੀਤਾ ਸੀ।

ਪਾਸ਼ ਦੀ ਵਾਰਤਕ ਦੀ ਕਿਤਾਬ 'ਤਲਵੰਡੀ ਸਲੇਮ ਨੂੰ ਜਾਂਦੀ ਸੜਕ' ਜਿਸ ਦਾ ਸੰਪਾਦਨ ਉਸ ਦੇ ਪਿਤਾ ਸ. ਸੋਹਣ ਸਿੰਘ ਸੰਧੂ ਨੇ ਕੀਤਾ ਹੈ, ਮੇਰੇ ਸਾਹਮਣੇ ਪਈ ਹੈ। ਝਿਜਕ ਜਿਹੀ ਹੈ ਕਿ ਉਸ ਨੂੰ ਛੇੜਾਂ ਜਾਂ ਨਾ। ਖੈਰ, ਉਸ ਦਾ ਪਹਿਲਾ ਹੀ ਲੇਖ 'ਪ੍ਰਤੀਬਧਤਾ ਬਾਰੇ ਮੇਰੀ ਰਾਏ' ਖੁਦ ਬਖੁਦ ਸਾਹਮਣੇ ਆ ਜਾਂਦਾ ਹੈ। ਲੇਖ ਦਸੰਬਰ 1977 'ਚ ਉਨ੍ਹਾਂ ਵਕਤਾਂ ਦਾ ਹੈ ਜਦੋਂ ਸ਼ਮਸ਼ੇਰ ਨਾਲ ਉਸ ਦੀ ਆੜੀ ਸਿਖਰ 'ਤੇ ਰਹੀ ਹੋਵੇਗੀ। ਲੇਖ ਵਿਚ ਪਲੈਖਾਨੋਵ, ਏਂਗਲਜ਼, ਲੈਨਿਨ, ਲੂਨਾਚਾਰਸਕੀ, ਤਰਾਤਸਕੀ, ਮਾਓ ਜ਼ੇ-ਤੁੰਗ, ਮੈਕਸਿਮ ਗੋਰਕੀ, ਲਸ਼ੁਨ ਅਤੇ ਨਾਲ ਹੀ ਰੈਲਫ ਫਾਕਸ ਦਾ ਵੀ ਜ਼ਿਕਰ ਹੈ। ਪਾਸ਼ ਜੀਵਨ ਤੇ ਸਾਹਿਤ ਅੰਦਰ ਪ੍ਰਤੀਬਧਤਾ ਦੇ ਵਿਸ਼ੇ ਨਾਲ ਖੌਜਲਣ ਦੀ ਕੋਸ਼ਿਸ਼ ਕਰਦਾ ਮਲੂਮ ਹੁੰਦਾ ਹੈ। ਪੜ੍ਹਦਿਆਂ ਮਨ ਵਿਚ ਆਉਂਦਾ ਹੈ ਕਿ ਭਲਾ ਸ਼ਮਸ਼ੇਰ ਵੀ ਕਦੀ ਅਜਿਹੇ ਗੇੜ ਵਿਚ ਪਿਆ ਹੋਵੇਗਾ?

ਉਦੋਂ ਹੀ ਸ਼ਮਸ਼ੇਰ ਸੰਧੂ ਦਾ ਐਲਾਨ ਯਾਦ ਆ ਜਾਂਦਾ ਹੈ ਕਿ ਉਸ ਨੂੰ ਕਦੀ ਵੀ ਪ੍ਰਤੀਬਧ ਹੋਣ ਦੀ ਕੋਈ ਸਿਰਦਰਦੀ ਨਹੀਂ ਸੀ ਅਤੇ ਨਾ ਹੀ ਜ਼ੁਲਮ ਜਾਂ ਬੇਇਨਸਾਫੀ ਵਿਰੁਧ ਲੜਨ ਦਾ ਉਸ ਦਾ ਕੋਈ ਸਰੋਕਾਰ ਸੀ। ਉਸ ਨੂੰ ਬਸ ਜ਼ਿੰਦਗੀ ਪਾਸ਼ ਜਿੰਨੀ ਹੀ ਸੋਹਣੀ ਲਗਦੀ ਸੀ; ਮਦਾਰਪੁਰੇ ਦੀਆਂ ਸਵੇਰਾਂ






ਪ੍ਰਿੰਸੀਪਲ ਸਰਵਣ ਸਿੰਘ ਨਾਲ ਸ਼ਮਸ਼ੇਰ ਸੰਧੂ

ਤੇ ਸ਼ਾਮਾਂ ਸੁੰਦਰ ਲਗਦੀਆਂ ਸਨ। ਉਹਨੇ ਆਪਣੇ ਸ਼ੌਕ ਲਈ ਜ਼ਿੰਦਗੀ ਦੇ ਇਸੇ ਸੁਹੱਪਣ ਨੂੰ ਨਿਹਾਰਨ ਦੀ ਨਿਮਾਣੀ ਜਿਹੀ ਕੋਸ਼ਿਸ਼ ਵਜੋਂ ਗੀਤ ਲਿਖੇ ਹਨ ਅਤੇ ਅਜਿਹਾ ਕਰਦਿਆਂ ਪੰਜਾਬੀ ਸਭਿਆਚਾਰ ਨੂੰ ਰਾਈ ਭਰ ਦੇਣ ਵੀ ਕੋਈ ਦਿਤੀ ਗਈ ਹੋਵੇ ਤਾਂ ਉਸ ਦੇ ਧੰਨ ਭਾਗ ਹਨ।

ਸ਼ਮਸ਼ੇਰ ਦਾ ਪਿਆਰਾ ਮਿੱਤਰ ਡਾ. ਨਾਹਰ ਸਿੰਘ, ਜਿਸ ਨੇ ਮਾਲਵੇ ਦੇ ਲੋਕ ਗੀਤਾਂ ਅਤੇ ਬੋਲੀਆਂ ਨੂੰ ਕਈ ਜਿਲਦਾਂ ਵਿਚ ਇਕੱਤਰ ਕੀਤਾ ਅਤੇ ਆਪਣੀ ਹੀ ਕਿਸਮ ਦਾ ਸਭਿਆਚਾਰ ਸ਼ਾਸਤਰੀ ਹੈ, ਪਿਛਲੇ ਕੁਝ ਦਹਾਕਿਆਂ ਦੇ ਅੰਨ੍ਹੇ ਵਿਸ਼ਵੀਕਰਨ ਦੇ ਦੌਰ ਵਿਚ ਸਾਹਮਣੇ ਆਈ ਪੰਜਾਬੀ ਗਾਇਕੀ ਤੋਂ ਸੰਤੁਸ਼ਟ ਨਹੀਂ ਹੈ। ਆਪਣੇ ਚਰਚਿਤ ਲੇਖ 'ਪੰਜਾਬੀ ਗਾਇਕੀ: ਅਖਾੜੇ ਤੋਂ ਫਿਲਮਾਂਕਣ ਤੱਕ' ਵਿਚ ਉਸ ਨੇ ਅਫਸੋਸ ਜ਼ਾਹਰ ਕੀਤਾ ਹੈ ਕਿ ਕਿਸੇ ਵੀ ਸਭਿਆਚਾਰ ਦੀਆਂ ਬਣਤਰਾਂ (ਸਮੇਤ ਗਾਇਕੀ ਤੇ ਸੰਗੀਤ) ਦੇ ਬਾਹਰੀ ਰੂਪ ਭਾਵੇਂ ਉਹੀ ਬਣੇ ਰਹਿੰਦੇ ਹਨ ਪਰ ਉਨ੍ਹਾਂ ਵਿਚਲਾ ਵਸਤੂ ਪਲੀਤ ਹੁੰਦਾ ਚਲਾ ਜਾਂਦਾ ਹੈ। ਨਾਹਰ ਸਿੰਘ ਨੂੰ ਇਕੀਵੀਂ ਸਦੀ ਦੇ ਪਹਿਲੇ ਦਹਾਕੇ ਦੀ ਪੰਜਾਬੀ ਗਾਇਕੀ ਅੰਦਰ ਬੋਲ ਅਤੇ ਫਿਲਮਾਂਕਣ, ਦੋਵਾਂ ਪੱਧਰਾਂ ਤੇ ਉਜਾਗਰ ਹੁੰਦੀ ਪੰਜਾਬਣ ਮੁਟਿਆਰ ਦੀ ਸੂਰਤ ਅਤੇ ਨੰਦ ਲਾਲ ਨੂਰਪੁਰੀ ਦੇ ਗੀਤਾਂ ਵਿਚੋਂ ਨਜ਼ਰ ਆਉਂਦੀ ਪੰਜਾਬਣ ਮੁਟਿਆਰ ਦੇ ਮੁਹਾਂਦਰੇ ਦੀ ਨਿਸਬਤ ਦਾ ਅੰਤਰ ਵਿੰਹਦਿਆਂ ਉਨ੍ਹਾਂ ਦੀ ਧਾਰਨਾ ਬਿਲਕੁਲ ਸਹੀ ਮਲੂਮ ਹੁੰਦੀ ਹੈ। ਉਹ ਮੰਨਦਾ ਹੈ ਕਿ ਸਮੇਂ ਅਤੇ ਸਥਿਤੀਆਂ ਦੇ ਬਦਲਣ ਨਾਲ ਪੰਜਾਬੀ ਗਾਇਕੀ ਦਾ ਬਦਲਣਾ ਸੁਭਾਵਿਕ ਤਾਂ ਸੀ ਪਰ ਇਸ ਦਾ ਰਸਾਤਲ ਵੱਲ ਚਲੇ ਜਾਣਾ ਤਾਂ ਜ਼ਰੂਰੀ ਨਹੀਂ ਸੀ।

ਡਾ. ਨਾਹਰ ਸਿੰਘ ਦਾ ਕਹਿਣਾ ਹੈ ਕਿ ਮਾਨ ਮਰਾੜਾਂ ਵਾਲੇ, ਦੇਵ ਥਰੀਕਿਆਂ ਵਾਲੇ ਅਤੇ ਦੀਦਾਰ ਸੰਧੂ ਦੇ ਮਕਬੂਲ ਹੋਏ ਗੀਤਾਂ ਅੰਦਰ ਪੰਜਾਬੀ ਰਹਿਤਲ ਦੀਆਂ ਬਥੇਰੀਆਂ ਸਿਹਤਮੰਦ ਸੁਰਾਂ ਸੁਰਖਿਅਤ ਹਨ ਅਤੇ ਉਨ੍ਹਾਂ ਦੀ ਜਾਚੇ ਸ਼ਮਸ਼ੇਰ ਦੇ ਸਾਦ-ਮੁਰਾਦੇ ਜਿਹੇ ਗੀਤ ਉਸ ਰਵਾਇਤ ਦੇ ਅੰਤਿਮ ਮੀਲ ਪੱਥਰ ਦੇ ਹਾਰ ਖੜ੍ਹੇ ਹਨ। ਫਿਰ ਪੰਜਾਬੀ ਫੋਕ ਦੀਆਂ ਪੁਰਾਣੀਆਂ ਤਰਜ਼ਾਂ ਸ਼ਮਸ਼ੇਰ ਦੀ ਆਤਮਾ ਵਿਚ ਲੱਥੀਆਂ ਹੋਈਆਂ ਸਨ। ਉਨ੍ਹਾਂ ਵਿਚੋਂ ਹੀ ਬਹੁਤੀਆਂ ਨੂੰ ਨਵਿਆ ਕੇ ਉਹਨੇ ਆਪਣੇ ਗੀਤਾਂ ਵਿਚ ਇਸਤੇਮਾਲ ਕੀਤਾ ਅਤੇ ਉਹ ਸੁਣਨ ਵਾਲਿਆਂ ਦੇ ਮਨਾਂ ਨੂੰ ਮੋਹ ਗਈਆਂ।

ਨਾਹਰ ਸਿੰਘ ਦਾ ਕਹਿਣਾ ਹੈ ਕਿ ਇਹ ਵੀ ਬੜਾ ਸੁੰਦਰ ਇਤਫਾਕ ਸੀ ਕਿ ਕੁਝ ਇਤਰਾਜ਼ਾਂ ਦੇ ਬਾਵਜੂਦ ਸ਼ਮਸ਼ੇਰ ਦੇ ਪੇਂਡੂ ਰਹਿਤਲ ਦੀਆਂ ਕਈ ਸੂਖਮ ਸੁਰਾਂ ਨਾਲ ਸੰਜੋਏ ਗੀਤਾਂ ਨੂੰ ਅਤੁਲ ਸ਼ਰਮਾ ਦੇ ਸੰਘਣੇ ਸੰਗੀਤ ਦੇ ਨਾਲ ਨਾਲ ਸੁਰਜੀਤ ਬਿੰਦਰਖੀਆ ਦੇ ਆਪ ਮੁਹਾਰੇ ਬੁਲੰਦ ਰਸਟਿਕ ਅੰਦਾਜ਼ ਵਿਚ ਗਾਏ ਜਾਣ ਦਾ ਸਬੱਬ ਬਣਿਆ।

3-4 ਸਾਲ ਪਹਿਲਾਂ ਸ਼ਮਸ਼ੇਰ ਨਾਲ ਅਚਾਨਕ ਮੁਲਾਕਾਤ ਹੋ ਗਈ ਤਾਂ ਗੱਲਾਂ ਗੱਲਾਂ ਵਿਚ ਉਸ ਨੇ ਜ਼ਰਾ ਕੁ ਵਿਅੰਗ ਨਾਲ ਸਵਾਲ ਕੀਤਾ, ਅਖੇ "ਬੱਲ ਸੁਣਾ, ਅੱਜਕੱਲ੍ਹ ਕਿਥੇ ਖੜ੍ਹਾਂ?"

ਇਹ 'ਕਿੱਥੇ ਖੜ੍ਹਾਂ' ਵਾਲਾ ਸਵਾਲ 70ਵਿਆਂ ਦੇ ਉਸ ਦਹਾਕੇ ਦਾ 'ਸਿਗਨੇਚਰ' ਬੋਲਾ ਸੀ ਜਦੋਂ ਸ਼ਮਸ਼ੇਰ ਸੰਧੂ 'ਪੰਜਾਬੀ ਟ੍ਰਿਬਿਊਨ' ਵਿਚ ਕੰਮ ਕਰਨ ਲਈ ਆਇਆ ਸੀ। 1966 ਤੋਂ 76 ਤੱਕ ਚੀਨੀ ਸਭਿਆਚਾਰਕ ਇਨਕਲਾਬ ਦੇ ਸਮਿਆਂ ਵਿਚ, ਖਾਸ ਕਰਕੇ 1968 ਵਿਚ ਫਰਾਂਸੀਸੀ ਇਨਕਲਾਬ ਦੌਰਾਨ ਤਾਂ ਨੌਜਵਾਨ ਇਨਕਲਾਬੀ ਵਿਦਿਆਰਥੀਆਂ ਦਾ ਇਹ ਕੇਂਦਰੀ ਫੰਡਾ ਸੀ ਕਿ ਕੋਈ ਇਨਸਾਨ ਜਾਂ ਚਿੰਤਕ ਖੜ੍ਹਾ ਕਿਥੇ ਹੈ, ਜਾਣੀ ਉਹ ਕਿਸ ਸਮਾਜੀ ਧਿਰ ਨਾਲ ਖੜ੍ਹਾ ਹੈ। ਜੀਵਨ ਲੀਲਾ ਜਾਂ ਸੰਗਰਾਮ ਵਿਚ ਉਸ ਦੀ ਪ੍ਰਤੀਬਧਤਾ ਕਿਸ ਦਾਅ ਹੈ? ਇਨ੍ਹਾਂ ਹੀ ਵਕਤਾਂ ਵਿਚ ਖੱਬੇ ਪੱਖੀ ਮਾਰਕਸੀ ਧਾਰਾ ਦੇ ਦੰਤ ਕਥਾਈ ਚਿੰਤਕ ਪ੍ਰੋ. ਰਣਧੀਰ ਸਿੰਘ ਵੀ ਆਪਣੇ ਪ੍ਰਵਚਨਾਂ ਵਿਚ ਅਕਸਰ ਹੀ ਇਹ ਮੁੱਦਾ ਉਠਾਉਂਦੇ ਰਹੇ। ਰੱਬ ਜਾਣੇ, ਕਿਥੋਂ ਅਤੇ ਕਿਹੜੇ ਭਲੇ ਵਕਤਾਂ ਵਿਚ ਸਾਡੇ ਆਪਣੇ ਕੁਝ ਸਾਥੀਆਂ ਨੇ ਵੀ ਇਨਸਾਨ ਕੋਲੋਂ ਜੀਵਨ ਅੰਦਰ ਮੁਕੰਮਲ ਪ੍ਰਤੀਬਧਤਾ ਦੀ ਤਵੱਕੋ ਕਰਨ ਵਾਲਾ ਇਹ ਬੋਲਾ 'ਪਿਕਅਪ' ਕੀਤਾ ਹੋਇਆ ਸੀ ਅਤੇ ਉਹ ਇਸ ਨੂੰ ਪ੍ਰੋਫੈਸਰ ਸਾਹਿਬ ਨਾਲੋਂ ਵੀ ਵੱਧ ਆਤਮ ਵਿਸ਼ਵਾਸ ਨਾਲ ਅਕਸਰ ਹੀ ਦੁਹਰਾਉਂਦੇ ਰਹਿੰਦੇ ਸਨ।

ਸ਼ਮਸ਼ੇਰ ਸੰਜਮੀ ਹੈ ਪਰ ਸਮਾਰਟ ਵੀ ਬੜਾ ਹੈ। ਮੈਂ ਉਸ ਦੀ ਰਮਜ਼ ਸਮਝ ਗਿਆ ਅਤੇ ਸਿੱਧਾ ਜਵਾਬ ਦੇਣ ਦੀ ਥਾਂ ਗੱਲ ਨੂੰ ਆਲੇ ਟਾਲੇ ਪਾਉਣ ਲਈ ਅਜੇ ਸੋਚ ਹੀ ਰਿਹਾ ਸਾਂ ਕਿ ਉਹ ਮੇਰੇ ਕੁਝ ਵੀ ਉਚਰਨ ਤੋਂ ਪਹਿਲਾਂ ਹੀ ਬੋਲ ਪਿਆ, "ਬੱਲ, ਤੂੰ ਸਾਰੀ ਉਮਰ ਕਦੀ ਖੱਬੇ ਦਾਅ, ਕਦੀ ਸੱਜੇ ਦਾਅ, ਕਦੇ ਵਿਚ ਵਿਚਾਲੇ ਹੋਣ ਲਈ ਬਿਲਾ ਵਜ੍ਹਾ ਤਰਲੋਮੱਛੀ ਹੁੰਦਾ ਰਹਿਾਂ। ਪੱਕਾ ਪਤਾ ਤੈਨੂੰ ਅਜੇ ਵੀ ਨਹੀਂ ਕਿ ਤੂੰ ਕਿਹੜੇ ਦਾਅ ਅਤੇ ਕਿਹੜੀ ਧਿਰ ਨਾਲ ਖੜ੍ਹੈਂ? ਅਸੀਂ ਚੰਗੇ ਨਹੀਂ ਕਿ ਸ਼ਾਂਤ ਬੈਠੇ ਹਾਂ ਅਤੇ ਤੈਨੂੰ ਦੇਖ ਦੇਖ ਕੇ ਹੱਸ ਰਹੇ ਹਾਂ।"

ਸੁਣ ਕੇ ਮੈਂ ਹੈਰਾਨ ਸਾਂ ਕਿ ਸ਼ਮਸ਼ੇਰ ਸਿਆਣਾ ਕਿੰਨਾ ਹੈ; ਮੇਰੀ ਦੁਖਦੀ ਰਗ ਉਹਨੇ ਕਿਵੇਂ ਕਿਸੇ ਪਹੁੰਚੇ ਹੋਏ ਹਕੀਮ ਵਾਂਗ ਬਿਲਕੁਲ ਸਹੀ ਫੜੀ ਸੀ। ਸ਼ਮਸ਼ੇਰ ਦੀ ਵਡਿਆਈ ਹੈ ਕਿ ਉਹ ਐਸੇ 'ਕੌਤਕ' ਵੀ ਕਰ ਲੈਂਦਾ ਹੈ।

ਲਗਦਾ ਹੈ, ਬਹੁਤ ਹੋ ਗਿਆ ਹੈ। ਹੁਣ ਇਕ ਅੱਧ ਹੋਰ ਨੁਕਤਾ ਲੱਭ ਕੇ ਬਿਰਤਾਂਤ ਦਾ ਭੋਗ ਪਾਉਣ ਦੀ ਕੋਸ਼ਿਸ਼ ਕੀਤੀ ਜਾਵੇ।

ਸਾਡਾ ਮਿੱਤਰ ਅਤੇ ਸਮਕਾਲੀ ਸੁਰਜੀਤ ਪਾਤਰ ਸ਼ਮਸ਼ੇਰ ਸੰਧੂ ਦੇ ਗੋਤੀ ਭਾਈ ਗੁਲਜ਼ਾਰ ਸਿੰਘ ਸੰਧੂ ਦੇ ਕਲਮੀ ਖਾਕੇ ਦੀ ਸ਼ੁਰੂਆਤ ਇਉਂ ਕਰਦਾ ਹੈ, "ਗੁਲਜ਼ਾਰ ਸਿੰਘ ਸੰਧੂ ਦਾ ਰੰਗ ਸੰਧੂਰੀ ਹੈ, ਉਸ ਨੂੰ ਦੇਖ ਕੇ ਲਗਦਾ ਹੈ, ਜਿਵੇਂ 'ਸੰਧੂ' ਸ਼ਬਦ ਸੰਧੂਰੀ ਤੋਂ ਬਣਿਆ ਹੋਵੇ। ਉਹ ਭਾਵੇਂ ਕਨਾਟ ਪਲੇਸ ਦੇ ਰੈਂਬਲ ਰੈਸਤੋਰਾਂ ਵਿਚ ਬੈਠਾ ਕਿਸੇ ਮੇਮ ਨਾਲ ਚਾਹ ਪੀ ਰਿਹਾ ਹੋਵੇ, ਭਾਵੇਂ ਆਪਣੇ ਦਫਤਰ ਵਿਚ ਡਿਕਟੇਸ਼ਨ ਦੇ ਰਿਹਾ ਹੋਵੇ, ਭਾਵੇਂ ਦਿੱਲੀ ਦੀਆਂ ਸੜਕਾਂ ਤੇ ਕਾਰ ਚਲਾ ਰਿਹਾ ਹੋਵੇ, ਉਸ ਕੋਲ ਬੈਠਿਆਂ ਹਮੇਸ਼ਾ ਇਸ ਤਰ੍ਹਾਂ ਲਗਦਾ ਹੈ, ਜਿਵੇਂ ਹਰੇ ਕਚੂਰ ਤੂਤਾਂ ਦੀ ਸੰਘਣੀ ਛਾਵੇਂ ਠੰਢੇ ਪਾਣੀ ਵਾਲਾ ਖੂਹ ਵਗ ਰਿਹਾ ਹੋਵੇ, ਤੇ ਨਾਲ ਹੀ ਵਗ ਰਹੀ ਹੋਵੇ ਹਲਕੀ ਹਵਾ ਤੇ ਚਾਂਦੀ ਰੰਗੇ ਪਾਣੀ ਵਿਚ ਸ਼ਰਬਤੀ ਖਰਬੂਜ਼ੇ ਠੰਢੇ ਹੋ ਰਹੇ ਹੋਣ।"

(ਸਮਾਪਤ)

# ਪ੍ਰਿਥਮ ਕੌਣ ਹੈ? ਰੱਬ, ਭਗਉਤੀ ਕਿ ਗੁਰੂ?

ਰੱਬ ਦੀ ਹੋਂਦ ਕਦੋਂ ਤੋਂ ਹੈ?

ਸੰਸਾਰ ਦੇ ਮੁੱਢ ਤੋਂ ਲੈ ਕੇ ਹੁਣ ਤਕ ਰੱਬ ਹੋਂਦ ਵਿਚ ਹੈ ਅਤੇ ਕੁਦਰਤਿ ਵਿਚ ਵਸਿਆ ਹੋਇਆ ਹੈ। ਜਦੋਂ ਸੰਸਾਰ ਦੀ ਹੋਂਦ ਨਹੀਂ ਸੀ, ਰੱਬ ਉਦੋਂ ਵੀ ਸੀ। ਜਦੋਂ ਕੋਈ ਧਾਰਮਿਕ ਪੁਸਤਕ, ਗੁਰੂ, ਪੀਰ, ਫਕੀਰ, ਅਵਤਾਰ, ਵਲੀ, ਔਲੀਆ, ਮੁਰਸ਼ਦ ਆਦਿ ਰੱਬ ਨਾਲ ਜੋੜਨ ਵਾਲੇ ਨਹੀਂ ਸਨ, ਰੱਬ ਉਦੋਂ ਵੀ ਸੀ। ਰੱਬ ਦਾ ਗਿਆਨ ਪੂਰੇ ਗੁਰੂ ਨੇ ਹੀ ਬਖਸ਼ਿਆ ਹੈ, ਰੱਬ ਨੇ ਨਹੀਂ।

ਗੁਰਬਾਣੀ ਵਿਚ ਇਸ ਸਬੰਧੀ ਵਿਸਥਾਰ ਵਿਚ ਜ਼ਿਕਰ ਇਉਂ ਹੈ,

**ਕਸ਼ਮੀਰਾ ਸਿੰਘ (ਪ੍ਰੋ.)**
**ਫੋਨ: 801-414-0171**

(ੳ) ਆਦਿ ਸਚੁ ਜੁਗਾਦਿ ਸਚੁ॥
ਹੈ ਭੀ ਸਚੁ ਨਾਨਕ ਹੋਸੀ ਭੀ ਸਚੁ॥
(ਪੰਨਾ ਇਕ)

(ਅ) ਮਾਰੂ ਮਹਲਾ ਪਹਿਲਾ
ਅਰਬਦ ਨਰਬਦ ਧੁੰਧੂਕਾਰਾ॥
ਧਰਣਿ ਨ ਗਗਨਾ ਹੁਕਮੁ ਅਪਾਰਾ॥
ਨਾ ਦਿਨੁ ਰੈਨਿ ਨ ਚੰਦੁ ਨ ਸੂਰਜੁ
ਸੁੰਨ ਸਮਾਧਿ ਲਗਾਇਦਾ॥੧॥
ਖਾਣੀ ਨ ਬਾਣੀ ਪਉਣ ਨ ਪਾਣੀ॥
ਓਪਤਿ ਖਪਤਿ ਨ ਆਵਣ ਜਾਣੀ॥
ਖੰਡ ਪਤਾਲ ਸਪਤ ਨਹੀ ਸਾਗਰ
ਨਦੀ ਨ ਨੀਰੁ ਵਹਾਇਦਾ॥੨॥
ਨਾ ਤਦਿ ਸੁਰਗੁ ਮਛੁ ਪਇਆਲਾ॥
ਦੋਜਕੁ ਭਿਸਤੁ ਨਹੀ ਖੈ ਕਾਲਾ॥
ਨਰਕੁ ਸੁਰਗੁ ਨਹੀ ਜੰਮਣੁ ਮਰਣਾ
ਨਾ ਕੋ ਆਇ ਨ ਜਾਇਦਾ॥੩॥
ਬ੍ਰਹਮਾ ਬਿਸਨੁ ਮਹੇਸੁ ਨ ਕੋਈ॥
ਅਵਰੁ ਨ ਦੀਸੈ ਏਕੋ ਸੋਈ॥
ਨਾਰਿ ਪੁਰਖੁ ਨਹੀ ਜਾਤਿ ਨ ਜਨਮਾ
ਨਾ ਕੋ ਦੁਖੁ ਸੁਖੁ ਪਾਇਦਾ॥੪॥
ਨਾ ਤਦਿ ਜਤੀ ਸਤੀ ਬਨਵਾਸੀ॥
ਨਾ ਤਦਿ ਸਿਧ ਸਾਧਿਕ ਸੁਖਵਾਸੀ॥
ਜੋਗੀ ਜੰਗਮ ਭੇਖੁ ਨ ਕੋਈ
ਨਾ ਕੋ ਨਾਥੁ ਕਹਾਇਦਾ॥੫॥
ਜਪ ਤਪ ਸੰਜਮ ਨਾ ਬ੍ਰਤ ਪੂਜਾ॥
ਨਾ ਕੋ ਆਖਿ ਵਖਾਣੈ ਦੂਜਾ॥
ਆਪੇ ਆਪਿ ਉਪਾਇ ਵਿਗਸੈ
ਆਪੇ ਕੀਮਤਿ ਪਾਇਦਾ॥੬॥
ਨਾ ਸੁਚਿ ਸੰਜਮੁ ਤੁਲਸੀ ਮਾਲਾ॥
ਗੋਪੀ ਕਾਨੁ ਨ ਗਊ ਗੁੋਆਲਾ॥
ਤੰਤੁ ਮੰਤੁ ਪਾਖੰਡੁ ਨ ਕੋਈ
ਨਾ ਕੋ ਵੰਸੁ ਵਜਾਇਦਾ॥੭॥
ਕਰਮ ਧਰਮ ਨਹੀ ਮਾਇਆ ਮਾਖੀ॥
ਜਾਤਿ ਜਨਮੁ ਨਹੀ ਦੀਸੈ ਆਖੀ॥
ਮਮਤਾ ਜਾਲੁ ਕਾਲੁ ਨਹੀ ਮਾਥੈ
ਨਾ ਕੋ ਕਿਸੈ ਧਿਆਇਦਾ॥੮॥
ਨਿੰਦੁ ਬਿੰਦੁ ਨਹੀ ਜੀਉ ਨ ਜਿੰਦੋ॥
ਨਾ ਤਦਿ ਗੋਰਖੁ ਨਾ ਮਾਛਿੰਦੋ॥
ਨਾ ਤਦਿ ਗਿਆਨੁ ਧਿਆਨੁ ਕੁਲ ਓਪਤਿ
ਨਾ ਕੋ ਗਣਤ ਗਣਾਇਦਾ॥੯॥
ਵਰਨ ਭੇਖ ਨਹੀ ਬ੍ਰਹਮਣ ਖਤ੍ਰੀ॥
ਦੇਉ ਨ ਦੇਹੁਰਾ ਗਊ ਗਾਇਤ੍ਰੀ॥
ਹੋਮ ਜਗ ਨਹੀ ਤੀਰਥਿ ਨਾਵਣੁ
ਨਾ ਕੋ ਪੂਜਾ ਲਾਇਦਾ॥੧੦॥
ਨਾ ਕੋ ਮੁਲਾ ਨਾ ਕੋ ਕਾਜੀ॥
ਨਾ ਕੋ ਸੇਖੁ ਮਸਾਇਕੁ ਹਾਜੀ॥
ਰਈਅਤਿ ਰਾਉ ਨ ਹਉਮੈ ਦੁਨੀਆ
ਨਾ ਕੋ ਕਹਣੁ ਕਹਾਇਦਾ॥੧੧॥
ਭਾਉ ਨ ਭਗਤੀ ਨਾ ਸਿਵ ਸਕਤੀ॥
ਸਾਜਨੁ ਮੀਤੁ ਬਿੰਦੁ ਨਹੀ ਰਕਤੀ॥
ਆਪੇ ਸਾਹੁ ਆਪੇ ਵਣਜਾਰਾ
ਸਾਚੇ ਏਹੋ ਭਾਇਦਾ॥੧੨॥
ਬੇਦ ਕਤੇਬ ਨ ਸਿੰਮ੍ਰਿਤਿ ਸਾਸਤ॥
ਪਾਠ ਪੁਰਾਣ ਉਦੈ ਨਹੀ ਆਸਤ॥
ਕਹਤਾ ਬਕਤਾ ਆਪਿ ਅਗੋਚਰੁ
ਆਪੇ ਅਲਖੁ ਲਖਾਇਦਾ॥੧੩॥
ਜਾ ਤਿਸੁ ਭਾਣਾ ਤਾ ਜਗਤੁ ਉਪਾਇਆ॥
ਬਾਝੁ ਕਲਾ ਆਡਾਣੁ ਰਹਾਇਆ॥
ਬ੍ਰਹਮਾ ਬਿਸਨੁ ਮਹੇਸੁ ਉਪਾਏ
ਮਾਇਆ ਮੋਹੁ ਵਧਾਇਦਾ॥੧੪॥
ਵਿਰਲੇ ਕਉ ਗੁਰਿ ਸਬਦੁ ਸੁਣਾਇਆ॥
ਕਰਿ ਕਰਿ ਦੇਖੈ ਹੁਕਮੁ ਸਬਾਇਆ॥
ਖੰਡ ਬ੍ਰਹਮੰਡ ਪਾਤਾਲ ਅਰੰਭੇ
ਗੁਪਤਹੁ ਪਰਗਟੀ ਆਇਦਾ॥੧੫॥
ਤਾ ਕਾ ਅੰਤੁ ਨ ਜਾਣੈ ਕੋਈ॥
ਪੂਰੇ ਗੁਰ ਤੇ ਸੋਝੀ ਹੋਈ॥
ਨਾਨਕ ਸਾਚਿ ਰਤੇ ਬਿਸਮਾਦੀ
ਬਿਸਮ ਭਏ ਗੁਣ ਗਾਇਦਾ॥੧੬॥੩॥੧੫॥

**ਪਦਅਰਥ:** ਅਰਬਦ (ਅਬੁਲਦ) ਦਸ ਕਰੋੜ (ਸਾਲ)। ਨਰਬਦ-ਨ ਅਰਬਦ, ਜਿਸ ਵਾਸਤੇ ਲਫਜ਼ 'ਅਰਬਦ' ਭੀ ਨਾ ਵਰਤਿਆ ਜਾ ਸਕੇ, ਗਿਣਤੀ ਤੋਂ ਪਰੇ। ਧੁੰਧੂਕਾਰਾ-ਘੁੱਪ ਹਨੇਰਾ (ਨੋਟ: ਘੁੱਪ ਹਨੇਰੇ ਵਿਚ ਪਤਾ ਨਹੀਂ ਲੱਗ ਸਕਦਾ ਕਿ ਇਥੇ ਕੀ ਕੁਝ ਪਿਆ ਹੈ) ਉਹ ਹਾਲਤ ਜਿਸ ਬਾਬਤ ਕੋਈ ਭੀ ਮਨੁੱਖ ਕੁਝ ਨਹੀਂ ਦੱਸ ਸਕਦਾ। ਧਰਣਿ-ਧਰਤੀ। ਗਗਨਾ-ਆਕਾਸ਼। ਰੈਨਿ-ਰਾਤ। ਸੁੰਨ-ਸੁੰਞ। ਸੁੰਨ ਸਮਾਧਿ-ਉਹ ਸਮਾਧੀ ਜਿਸ ਵਿਚ ਪ੍ਰਭੂ ਦੇ ਆਪਣੇ ਆਪੇ ਤੋਂ ਬਿਨਾ ਹੋਰ ਕੁਝ ਭੀ ਨਹੀਂ ਸੀ।੧।

ਖਾਣੀ-ਜਗਤ ਉਤਪਤੀ ਦੇ ਚਾਰ ਵਸੀਲੇ: ਅੰਡਜ, ਉਤਭੁਜ, ਜੇਰਜ, ਸੇਤਜ। ਬਾਣੀ-ਜੀਵਾਂ ਦੀਆਂ ਚਾਰ ਬਾਣੀਆਂ। ਓਪਤਿ-ਉਤਪਤੀ। ਖਪਤਿ-ਨਾਸ, ਪਰਲੋ। ਸਪਤ-ਸੱਤ। ਸਾਗਰ-ਸਮੁੰਦਰ।੨।

ਤਦਿ-ਤਦੋਂ। ਮਛੁ-ਮਾਤ ਲੋਕ। ਪਇਆਲਾ-ਪਤਾਲ। ਖੈ-ਨਾਸ ਕਰਨ ਵਾਲਾ। ਕਾਲਾ-ਕਾਲ।੩।

ਮਹੇਸੁ-ਸ਼ਿਵ। ਕੋ-ਕੋਈ ਜੀਵ।੪।

ਸਤੀ-ਉਚਾ ਆਚਰਨ ਬਣਾਉਣ ਦਾ ਜਤਨ ਕਰਨ ਵਾਲਾ। ਜਤੀ-ਜਤ ਧਾਰਨ ਵਾਲਾ, ਬਿੰਦ ਸਾਂਭ ਕੇ ਰੱਖਣ ਦਾ ਜਤਨ ਕਰਨ ਵਾਲਾ। ਬਨਵਾਸੀ-ਜੰਗਲ ਵਿਚ ਰਹਿਣ ਵਾਲਾ ਤਿਆਗੀ। ਸਿਧ-ਜੋਗ ਸਾਧਨਾ ਵਿਚ ਪੁੱਗਾ ਹੋਇਆ ਜੋਗੀ। ਸਾਧਿਕ-ਸਾਧਨ ਕਰਨ ਵਾਲਾ। ਸੁਖ ਵਾਸੀ-ਸੁਖਾਂ ਵਿਚ ਰਹਿਣ ਵਾਲਾ, ਗ੍ਰਹਿਸਥੀ। ਜੰਗਮ-ਸ਼ਿਵ ਉਪਾਸਕ ਜੋਗੀਆਂ ਦਾ ਇਕ ਭੇਖ। ਨਾਥੁ-ਜੋਗੀਆਂ ਦਾ ਗੁਰੂ।੫।

ਸੰਜਮ-ਇੰਦ੍ਰਿਆਂ ਨੂੰ ਵੱਸ ਵਿਚ ਰੱਖਣ ਦੇ ਸਾਧਨ। ਬ੍ਰਤ-ਵਰਤ, ਨਿਰਾਹਾਰ ਰਹਿਣਾ। ਆਖਿ-ਆਖ ਕੇ। ਆਪਿ-ਆਪ ਵਿਚ। ਵਿਗਸੈ-ਖੁਸ਼ ਹੁੰਦਾ ਹੈ।੬।

ਸੁਚਿ-ਸਰੀਰ ਨੂੰ ਪਵਿੱਤਰ ਰੱਖਣ ਦਾ ਸਾਧਨ। ਗੋਪੀ-ਗਵਾਲਣ। ਕਾਨੁ-ਕ੍ਰਿਸ਼ਨ। ਗੁੋਆਲਾ-ਗਾਂਈਆਂ ਦਾ ਰਾਖਾ, ਗੋਪਾਲਾ (ਨੋਟ: ਅੱਖਰ 'ਗ' ਦੇ ਨਾਲ ਦੋ ਲਗਾਂ ਹਨ-ਹੋੜਾ ਅਤੇ ਔਂਕੜ। ਅਸਲ ਲਫਜ਼ 'ਗੋਆਲਾ' ਹੈ, ਇਥੇ 'ਗੁਆਲਾ' ਪੜ੍ਹਨਾ ਹੈ)। ਵੰਸੁ-ਬੰਸਰੀ।੭।

ਮਾਖੀ-ਮਾਖਿਓ, ਸ਼ਹਿਦ, ਮਿੱਠੀ। ਆਖੀ-ਅੱਖਾਂ ਨਾਲ। ਮਮਤਾ-ਅਪਣੱਤ, ਇਹ ਖਿਆਲ ਕਿ ਇਹ ਚੀਜ਼ 'ਮੇਰੀ' ਹੈ।੮।

ਬਿੰਦੁ-ਉਸਤਤਿ, ਵਡਿਆਈ, ਖੁਸ਼ਾਮਦ। ਮਾਛਿੰਦੋ-ਮਾਛਿੰਦ੍ਰ ਨਾਥ। ਕੁਲ ਓਪਤਿ-ਕੁਲਾਂ ਦੀ ਉਤਪਤੀ। ਗਣਤ-ਲੇਖਾ, ਮਾਣ।੯।

ਦੇਉ-ਦੇਵਤਾ।੧੦।

ਮਸਾਇਕੁ-ਮਸ਼ਾਇਖ, ਸ਼ੇਖ। ਰਾਉ-ਰਾਜਾ। ਰਈਅਤਿ-ਪਰਜਾ।੧੧।

ਸਿਵ-ਸ਼ਿਵ, ਚੇਤੰਨ। ਸਕਤੀ-ਜੜ੍ਹ ਪਦਾਰਥ। ਬਿੰਦੁ-ਵੀਰਜ। ਰਕਤੀ-ਰੱਤ, ਲਹੂ।੧੨।

ਕਤੇਬ-ਸ਼ਾਮੀ ਮਜ਼ਹਬਾਂ ਦੀਆਂ ਕਿਤਾਬਾਂ (ਕੁਰਾਨ, ਅੰਜੀਲ, ਤੌਰੇਤ, ਜ਼ੰਬੂਰ)। ਉਦੈ-ਸੂਰਜ ਦਾ ਚੜ੍ਹਨਾ। ਆਸਤ-ਸੂਰਤ ਦਾ ਡੁੱਬਣਾ, ਅਸਤ। ਅਗੋਚਰੁ-ਅ...ਗੋ...ਚਰ, ਜਿਸ ਤਕ ਗਿਆਨ ਇੰਦ੍ਰਿਆਂ ਦੀ ਪਹੁੰਚ ਨ ਹੋ ਸਕੇ (ਗੋ-ਇੰਦ੍ਰੇ। ਚਰ-ਪਹੁੰਚ)।੧੩।

ਤਿਸੁ ਭਾਣਾ-ਉਸ ਪ੍ਰਭੂ ਨੂੰ ਚੰਗਾ ਲੱਗਾ। ਆਡਾਣੁ-ਪਸਾਰਾ। ਰਹਾਇਆ-ਟਿਕਾਇਆ।੧੪।

ਗੁਰਿ-ਗੁਰੂ ਨੇ। ਦੇਖੈ-ਸੰਭਾਲ ਕਰਦਾ ਹੈ। ਅਰੰਭੇ-ਬਣਾਏ। ਗੁਪਤਹੁ-ਗੁਪਤ ਹਾਲਤ ਤੋਂ।੧੫।

ਤੇ-ਤੋਂ। ਸਾਚਿ-ਸਦਾ ਥਿਰ ਪ੍ਰਭੂ ਵਿਚ। ਬਿਸਮਾਦੀ-ਹੈਰਾਨ।

ਬਿਸਮ-ਹੈਰਾਨ।੧੬।

**ਗੁਰੂ ਤੋਂ ਬਿਨਾ ਰੱਬੀ ਗਿਆਨ ਪ੍ਰਾਪਤ ਨਹੀਂ ਹੋ ਸਕਦਾ:** ਸ਼ਬਦ ਦੇ ਆਖਰੀ ਦੋ ਬੰਦਾਂ ਦੇ ਅਰਥ ਦੱਸਦੇ ਹਨ ਕਿ ਰੱਬ ਨੂੰ ਸਮਝਣ ਲਈ ਪਹਿਲਾਂ ਗੁਰੂ ਦੀ ਲੋੜ ਪੈਂਦੀ ਹੈ ਕਿਉਂਕਿ ਗੁਰੂ ਬਿਨਾ ਰੱਬੀ ਗਿਆਨ ਦੀ ਪ੍ਰਾਪਤੀ ਨਹੀਂ ਹੋ ਸਕਦੀ। ਗੁਰੂ ਪਹਿਲਾਂ ਹੈ ਅਤੇ ਰੱਬ ਪਿੱਛੋਂ ਹੈ।

**ਸ਼ਬਦ ਦੇ ਆਖਰੀ ਦੋ ਬੰਦਾਂ ਦੇ ਅਰਥ:** ਜਿਸ ਕਿਸੇ ਵਿਰਲੇ ਬੰਦੇ ਨੂੰ ਗੁਰੂ ਨੇ ਉਪਦੇਸ਼ ਸੁਣਾਇਆ, ਉਸ ਨੂੰ ਸਮਝ ਆ ਗਈ ਕਿ ਪਰਮਾਤਮਾ ਜਗਤ ਪੈਦਾ ਕਰ ਕੇ ਆਪ ਹੀ ਸੰਭਾਲ ਕਰ ਰਿਹਾ ਹੈ, ਹਰ ਥਾਂ ਉਸ ਦਾ ਹੁਕਮ ਚੱਲ ਰਿਹਾ ਹੈ। ਉਸ ਪਰਮਾਤਮਾ ਨੇ ਆਪ ਹੀ ਖੰਡ ਬ੍ਰਹਿਮੰਡ ਪਾਤਾਲ ਆਦਿ ਬਣਾਏ ਹਨ ਤੇ ਉਹ ਆਪ ਹੀ ਗੁਪਤ ਹਾਲਤ ਤੋਂ ਪਰਗਟ ਹੋਇਆ ਹੈ।੧੫।

**ਰੱਬ ਤੋਂ ਪਹਿਲਾਂ ਪੂਰੇ ਗੁਰੂ ਦੀ ਲੋੜ ਹੈ:** ਪੂਰੇ ਗੁਰੂ ਤੋਂ ਇਹ ਸਮਝ ਪੈਂਦੀ ਹੈ ਕਿ ਕੋਈ ਭੀ ਜੀਵ ਪਰਮਾਤਮਾ ਦੀ ਤਾਕਤ ਦਾ ਅੰਤ ਨਹੀਂ ਜਾਣ ਸਕਦਾ। ਹੇ ਨਾਨਕ! ਜਿਹੜੇ ਬੰਦੇ ਉਸ ਸਦਾ-ਥਿਰ ਰਹਿਣ ਵਾਲੇ ਪਰਮਾਤਮਾ (ਦੇ ਨਾਮ-ਰੰਗ) ਵਿਚ ਰੰਗੇ ਜਾਂਦੇ ਹਨ, ਉਹ (ਉਸ ਦੀ ਬੇਅੰਤ ਤਾਕਤ ਦੇ ਕੌਤਕ ਵੇਖ ਵੇਖ ਕੇ) ਹੈਰਾਨ ਹੀ ਹੈਰਾਨ ਹੁੰਦੇ ਹਨ ਤੇ ਉਸ ਦੇ ਗੁਣ ਗਾਉਂਦੇ ਰਹਿੰਦੇ ਹਨ।੧੬।੩।੧੫।

ਗੁਰਬਾਣੀ ਵਿਚੋਂ ਕੁਝ ਕੁ ਹੋਰ ਪ੍ਰਮਾਣ ਦਿੱਤੇ ਜਾ ਰਹੇ ਹਨ, ਜਿਨ੍ਹਾਂ ਤੋਂ ਪਤਾ ਲੱਗਦਾ ਹੈ ਕਿ ਰੱਬ ਦੀ ਕਿਰਪਾ ਲੈਣੀ ਹੈ ਤਾਂ ਪਹਿਲਾਂ ਗੁਰੂ ਦੀ ਕਿਰਪਾ ਦੇ ਪਾਤਰ ਬਣਨਾ ਪਵੇਗਾ। ਗੁਰੂ ਕਿਰਪਾ ਤੋਂ ਬਿਨਾ ਰੱਬ ਹਿਰਦੇ ਵਿਚ ਵਸਦਾ ਅਨੁਭਵ ਨਹੀਂ ਕੀਤਾ ਜਾ ਸਕਦਾ। ਗੁਰੂ ਦੀ ਲੋੜ ਪਹਿਲਾਂ ਹੈ ਤਾਂ ਕਿ ਰੱਬ ਦੀ ਸਮਝ ਪੈ ਜਾਏ।

(ੲ) ਗੁਰ ਕਿਰਪਾ ਤੇ ਹਿਰਦੈ ਵਾਸੈ
ਭਉਜਲੁ ਪਾਰਿ ਪਰਲਾ॥ (ਪੰਨਾ ੮੯੧)
(ਸ) ਗੁਰ ਕਿਰਪਾ ਤੇ ਹਰਿ ਮਨਿ ਵਸਾਈ॥
(ਪੰਨਾ ੬੬੩)
(ਹ) ਗੁਰ ਕਿਰਪਾ ਤੇ ਹਰਿ ਨਿਰਭਉ ਧਿਆਇਆ॥ ਬਿਖੁ ਭਉਜਲੁ ਸਬਦਿ ਤਰਾਵਣਿਆ॥ (ਪੰਨਾ ੧੧੪)
(ਕ) ਗੁਰ ਕਿਰਪਾ ਤੇ ਗੁਨ ਗਾਇ ਅਪਾਰ॥
(ਪੰਨਾ ੧੨੩੫)
(ਖ) ਗੁਰ ਮਿਲਿ ਹੁਕਮੁ ਪਛਾਣਿਆ
ਤਬ ਹੀ ਤੇ ਸੁਖੀਆ॥ (ਪੰਨਾ ੪੦੦)
(ਗ) ਗੁਰ ਮਿਲਿ ਐਸੇ ਪ੍ਰਭੂ ਧਿਆਇਆ॥
(ਪੰਨਾ ੧੨੭੨)
(ਘ) ਗੁਰ ਮਿਲਿ ਨਾਨਕ
ਪਾਰਬ੍ਰਹਮੁ ਪਛਾਣਾ॥ (ਪੰਨਾ ੫੨)

---

ਗੁਰ ਜੇਵਡੁ ਦਾਤਾ ਕੋ ਨਹੀ
ਜਿਨਿ ਦਿਤਾ ਆਤਮ ਦਾਨੁ॥ (ਪੰਨਾ ੫੨)
(ਙ) ਗੁਰ ਮਿਲਿ ਨਾਨਕਿ
ਖਸਮੁ ਧਿਆਇਆ॥ (ਪੰਨਾ ੧੧੯੪)
(ਚ) ਗੁਰੁ ਦਾਤਾ ਹਰਿ ਨਾਮੁ ਦੇਇ
ਉਧਰੈ ਸਭੁ ਸੰਸਾਰੁ॥ (ਪੰਨਾ ੫੨)
(ਛ) ਗੁਰ ਬਿਨੁ ਘੋਰੁ ਅੰਧਾਰੁ
ਗੁਰੂ ਬਿਨੁ ਸਮਝ ਨ ਆਵੈ॥
(ਪੰਨਾ ੧੩੯੯)

**(ਜ) ਖੰਡੇ ਦੀ ਪਾਹੁਲ:** ਪਹਿਲਾਂ ਚਰਨ ਪਾਹੁਲ ਅਤੇ ਹੁਣ ਖੰਡੇ ਦੀ ਪਾਹੁਲ ਦਾ ਅਰਥ ਹੈ ਕਿ ਜੇ ਰੱਬ ਨਾਲ ਰਿਸ਼ਤਾ ਗੰਢਣਾ ਹੈ ਤਾਂ ਗੁਰੂ ਦੀ ਸ਼ਰਨ ਵਿਚ ਆ ਜਾ ਅਤੇ ਗੁਰ ਉਪਦੇਸ਼ ਧਾਰਨ ਕਰ, ਨਹੀਂ ਤਾਂ ਰੱਬ ਨਾਲ ਨਹੀਂ ਜੁੜ ਸਕੇਂਗਾ।

ਗੁਰਬਾਣੀ ਦੇ ਉਪਰੋਕਤ ਗਿਆਨ ਤੋਂ ਸਪੱਸ਼ਟ ਹੈ ਕਿ ਗੁਰੂ ਪਹਿਲਾਂ ਹੈ ਅਤੇ ਰੱਬ ਪਿੱਛੋਂ ਹੈ। ਗੁਰੂ ਨੂੰ ਮਨਾਇ ਕੇ ਹੀ ਰੱਬ ਨੂੰ ਮਨਾਇਆ ਜਾ ਸਕਦਾ ਹੈ।

## ਭਗਉਤੀ ਵੱਡੀ ਕਿ ਗੁਰੂ?

ਹੁਣ ਵਿਚਾਰ ਕਰਦੇ ਹਾਂ ਭਗਉਤੀ ਅਤੇ ਗੁਰੂ ਤੋਂ ਕੌਣ ਵੱਡਾ ਹੈ? ਰੱਬ ਨਾਲੋਂ ਸਿੱਖ ਲਈ ਗੁਰੂ ਪਹਿਲਾਂ ਹੈ ਕਿਉਂਕਿ ਗੁਰੂ ਹੀ ਰੱਬ ਨਾਲ ਮਿਲਾਉਂਦਾ ਹੈ। ਭਗਉਤੀ ਕਿਉਂਕਿ ਰੱਬ ਤੋਂ ਵੱਡੀ ਨਹੀਂ, ਇਸ ਲਈ ਸਿੱਖ ਲਈ ਗੁਰੂ ਪਹਿਲਾਂ ਹੈ, ਭਗਉਤੀ ਨਹੀਂ। ਭਗਉਤੀ ਤਾਂ ਗੁਰੂ ਤੋਂ ਬਾਅਦ ਵੀ ਸਿੱਖ ਲਈ ਕੋਈ ਅਰਥ ਨਹੀਂ ਰੱਖਦੀ।

## ਭਗਉਤੀ ਦੇ ਅਰਥ

**(ੳ) ਗੁਰੂ ਗ੍ਰੰਥ ਸਾਹਿਬ ਵਿਚ ਭਗਉਤੀ:** ਗੁਰੂ ਗ੍ਰੰਥ ਸਾਹਿਬ ਵਿਚ ਭਗਉਤੀ ਸ਼ਬਦ ਕਿਤੇ ਵੀ ਰੱਬ ਵਾਸਤੇ ਨਹੀਂ ਵਰਤਿਆ ਗਿਆ। ਵੈਸ਼ਨੋ ਦੇ ਭਗਤ ਅਤੇ ਭਗਵੰਤ ਦੇ ਜਾਣਨ ਵਾਲੇ ਲਈ ਇਹ ਸ਼ਬਦ ਵਰਤਿਆ ਗਿਆ ਹੈ, ਜਿਸ ਅਨੁਸਾਰ 'ਭਗਉਤੀ' ਰੱਬ ਜਾਂ ਰੱਬ ਦਾ ਨਾਂ ਨਹੀਂ ਹੈ, ਇਸ ਲਈ ਭਗਉਤੀ ਨਾਲੋਂ ਗੁਰੂ ਪਹਿਲਾਂ ਹੈ ਅਤੇ ਭਗਉਤੀ ਗੁਰੂ ਤੋਂ ਪਿੱਛੋਂ ਵੀ ਨਹੀਂ ਹੈ, ਕਿਉਂਕਿ ਇਹ ਦੇਵੀ ਦੁਰਗਾ ਹੈ। ਸੁਖਮਨੀ ਬਾਣੀ ਦੀ ਅੱਠਵੀਂ ਅਸ਼ਟਪਦੀ ਵਿਚ ਭਗਉਤੀ ਸ਼ਬਦ ਪ੍ਰਤੀ ਚਾਨਣਾ ਪਾਇਆ ਗਿਆ ਹੈ,

ਭਗਉਤੀ ਭਗਵੰਤ ਭਗਤਿ ਕਾ ਰੰਗੁ॥
ਸਗਲ ਤਿਆਗੈ ਦੁਸਟ ਕਾ ਸੰਗੁ॥
ਮਨ ਤੇ ਬਿਨਸੈ ਸਗਲਾ ਭਰਮੁ॥
ਕਰਿ ਪੂਜੈ ਸਗਲ ਪਾਰਬ੍ਰਹਮੁ॥
ਸਾਧ ਸੰਗਿ ਪਾਪਾ ਮਲੁ ਖੋਵੈ॥
ਤਿਸੁ ਭਗਉਤੀ ਕੀ ਮਤਿ ਊਤਮ ਹੋਵੈ॥
ਭਗਵੰਤ ਕੀ ਟਹਲ ਕਰੈ ਨਿਤ ਨੀਤਿ॥
ਮਨੁ ਤਨੁ ਅਰਪੈ ਬਿਸਨ ਪਰੀਤਿ॥
ਹਰਿ ਕੇ ਚਰਨ ਹਿਰਦੈ ਬਸਾਵੈ॥
ਨਾਨਕ ਐਸਾ ਭਗਉਤੀ
ਭਗਵੰਤ ਕਉ ਪਾਵੈ॥੩॥ (ਪੰਨਾ ੨੭੪)

**ਪਦਅਰਥ:** ਭਗਉਤੀ-(ਸੰਸਕ੍ਰਿਤ ਭਗਵਤੀ) ਭਗਵਾਨ ਦਾ ਉਪਾਸ਼ਕ, ਪਵਿਤਰ ਆਤਮਾ। ਕਰਿ ਸਗਲ-ਸਗਲ ਕਰਿ, ਸਭ ਥਾਂਈਂ ਵਿਆਪਕ ਜਾਣ ਕੇ। ਅਰਪੈ-ਸਦਕੇ ਕਰਦਾ ਹੈ, ਕੁਰਬਾਨ ਕਰਦਾ ਹੈ।

**ਅਰਥ:** ਭਗਵਾਨ ਦਾ (ਅਸਲੀ) ਉਪਾਸ਼ਕ (ਉਹ ਹੈ ਜਿਸ ਦੇ ਹਿਰਦੇ ਵਿਚ) ਭਗਵਾਨ ਦੀ ਭਗਤੀ ਦਾ ਪਿਆਰ ਹੈ ਤੇ ਜੋ ਸਭ ਮੰਦ-ਕਰਮੀਆਂ ਦੀ ਸੁਹਬਤ ਛੱਡ ਦਿੰਦਾ ਹੈ; ਜਿਸ ਦੇ ਮਨ ਵਿਚੋਂ ਹਰ ਤਰ੍ਹਾਂ ਦਾ ਵਹਿਮ ਮਿਟ ਜਾਂਦਾ ਹੈ, ਜੋ ਅਕਾਲ ਪੁਰਖ ਨੂੰ ਹਰ ਥਾਂ ਮੌਜੂਦ ਜਾਣ ਕੇ ਪੂਜਦਾ ਹੈ।

ਉਸ ਭਗਉਤੀ ਦੀ ਮਤਿ ਉਚੀ ਹੁੰਦੀ ਹੈ, ਜੋ ਗੁਰਮੁਖਾਂ ਦੀ ਸੰਗਤਿ ਵਿਚ ਰਹਿ ਕੇ ਪਾਪਾਂ ਦੀ ਮੈਲ (ਮਨ ਤੋਂ) ਦੂਰ ਕਰਦਾ ਹੈ।

ਜੋ ਨਿੱਤ ਭਗਵਾਨ ਦਾ ਸਿਮਰਨ ਕਰਦਾ ਹੈ, ਜੋ ਪ੍ਰਭੂ ਪਿਆਰ ਤੋਂ ਆਪਣਾ ਮਨ ਤੇ ਤਨ ਕੁਰਬਾਨ ਕਰ ਦਿੰਦਾ ਹੈ; ਜੋ ਪ੍ਰਭੂ ਦੇ ਚਰਨ (ਸਦਾ ਆਪਣੇ) ਹਿਰਦੇ ਵਿਚ ਵਸਾਉਂਦਾ ਹੈ। ਹੇ ਨਾਨਕ! ਅਜਿਹਾ ਭਗਉਤੀ ਭਗਵਾਨ ਨੂੰ ਲੱਭ ਲੈਂਦਾ ਹੈ।੩।

**ਸਿੱਟਾ:** ਸਪੱਸ਼ਟ ਹੈ ਕਿ ਭਗਉਤੀ ਅਤੇ ਭਗਵਾਨ ਇੱਕੋ ਹਸਤੀ ਨਹੀਂ ਹੈ।

**(ਅ) ਮਹਾਨ ਕੋਸ਼ ਵਿਚ 'ਭਗਉਤੀ' ਦੇ ਅਰਥ:**

1. ਕਰਤਾਰ ਦਾ ਉਪਾਸ਼ਕ।
2. ਭਗਵਤੀ. ਦੁਰਗਾ ਦੇਵੀ।
3. ਮਹਾਂਕਾਲ ਜਿਵੇਂ 'ਪ੍ਰਿਥਮ ਭਗਉਤੀ ਸਿਮਰਿ ਕੈ'।
4. ਤਲਵਾਰ ਜਿਵੇਂ 'ਲਈ ਭਗਉਤੀ ਦੁਰਗਸ਼ਾਹ'।
5. ਇੱਕ ਛੰਦ ਦਾ ਨਾਂ। ਭਗਵਤੀ ਛੰਦ।

**ਵਿਚਾਰ:** ਮਹਾਨ ਕੋਸ਼ ਵਿਚ 'ਭਗਉਤੀ' ਦੇ ਦਿੱਤੇ ਅਰਥਾਂ ਵਿਚ ਕਿਤੇ ਵੀ 'ਭਗਉਤੀ' ਦਾ ਅਰਥ ਰੱਬ, ਅਕਾਲ ਪੁਰਖ, ਸਤਿਨਾਮੁ ਨਹੀਂ ਕੀਤਾ ਗਿਆ, ਕਿਉਂਕਿ ਅਜਿਹਾ ਸਿੱਖੀ ਵਿਚਾਰਧਾਰਾ ਵਿਚ ਸ਼ਾਮਲ ਨਹੀਂ ਹੈ। ਮਹਾਨ ਕੋਸ਼ ਵਿਚ ਭਗਉਤੀ ਦਾ ਕੀਤਾ ਅਰਥ ਮਹਾਂਕਾਲ ਢੁੱਕਦਾ ਨਹੀਂ ਕਿਉਂਕਿ ਦਸਮ ਗ੍ਰੰਥ ਵਿਚ 'ਵਾਰ ਦੁਰਗਾ ਕੀ' ਦਾ ਨਾਂ ਬਦਲ ਕੇ ਹੀ 'ਵਾਰ ਸ੍ਰੀ ਭਗਉਤੀ ਜੀ ਕੀ' ਰੱਖਿਆ ਗਿਆ ਹੈ। ਨਾਂ 'ਵਾਰ ਦੁਰਗਾ ਕੀ' ਹੈ, 'ਮਹਾਂਕਾਲ ਦੀ ਵਾਰ' ਨਹੀਂ, ਸਗੋਂ ਦੁਰਗਾ ਦੇਵੀ ਦੀ ਵਾਰ ਹੈ ਕਿਉਂਕਿ ਦੁਰਗਾ ਦੇਵੀ ਪਾਰਬਤੀ ਹੀ ਦੈਂਤਾਂ ਨਾਲ ਯੁੱਧ ਕਰਦੀ ਹੈ, ਮਹਾਂਕਾਲ ਨਹੀਂ। ਮਹਾਨ ਕੋਸ਼ ਵਿਚ ਦਿੱਤਾ 'ਭਗਉਤੀ' ਦਾ ਅਰਥ 'ਤਲਵਾਰ' ਵੀ ਢੁੱਕਦਾ ਨਹੀਂ ਕਿਉਂਕਿ 'ਵਾਰ ਦੁਰਗਾ ਕੀ' ਵਿਚ ਦੋਧਾਰੀ ਬਰਛੀ ਨੂੰ 'ਭਗਉਤੀ' ਕਿਹਾ ਗਿਆ ਹੈ, 'ਤਲਵਾਰ' ਨੂੰ ਨਹੀਂ, ਜਿਵੇਂ,

ਲਈ ਭਗਉਤੀ ਦੁਰਗਸ਼ਾਹ ਵਰਜਾਗਨ ਭਾਰੀ।
ਲਾਈ ਰਾਜੇ ਸੁੰਭ ਨੋ ਰਤੁ ਪੀਐ ਪਿਆਰੀ।
ਡੁੱਬ ਰਤੂ ਨਾਲਹੁ ਨਿਕਲੀ ਬਰਛੀ ਦੁੱਧਾਰੀ।
ਜਾਣ ਰਜ਼ਾਦੀ ਉਤਰੀ ਪੈਨ੍ਹ ਸੂਹੀ ਸਾਰੀ।

**ਨੋਟ:** ਲਹੂ ਵਿਚ ਡੁੱਬ ਕੇ 'ਤਲਵਾਰ' ਨਹੀਂ ਨਿਕਲਦੀ ਸਗੋਂ 'ਦੋਧਾਰੀ ਬਰਛੀ' ਨਿਕਲਦੀ ਹੈ। ਦੋਧਾਰੀ ਬਰਛੀ, ਤਲਵਾਰ ਨਹੀਂ ਹੁੰਦੀ। ਸਿੱਖ ਨਾ ਤਾਂ ਤਲਵਾਰ ਦਾ ਪੁਜਾਰੀ ਹੈ ਅਤੇ ਨਾ ਹੀ ਦੋਧਾਰੀ ਬਰਛੀ ਦਾ। ਸਿੱਟੇ ਵਜੋਂ ਗੁਰੂ ਤੋਂ ਨਾ ਭਗਉਤੀ ਅਤੇ ਨਾ ਹੀ ਦੋਧਾਰੀ ਬਰਛੀ ਵੱਡੀ ਹੈ। ਇਨ੍ਹਾਂ ਨੂੰ ਧਿਆਉਣ ਦਾ ਸਿੱਖੀ ਵਿਚ ਕੋਈ ਵਿਧਾਨ ਨਹੀਂ।

**ਦਸਮ ਗ੍ਰੰਥ ਵਿਚ ਭਗਉਤੀ ਦੇ ਅਰਥ:** ਦਸਮ ਗ੍ਰੰਥ ਵਿਚ ਭਗਉਤੀ ਨੂੰ ਦੁਰਗਾ ਦੇਵੀ, ਭਗਵਤੀ ਅਤੇ ਦੋਧਾਰੀ ਬਰਛੀ ਲਿਖਿਆ ਗਿਆ ਹੈ। ਸਿੱਖ ਲਈ ਦੁਰਗਾ ਦੇਵੀ, ਭਗਵਤੀ ਅਤੇ ਦੋਧਾਰੀ ਬਰਛੀ 'ਗੁਰੂ' ਦੇ ਮੁਕਾਬਲੇ ਵਿਚ ਤੁੱਛ ਹਨ। ਇਨ੍ਹਾਂ ਵਿਚੋਂ ਕੋਈ ਵੀ ਸਿੱਖ ਦਾ ਗੁਰੂ ਨਹੀਂ ਹੈ। ਹਥਿਆਰ ਆਤਮ ਰੱਖਿਆ ਵਾਸਤੇ ਸਾਧਨ ਹਨ, ਗੁਰੂ ਨਹੀਂ। ਜੇ ਭਗਉਤੀ ਜਾਂ ਹਥਿਆਰ ਹੀ ਗੁਰੂ ਹੁੰਦੇ ਤਾਂ ਗੁਰੂ ਗ੍ਰੰਥ ਸਾਹਿਬ ਦੀ ਜਗ੍ਹਾ ਭਗਉਤੀ ਦੀ ਮੂਰਤੀ ਅਤੇ ਹਥਿਆਰਾਂ ਦਾ ਹੀ ਪ੍ਰਕਾਸ਼ ਹੋਣਾ ਸੀ। ਨਾ ਤਾਂ ਭਗਉਤੀ ਰੱਬ ਹੈ ਅਤੇ ਨਾ ਹੀ ਦੋਧਾਰੀ ਬਰਛੀ ਰੱਬ ਹੈ। ਭਗਉਤੀ, ਭਵਾਨੀ ਤੇ ਭਗਵਤੀ ਦੁਰਗਾ ਦੇ ਹੀ ਨਾਂ ਹਨ। ਸ਼ਸਤ੍ਰ ਨਾਮ ਮਾਲਾ ਪੁਰਾਣ (ਦਸਮ ਗ੍ਰੰਥ) ਦੇ ਅਰੰਭ ਵਿਚ ਲਿਖਿਆ ਹੈ, 'ਸ੍ਰੀ ਭਗਉਤੀ ਜੀ ਸਹਾਇ॥'

ਇਸ ਸਿਰਲੇਖ ਤੋਂ ਸਪੱਸ਼ਟ ਹੈ ਕਿ ਭਗਉਤੀ, ਦੇਵੀ ਦੁਰਗਾ, ਭਗਵਤੀ ਦੀ ਸਿਫਤਿ ਕੀਤੀ ਜਾ ਰਹੀ ਹੈ ਤੇ ਉਸ ਤੋਂ ਮੰਗ ਮੰਗੀ ਜਾ ਰਹੀ ਹੈ, ਜਿਵੇਂ,

(ੳ). ਭੂਤਾਂਤਕ ਸ੍ਰੀ ਭਗਵਤੀ ਭਵਹਾ ਨਾਮ ਬਖਾਨ॥
ਸ੍ਰੀ ਭਵਾਨੀ ਭੈ ਹਰਨ ਸਭ ਕੋ ਕਰੌ ਕਲਯਾਨ॥੩੬॥ (ਦਸਮ ਗ੍ਰੰਥ, ਪੰਨਾ ੭੧੯)

**ਨੋਟ:** ਭਗਵਤੀ ਅਤੇ ਭਵਾਨੀ ਇੱਕੋ ਬੰਦ ਵਿਚ ਸਮਾਨਾਰਥਕ ਹਨ।

ਇਤਿ ਸ੍ਰੀਨਾਮ ਮਾਲਾ ਪੁਰਾਣੇ ਸ੍ਰੀ ਭਗਉਤੀ ਉਸਤਤ ਪ੍ਰਿਥਮ ਧਿਆਇ ਸਮਾਪਤਮ ਸਤੁ ਸੁਭਮੁ ਸਤੁ॥

ਇਤਿ ਸ੍ਰੀ ਨਾਮ ਮਾਲਾ ਪੁਰਾਣੇ ਚੱਕ੍ਰ ਨਾਮ ਦੁਤੀਯ ਧਿਆਇ ਸਮਾਪਤਮ ਸਤੁ ਸੁਭਮ ਸਤੁ॥

(ਅ) ਦਸਮ ਗ੍ਰੰਥ ਦੇ ਚਰਿਤ੍ਰੋ ਪਖਯਾਨ ਅਧਿਆਇ ਵਿਚ ਪਹਿਲੇ 'ਚੰਡੀ ਚਰਿਤ੍ਰ' ਵਿਚ ਭਗਉਤੀ ਅਤੇ ਚੰਡੀ/ਦੁਰਗਾ ਦਾ ਨਾਂ ਭਗਵਤੀ ਵੀ ਹੈ, ਜਿਵੇਂ,

ਪ੍ਰਥਮ ਧਿਆਇ ਸ੍ਰੀ ਭਗਵਤੀ ਬਰਨੌ ਤ੍ਰਿਅ ਪ੍ਰਸੰਗ॥
ਮੋ ਘਟ ਮੈ ਤੁਮ ਹ੍ਵੈ ਨਦੀ ਉਪਜਹੁ ਬਾਕ ਤਰੰਗ॥੪੬॥ (ਦਸਮ ਗ੍ਰੰਥ, ਪੰਨਾ ੮੧੩)

ਚੰਡੀ ਚਰਿੱਤ੍ਰ ਦੇ ਅੰਤ ਵਿਚ ਲਿਖਿਆ ਹੈ,

ਇਤਿ ਸ੍ਰੀ ਚਰਿਤ੍ਰ ਪਖਯਾਨੇ
ਚੰਡੀ ਚਰਿਤ੍ਰੇ ਪ੍ਰਥਮ
ਧਿਆਇ ਸਮਾਪਤਮ ਸਤੁ
ਸੁਭਮ ਸਤੁ॥੧॥੪੮॥ਅਫਜੂੰ॥

**ਵਿਚਾਰ:** 'ਅਥ ਪਖਯਾਨ ਚਰਿੱਤ੍ਰ ਲਿਖਯਤੇ' ਦੀ ਲੜੀ ਵਿਚ ਪਹਿਲਾ ਤ੍ਰਿਅ ਚਰਿਤ੍ਰ 'ਚੰਡੀ' ਦਾ ਹੈ। ਚੰਡੀ ਨੂੰ 'ਭਗਵਤੀ' ਵੀ ਲਿਖਿਆ ਹੈ। ਕਵੀ ਕਹਿੰਦਾ ਹੈ ਕਿ ਪਹਿਲਾਂ ਉਹ ਚੰਡੀ/ਭਗਵਤੀ ਨੂੰ ਚਰਿੱਤ੍ਰ ਰਾਹੀਂ ਯਾਦ ਕਰਕੇ ਫਿਰ ਬਾਕੀ ਇਸਤਰੀਆਂ ਦੇ ਪ੍ਰਸੰਗ ਬਿਆਨ ਕਰੇਗਾ। ਇਹ ਹੀ ਚੰਡੀ 'ਵਾਰ ਦੁਰਗਾ ਕੀ' {ਜਿਸ ਦਾ ਪ੍ਰਚਲਿਤ ਕੀਤਾ ਨਾਂ ਚੰਡੀ ਦੀ ਵਾਰ ਵੀ ਹੈ} ਵਿਚ ਦੈਂਤਾਂ ਨਾਲ ਯੁੱਧ ਕਰਦੀ ਹੈ ਤਾਂ ਜੁ ਇੰਦਰ ਦਾ ਦੈਂਤਾਂ ਵਲੋਂ ਖੋਹਿਆ ਰਾਜ ਉਸ ਨੂੰ ਮੁੜ ਮਿਲ ਸਕੇ।

ਚੰਡੀ/ਦੁਰਗਾ/ਭਗਉਤੀ/ਭਗਵਤੀ/ਭਵਾਨੀ/ਸ਼ਿਵਾ/ਚੰਡਿਕਾ/ਕਾਲਿਕਾ/ਗਿਰਜਾ ਆਦਿਕ ਵੱਖ ਵੱਖ ਨਾਂਵਾਂ ਨਾਲ ਬਿਆਨ ਕੀਤੀ ਸ਼ਿਵ ਜੀ ਦੀ ਪਾਰਬਤੀ ਨੂੰ ਜੋ ਅਕਾਲ ਪੁਰਖ ਕਹਿੰਦੇ ਨਹੀਂ ਥੱਕਦੇ, ਉਨ੍ਹਾਂ ਦੀ ਅਗਿਆਨਤਾ ਦੀ ਮੱਤ ਦੇ ਮੂੰਹ ਉਤੇ, 'ਚੰਡੀ ਦਾ ਪਹਿਲਾ ਤ੍ਰਿਅ ਚਰਿੱਤ੍ਰ' ਵੱਟ ਕੇ ਮਾਰੀ ਹੋਈ ਗਿਆਨ ਦੀ ਇਕ ਕਰੜੀ ਚਪੇੜ ਹੈ। ਚੰਡੀ ਇੱਕ ਤ੍ਰਿਅ ਜਾਂ ਔਰਤ ਦੁਰਗਾ ਦੇਵੀ ਪਾਰਬਤੀ ਹੈ, ਜਿਸ ਨੂੰ ਭੁੱਲੜ ਸਿੱਖ ਅਕਾਲਪੁਰਖ ਕਹੀ ਜਾਂਦੇ ਹਨ।

## ਪਹਿਲਾਂ ਕਿਸ ਤੋਂ ਕਿਰਪਾ ਲੈਣੀ ਹੈ? ਰੱਬ ਤੋਂ, ਭਗਉਤੀ ਤੋਂ ਜਾਂ ਗੁਰੂ ਤੋਂ?

ਇਸ ਵਿਚਾਰ ਤੋਂ ਸਿੱਟਾ ਕੱਢਣਾ ਕੋਈ ਔਖਾ ਨਹੀਂ ਕਿ ਸਿੱਖ ਨੇ ਪਹਿਲਾਂ ਗੁਰੂ ਨੂੰ ਯਾਦ ਕਰਨਾ ਹੈ, ਭਾਵ ਗੁਰੂ ਤੋਂ ਕਿਰਪਾ ਲੈਣੀ ਹੈ ਤਾਂ ਜੋ ਰੱਬ ਚੇਤੇ ਆ ਸਕੇ। ਭਗਉਤੀ ਦੇਵੀ ਨੂੰ ਯਾਦ ਕਰਨ ਦਾ ਸਿੱਖੀ ਵਿਚ ਕੋਈ ਵਿਧਾਨ ਨਹੀਂ ਹੈ।

**ਇਸ ਸਿੱਟੇ ਦੀ ਵਰਤੋਂ ਕਿਵੇਂ ਕਰਨੀ ਹੈ?**: ਅਰਦਾਸਿ ਵਿਚ 'ਪ੍ਰਿਥਮ ਅਕਾਲਪੁਰਖ ਸਿਮਰਿ ਕੈ ਗੁਰੂ ਨਾਨਕ ਲਈ ਧਿਆਇ' ਅਤੇ 'ਪ੍ਰਿਥਮ ਸਤਿਨਾਮੁ ਸਿਮਰਿ ਕੈ' ਬੋਲਣਾ ਅਪ੍ਰਸੰਗਕ ਹੈ, ਕਿਉਂਕਿ ਪਹਿਲਾਂ ਗੁਰੂ ਹੈ, ਫਿਰ ਅਕਾਲਪੁਰਖ ਹੈ। ਅਕਾਲਪੁਰਖ ਤੋਂ ਨਹੀਂ ਗੁਰੂ ਤੋਂ ਅਕਾਲਪੁਰਖ ਸਬੰਧੀ ਸੋਝੀ ਹੁੰਦੀ ਹੈ। ਮੰਗਲਾਚਰਣ ਵੀ ਹਨੇਰੇ ਵਿਚ ਚਾਨਣ ਕਰਦਾ ਹੋਇਆ ਰੱਬ ਦੇ ਗੁਣ ਬਿਆਨ ਕਰਨ ਪਿੱਛੋਂ 'ਗੁਰ ਪ੍ਰਸਾਦਿ' {ਅਰਥ-ਗੁਰੂ ਦੀ ਕਿਰਪਾ ਨਾਲ ਹੀ ਮੰਗਲਾਚਰਣ ਵਿਚ ਬਿਆਨ ਕੀਤੇ ਰੱਬ ਨਾਲ ਸਾਂਝ ਬਣਦੀ ਹੈ} ਦਾ ਉਪਦੇਸ਼ ਦਿੰਦਾ ਹੈ, ਜੋ ਅੱਖੋਂ ਪਰੋਖੇ ਨਹੀਂ ਕੀਤਾ ਜਾ ਸਕਦਾ। ਕਿਸੇ ਕਵੀ ਦੀ ਚੰਗੀ ਮਾੜੀ ਰਚਨਾ ਨੂੰ ਤੋੜ ਮਰੋੜ ਕੇ ਵਰਤਣਾ ਵੀ ਯੋਗ ਨਹੀਂ। ਲੋੜ ਹੈ, 'ਪ੍ਰਿਥਮ ਭਗਉਤੀ' ਵਾਲੀ ਸਾਰੀ ਪਉੜੀ ਦੀ ਥਾਂ ਕੇਵਲ ਦਸ ਗੁਰੂ ਪਾਤਿਸ਼ਾਹਾਂ ਦੇ ਨਾਂ ਬੜੇ ਅਦਬ-ਸਤਿਕਾਰ ਨਾਲ ਲਏ ਜਾਣ {ਜਿਵੇਂ ਧੰਨੁ ਧੰਨੁ ਗੁਰੂ ਨਾਨਕ ਸਾਹਿਬ ਪਾਤਿਸ਼ਾਹ, ਧੰਨੁ ਧੰਨੁ ਗੁਰੂ ਅੰਗਦ ਸਾਹਿਬ ਪਾਤਿਸ਼ਾਹ...ਧੰਨੁ ਧੰਨੁ ਗੁਰੂ ਗੋਬਿੰਦ ਸਿੰਘ ਸਾਹਿਬ ਪਾਤਿਸ਼ਾਹ ਜੀ ਸਭ ਥਾਂਈਂ ਹੋਣਾ ਜੀ ਸਹਾਇ। ਦਸਾਂ ਪਾਤਿਸ਼ਾਹੀਆਂ ਦੀ ਜੋਤਿ ਧੰਨੁ ਧੰਨੁ ਗੁਰੂ ਗ੍ਰੰਥ ਸਾਹਿਬ ਪਾਤਿਸ਼ਾਹ ਜੀ ਦੇ ਪਾਠ-ਦਰਸ਼ਨ-ਦੀਦਾਰ ਦਾ ਧਿਆਨ ਧਰ ਕੇ ਬੋਲੋ ਜੀ ਵਾਹ ਗੁਰੂ। ਅੱਗੋਂ ਰਹਿਤ ਮਰਿਆਦਾ ਵਾਲੀ ਅਰਦਾਸ ਜਾਰੀ ਰੱਖੀ ਜਾ ਸਕਦੀ ਹੈ।

# ਨੇੜਿਓਂ ਵੇਖਿਆ 6 ਜੂਨ

ਦਰਬਾਰ ਸਾਹਿਬ, ਅੰਮ੍ਰਿਤਸਰ ਦਾ ਪੂਰਾ ਕੰਪਲੈਕਸ ਚਿੱਟੀ ਪੁਲਿਸ ਅਤੇ ਟਾਸਕ ਫੋਰਸਾਂ ਨਾਲ ਭਰਿਆ ਇਵੇਂ ਮਹਿਸੂਸ ਹੁੰਦਾ ਹੈ ਜਿਵੇਂ ਹੁਣ ਹਰ ਸਾਲ 6 ਜੂਨ ਨੂੰ ਮੁੜ ਹਮਲਾ ਹੁੰਦਾ ਹੋਵੇ। ਜਿਸ ਹੁੱਲੜਬਾਜ਼ੀ ਨੂੰ ਖਾਲਿਸਤਾਨੀਆਂ ਦੇ ਵਿਰੋਧ ਵਿਚ ਪ੍ਰਚਾਰਿਆ ਜਾਂਦਾ ਹੈ, ਉਹ ਅਸਲ



ਵਿਚ ਦੁਨੀਆਂ ਵਿਚੋਂ ਆਏ ਪੰਥ ਦਰਦੀਆਂ ਦਾ ਰੋਸ ਤੇ ਦਰਦ ਹੈ, ਜੋ ਭਾਰਤੀ ਹਕੂਮਤ ਵਲੋਂ ਸਿੱਖਾਂ ਨੂੰ 1984 ਵਿਚ ਦਿੱਤਾ ਗਿਆ ਸੀ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਬੰਦਿਆਂ ਵਲੋਂ ਯੋਜਨਾਬੱਧ

ਦਲਵਿੰਦਰ ਸਿੰਘ ਘੁੰਮਣ
ਫੋਨ: 003-363-007-3111

ਤਰੀਕੇ ਨਾਲ ਆਪਣੀਆਂ ਲਾਲ, ਚਿੱਟੀਆਂ ਫੋਰਸਾਂ ਰਾਹੀਂ ਸਾਰੀ ਕੌਮ ਦੀ ਧਾਰਮਿਕ ਆਸਥਾ ਅਤੇ ਦੁਨੀਆਂ ਦੇ ਨਿਵੇਕਲੇ ਤਖਤ ਸ੍ਰੀ ਅਕਾਲ ਤਖਤ ਸਾਹਿਬ ਦੀ ਮਰਿਆਦਾ ਨੂੰ ਢਾਹ ਲਾਈ ਜਾਂਦੀ ਹੈ। ਦਹਿਸ਼ਤ ਸਿਖਰ 'ਤੇ ਹੁੰਦੀ ਹੈ। ਹਰ ਥਾਂ ਸੀ. ਸੀ. ਟੀ. ਵੀ. ਕੈਮਰਿਆਂ, ਸੀ. ਆਈ. ਡੀ. ਦੇ ਬੰਦਿਆਂ ਰਾਹੀਂ ਸਾਰੇ ਦਰਬਾਰ ਸਾਹਿਬ ਦੇ ਗਲਿਆਰਿਆਂ, ਛੱਤਾਂ, ਗੈਲਰੀਆਂ ਵਿਚ ਮੋਬਾਈਲਾਂ ਰਾਹੀਂ ਵੀਡੀਓ ਬਣਾਉਂਦਿਆਂ ਆਮ ਵੇਖਿਆ ਜਾ ਸਕਦਾ ਹੈ।

ਅਕਾਲ ਤਖਤ ਸਾਹਿਬ ਦੀ ਸਿੱਖਾਂ ਵਿਚ ਹੁਕਮ, ਆਦੇਸ਼, ਮਰਿਆਦਾ, ਅਹਿਮੀਅਤ ਸਭ ਤੋਂ ਸੁਪਰੀਮ ਹੈ। 35 ਸਾਲ ਪਹਿਲਾਂ ਸਿੱਖਾਂ ਉਪਰ ਵਾਪਰੇ ਹਿੰਦੁਤਵੀ ਸੋਚ ਦੇ ਕਹਿਰ ਨੇ ਜਿਥੇ ਹਜ਼ਾਰਾਂ ਨਿਰਦੋਸ਼ ਸਿੱਖਾਂ ਦੀ ਸ਼ਹਾਦਤ ਲਈ, ਉਥੇ ਵੱਡੀ ਚੀਸ ਸਿੱਖਾਂ ਦੇ ਮਨਾਂ 'ਤੇ ਉਕਰੀ ਗਈ। 6 ਜੂਨ ਦਾ ਹਫਤਾ ਬਹੁਤ ਅਸਹਿਨਸ਼ੀਲ ਸਮਾਂ ਹੁੰਦਾ ਹੈ। ਦੇਸ਼ ਵਿਦੇਸ਼ ਤੋਂ ਭਰ ਗਰਮੀ ਵਿਚ ਜਜ਼ਬਾਤੀ ਹਿਰਦੇ ਅਕਾਲ ਤਖਤ ਸਾਹਿਬ 'ਤੇ ਪਹੁੰਚ ਕੇ ਵਿਛੜਿਆਂ ਲਈ ਅਰਦਾਸ ਕਰਦੇ ਹਨ। ਹਰ ਸਿੱਖ ਦੀ ਅੱਖ ਨਮ ਹੁੰਦੀ ਹੈ, ਵੈਰਾਗ ਵਿਚ ਆਈਆਂ ਸੰਗਤਾਂ ਨੂੰ ਰੋਂਦਿਆਂ ਵੇਖਿਆ ਜਾ ਸਕਦਾ ਹੈ।

ਜੂਨ ਮਹੀਨੇ ਛਾਉਣੀ ਵਿਚ ਤਬਦੀਲ ਸ੍ਰੀ ਅੰਮ੍ਰਿਤਸਰ ਸਾਹਿਬ, ਥਾਂ ਥਾਂ ਚੈਕਿੰਗ, ਬੰਦ ਰਸਤੇ ਜਾਂ ਤਬਦੀਲ ਰਸਤਿਆਂ ਵਿਚੋਂ ਗੁਜ਼ਰਦੇ ਹਰ ਪ੍ਰਾਣੀ ਨੂੰ ਸ਼ੱਕ ਦੀ ਨਿਗਾਹ ਨਾਲ ਵੇਖਿਆ ਜਾਂਦਾ ਹੈ। ਸ਼੍ਰੋਮਣੀ ਕਮੇਟੀ ਵਲੋਂ ਰਿਹਾਇਸ਼ ਵਾਸਤੇ ਆਮ ਲੋਕਾਂ ਲਈ ਸਰਾਵਾਂ ਦੇ ਦਰਵਾਜੇ ਬੰਦ ਕੀਤੇ ਜਾਂਦੇ ਹਨ। ਇਕ ਜਥੇਬੰਦੀ ਵਲੋਂ ਬੰਦ ਦੇ ਸੱਦੇ ਨਾਲ ਲੋਕਾਂ ਵਿਚ ਭੰਬਲਭੂਸਾ, ਪ੍ਰੇਸ਼ਾਨੀ ਵਿਚ ਵਾਧਾ ਹੁੰਦਾ ਹੈ। ਗਰਮੀ ਵਿਚ ਖਾਣ ਪੀਣ ਦੀਆਂ ਦੁਕਾਨਾਂ ਬੰਦ ਹੋਣ ਕਾਰਨ ਬੱਚੇ ਅਤੇ ਬਜ਼ੁਰਗਾਂ ਲਈ ਸਥਿਤੀ ਹੋਰ ਵੀ ਖੱਜਲ ਖੁਆਰੀ ਵਾਲੀ ਹੋ ਜਾਂਦੀ ਹੈ। ਇਹ ਹਫਤਾ ਸ਼੍ਰੋਮਣੀ ਕਮੇਟੀ ਵਲੋਂ ਰੋਸ ਵਜੋਂ ਮਨਾਉਣ ਨਾਲੋਂ ਵੱਧ ਭੁੱਲਣ ਦੀ ਕਾਰਜਸ਼ੈਲੀ ਅਪਨਾਈ ਜਾਂਦੀ ਹੈ। ਸਿੱਖ ਸੰਘਰਸ਼ ਵਿਚ ਵਿਚਰ ਰਹੀਆਂ ਪਾਰਟੀਆਂ, ਜਥੇਬੰਦੀਆਂ ਅਕਾਲ ਤਖਤ ਸਾਹਿਬ 'ਤੇ ਪਹੁੰਚ ਕੇ ਆਪਣਾ ਰੋਸ ਪ੍ਰਦਰਸ਼ਨ ਕਰਦੀਆਂ ਹਨ। ਆਪਣੇ ਸੰਦੇਸ਼ ਵੀ ਕੌਮ ਦੇ ਨਾਂ ਪੜ੍ਹਦੀਆਂ ਹਨ।

5 ਜੂਨ ਦੀ ਰਾਤ ਤੇ ਤੜਕਸਾਰ ਹੀ ਅਕਾਲ ਤਖਤ ਸਾਹਿਬ ਦੇ ਆਲੇ ਦੁਆਲੇ ਥਾਂਵਾਂ 'ਤੇ ਟਾਸਕ ਫੋਰਸ ਆਪਣੇ ਮਿਲੇ ਹੁਕਮਾਂ ਰਾਹੀਂ ਸਭ ਪਾਸੇ ਜੰਗਲੇ ਲਾ ਕੇ ਸ਼੍ਰੋਮਣੀ ਕਮੇਟੀ ਮੁਲਾਜ਼ਮਾਂ ਅਤੇ ਹੋਰ ਸਹਿਯੋਗੀ ਸੰਪਰਦਾਵਾਂ ਦੇ ਵੱਖ ਵੱਖ ਟੋਲਿਆਂ ਦੇ ਰੂਪ ਵਿਚ ਸਾਰੀਆਂ ਥਾਂਵਾਂ 'ਤੇ ਯਾਤਰੀਆਂ ਵਾਂਗ ਬੈਠ ਜਾਂਦੇ ਹਨ, ਤਾਂ ਜੋ ਭੁਲੇਖਾ ਰਹੇ ਕਿ ਸਭ ਯਾਤਰੀ ਹਨ। ਇਸ ਵਾਰ ਇਨ੍ਹਾਂ ਥਾਂਵਾਂ 'ਤੇ ਕਿਸੇ ਦੂਜੀ ਪਾਰਟੀ, ਜਥੇਬੰਦੀ ਦੇ ਨੁਮਾਇੰਦਿਆਂ ਜਾਂ ਵਰਕਰਾਂ ਨੂੰ ਪੂਰੀਆਂ ਰੋਕਾਂ ਲਾ ਕੇ ਨਾ ਬੈਠਣ ਦਿੱਤਾ ਗਿਆ ਤੇ ਨਾ ਹੀ ਹਰ ਸਾਲ ਵਾਂਗ ਬੋਲਣ ਦਿੱਤਾ ਗਿਆ। ਜੋ ਵਕਤ ਅਨੁਸਾਰ ਵੱਖਰੀ ਸ਼ਾਂ ਕੀਤਾ ਗਿਆ, ਜੋ ਟਕਰਾਓ ਦਾ ਮਾਹੌਲ ਕਮੇਟੀ ਬਣਾਉਣਾ ਚਾਹੁੰਦੀ ਸੀ, ਉਸ ਤੋਂ ਬਚਿਆ ਗਿਆ।

ਅਕਾਲ ਤਖਤ ਸਾਹਿਬ ਅੰਦਰ ਜਾ ਕੇ ਨਤਮਸਤਕ ਹੋਣਾ ਅਸੰਭਵ ਸੀ ਕਿਉਂਕਿ ਪਉੜੀਆਂ 'ਤੇ ਪਹਿਲਾਂ ਹੀ ਵੱਡਾ ਹਜੂਮ ਖੜ੍ਹਾ ਕਰ ਦਿੱਤਾ ਜਾਂਦਾ ਹੈ, ਜਿਸ ਵਿਚੋਂ ਇਸ਼ਾਰੇ ਰੂਪੀ ਵਿਅਕਤੀਆਂ ਨੂੰ ਹੀ ਲੰਘਣ ਦਿਤਾ ਜਾਂਦਾ ਹੈ, (ਪੌੜੀਆਂ) ਨੂੰ ਸੀਲ ਕੀਤਾ ਗਿਆ ਸੀ, ਜਿਸ 'ਤੇ ਸਿੱਖ ਜਥੇਬੰਦੀਆਂ ਆਪਣਾ ਸੰਦੇਸ਼ ਜਾਂ ਰੋਸ ਪ੍ਰਗਟਾਉਂਦੀਆਂ ਹਨ।

ਇਸ ਵਾਰ ਜਥੇਦਾਰ ਦੇ ਬਹੁਤ ਹੀ ਸੰਖੇਪ ਭਾਸ਼ਣ ਵਿਚ ਆਈਲੈਟਸ ਕਰਕੇ ਵਿਦੇਸ਼ਾਂ ਵੱਲ ਭੱਜ ਰਹੀ ਜਵਾਨੀ 'ਤੇ ਚਿੰਤਾ ਪ੍ਰਗਟ ਕੀਤੀ ਗਈ। ਜਥੇਦਾਰ ਨੇ ਆਦੇਸ਼ ਪੜ੍ਹਿਆ ਹੈ ਜਾਂ ਸੰਦੇਸ਼?



ਆਪਰੇਸ਼ਨ ਬਲੂ ਸਟਾਰ ਦੀ ਵਰ੍ਹੇਗੰਢ ਮੌਕੇ ਲੰਘੀ 6 ਜੂਨ ਨੂੰ ਅਕਾਲ ਤਖਤ ਵਿਖੇ ਹੋਈ ਝੜਪ ਦੌਰਾਨ ਕੁਝ ਨੌਜਵਾਨ ਕਿਰਪਾਨਾਂ ਲਹਿਰਾਉਂਦੇ ਹੋਏ

ਜਦੋਂ ਕਿ ਲਾਈਨ ਵਿਚ ਜਾ ਕੇ ਤੁਸੀਂ ਬਹੁਤ ਅਰਾਮ ਨਾਲ ਮੱਥਾ ਟੇਕ ਸਕਦੇ ਹੋ। ਕਿਉਂਕਿ ਅੰਦਰ ਕਾਫੀ ਥਾਂ ਹੁੰਦੀ ਹੈ, ਜਿਸ ਵਿਚੋਂ ਸਹਿਜੇ ਹੀ ਦੂਜੇ ਦਰਵਾਜੇ ਰਾਹੀਂ ਬਾਹਰ ਜਾਇਆ ਜਾ ਸਕਦਾ ਹੈ। ਦੂਜੀਆਂ ਜਥੇਬੰਦੀਆਂ ਜਾਂ ਪਾਰਟੀਆਂ ਦੇ ਨੁਮਾਇੰਦਿਆਂ ਨੂੰ ਬੈਠਣ ਲਈ ਥਾਂ ਨਹੀਂ ਦਿੱਤੀ ਜਾਂਦੀ। ਬਾਹਰ ਨਿਕਲਣ ਸਾਰ ਹੀ ਹੇਠਾਂ ਨੂੰ ਉਤਰਦੇ ਰਸਤੇ ਪਤਾ ਨਹੀਂ! ਜੇ ਆਦੇਸ਼ ਹੈ ਤਾਂ ਆਪਣੇ ਆਕਿਆਂ ਲਈ ਹੋਣਾ ਚਾਹੀਦਾ ਸੀ, ਜਿਨ੍ਹਾਂ ਨੇ ਪੰਜਾਬ ਦੇ ਇਹ ਹਾਲਾਤ ਬਣਾਏ। ਇਸ ਦੇ ਜਿੰਮੇਵਾਰਾਂ ਨੂੰ ਕਟਹਿਰੇ ਵਿਚ ਖੜ੍ਹਾ ਕੀਤਾ ਜਾਣਾ ਚਾਹੀਦਾ ਸੀ। ਜੇ ਸੰਦੇਸ਼ ਸੀ, ਤਾਂ ਇਨ੍ਹਾਂ ਜਥੇਦਾਰਾਂ ਨੂੰ ਕੌਮ ਰੱਦ ਕਰ ਚੁਕੀ ਹੈ, ਕਿਉਂਕਿ ਅੱਜ ਦੇ ਸੰਦੇਸ਼ ਵੀ ਇਕ ਪਰਿਵਾਰ ਦੀ ਇੱਛਾ ਪੂਰਤੀ ਕਰਦੇ ਹਨ।

ਜੱਗ ਜਾਹਰ ਹੈ ਕਿ ਆਉਣ ਵਾਲੇ ਸਮੇਂ ਵਿਚ ਪੰਜਾਬ ਵਿਚੋਂ ਕੋਈ ਵੀ ਅਫਸਰ ਨਹੀਂ ਬਣੇਗਾ। ਪੰਜਾਬ ਵਿਚ ਯੂ. ਪੀ., ਬਿਹਾਰ ਦੇ ਮਜਦੂਰ ਅਤੇ ਕੇਰਲਾ ਵਰਗੇ ਸਿੱਖਿਆ ਪ੍ਰਥਮ ਸੂਬੇ ਦੇ ਲੋਕ ਸਿੱਖਿਆ ਪ੍ਰਣਾਲੀ ਦੇ ਮੋਹਰੀ ਹੋਣਗੇ। ਜਥੇਦਾਰ ਸਾਹਿਬ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਕਈ ਵੱਡੇ ਵਿਦਿਅਕ ਅਦਾਰੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧਾਂ ਹੇਠ ਚੱਲ ਰਹੇ ਹਨ। ਇਨ੍ਹਾਂ ਵਿਦਿਅਕ ਅਦਾਰਿਆਂ ਦੇ ਕੀ ਰੋਲ ਹਨ? ਅੱਜ ਸਿੱਖ ਵਰਗ ਦੇ ਨੌਜਵਾਨਾਂ ਲਈ ਪਹਿਲਾਂ ਪੜ੍ਹਾਈਆਂ ਹਨ ਜਾਂ ਨੌਕਰੀਆਂ? ਜਿੰਮੇਵਾਰਾਂ ਨੂੰ ਜਿੰਨੀ ਦੇਰ ਜਿੰਮੇਵਾਰੀ ਦਾ ਅਹਿਸਾਸ ਨਹੀਂ ਹੁੰਦਾ, ਉਨੀ ਦੇਰ ਸਭ ਗੱਲਾਂ ਦੇ ਕੜਾਹ ਹਨ।

"ਰਾਜੇ ਸੀਹ ਮੁਕਦਮ ਕੁਤੇ॥ ਜਾਇ ਜਗਾਇਨਿ ਬੈਠੇ ਸੁਤੇ॥" ਇਹ ਸ਼ਬਦ ਦਰਬਾਰ ਸਾਹਿਬ ਅਤੇ ਅਕਾਲ ਤਖਤ ਸਾਹਿਬ ਤੋਂ ਪੜ੍ਹੇ ਜਾ ਰਹੇ ਹਨ, ਕਿਉਂਕਿ ਇਸ ਵੇਲੇ ਰਾਜ ਭਾਗ ਕੈਪਟਨ ਅਮਰਿੰਦਰ ਸਿੰਘ ਕੋਲ ਹੈ, ਜੋ ਬਾਦਲ ਸਰਕਾਰ ਵੇਲੇ ਮਨ੍ਹਾਂ ਸਨ। ਇਹ ਵੀ ਧਾਰਮਿਕ ਅਸਥਾਨਾਂ ਦੀ ਦੁਰਵਰਤੋਂ ਹੈ, ਪੈਸੇ ਅਤੇ ਭ੍ਰਿਸ਼ਟਾਚਾਰ ਤੋਂ ਇਲਾਵਾ।

ਅੱਜ ਪੰਜਾਬ ਦੇ ਹਾਲਾਤ ਅਤੇ ਸਿੱਖਾਂ ਦੀ ਢਹਿ ਗਈ ਸਿਆਸਤ ਚੌਰਾਹੇ 'ਤੇ ਖੜ੍ਹੀ ਹੈ। ਪੰਜਾਬੀਆਂ, ਸਿੱਖਾਂ ਦੇ ਚੁਣੇ ਆਗੂ ਹੀ ਪੰਜਾਬ ਦੇ ਵੈਰੀ ਬਣ ਗਏ ਹਨ। ਸਾਰੇ ਆਪਣਾ ਝੋਲੀ ਬਿਸਤਰਾ ਚੁੱਕ ਦਿੱਲੀ ਨੂੰ ਭੱਜਦੇ ਹਨ। ਅਕਾਲੀ ਫੂਲਾ ਸਿੰਘ ਵਰਗੇ ਜਥੇਦਾਰ ਦੀ ਜਥੇਦਾਰੀ ਜਿਹਾ ਰੁਤਬਾ ਪ੍ਰਾਪਤ ਆਗੂ ਨੂੰ ਕੌਮ ਦੀ ਅਗਵਾਈ ਦਿੱਤੇ ਬਿਨਾ ਨਹੀਂ ਕੁਝ ਸਵਾਰਿਆ ਜਾ ਸਕਦਾ। ਸ. ਕਪੂਰ ਸਿੰਘ ਵਰਗੇ ਲੀਡਰਾਂ ਦੀ ਸਿੱਖਾਂ ਅਤੇ ਪੰਜਾਬ ਪ੍ਰਤੀ ਸੋਚ ਦਾ ਅੱਗੇ ਆਉਣਾ ਜਰੂਰੀ ਹੈ। ਅੱਜ ਕੁਝ ਕੁ ਲੀਡਰ ਭਵਿੱਖ ਲਈ ਫਿਕਰਮੰਦ ਹਨ, ਪਰ ਉਨ੍ਹਾਂ ਦੀ ਫਿਕਰਮੰਦੀ ਨੂੰ ਫਿਰਕਾਪ੍ਰਸਤੀ ਦਾ ਨਾਂ ਦਿੱਤਾ ਜਾ ਰਿਹਾ ਹੈ।

ਸਬ ਹੋ ਚੁਕੇ ਹੈਂ ਉਸ
ਬੁਤ-ਏ-ਕਾਫਰ-ਅਦਾ ਕੇ ਸਾਥ,
ਰਹਿ ਜਾਏਂਗੇ ਰਸੂਲ ਹੀ
ਬਸ ਅਬ ਖੁਦਾ ਕੇ ਸਾਥ।

ਵਿਚਾਰ ਚਰਚਾ

# ਸੁਨਹਿਰੀ ਮੰਦਿਰ: ਹਰਿਮੰਦਿਰ

ਪੰਜਾਬ ਟਾਈਮਜ਼ ਦੇ 11 ਮਈ 2019 ਦੇ ਅੰਕ ਵਿਚ ਪ੍ਰੋ. ਅਵਤਾਰ ਸਿੰਘ ਵੱਲੋਂ "ਸੂਓ-ਮੋਟੋ, ਸੂਆ-ਸਚੌਂਟੇ ਤੇ ਦੋਧੀਗਿਰੀ" ਵਿਚ ਸੁਨਹਿਰੀ ਮੰਦਿਰ, ਦਰਬਾਰ ਸਾਹਿਬ ਬਾਰੇ ਅਤੇ ਪ੍ਰੋ. ਕਸ਼ਮੀਰਾ ਸਿੰਘ ਵੱਲੋਂ 'ਹਰਿਮੰਦਿਰੁ' ਸਾਹਿਬ ਬਾਰੇ ਵਿਚਾਰ ਬਹੁਤ ਹੀ ਸੁਚੱਜੇ ਢੰਗ ਨਾਲ ਕੀਤੀ ਗਈ ਹੈ, ਬਹੁਤ ਬਹੁਤ ਧੰਨਵਾਦ।

ਫੌਜੀ ਨੌਕਰੀ ਦੌਰਾਨ ਕਈ ਸੂਬਿਆਂ ਵਿਚ ਕਈ ਸੰਸਥਾਵਾਂ ਦੇ ਆਦਮੀਆਂ ਨਾਲ ਧਾਰਮਿਕ ਵਿਚਾਰਾਂ ਕਰਦਿਆਂ ਬਹੁਤ ਕੁਝ ਸਿੱਖਣ ਨੂੰ ਮਿਲਿਆ। ਜਦੋਂ ਵੀ ਮੈਂ ਸਿੱਖਾਂ ਦੇ ਧਾਰਮਿਕ ਕੇਂਦਰੀ ਸਥਾਨ ਹਰਿਮੰਦਿਰ ਸਾਹਿਬ, ਅੰਮ੍ਰਿਤਸਰ ਦੀ ਫੋਟੋ 'ਤੇ ਅਸਲੀ ਨਾਂ ਦੀ ਥਾਂ ਗੋਲਡਨ ਟੈਂਪਲ, ਅੰਮ੍ਰਿਤਸਰ ਲਿਖਿਆ ਵੇਖਦਾ ਤਾਂ ਮੇਰੇ ਮਨ ਦੇ ਕਿਸੇ ਕੋਨੇ ਵਿਚ ਹਮੇਸ਼ਾ ਇਕ ਸ਼ੰਕਾ ਤੇ ਡਰ ਜਿਹਾ ਬਣਿਆ ਰਹਿੰਦਾ। ਜੇ ਮੇਰੇ ਪਾਸੋਂ ਕੋਈ ਪੁੱਛ ਲਵੇ-ਕੀ ਸਿੱਖਾਂ ਦਾ ਅਕਾਲ ਪੁਰਖ, ਵਾਹਿਗੁਰੂ, ਰੱਬ ਸੋਨੇ ਦੇ ਮੰਦਿਰਾਂ ਵਿਚ ਰਹਿੰਦਾ ਹੈ? ਬਾਬੇ ਨਾਨਕ ਦਾ ਰੱਬ ਤਾਂ ਹਰ ਇਨਸਾਨ ਵਿਚ ਵਸਦਾ ਹੈ।

ਖਾਸ ਤੌਰ 'ਤੇ ਅਮੀਰ ਸਿੱਖਾਂ ਨੇ ਬੜੇ ਮਾਣ ਅਤੇ ਟੌਹਰ ਨਾਲ ਵੱਡੀਆਂ ਵੱਡੀਆਂ ਫੋਟੋਆਂ ਘਰਾਂ ਦੀ ਸਜਾਵਟ ਲਈ ਲਾਈਆਂ ਹਨ। ਇਹ ਤਾਂ ਹੋਣਾ ਹੀ ਸੀ, ਜਿਸ ਬਾਰੇ ਪ੍ਰੋ. ਅਵਤਾਰ ਸਿੰਘ ਨੇ ਲਿਖਿਆ ਹੈ।

ਪ੍ਰਾਚੀਨ ਕਾਲ ਤੋਂ ਭਾਰਤ ਅਵਤਾਰਾਂ, ਦੇਵਤਿਆਂ ਅਤੇ ਦੇਵੀਆਂ ਦੀਆਂ ਮੂਰਤੀਆਂ ਦੇ ਨਾਂਵਾਂ 'ਤੇ ਮੰਦਿਰਾਂ ਦਾ ਦੇਸ਼ ਜਾਣਿਆ ਜਾਂਦਾ ਹੈ। ਪੂਜਾ ਭਗਤੀ ਲਈ ਮੰਦਿਰ ਸ਼ਬਦ ਆਮ ਹੀ ਪ੍ਰਚਲਿਤ ਸੀ। ਪਹਿਲੇ ਚਾਰ ਗੁਰੂ ਸਹਿਬਾਨ ਨੇ ਸਰੋਵਰ ਬਣਾਏ, ਖੂਹ ਲਵਾਏ ਕਸਬੇ ਵਸਾਏ ਅਤੇ ਧਰਮਸਾਲਾਵਾਂ ਬਣਵਾਈਆਂ। ਪੰਚਮ ਪਾਤਿਸ਼ਾਹ ਗੁਰੂ ਅਰਜਨ ਦੇਵ ਜੀ ਨੇ ਵਿਚਾਰ ਕੀਤੀ ਕਿ ਕਿਉਂ ਨਾ ਸਰੋਵਰ ਵਿਚ ਸੁੰਦਰ ਮੰਦਿਰ ਬਣਾਇਆ ਜਾਵੇ। ਮੰਦਿਰ ਬਣ ਗਿਆ। ਸੰਗਤਾਂ ਵਿਚ ਜ਼ਰੂਰ ਮੰਦਿਰ ਦੇ ਨਾਂ ਬਾਰੇ ਚਰਚਾ ਹੋਈ ਹੋਵੇਗੀ। ਕੋਈ ਸੋਚਦਾ ਹੋਊ ਬਾਬਾ ਨਾਨਕ ਜਾਂ ਗੁਰੂ ਰਾਮ ਦਾਸ ਤੇ ਕਈ ਸੋਚਦੇ ਹੋਣਗੇ ਜਿਸ ਦੀ ਮੂਰਤੀ ਰੱਖਣਗੇ, ਉਸ ਦੇ ਨਾਂ ਦਾ ਮੰਦਿਰ ਹੋ ਜਾਵੇਗਾ।

ਧੰਨ ਧੰਨ ਗੁਰੂ ਅਰਜਨ ਦੇਵ ਜੀ ਨੇ ਨਾਂ ਰਖਿਆ, ਹਰਿ ਮੰਦਿਰ-ਹਰਿ ਕਾ ਮੰਦਿਰ। ਇਹ ਸ਼ਬਦ ਗੁਰੂ ਸਾਹਿਬਾਨ ਅਤੇ ਭਗਤਾਂ ਦੀ ਬਾਣੀ ਵਿਚ ਆਇਆ ਹੈ। ਹਰਿ ਦਾ ਮਤਲਬ ਪਰਮਾਤਮਾ, ਮੰਦਿਰ ਦਾ ਮਤਲਬ ਘਰ, ਟਿਕਾਣਾ, ਰਹਿਣ ਦੀ ਥਾਂ ਜਾਂ ਕਹਿ ਲਵੋ ਸਰੀਰ ਜਿਸ ਵਿਚ ਰੱਬ ਵਸਦਾ ਹੈ, ਹਰਿ ਵਸਦਾ ਹੈ। ਸਰੀਰ ਹੈ ਤਾਂ ਮਨ ਹੈ, ਤਾਂ ਹੀ ਤਾਂ ਕਹਿੰਦੇ ਹਨ, "ਮਨ ਤੂੰ ਜੋਤ ਸਰੂਪ ਹੈਂ॥"

ਲਓ ਜੀ, ਨਾਮਕਰਨ ਹੋ ਗਿਆ, ਨੂੰ ਆਦਿ ਗ੍ਰੰਥ ਪ੍ਰਕਾਸ਼ ਕਰਕੇ ਸੰਗਤਾਂ ਨੂੰ ਦਸ ਦਿੱਤਾ, "ਇਹ ਹੈ ਨਾਨਕ ਨਾਮ ਦਾ ਜਹਾਜ।" ਰੱਬੀ ਬਾਣੀ ਦੇ ਗੀਤ ਗਾਓ ਅਤੇ ਅਧਿਆਤਮਕ ਗਿਆਨ ਪ੍ਰਾਪਤ ਕਰੋ। ਪਵਿੱਤਰ ਗ੍ਰੰਥ ਨੂੰ ਮੱਥਾ ਟੇਕੋ ਅਤੇ



'ਹਰਿਮੰਦਿਰ।' ਫਿਰ ਗੁਰੂ ਸਾਹਿਬ ਦੀ ਵਿਚਾਰ ਹੋਵੇਗੀ ਕਿ ਇਸ ਦੁਨੀਆਂ ਦੇ ਲੋਕ ਮੱਥਾ ਟੇਕਣ ਦੇ ਆਦੀ ਹਨ, ਉਸ ਵਕਤ ਮੇਰੇ ਵਰਗੇ ਕਈ ਸੋਚਦੇ ਹੋਣਗੇ ਕਿ ਮੰਦਿਰ ਵਿਚ ਗੁਰੂ ਨਾਨਕ ਦੇਵ ਜੀ ਦੀ ਮੂਰਤੀ ਲੱਗੇਗੀ? ਵੈਸੇ ਸੁਣਦੇ ਹਾਂ, 1905 ਦੇ ਕਰੀਬ ਮਹੰਤਾਂ ਨੇ ਪਰਿਕਰਮਾ ਵਿਚ ਮੂਰਤੀਆਂ ਲਾਉਣ ਦੀ ਕੋਸ਼ਿਸ਼ ਕੀਤੀ ਸੀ। ਹੋਰ ਤਾਂ ਹੋਰ, ਮੈਂ ਵੀ ਬਚਪਨ ਵਿਚ ਕਰਤਾਰਪੁਰ, ਜਲੰਧਰ ਕਈ ਮੱਸਿਆ ਜਾਂ ਪੁਨਿਆ ਬਿਆਸ ਦਰਿਆ ਲਾਗੋਂ ਪੈਦਲ/ਟਾਂਗੇ 'ਤੇ ਆ ਕੇ ਨਹਾਤਾ। ਬਾਬੇ ਨਾਨਕ ਦੇ ਇਕ ਪਾਸੇ ਬਾਲਾ ਚੌਰ ਫੜੀ ਦੂਸਰੇ ਪਾਸੇ ਮਰਦਾਨਾ ਰਬਾਬ ਲਈ ਤਿੰਨਾਂ ਦੀ ਕਾਫੀ ਵੱਡੀ ਸੁਨਹਿਰੇ ਰੰਗ ਦੀ ਮੂਰਤੀ, ਜੋ ਪਿੱਤਲ ਦੀ ਬਣੀ ਸੀ, ਨੂੰ ਮੱਥਾ ਟੇਕਦਾ। ਬਾਹਰ ਪੰਡਾਲ ਵਿਚ ਆ ਕੇ ਵਾਰਾਂ ਸੁਣਦਾ। ਬਾਬਾ ਬਕਾਲਾ ਸਾਹਿਬ ਵੀ ਜਾਂਦੇ, ਪਰ ਕਰਤਾਰਪੁਰ ਨਾਲੋਂ ਬਹੁਤ ਫਰਕ ਸੀ।

ਗੁਰੂ ਅਰਜਨ ਦੇਵ ਜੀ ਨੇ ਆਦਿ ਗ੍ਰੰਥ ਸਾਹਿਬ ਦੀ ਸੰਪਾਦਨਾ ਕੀਤੀ, ਸਹਿਯੋਗ ਲਿਆ ਭਾਈ ਗੁਰਦਾਸ ਅਤੇ ਬਾਬਾ ਬੁੱਢਾ ਜੀ ਦਾ। ਬਣੇ ਹੋਏ ਹਰਿਮੰਦਿਰ ਦੀ ਇਮਾਰਤ ਵਿਚ 1604 ਈ: ਅਰਦਾਸਾਂ ਕਰੋ।

ਦੁਨੀਆਂ ਵਿਚ ਸਿੱਖਾਂ ਦਾ ਕੇਵਲ ਇੱਕੋ ਇਕ ਹਰਿਮੰਦਿਰ ਸਾਹਿਬ ਹੈ, ਬਾਕੀ ਸਭ ਵੱਡੇ ਛੋਟੇ ਗੁਰਦੁਆਰੇ ਹਨ। 'ਆਦਿ ਗ੍ਰੰਥ' ਵਿਚ ਗੁਰੂ ਗੋਬਿੰਦ ਸਿੰਘ ਜੀ ਨੇ ਨੌਂਵੇਂ ਗੁਰੂ ਜੀ ਦੀ ਬਾਣੀ ਸ਼ਾਮਲ ਕਰਕੇ ਗੁਰਗੱਦੀ ਬਖਸ਼ੀ ਅਤੇ ਕਿਹਾ, ਅੱਜ ਤੋਂ ਸਿੱਖਾਂ ਦਾ ਗੁਰੂ, ਗੁਰੂ ਗ੍ਰੰਥ ਸਾਹਿਬ ਹੈ। ਜਿਸ ਇਮਾਰਤ ਵਿਚ ਮਹਾਰਾਜ ਦਾ ਪ੍ਰਕਾਸ਼ ਹੁੰਦਾ ਹੈ, ਉਹ ਹੀ ਗੁਰਦੁਆਰਾ ਕਹਾਉਂਦਾ ਹੈ।

ਗੋਲਡਨ ਟੈਂਪਲ: ਮੁਗਲਾਂ ਵੱਲੋਂ ਹਿੰਦੁਸਤਾਨ ਤੋਂ ਲੁਟਿਆ ਸੋਨਾ ਮਹਾਰਾਜਾ ਰਣਜੀਤ ਸਿੰਘ ਵਾਪਸ ਲੈ ਕੇ ਆਏ ਅਤੇ ਧਾਰਮਿਕ ਸਥਾਨਾਂ ਨੂੰ ਵੰਡਿਆ। ਸੋਨੇ ਦੇ ਪੱਤਰੇ ਬਣਾ ਕੇ ਜਿਉਂ ਹੀ ਹਰਿਮੰਦਿਰ ਸਾਹਿਬ ਦੀ ਇਮਾਰਤ 'ਤੇ ਲਾਏ ਤਾਂ ਸੋਨੇ ਰੰਗੀਆਂ ਸੁਨਹਿਰੀ ਝਲਕਾਂ ਪੈਣੀਆਂ ਸ਼ੁਰੂ ਹੋ ਗਈਆਂ। ਅੰਗਰੇਜ਼ ਆਏ, ਉਨ੍ਹਾਂ ਵੇਖਦਿਆਂ ਆਖਿਆ, "ਵਾਓ! ਗੋਲਡਨ ਟੈਂਪਲ।" ਫਿਰ ਕੀ ਸੀ, ਅਸਾਂ ਸਭਨਾਂ ਗੋਲਡਨ ਟੈਂਪਲ ਕਹਿਣਾ ਸ਼ੁਰੂ ਕਰ ਦਿੱਤਾ। ਗਲਤੀ ਆਪਣੀ ਸਿੱਖ ਕੌਮ ਦੀ ਹੈ, ਜਿਨ੍ਹਾਂ ਨੇ ਬਿਨਾ ਸੋਚੇ ਸਮਝੇ ਗੋਲਡਨ ਟੈਂਪਲ ਦੀਆਂ ਤਸਵੀਰਾਂ ਬਣਨ ਦਿੱਤੀਆਂ ਤੇ ਫਿਰ ਸਭ ਜਗ੍ਹਾ ਲਾ ਵੀ ਲਈਆਂ। ਕਿੰਨਾ ਚੰਗਾ ਹੁੰਦਾ ਜੇ ਆਪਾਂ ਸਿੱਖ ਇਤਿਹਾਸ ਨਾ ਜਾਣਨ ਵਾਲਿਆਂ ਨੂੰ ਦੱਸਦੇ, "ਨਾ ਭਾਈ, ਟੈਂਪਲ ਆਫ ਗੌਡ ਕਹੋ, ਇਸ ਦੀ ਦਿੱਖ ਭਾਵੇਂ ਸੁਨਹਿਰੀ ਹੈ।"

ਦਰਬਾਰ ਸਾਹਿਬ: ਰਾਜੇ ਮਹਾਰਾਜੇ ਜਨਤਾ ਦਾ ਸੁਖ ਦੁੱਖ ਸੁਣਨ ਵਾਸਤੇ ਦਰਬਾਰ ਸਜਾਉਂਦੇ। ਰਾਜਾ ਉਚੇ ਸਿੰਘਾਸਨ 'ਤੇ ਛੱਤਰ ਥੱਲੇ ਬੈਠਦਾ ਤੇ ਚੌਰ ਕਰਵਾਉਂਦਾ, ਵਜ਼ੀਰ ਥੋੜ੍ਹਾ ਨੀਵੇਂ ਸੱਜੇ ਖੱਬੇ ਜਾਂ ਸਾਹਮਣੇ ਬੈਠਦੇ ਅਤੇ ਲੋਕ ਜਮੀਨ 'ਤੇ ਬੈਠਦੇ। ਇਹ ਵਰਤਾਰਾ ਅੰਗਰੇਜ਼ਾਂ ਵੇਲੇ ਵੀ ਰਿਹਾ। ਆਜ਼ਾਦੀ ਤੋਂ ਬਾਅਦ ਫੌਜ ਵਿਚ ਹਰ ਮਹੀਨੇ ਕੰਪਨੀ ਦਰਬਾਰ, ਹਰ ਤਿੰਨ ਮਹੀਨੇ ਬਾਅਦ ਬਟਾਲੀਅਨ/ਰੈਜੀਮੈਂਟ ਦਰਬਾਰ ਹੁੰਦੇ। ਤਰੀਕਾ ਪੁਰਾਣਾ ਹੀ, ਚੌਰਦਾਰ ਦੀ ਥਾਂ ਸੱਜੇ ਖੱਬੇ ਗਾਰਡ ਖਲੋਂਦੇ। ਸੀ.ਓ. ਸਟੇਜ 'ਤੇ, ਅਫਸਰ ਜੇ.ਸੀ.ਓ. ਕੁਰਸੀਆਂ ਉਤੇ ਅਤੇ ਬਾਕੀ ਤਰਪਾਲ 'ਤੇ। ਕਾਰਵਾਈ ਪੁਰਾਣੀ ਚਲ ਰਹੀ ਹੈ, ਪਰ 1980 ਤੋਂ ਦਰਬਾਰ ਸ਼ਬਦ ਦੀ ਥਾਂ ਸੈਨਿਕ ਸੰਮੇਲਨ ਸ਼ਬਦ ਦੀ ਵਰਤੋਂ ਹੁੰਦੀ ਹੈ।

ਗੁਰੂ ਗ੍ਰੰਥ ਸਾਹਿਬ ਕਿਸੇ ਰਾਜੇ ਮਹਾਰਾਜੇ ਨਾਲੋਂ ਘੱਟ ਨਹੀਂ, ਸਿੱਖਾਂ ਦਾ ਸੰਬੋਧਨੀ ਸ਼ਬਦ ਵੀ ਮਹਾਰਾਜ ਹੈ। ਸਟੇਜ ਉਚੀ, ਉਪਰ ਚੰਦੋਆ/ਚਾਨਣੀ, ਪੀੜ੍ਹੇ ਉਪਰ ਸੁੰਦਰ ਰੁਮਾਲਿਆਂ ਨਾਲ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕੀਤਾ ਜਾਂਦਾ ਹੈ। ਇਕ ਸੇਵਾਦਾਰ ਚੌਰ ਦੀ ਸੇਵਾ ਕਰਦਾ ਹੈ। ਥੋੜ੍ਹਾ ਨੀਵੀਂ ਸਟੇਜ 'ਤੇ ਮਹਾਰਾਜ ਦੇ ਵਜ਼ੀਰ ਕੀਰਤਨ ਕਰਦੇ ਹਨ। ਅੱਗੇ ਦਰੀਆਂ ਉਪਰ ਸੰਗਤ ਬੈਠਦੀ ਹੈ। ਇਹ ਹੈ, ਮਹਾਰਾਜ ਦਾ ਦਰਬਾਰ।

ਇਹ ਤਾਂ ਕਹਿਣਾ ਹੀ ਬਣਦਾ ਹੈ, ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ, ਦਰਬਾਰ ਸਾਹਿਬ ਸ੍ਰੀ ਪਟਨਾ ਸਾਹਿਬ...। ਹਰਿਮੰਦਿਰ ਸਾਹਿਬ ਇਕ ਹੀ ਹੈ। ਅੰਗਰੇਜ਼ੀ ਵਿਚ 'ਟੈਂਪਲ ਆਫ ਗੌਡ।'

*-ਭਜਨ ਸਿੰਘ ਸਿਨਸਿਨੈਟੀ*
*ਫੋਨ: 513-498-3907*

## ਗਜ਼ਲ

ਜ਼ੁਲਮ ਜਦੋਂ ਅਸਮਾਨ 'ਤੇ ਚੜ੍ਹਦੈ, ਲਿਖਦੀ ਹਾਂ ਮੈਂ।
ਸੱਚ ਜਦੋਂ ਖੁੰਦਰਾਂ ਵਿਚ ਵੜਦੈ, ਲਿਖਦੀ ਹਾਂ ਮੈਂ।

ਝੂਠ ਦੇ ਝੰਡੇ ਝੂਲਣ ਜਦ ਅਸਮਾਨ ਉਤੇ
ਸੱਚ ਜਦੋਂ ਦੇਗਾਂ ਵਿਚ ਕੜ੍ਹਦੈ, ਲਿਖਦੀ ਹਾਂ ਮੈਂ।

ਚੰਦੂ ਬੇਈਮਾਨ ਜਿਹੇ ਪ੍ਰਿਥੀਏ ਨਾਲ ਮਿਲਦੇ
ਗੁਰੂ ਅਰਜਨ ਜਦ ਤਵੀ 'ਤੇ ਸੜ੍ਹਦੈ, ਲਿਖਦੀ ਹਾਂ ਮੈਂ।

ਮਾਸੂਮਾਂ ਦੀ ਰੱਤ ਵਿਚ ਜ਼ਾਲਮ ਜਦੋਂ ਨਹਾ ਕੇ
ਧਰਮ ਦੇ ਨਾਂ 'ਤੇ ਕਲਮਾ ਪੜ੍ਹਦੈ, ਲਿਖਦੀ ਹਾਂ ਮੈਂ।

ਦਿਲ ਵਿਚ ਕਾਲਖ, ਹਵਸ ਅੱਖਾਂ ਵਿਚ ਲੈ ਕੇ ਬੰਦਾ
ਜਦੋਂ ਪਰਾਏ ਘਰ ਜਾ ਵੜਦੈ, ਲਿਖਦੀ ਹਾਂ ਮੈਂ।

ਚੋਰ, ਠੱਗ ਤੇ ਬੇਈਮਾਨ ਜਦ ਲੀਡਰ ਬਣ ਕੇ
ਸੱਚ ਦੇ ਮੂੰਹ 'ਤੇ ਜੰਦਰਾ ਜੜਦੈ, ਲਿਖਦੀ ਹਾਂ ਮੈਂ।

ਸ਼ਰੇਆਮ ਪ੍ਰਚਾਰਕ ਰੱਬ ਨੂੰ ਵੇਚੀ ਜਾਵਣ
ਸਿੰਘ ਜਦੋਂ ਗੋਲਕ ਲਈ ਲੜਦੈ, ਲਿਖਦੀ ਹਾਂ ਮੈਂ।

ਕਿੰਜ 'ਸੁਰਜੀਤ' ਬਚਾਵਾਂ ਮੈਂ ਪੰਜਾਬ ਆਪਣਾ
ਹਰ ਕੋਈ ਦੋਸ਼ ਜਦੋਂ ਦੂਜੇ ਸਿਰ ਮੜ੍ਹਦੈ, ਲਿਖਦੀ ਹਾਂ ਮੈਂ।


*-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ*

### ਆਸ਼ਕ ਭੌਰ ਫਕੀਰ ਕਿ ਨਾਗ ਕਾਲਾ

# ਜਸਵੰਤ ਸਿੰਘ ਕੰਵਲ ਮੇਰਾ ਕੀ ਲਗਦਾ ਹੈ...

*ਪੰਜਾਬੀ ਸਾਹਿਤ ਜਗਤ ਦੇ ਖੱਬੀਖਾਨ ਲਿਖਾਰੀ ਜਸਵੰਤ ਸਿੰਘ ਕੰਵਲ ਨੇ ਆਪਣੀ ਹਯਾਤੀ ਦੇ ਸੌ ਵਰ੍ਹੇ ਮੁਕੰਮਲ ਕਰ ਲਏ ਹਨ। ਪਾਠਕਾਂ ਦੀਆਂ ਕਈ ਪੀੜ੍ਹੀਆਂ ਉਨ੍ਹਾਂ ਦੇ ਸਾਹਿਤਕ ਜਲੌਅ ਦੇ ਅਸਰ ਹੇਠ ਰਹੀਆਂ ਹਨ। ਉਨ੍ਹਾਂ ਦੇ ਦੋਹਤੇ ਅਤੇ ਚਰਚਿਤ ਚਿੰਤਕ ਸੁਮੇਲ ਸਿੰਘ ਸਿੱਧੂ ਨੇ ਇਸ ਲੇਖ ਦੇ ਬਹਾਨੇ ਕੰਵਲ ਦੇ ਸਾਹਿਤਕ ਕੱਦ ਅਤੇ ਜ਼ਿੰਦਗੀ ਬਾਰੇ ਗਹਿਰ-ਗੰਭੀਰ ਗੱਲਾਂ ਕੀਤੀਆਂ ਹਨ। -ਸੰਪਾਦਕ*

ਸਿਰਲੇਖ ਦੀ ਉਤਲੀ ਸਤਰ ਹੀਰ ਵਾਰਿਸ ਸ਼ਾਹ 'ਚ ਇੰਜ ਦਿੱਤੀ ਹੋਈ ਹੈ: 'ਆਸ਼ਕ ਭੌਰ ਫਕੀਰ ਤੇ ਨਾਗ ਕਾਲੇ, ਬਾਝ ਮੰਤਰੋਂ ਮੂਲ ਨਾ ਕੀਲੀਏ ਜੀ।' ਜਸਵੰਤ ਸਿੰਘ ਕੰਵਲ ਦੀ ਜਾਨ ਇਸ ਕਿਤਾਬ ਵਿਚੋਂ ਲੱਭ ਜਾਂਦੀ ਹੈ। ਇਸ ਦੇ ਪਾਤਰ, ਉਨ੍ਹਾਂ ਦੇ ਆਪਸੀ ਬੋਲ-ਕੁਬੋਲ ਅਤੇ ਵਾਰਿਸ ਦੇ ਬਿਆਨ ਦੀ ਰਵਾਨੀ ਨੇ ਕੰਵਲ ਦੀ ਲਿਖਤ ਨੂੰ ਸਿੱਧਾ-ਸਿੱਧਾ ਛੂਹਿਆ ਹੈ। ਉਸ ਦੇ ਕਿਰਦਾਰ ਦੀ ਬਣਤਰ ਉਤੇ ਵੀ ਹੋਰਨਾਂ ਅਨੁਭਵਾਂ ਅਤੇ ਪੁਰਨਿਆਂ ਦੇ ਅਸਰ ਦੇ ਨਾਲ-ਨਾਲ ਹੀਰ ਵਾਰਿਸ ਦੇ ਵੈਰਾਗ-ਵੇਗ-ਵਿਵੇਕ ਦਾ ਡੂੰਘਾ ਹਲ ਵਾਹਿਆ ਗਿਆ ਹੈ। ਹੀਰ ਉਸ ਦੇ ਲਗਭਗ ਹਿਫਜ਼ (ਯਾਦ) ਹੈ। ਅਕਸਰ ਮੇਰੇ ਨਾਲ ਵਾਰਤਾ ਕਰਦਿਆਂ, ਲਾਡ ਨਾਲ ਡਾਂਟਦਿਆਂ ਉਹ ਮੈਨੂੰ ਸਹਿਤੀ ਦੇ ਮੂੰਹੋਂ ਖੈਰ ਮੰਗਣ ਆਏ ਰਾਂਝੇ ਜੋਗੀ ਨਾਲ ਦਸਤਪੰਜਾ ਲੈਣ ਦੇ ਮੌਕੇ ਦੀਆਂ ਸਤਰਾਂ ਕਹਿੰਦੇ ਹਨ, ਬਿਲਕੁਲ ਨਾਟਕੀ ਉਚਾਰ ਨਾਲ ਅਭਿਨੈ ਦੀ ਮੁਦਰਾ ਵਿਚ: 'ਅਨੀਂ ਉਠ ਕੇ ਭਾਬੀਏ ਖੈਰ ਘੱਤੀ, ਵਾਹ ਪੈ ਗਿਆ ਈ ਨਾਲ ਕੁਪੱਤਿਆਂ ਦੇ।' ਸਾਡੇ ਦੋਹਾਂ ਦੇ ਸਬੰਧ ਦਾ ਸੂਤਰ ਇਸ ਸਤਰ ਦੇ ਪਾਰਾਵਾਰ ਵਿਚ ਵੱਡੀ ਹੱਦ ਤਕ ਨਜ਼ਰ ਆ ਜਾਂਦਾ ਹੈ।



ਸੁਮੇਲ ਸਿੰਘ ਸਿੱਧੂ
ਫੋਨ: 91-94649-84010

ਕੰਵਲ ਦੇ 100ਵੇਂ ਵਰ੍ਹੇ ਵਿਚ ਆਮਦ ਮੌਕੇ ਜਦੋਂ ਇਕ ਅਖਬਾਰ ਨੇ 'ਮੇਰੇ ਨਾਨਾ ਜੀ' ਮਜ਼ਮੂਨ ਲਿਖਣ ਲਈ ਆਖਿਆ ਤਾਂ ਮੇਰੇ ਲਈ ਇਸ ਰਿਸ਼ਤੇ ਦੇ ਅਸਲੇ ਬਾਰੇ ਮੁੜ ਵਿਚਾਰਨ ਦਾ ਸਬੱਬ ਬਣਿਆ ਹੈ। ਪਿਤਾ ਜੀ ਦੀ ਸਰਕਾਰੀ ਡਾਕਟਰ ਵਜੋਂ ਨੌਕਰੀ ਕਾਦੀਆਂ ਤੋਂ ਸ਼ੁਰੂ ਹੋਈ। ਸੋ, ਮੇਰਾ ਬਚਪਨ ਕਾਦੀਆਂ ਦੇ ਸਾਦ-ਮੁਰਾਦੇ, ਮੋਹਵੰਨੇ ਮਹੌਲ ਸੰਗ ਬੀਤਿਆ। ਬਾਪੂ ਜੀ (ਕੰਵਲ) ਕਮਿਊਨਿਸਟ ਪਾਰਟੀ ਦੇ ਸਮਾਗਮਾਂ, ਸਾਹਿਤਕ ਬੈਠਕਾਂ ਵਿਚ ਸ਼ਿਰਕਤ ਕਰਨ ਆਉਂਦੇ ਤਾਂ ਸਾਡੇ ਕੋਲ ਠਹਿਰਦੇ। ਨਾਲ ਹਰਭਜਨ ਸਿੰਘ ਬਾਜਵਾ ਹੁੰਦੇ ਅਤੇ ਹੋਰ ਪ੍ਰਸ਼ੰਸਕ ਪਾਠਕਾਂ ਦੇ ਪੂਰ ਵੀ। ਇਕ ਵਾਰ ਸ਼ਿਵ ਕੁਮਾਰ ਬਟਾਲਵੀ ਵੀ ਆਏ। ਸਿਰਫ ਇੰਨਾ ਪਤਾ ਹੁੰਦਾ ਕਿ ਇਹ 'ਬਾਪੂ ਜੀ' ਨੇ ਪਰ ਮੈਂ ਮੁੱਢੋਂ ਹੀ ਉਨ੍ਹਾਂ ਦੀ ਸ਼ਖਸੀਅਤ ਦੀ ਨੁਹਾਰ, ਸਾਦਾ ਪਰ ਬੇਹੱਦ ਜਚਵੀਂ ਬੰਨ੍ਹੀ ਹੋਈ ਪੱਗ, ਦਾੜ੍ਹੀ-ਮੁੱਛਾਂ ਦੀ ਕੁਦਰਤੀ ਤਰਾਸ਼ ਅਤੇ ਸਧੀ ਹੋਈ ਗੁਫਤਾਰ ਦੇ ਅਸਰ ਹੇਠ ਆ ਗਿਆ।

ਛੋਟਾ ਭਾਈ ਰਮਣੀਕ ਪੰਗੇ-ਹੱਥਾ ਅਤੇ ਧੜਵੈਲ ਸੀ। ਉਹ ਬਾਪੂ ਜੀ ਦੇ ਮੋਢੀਂ ਚੜ੍ਹ ਜਾਂਦਾ ਅਤੇ ਪੰਗੇ ਲੈਂਦਾ ਸ਼ਰਾਰਤੀ ਮੁਸਕਣੀ ਬਣਾਈ ਰੱਖਦਾ। ਬਾਪੂ ਜੀ ਵੀ ਉਹਦੇ ਨਾਲ ਕੌਡੀ-ਕੌਡੀ ਕਰਦੇ ਰਹਿੰਦੇ। ਜ਼ਰਾ ਫਾਸਲੇ 'ਤੇ ਬੈਠਾ ਮੈਂ ਕੰਵਲ ਸਾਬ੍ਹ ਨੂੰ ਦੇਖਦਾ-ਸੁਣਦਾ ਕੀਲਿਆ ਜਾਂਦਾ। ਮੇਰੇ ਲਈ ਸੂਹਜ ਜਾਂ ਸੌਂਦਰਯ ਦਾ ਅਰਥ, ਅਜਿਹੇ ਵਿਸਮਾਦੀ ਸਮੇਂ ਦੀ ਸੰਗਤ ਕਰਨਾ ਹੋ ਗਿਆ- ਅਚਿੰਤੇ ਹੀ ਹੋ ਗਿਆ, ਸਹਿਜੇ ਹੀ ਪੁੰਗਰ ਪਿਆ। ਨਰਸਰੀ, ਪਹਿਲੀ, ਦੂਜੀ ਤੱਕ ਦਾ ਇਹ ਸਮਾਂ ਹੈ।


ਬਾਪੂ ਜੀ ਦੇ ਆਉਣ ਵੇਲੇ ਕਹਿਕਹੇ ਲੱਗਦੇ, ਮਸਤਾਨਾਵਾਰ ਗੱਲ ਚੱਲਦੀ ਤੇ ਉਹ ਮਹਿਫਿਲ ਦੀ ਜਾਨ ਹੁੰਦੇ। ਸਾਹਿਰ, ਫੈਜ਼, ਇਕਬਾਲ, ਗਾਲਿਬ, ਜ਼ੌਕ, ਮੀਰ ਦੇ ਸ਼ਿਅਰ ਉਹਦੇ ਕੰਠ ਥੀਂ ਨਿਕਲਦੇ ਮੇਰੇ ਲਈ ਕਿਸੇ ਨਵੀਂ ਦੁਨੀਆਂ ਦੀ ਖਿੜਕੀ ਬਣ ਜਾਂਦੇ। ਐਚ.ਐਮ.ਵੀ. ਦਾ ਲਾਂਗ ਪਲੇਅ ਰਿਕਾਰਡ ਕੱਢਿਆ ਜਾਂਦਾ ਤੇ ਮਹਿੰਦੀ ਹਸਨ 'ਗੁਲੋਂ ਮੇਂ ਰੰਗ ਭਰੇ' ਦੀ ਪੁਰਸੋਜ਼ ਅਵਾਜ਼ ਨਾਲ ਬੈਠਕ ਨੂੰ ਭਰ ਦਿੰਦਾ। ਬੇਗਮ ਅਖਤਰ ਬਾਪੂ ਜੀ ਦੀ ਮਨਪਸੰਦ ਗਾਇਕਾ ਸੀ। ਉਸ ਦੀਆਂ ਗਜ਼ਲਾਂ, ਖਾਸ ਕਰ 'ਇਬਨੇ ਮਰੀਅਮ ਹੂਆ ਕਰੇ ਕੋਈ' 'ਤੇ ਕੰਵਲ ਹੱਥ ਵਿਚ ਫੜੇ ਗਿਲਾਸ ਨਾਲ ਦਾਦ ਦੀ ਮੁਦਰਾ ਵਿਚ ਲੰਬੀ ਬਾਂਹ ਉਪਰ ਚੁੱਕਦਾ। ਮੈਂ ਇਸ ਦ੍ਰਿਸ਼ ਦੇ ਸੰਤੁਲਨ, ਬਰਾਬਰ ਦੀ ਸ਼ਿੱਦਤ ਨੂੰ ਡੀਕਦਾ ਰਹਿੰਦਾ, ਬਹੁਤਾ ਬੋਲਿਆ ਨਾ ਜਾਂਦਾ।

ਹੁਣ ਸੋਚਦਾ ਹਾਂ ਕਿ ਕੰਵਲ ਨੂੰ ਅਜਿਹੇ ਕਰਤਾਰੀ ਛਿਣਾਂ ਨੂੰ ਮਾਣਦਿਆਂ ਦੇਖਣਾ ਵੀ ਮੇਰੇ ਲਈ ਇਨ੍ਹਾਂ ਗਾਇਕਾਂ ਨੂੰ ਸੁਣਨ ਦਾ ਬਹਾਨਾ ਬਣਦਾ ਚਲਾ ਗਿਆ। ਵਿਚ-ਵਿਚ ਮਾਓ, ਲੈਨਿਨ, ਮਾਰਕਸ ਆਦਿ ਦੇ ਨਾਂ ਵੀ ਸੁਣਨ ਨੂੰ ਮਿਲਦੇ। ਮੇਰਾ ਖਿਆਲ ਹੈ ਕਿ ਮੇਰੇ ਕੋਲ ਬਟਾਲਿਉਂ ਕਿਸੇ ਸਾਹਿਤਕ ਸਮਾਗਮ 'ਤੇ ਲੱਗੀ ਪੁਸਤਕ ਪ੍ਰਦਰਸ਼ਨੀ 'ਚੋਂ ਲੈਨਿਨ ਦੇ ਚਿਹਰੇ ਦਾ ਛੋਟਾ ਜਿਹਾ ਸੋਵੀਨਾਰ ਲੈ ਕੇ ਬਾਪੂ ਜੀ ਹੀ ਆਏ ਸਨ। ਪੰਜਾਬ ਵਿਚ ਵਰਤਣ ਜਾ ਰਹੀ ਹਿੰਸਾ ਦੀ ਦੇਗ ਤੋਂ ਪਹਿਲੇ ਦਿਨ ਕਿੰਨੇ ਹੁਸੀਨ ਸਨ: ਕਾਦੀਆਂ ਦਾ ਮੋਹ, ਕੰਵਲ ਦੀ ਦੇਸੀ ਸ਼ਾਇਸਤਗੀ ਨਾਲ ਗੁੰਨ੍ਹੀ ਹੋਈ ਗੁਫਤਾਰ ਦੀ ਲਰਜ਼ਿਸ਼, ਬਚਪਨ ਦੀਆਂ ਖੇਡਾਂ, ਮਸਤੀਆਂ, ਝਿੜਕਾਂ ਦੀ ਚਾਸ਼ਣੀ ਨੂੰ ਮੇਰੇ ਲਈ ਤਾਂ ਸਮੇਂ ਨੇ ਡੰਗ ਲਿਆ ਸੀ।

ਮੇਰੇ ਪਹਿਲੇ ਮੁਰਸ਼ਦ ਮੇਰੇ ਮਾਤਾ ਜੀ ਸਨ, ਜਿਨ੍ਹਾਂ ਨੇ ਕਿਤਾਬਾਂ ਪੜ੍ਹਨ ਲਈ ਮੈਨੂੰ ਤਿਆਰ ਕੀਤਾ। ਬਾਟਨੀ ਦੀ ਐਮ.ਐਸਸੀ. ਹੋਣ ਦੇ ਬਾਵਜੂਦ ਉਹ ਰੂਸੀ, ਫਰਾਂਸੀਸੀ, ਪੰਜਾਬੀ, ਅੰਗਰੇਜ਼ੀ, ਜਰਮਨ ਸਾਹਿਤ ਦੇ ਗੁਣੀ ਪਾਠਕ ਸਨ। ਘਰ ਵਿਚ ਮਾਪਿਆਂ ਨੂੰ ਅਖਬਾਰ ਜਾਂ ਕਿਤਾਬ ਪੜ੍ਹਦਾ ਦੇਖਣਾ ਮੇਰੇ ਲਈ ਬੜੀ ਰੌਚਕ ਖੇਡ ਸੀ। ਉਨ੍ਹਾਂ ਦੇ ਚਿਹਰੇ ਦੇ ਹਾਵ-ਭਾਵ ਜਾਂ ਨੀਝ ਨਾਲ ਪੜ੍ਹਨ ਦਾ ਅਭਿਆਸ ਅਚੰਭਾ ਭਰ ਦਿੰਦਾ। ਮੈਨੂੰ ਲਗਦਾ ਕਿ ਕਿਤਾਬਾਂ ਹੀ ਛੇਤੀ-ਛੇਤੀ ਵੱਡੇ ਹੋਣ ਦਾ ਰਾਹ ਹੈ।

'ਪੰਜਾਬੀ ਟ੍ਰਿਬਿਊਨ' ਸ਼ੁਰੂ ਹੀ ਹੋਇਆ ਸੀ ਸ਼ਾਇਦ, ਤੇ ਮੈਂ ਪੰਜ ਕੁ ਸਾਲ ਦੇ ਨੇ ਹਠ ਨਾਲ ਅਖਬਾਰ ਪੜ੍ਹਨਾ ਸ਼ੁਰੂ ਕੀਤਾ। ਢੁੱਡੀਕੇ ਗਏ ਹੁੰਦੇ ਤਾਂ ਉਥੇ ਜਿਵੇਂ ਕਿਤਾਬਾਂ, ਰਸਾਲਿਆਂ, ਚਿੱਠੀਆਂ ਦੇ ਗਹੀਰੇ ਲੱਗੇ ਹੋਣ ਦਾ ਮਾਹੌਲ ਰਹਿੰਦਾ। ਨਾਨੀ ਜੀ ਤੋਂ ਲੈ-ਦੇ ਸਾਰਾ ਪਰਿਵਾਰ ਕਿਤੇ-ਕਿਤੇ ਬੈਠਾ ਕੁਝ ਨਾ ਕੁਝ ਪੜ੍ਹਦਾ ਰਹਿੰਦਾ। ਫਿਰ ਚਾਣਚੱਕ ਕੋਈ ਆਟੇ ਦਾ ਕੜਾਹ ਬਣਾਉਣ ਦੀ ਗੱਲ ਕਰਦਾ ਤੇ 'ਗੁਲਸ਼ਨ ਦਾ ਕਾਰੋਬਾਰ' ਸ਼ੁਰੂ ਹੋ ਜਾਂਦਾ।

ਅਜਿਹੇ ਹੀ ਕਿਸੇ ਦਿਨ ਮੈਂ ਕੋਈ ਕਿਤਾਬ ਚੁੱਕ ਕੇ ਉਲਟਣ-ਪਲਟਣ ਲੱਗਾ। ਪਿਛਲੇ ਕਵਰ 'ਤੇ ਬਾਪੂ ਜੀ ਵਰਗੇ ਕਿਸੇ ਬੰਦੇ ਦੀ ਤਸਵੀਰ ਦੇਖ ਮਾਤਾ ਜੀ ਨੂੰ ਪੁੱਛਿਆ ਤਾਂ ਉਨ੍ਹਾਂ ਕਿਹਾ ਕਿ ਇਹ ਕੋਈ ਬਾਪੂ ਜੀ ਵਰਗਾ ਨਹੀਂ ਸਗੋਂ ਸਾਖਸ਼ਾਤ ਬਾਪੂ ਜੀ ਹਨ ਤੇ ਇਹ ਨਾਵਲ ਉਨ੍ਹਾਂ ਨੇ ਲਿਖਿਆ ਹੈ।



ਜਸਵੰਤ ਸਿੰਘ ਕੰਵਲ

ਮੈਂ ਹੈਰਾਨੀ 'ਚੋਂ ਗੁਜ਼ਰਦਾ ਅਕਹਿ ਅਨੰਦ ਵਿਚ ਆ ਗਿਆ। ਮੂੰਹ ਖੁੱਲ੍ਹਾ ਰਹਿ ਗਿਆ। ਮੇਰੇ ਹੱਥ ਵਿਚ ਕਸ ਕੇ ਫੜੀ ਹੋਈ ਕਿਤਾਬ ਕੰਬੀ ਜਾ ਰਹੀ ਸੀ। ਮੈਂ ਚੁੱਪ-ਚਾਪ ਕਿਸੇ ਖੂੰਜੇ ਨੂੰ ਤੁਰ ਪਿਆ ਅਤੇ 'ਮਨੁੱਖਤਾ' ਨਾਵਲ ਪੜ੍ਹਨਾ ਸ਼ੁਰੂ ਕੀਤਾ। ਕਿਤਾਬਾਂ ਦੀ ਕਦਰ ਪਹਿਲੋਂ ਈ ਸੀ, ਹੁਣ ਤਾਂ ਕਿਤਾਬਾਂ ਲਿਖਣ ਵਾਲਾ ਬੰਦਾ ਵੀ ਮਿਕਨਾਤੀਸ ਵਾਂਗ ਮੈਨੂੰ ਕੀਲ ਲੈਣ ਵਾਲਾ ਬਾਪੂ ਜੀ ਹੀ ਸੀ। ਸੋ, ਮੇਰੀਆਂ ਕਈ ਰੀਝਾਂ ਇਕੋ ਬੰਦੇ ਵਲ ਸੇਧਤ ਹੁੰਦੀਆਂ ਤੁਰੀਆਂ ਗਈਆਂ। ਬਚਪਨ ਦੇ ਉਨ੍ਹੀਂ ਦਿਨੀਂ ਭੁੱਖ-ਪਿਆਸ, ਧੁੱਪ-ਛਾਂ ਤਾਂ ਪਹਿਲਾਂ ਹੀ ਮੈਨੂੰ ਨਾ ਲਗਦੀ, ਹੁਣ ਤਾਂ ਕਿਤਾਬਾਂ ਨੇ ਪੂਰੀ ਤਰ੍ਹਾਂ ਮੈਨੂੰ ਅਗਵਾ ਹੀ ਕਰ ਲਿਆ। ਇਥੋਂ ਤੱਕ ਕਿ ਬਾਕੀ ਪਰਿਵਾਰ ਨਾਲ ਬਹੁਤੀ ਗੱਲਬਾਤ ਵੀ ਮੈਨੂੰ ਚੰਗੀ ਨਾ ਲਗਦੀ।

ਢੁੱਡੀਕੇ ਤੋਂ ਤੁਰਿਆ ਸ਼ਬਦਾਂ, ਵਿਚਾਰਾਂ, ਬਹਿਸਾਂ ਦਾ ਅਦਬ ਕੰਵਲ ਦੀਆਂ ਬੇਟੀਆਂ-ਮੇਰੀ ਮਾਂ ਤੇ ਮਾਸੀਆਂ ਰਾਹੀਂ ਸਾਡੇ ਪਰਿਵਾਰਾਂ ਵਿਚ ਡੂੰਘਾ ਬੀਜਿਆ ਹੋਇਆ ਹੈ। ਕੰਵਲ ਪਰਿਵਾਰ ਦੀ ਵੱਡੀ ਸਾਂਝ ਇਸ ਸ਼ਬਦ-ਸੰਸਾਰ ਦੀਆਂ ਰਮਜ਼ਾਂ ਦੇ ਇਹਤਰਾਮ ਵਿਚ ਦਿਸਦੀ ਹੈ, ਮਨੁੱਖ-ਮਿੱਤਰ ਸਾਹਿਤ ਨਾਲ ਜੁੜੀ ਹੋਈ ਇਹ ਵਿਚਾਰਧਾਰਕ ਨਾਤੇਦਾਰੀ ਵੱਧ ਹੈ, ਰਵਾਇਤੀ ਘੱਟ। ਬਾਪੂ ਜੀ ਇਸ ਤਰ੍ਹਾਂ ਇਸ ਬਣਤਰ ਦੇ ਸਿਰਜਣਹਾਰੇ ਹਨ। ਸੋ, ਪਰਿਵਾਰ ਵਿਚ ਉਨ੍ਹਾਂ ਦਾ ਅਦਬ ਕਿਸੇ ਪੀਰ-ਫਕੀਰ ਤੋਂ ਘੱਟ ਨਹੀਂ ਹੈ।

'ਜੰਗਲ ਦੇ ਸ਼ੇਰ', 'ਸੂਰਮੇ', 'ਹੁਨਰ ਦੀ ਜਿੱਤ', 'ਮੂਮਲ' ਅਤੇ ਹੋਰ ਨਾਵਲਾਂ ਨੂੰ ਫਿਰ ਮੈਂ ਘੁਣ ਵਾਂਗ ਲੱਗ ਗਿਆ। ਵੱਡਾ ਹੋਣ-ਦਿਸਣ ਦੀ ਚਾਹਨਾ ਨਾਲ ਬਾਪੂ ਜੀ ਦੀਆਂ ਨਜ਼ਰਾਂ ਵਿਚ ਹੋਰ ਪਰਵਾਨ ਚੜ੍ਹਨ ਦਾ ਖਬਤ ਜਿਹਾ ਹੋ ਗਿਆ। ਕੋਠੀ ਜਾਂਦਾ ਤਾਂ ਉਥੇ ਲੱਗੀਆਂ ਯੂਰਪੀ ਪੇਂਟਿੰਗ, ਸਕੈੱਚ, ਬੁੱਤ ਜਾਂ ਤਸਵੀਰਾਂ ਦੀ ਦੁਨੀਆਂ ਕੀਲ ਲੈਂਦੀ। ਕੰਵਲ ਦਾ ਲਿਖਣ ਵਾਲਾ ਗੱਤਾ ਕਾਗਜ਼ਾਂ ਨਾਲ ਡਟਿਆ ਹੁੰਦਾ। ਮੈਂ ਡਰਦਾ-ਡਰਦਾ ਛੂਹ ਕੇ ਵੇਖਦਾ। ਨੀਲੇ ਬਾਲ ਪੈੱਨ ਨਾਲ ਰਿਮਾਂ ਦੇ ਰਿਮ ਕਾਗਜ਼ ਭਰੇ ਹੁੰਦੇ। ਕੰਵਲ 8-8 ਘੰਟੇ ਲਿਖਦਾ। ਉਸ ਦੀ ਨੀਝ, ਸਰੀਰ ਦਾ ਸੂਤਿਆ ਹੋਇਆ ਲਿਖਣ-ਅਭਿਆਸ, ਪੈੱਨ ਫੜਨ ਨਾਲ ਪਏ ਵਿਚਕਾਰਲੀ ਉਂਗਲ ਦੇ ਪੋਟੇ ਦੇ ਡੂੰਘ, ਵਿਚ-ਵਿਚ ਕੋਈ ਚੁਸਤ ਤੇ ਬੁਲੰਦ-ਅਵਾਜ਼ ਸ਼ਰਾਰਤ ਨਾਲ ਹਾਸਾ-ਸੱਚ ਆਖਦਾ, ਇਹਦੇ ਵੱਲ ਦੇਖਿਆ ਨਾ ਜਾਂਦਾ।

ਮਾਸੀ ਜੀ ਡਾ. ਜਸਵੰਤ ਗਿੱਲ ਦੀ ਮੁਲਾਇਮ ਸ਼ਾਇਸਤਗੀ ਹੋਰ ਤਲਿਸਮ ਸਿਰਜ ਲੈਂਦੀ। ਮੈਂ ਕਿਤਾਬਾਂ ਦੀਆਂ ਅਲਮਾਰੀਆਂ ਨੂੰ ਇਉਂ ਹੱਥ ਲਾਉਂਦਾ, ਜਿਵੇਂ ਕਿਸੇ ਮਿਊਜ਼ੀਅਮ ਵਿਚ ਕਲਾ-ਕਿਰਤ ਨੂੰ ਅਦਬ ਨਾਲ ਛੋਹੀਦਾ ਹੈ। ਉਰਦੂ, ਅੰਗਰੇਜ਼ੀ, ਪੰਜਾਬੀ 'ਚ ਕਲਾਸਕੀ ਸਾਹਿਤ ਦੀਆਂ ਜਿਲਦਾਂ ਜਿਵੇਂ ਮੈਨੂੰ ਪਹਿਲੋਂ ਆਪਣੇ ਹਾਣ ਦਾ ਹੋਣ ਨੂੰ ਕਹਿੰਦੀਆਂ ਹੋਣ।

ਪੜ੍ਹੇ ਹੋਏ ਨੂੰ ਚਿਤਾਰ ਕੇ ਕੰਵਲ ਨੂੰ ਆਪਣੇ ਮਾਅਰਕੇ ਨਾਲ ਪ੍ਰਭਾਵਿਤ ਕਰਨ ਲਈ ਜਾਂਦਾ ਤਾਂ ਜ਼ਰੂਰ ਪਰ ਉਸ ਦੇ ਚਿਹਰੇ ਦੇ ਤੇਜ਼ ਨੂੰ ਅੱਖ ਭਰ ਕੇ ਦੇਖਿਆ ਵੀ ਨਾ ਜਾਂਦਾ। ਪਤਾ ਨਹੀਂ ਕਿਹੋ ਜਿਹਾ ਮਜੀਠੀ ਸੇਕ ਸੀ ਉਸ ਵਿਚ, ਮੇਰਾ ਮੂੰਹ ਠਾਕਿਆ ਜਾਂਦਾ, ਗੱਲ ਗੁੰਮ ਜਾਂਦੀ, ਮੈਂ ਬੌਂਦਲ ਜਿਹਾ ਜਾਂਦਾ ਤੇ ਫਿਰ ਆਪਣੇ ਆਪ 'ਤੇ ਖਿਝ ਚੜ੍ਹਦੀ ਰਹਿੰਦੀ। ਕੰਵਲ ਬੋਲਦਾ ਕੁਝ ਨਾ ਪਰ ਮੈਨੂੰ ਲਗਦਾ ਹੈ ਕਿ ਮੇਰੀ ਉਲਝਣ ਉਸ ਤੋਂ ਲੁਕੀ ਹੋਈ ਨਹੀਂ ਸੀ। 'ਸੱਚ ਨੂੰ ਫਾਂਸੀ', 'ਕੰਡੇ', 'ਜੇਰਾ', 'ਪੂਰਨਮਾਸ਼ੀ', 'ਭਵਾਨੀ', 'ਰਾਤ ਬਾਕੀ ਹੈ', 'ਤਾਰੀਖ ਵੇਖਦੀ ਹੈ' ਵੀ ਨਾਲ-ਨਾਲ ਰਹੇ, ਪਰ ਮੈਥੋਂ ਗੱਲ ਨਾ ਹੀ ਹੋ ਸਕੀ। 'ਮਿੱਤਰ ਪਿਆਰੇ ਨੂੰ', 'ਲਹੂ ਦੀ ਲੋਅ', 'ਮੋੜਾ', 'ਰੂਪਧਾਰਾ' ਸਭ ਚੱਲਦਾ ਰਿਹਾ। ਮੈਥੋਂ ਕੰਵਲ ਦਾ ਭਖਿਆ ਚਿਹਰਾ ਢੰਗ ਨਾਲ ਦੇਖਿਆ ਨਾ ਜਾ ਸਕਿਆ।

ਜਦੋਂ ਲਿਖਣ ਕਾਰਜ ਤੋਂ ਥੋੜ੍ਹੀ ਰਾਹਤ ਲੈਣ ਲਈ ਕੰਵਲ ਪਿੰਡ ਦੇ ਗੇੜੇ 'ਤੇ ਨਿਕਲਦਾ ਤਾਂ ਜੁਆਕਾਂ ਨਾਲ ਪੰਗੇ ਲੈਂਦਾ। ਕਿਸੇ ਦੀ ਕੱਛ ਲਾਹ ਦਿੰਦਾ, ਕਿਸੇ ਦੇ ਚੂੰਢੀ ਵੱਢਦਾ, ਕਿਸੇ ਦੇ ਸਿਰ 'ਤੇ ਠੋਲੇ ਮਾਰਦਾ, ਬੰਟੇ ਖੇਡਦਾ ਤੇ ਖੇਡਾਂ ਵੰਡਦਾ ਫਿਰਦਾ। ਤਖਤਪੋਸ਼ 'ਤੇ ਬੈਠਾ ਦੂਹਰੀ ਸਰ ਜਾਂ ਸੀਪ ਖੇਡਦਾ ਤੇ ਸਾਰੇ ਪੇਂਡੂਆਂ ਨਾਲ ਪੱਤਿਆਂ ਪਿੱਛੇ ਖੂਬ ਜਿਦਾਈ ਕਰਦਾ। ਘਰ ਵਿਚ ਸੀਪ ਖੇਡਦਾ, ਰੌਂਦ ਮਾਰਦਾ, ਪੱਤੇ ਬਦਲਦਾ ਤੇ ਟੋਕਣ 'ਤੇ ਘੂਰਦਾ। ਮਾਮਾ ਜੀ ਸਰਬਜੀਤ ਸਿੰਘ ਸ਼ਤਰੰਜ ਖੇਡਦਾ ਤਾਂ ਸੁਧਾ ਧੱਕਾ ਕਰਦਾ। ਮਾਮਾ ਜੀ ਨੂੰ ਬਣਦੀ ਚਾਲ ਵਿਚਾਰਨ ਲਈ ਵੀ ਪੂਰਾ ਸਮਾਂ ਨਾ ਦਿੰਦਾ।

ਜਰਮਨ ਕ੍ਰਾਂਤੀਕਾਰੀ ਕਾਰਲ ਲੀਬਕਨਿਖਤ ਦਾ ਪਿਤਾ ਵਿਲੀਅਮ ਲੀਬਕਨਿਖਤ, ਕਾਰਲ ਮਾਰਕਸ ਨਾਲ ਸ਼ਤਰੰਜ ਖੇਡਦਾ ਤਾਂ ਚਾਲ ਫੇਲ੍ਹ ਹੋਣ 'ਤੇ ਮਾਰਕਸ ਦਾ ਗੁੱਸਾ, ਧੱਕਾ ਤੇ ਝੱਲ ਉਠ ਖੜ੍ਹਦਾ। ਬਾਜ਼ੀ ਹਾਰਦੀ ਦੇਖ ਕੇ ਮਾਰਕਸ ਖਰੂਦ ਕਰਦਾ ਮੈਨੂੰ ਬੜਾ ਪਿਆਰਾ ਮਨੁੱਖ ਲੱਗਦਾ ਤੇ ਕੰਵਲ ਦੀ ਯਾਦ ਤਾਜ਼ਾ ਹੋ ਜਾਂਦੀ। ਆਥਣੇ ਸਕਾਚ ਦੇ ਦੋ ਪੈੱਗ ਕਦੇ ਲਾਉਂਦੇ ਤੇ ਅਜ਼ੀਜ਼ ਮੀਆਂ ਕੱਵਾਲ ਦੀਆਂ ਕੱਵਾਲੀਆਂ ਸੁਣਦੇ। ਮੈਂ ਅਜ਼ੀਜ਼ ਮੀਆਂ ਦੇ ਉਰਦੂ ਤਲੱਫਜ਼ ਦਾ ਮੁਰੀਦ ਹੋ ਗਿਆ। ਬਹੁਤ ਸਾਲਾਂ ਬਾਅਦ ਮੈਂ ਬਾਪੂ ਜੀ ਨੂੰ ਅਜ਼ੀਜ਼ ਮੀਆਂ ਦੀਆਂ ਆਡੀਓ ਡਿਸਕਾਂ ਭੇਟ ਕੀਤੀਆਂ।

ਬਚਪਨ ਤੋਂ ਅੱਲ੍ਹੜ ਉਮਰ ਵੱਲ ਜਾਂਦਿਆਂ ਮੇਰੇ ਅੰਦਰ ਵੱਡਾ ਸਵਾਲ ਖੜ੍ਹਾ ਹੋ ਗਿਆ, ਜੋ ਅੱਜ ਵੀ ਮੇਰੇ ਨਾਲ ਖਹਿੰਦਾ ਰਹਿੰਦਾ ਹੈ: 'ਜਸਵੰਤ ਸਿੰਘ ਕੰਵਲ ਮੇਰਾ ਕੀ ਲੱਗਦਾ ਹੈ?' ਮੈਂ ਕੰਵਲ ਨੂੰ ਉਸ ਦੇ ਪਾਠਕਾਂ, ਪਾਠਕਾਂ ਤੋਂ ਬਣੇ ਮਿੱਤਰਾਂ ਤੇ ਮਿੱਤਰਾਂ ਤੋਂ ਘਰ ਦੇ ਮੈਂਬਰ ਬਣਿਆਂ ਹੀ ਹਰ ਰੰਗ ਵਿਚ ਦੇਖਿਆ ਹੈ। ਨਾਲ ਹੀ ਉਹ ਅਟੱਕ, ਅਡੋਲ, ਅਣਛੋਹਿਆ ਵੀ ਰਹਿ ਲੈਂਦਾ ਹੈ। ਮੈਂ ਬੇਕਿਰਕ ਹੋ ਕੇ ਇਸ ਫੈਸਲੇ 'ਤੇ ਪੁੱਜਾ ਕਿ ਮੈਂ ਸਭ ਤੋਂ ਪਹਿਲਾਂ ਕੰਵਲ ਦਾ ਸੁਚੱਜਾ, ਸੁਘੜ ਪਾਠਕ ਹਾਂ, ਉਸ ਦੇ ਲਿਖੇ ਦੀਆਂ ਰਮਜ਼ਾਂ ਨਾਲ ਘੁਲਦਾ ਰਹਿੰਦਾ ਹਾਂ, ਉਸ ਦੇ ਲਿਖੇ ਤੇ ਅਛੋਹ ਅਰਥ ਮੇਰੀ ਪਕੜ ਵਿਚ ਆਉਂਦੇ ਲੱਗਦੇ ਹਨ। ਮੈਨੂੰ ਉਸ ਦੀ ਲਿਖਣ ਸ਼ੈਲੀ, ਭਾਸ਼ਾਈ ਉਸਾਰ ਅਤੇ ਉਸ ਦੇ ਅੰਦਰ ਦੀ ਸੁੱਚੀ ਇਨਕਲਾਬੀ ਆਤਮਾ ਦੀ ਬੁਲੰਦ ਲਰਜ਼ਿਸ਼ ਦੀ ਥਾਹ ਪਾਉਣ ਦਾ ਵੱਲ ਆਉਂਦਾ ਜਾਂਦਾ ਹੈ।

ਗੱਲ ਇਹ ਹੈ ਕਿ ਕੰਵਲ ਦੇ ਨਜ਼ਰਿਆਤੀ ਜਗਤ ਦੀ ਬਣਤਰ ਦਾ ਤਰੀਕਾਕਾਰ ਮੇਰੀ ਦਿਲਚਸਪੀ ਵਧਾਉਂਦਾ ਤੁਰਿਆ ਗਿਆ ਅਤੇ ਵਰ੍ਹਿਆਂ ਪਿਛੋਂ ਜੇ.ਐਨ.ਯੂ. ਵਿਚ ਪੀਐਚ.ਡੀ. ਦੌਰਾਨ, ਪੇਰਿਆਰ ਹੋਸਟਲ ਦੇ ਕਮਰਾ ਨੰਬਰ 243 ਵਿਚ ਬੈਠ ਕੇ ਮੈਂ 'ਕੰਵਲ ਦੀ ਜ਼ਮੀਨ' ਮਜ਼ਮੂਨ ਲਿਖ ਕੇ ਥੋੜ੍ਹਾ ਸੁਰਖਰੂ ਮਹਿਸੂਸ ਕੀਤਾ ਭਾਵੇਂ ਮੈਂ ਕੰਵਲ ਬਾਬਤ ਕਿਸੇ ਵੱਡੀ ਯੋਜਨਾ ਲਈ ਕਾਫੀ ਸਮੇਂ ਤੋਂ ਸਾਮਾਨ ਜੋੜ ਰਿਹਾ ਹਾਂ।

ਸੁਘੜ ਪਾਠਕ ਹੋਣ ਦਾ ਦਰਜਾ ਵੱਡਾ ਕਰਕੇ ਮੈਂ ਕੰਵਲ ਨਾਲ ਆਪਣੇ ਜੀਵ-ਵਿਗਿਆਨਕ ਰਿਸ਼ਤੇ ਨੂੰ ਸੌਖਿਆਂ ਹੀ ਸਹੀ ਕਰ ਲਿਆ। ਉਸ ਦੀ ਵੱਡੀ ਬੇਟੀ ਅਮਰਜੀਤ ਕੌਰ ਦੇ ਵੱਡੇ ਬੇਟੇ ਵਜੋਂ ਮੈਂ ਉਸ ਦਾ ਵੱਡਾ ਦੋਹਤਾ ਹਾਂ। ਇਸ ਵਜ੍ਹਾ ਕਰਕੇ ਮੈਨੂੰ ਉਸ ਨੂੰ ਨੇੜਿਓਂ ਦੇਖਣ ਦਾ ਮੌਕਾ ਹਾਸਲ ਰਹਿੰਦਾ ਹੈ, ਜੋ ਮੇਰੇ ਪਾਠਕ ਹੋਣ ਦੇ ਦਰਜੇ ਨੂੰ ਹੀ ਜ਼ਰਾ ਹੋਰ ਗਹਿਰਾ ਕਰਦਾ ਹੈ ਪਰ ਨਾਲ ਹੀ ਇਸ ਲੇਖਕ-ਪਾਠਕ ਰਿਸ਼ਤੇ ਦੀ ਇਹ ਵੀ ਸਮਝ ਬਣੀ ਕਿ ਕੋਈ ਵੀ ਹੋਰ ਪਾਠਕ ਕੰਵਲ ਦੇ ਸ਼ਬਦ-ਸੰਸਾਰ ਨਾਲ ਮੈਥੋਂ ਸੁਚੱਜਾ ਸਬੰਧ ਰੱਖ ਸਕਦਾ ਹੈ, ਸਹੀ ਸਮਝ ਵਿਚ ਮੈਥੋਂ ਕਿਤੇ ਜ਼ਿਆਦਾ ਉਸ ਦਾ ਨੇੜੂ ਹੋ ਸਕਦਾ ਹੈ। ਮੈਂ ਇਸ ਨੁਕਤੇ 'ਤੇ ਨਿਭਣ ਲਈ ਵਾਹ ਲਾਈ ਹੈ ਅਤੇ ਕੰਵਲ ਦੇ 1950ਵਿਆਂ ਤੋਂ 'ਪਾਲੀ' ਪੜ੍ਹ ਕੇ ਬਣੇ ਪਾਠਕ-ਮਿੱਤਰ-ਛੋਟਾ ਭਾਈ ਸ. ਚੰਨਣ ਸਿੰਘ ਨਿੱਝਰ (ਚਾਚਾ ਜੀ), ਡਾ. ਤੇਜਵੰਤ ਸਿੰਘ ਗਿੱਲ, ਪ੍ਰਿੰਸੀਪਲ ਸਰਵਣ ਸਿੰਘ ਅਤੇ ਡਾ. ਸੁਰਜੀਤ ਨੇ ਮੈਨੂੰ ਕੁਝ ਇਕ ਮੁਸ਼ਕਿਲ ਨੁਕਤਿਆਂ ਬਾਬਤ ਕੰਵਲ ਨੂੰ ਸਮਝਣ ਵਿਚ ਅਗਵਾਈ ਦਿੱਤੀ ਹੈ।

ਇਸੇ ਪ੍ਰਸੰਗ ਵਿਚ ਇਕ ਗੱਲ ਯਾਦ ਆਈ ਹੈ: 'ਐਨਿਆਂ 'ਚੋਂ ਉਠੋ ਸੂਰਮਾ' ਪੜ੍ਹਦਿਆਂ ਮੈਨੂੰ ਅਟਪਟਾ ਲੱਗਿਆ ਪਰ ਸਮਝ ਨਾ ਆਏ ਕਿ ਦਰਅਸਲ ਮੁੱਦਾ ਕੀ ਹੈ। ਕੰਵਲ ਨਾਲ ਉਲਝਵੀਂ ਜਿਹੀ ਗੱਲ ਕੀਤੀ ਤਾਂ ਉਨ੍ਹਾਂ ਨੇ ਖੱਬੇ ਹੱਥ ਨੂੰ ਝਟਕਦਿਆਂ ਮੁਖਤਸਰ ਜਿਹੀ ਗੱਲ ਮੁਕਾ ਦਿੱਤੀ। ਮੈਨੂੰ ਲੱਗਾ, ਉਨ੍ਹਾਂ ਦਾ ਜਵਾਬ ਠੀਕ ਹੈ ਪਰ ਰੜਕਣ ਕੁਝ ਸਮੇਂ ਬਾਅਦ ਫਿਰ ਸ਼ੁਰੂ ਹੋ ਗਈ। ਸਾਲਾਂ ਬਾਅਦ ਮੇਰੇ ਅੰਦਰ ਗੱਲ ਸਾਫ ਹੋਈ ਅਤੇ ਕੰਵਲ ਦੇ ਨਜ਼ਰਿਆਤੀ ਜਗਤ ਨਾਲ ਇਨਸਾਫ ਵੀ ਹੁੰਦਾ ਦਿਸਿਆ। ਮੈਂ ਕਿਹਾ, "ਬਾਪੂ ਜੀ, ਜਬਰ ਦੇ ਖਿਲਾਫ ਇਕੱਠੇ ਹੋਏ ਲੋਕ ਥਾਣੇ ਨੂੰ ਘੇਰਾ ਪਾਈ ਬੈਠੇ ਹਨ। ਗੱਲ ਸਿਰੇ ਚੜ੍ਹਦੀ ਦਿਸਣ ਲੱਗੀ ਹੈ ਤਾਂ ਨਾਇਕ ਉਥੋਂ ਉਠ ਕੇ ਅੰਮ੍ਰਿਤ ਵੇਲੇ ਗੁਰਦੁਆਰੇ ਵਿਚ ਗੁਰੂ ਗੋਬਿੰਦ ਸਿੰਘ ਨੂੰ ਕਿਉਂ ਲੱਭ ਰਿਹਾ ਹੈ? ਗੁਰੂ ਗੋਬਿੰਦ ਸਿੰਘ ਤਾਂ ਲੋਕਾਂ ਵਿਚ ਬੈਠਾ ਥਾਣੇ ਨੂੰ ਘੇਰੀ ਬੈਠਾ ਹੈ। ਇਸੇ ਕਾਣ ਕਰਕੇ ਇਹ ਨਾਵਲ ਆਪਣੀ ਉਚਾਈ ਤੋਂ ਤਿਲਕ ਗਿਆ ਹੈ।"

ਕੰਵਲ ਨੇ ਸੁਣਦਿਆਂ ਹੀ ਕੰਨ ਚੁੱਕੇ, ਨੀਝ ਨਾਲ ਸੋਚਿਆ ਅਤੇ ਉਂਗਲ ਖੜ੍ਹੀ ਕਰਕੇ ਬੋਲਿਆ, "ਬਿਲਕੁੱਲ ਠੀਕ ਆਖਿਆ ਬਈ!" ਤੇ ਮੇਰਾ ਮੋਢਾ ਥਾਪੜ ਕੇ ਚਾਹ ਨੂੰ ਅਵਾਜ਼ ਦਿੱਤੀ। ਮੈਨੂੰ ਲੱਗਦਾ ਸੀ ਕਿ ਅੱਜ ਖੂਬ ਭਗੜਾਂਗੇ, ਦਲੀਲਾਂ ਰੱਖਾਂਗੇ ਤੇ ਦੇਖਾਂਗੇ ਕੀ ਨਿੱਬੜਦੀ ਐ, ਪਰ ਉਨ੍ਹਾਂ ਨੇ ਐਨੀ ਦਲੇਰੀ ਨਾਲ ਮੇਰੀ ਗੱਲ ਨੂੰ ਪਹਿਲੀਆਂ 'ਚ ਨਿਤਾਰ ਲਿਆ ਕਿ ਕੰਵਲ ਨੂੰ ਆਪਣੀ ਚੜ੍ਹਤ ਦਿਖਾਉਣ ਗਿਆ ਮੈਂ ਉਸ ਦੀ ਬੁਲੰਦ ਸ਼ਖਸੀਅਤ ਦੇ ਹੇਠਾਂ ਮੁੜ ਤੋਂ ਆ ਗਿਆ।

ਇਕ ਵਾਰ ਸਿਆਲ ਦੀ ਰਾਤ ਮੀਂਹ ਹਟੇ ਤੋਂ ਮੈਂ ਬਾਪੂ ਜੀ ਨੂੰ ਅੰਦਰਲੇ ਘਰ ਤੋਂ ਕੋਠੀ ਜਾਣ ਲਈ ਨਾਲ ਹੋ ਗਿਆ। ਰਾਹ ਵਿਚ ਤੁਰੇ ਜਾਂਦਿਆਂ ਮੈਂ ਉਨ੍ਹਾਂ ਨੂੰ ਕੋਈ ਨੁਕਤਾ ਨਿਤਾਰਦੇ ਹੱਥ, ਉਂਗਲਾਂ ਦੀ ਸੇਧ ਦੇ ਬਣਦੇ ਕੋਣ ਤੇ ਰੇਖਾਵਾਂ ਦੇਖਦਾ ਜਾਵਾਂ ਤਾਂ ਉਹ ਛਿਣ ਭਰ ਲਈ ਰੁਕੇ, ਮੇਰੇ ਵੱਲ ਮੁੜੇ ਤੇ ਕਿਹਾ, "ਗੁਣ ਬਿਨਾ ਜਵਾਨੀ ਨਿਖਰਦੀ ਨਹੀਂ।"

ਇਕ ਤਾਂ ਇਸ ਨੁਕਤੇ ਦੀ ਸਾਦਾ ਸੇਧ ਦਾ ਸਿਦਕ; ਦੂਜਾ ਇਸ ਵਾਕ ਦੀ ਤਰਾਸ਼ ਅਤੇ ਤੀਜਾ ਉਸ ਦੀ ਹਿੱਕ ਵਿਚੋਂ ਨਿਕਲੀ ਅਵਾਜ਼ ਦਾ ਸੇਕ ਮੈਨੂੰ ਅੱਜ ਤੱਕ ਛੂਹ ਜਾਂਦਾ ਹੈ। ਇਹ ਉਸ ਦਾ ਅਸਲ ਅੰਦਾਜ਼ ਹੈ-ਰਮਜ਼ੀਆ ਵੀ, ਸਾਫ ਵੀ, ਵਾਰਿਸਵੰਨਾ ਅੰਦਾਜ਼। ਮੈਨੂੰ ਲੱਗਦਾ ਹੈ ਕਿ ਅੱਜ ਦੇ ਪੰਜਾਬੀ ਸਾਹਿਤਕਾਰ ਇਸ ਤਰ੍ਹਾਂ ਦੀ ਰਸਵੰਤ, ਰਮਜ਼ੀਆ ਅਤੇ ਬੁਲੰਦ-ਇਖਲਾਕ ਪੰਜਾਬੀ ਨਹੀਂ ਬੋਲਦੇ। 'ਗੁਣ' ਵਰਗੇ ਸ਼ਬਦ ਬਹੁਤ ਘੱਟ ਸੁਣਨ-ਪੜ੍ਹਨ ਨੂੰ ਮਿਲਦੇ ਹਨ। ਇਸ ਪੀੜ੍ਹੀ ਕੋਲ ਕਮਾਏ ਹੋਏ ਸ਼ਬਦਾਂ ਦੀ ਤੋਟ ਕਿਉਂ ਹੁੰਦੀ ਜਾਂਦੀ ਹੈ? ਇਹ ਪੰਜਾਬ ਦੇ ਭਵਿੱਖ ਬਾਬਤ ਵੱਡਾ ਸਵਾਲ ਵੀ ਹੈ।

ਇਕ ਗੱਲ ਪਾਸ਼ ਨਾਲ ਕੰਵਲ ਦੇ ਰਿਸ਼ਤੇ ਬਾਰੇ ਵੀ ਯਾਦ ਆਈ ਹੈ। ਅਸੀਂ ਦਿੱਲੀ ਵਿਚ ਸੜਕਾਂ, ਚੌਕਾਂ, ਬਸਤੀਆਂ ਵਿਚ ਪੰਜਾਬੀ ਬੋਲੀ ਮੋਰਚਾ ਸਰਗਰਮੀ ਛੇੜੀ ਹੋਈ ਸੀ। ਮੋਰਚੇ ਦੇ 63ਵੇਂ ਦਿਨ, 9 ਸਤੰਬਰ 2013 ਨੂੰ ਪਾਸ਼ ਦਾ 63ਵਾਂ ਜਨਮ ਦਿਨ ਵੀ ਸੀ ਅਤੇ ਅਦਾਰਾ 23 ਮਾਰਚ ਦਾ ਪਲੇਠਾ ਸਮਾਗਮ ਵੀ ਰੱਖਿਆ ਹੋਇਆ ਸੀ। ਸਾਡੀ ਵਿਚਾਰ ਚੱਲੀ ਕਿ ਮੋਰਚੇ ਦੇ ਅਗਲੇਰੇ ਪੜਾਅ ਵਿਚ ਕੁਝ ਲੇਖਕਾਂ ਨੂੰ ਆਪਣੇ ਸਨਮਾਨ ਵਾਪਸ ਕਰਨ ਲਈ ਕਿਹਾ ਜਾਵੇ। ਸਵਰਾਜਬੀਰ

(ਬਾਕੀ ਅਗਲੇ ਸਫੇ 'ਤੇ)

# ਚੰਮ ਦੀਆਂ ਚਲਾਈਏ

**ਸ਼ਬਦ ਝਰੋਖਾ**



ਬਲਜੀਤ ਬਾਸੀ

ਫੋਨ: 734-259-9353

ਦੰਦ ਕਥਾ ਹੈ ਕਿ ਸ਼ੇਰ ਸ਼ਾਹ ਸੂਰੀ ਨੇ ਮੁਗਲ ਬਾਦਸ਼ਾਹ ਹਮਾਯੂੰ ਨੂੰ ਚੌਸਾ ਦੀ ਲੜਾਈ 'ਚ ਹਰਾ ਦਿੱਤਾ। ਇਹ ਘਟਨਾ 1539 ਦੀ ਦੱਸੀ ਜਾਂਦੀ ਹੈ। ਕੁਝ ਸ੍ਰੋਤਾਂ ਅਨੁਸਾਰ ਹਮਾਯੂੰ ਨੇ ਆਪਣੀ ਜਾਨ ਬਚਾਉਣ ਲਈ ਗੰਗਾ ਵਿਚ ਛਾਲ ਮਾਰ ਦਿੱਤੀ। ਕੰਢੇ ਤੋਂ ਦੇਖ ਰਿਹਾ ਨਿਜ਼ਾਮ (ਉਦ ਦੀਨ ਸੱਕਾ) ਨਾਂ ਦੇ ਮਾਸ਼ਕੀ ਨੇ ਫੌਰਨ ਦਰਿਆ ਵਿਚ ਛਾਲ ਮਾਰੀ ਤੇ ਡੁੱਬ ਰਹੇ ਬਾਦਸ਼ਾਹ ਕੋਲ ਤਰ ਕੇ ਪਹੁੰਚ ਗਿਆ। ਉਸ ਨੇ ਆਪਣੀ ਮਸ਼ਕ ਵਿਚ ਪਾਣੀ ਭਰ ਕੇ ਬਾਦਸ਼ਾਹ ਨੂੰ ਉਸ ਨਾਲ ਨਰੜਿਆ ਤੇ ਖਿਚਦਾ ਹੋਇਆ ਸੁਰੱਖਿਅਤ ਹਾਲਤ ਵਿਚ ਉਸ ਨੂੰ ਕੰਢੇ 'ਤੇ ਲੈ ਆਇਆ।

ਸੱਕਾ ਮਾਸ਼ਕੀਆਂ ਦੀ ਇੱਕ ਬਰਾਦਰੀ ਦਾ ਨਾਂ ਹੈ। ਸੱਕਾ ਅਰਬੀ ਸ਼ਬਦ ਹੈ। ਹਮਾਯੂੰ ਨੇ ਰਾਜ ਸੰਭਾਲਣ ਪਿਛੋਂ ਸ਼ੁਕਰਾਨੇ ਵਜੋਂ ਨਿਜ਼ਾਮ ਸੱਕਾ ਨੂੰ ਇਕ ਦਿਨ ਦੀ ਬਾਦਸ਼ਾਹੀ ਬਖਸ਼ੀ ਤੇ ਉਸ ਦਾ ਨਾਂ ਵੀ ਬਦਲ ਕੇ ਨਿਜ਼ਾਮ ਉਦ ਦੀਨ ਸੱਕਾ ਰੱਖ ਦਿੱਤਾ। ਗੱਦੀ ਸੰਭਾਲਦਿਆਂ ਹੀ ਸੱਕਾ ਨੇ ਚਮੜੇ ਦੇ ਸਿੱਕੇ ਚਲਾਉਣ ਦਾ ਫੁਰਮਾਨ ਜਾਰੀ ਕਰ ਦਿੱਤਾ। ਕਹਿੰਦੇ ਹਨ, ਉਹ ਚੰਮ ਦਾ ਕੰਮ ਕਰਨ ਵਾਲੀ ਆਪਣੀ ਬਰਾਦਰੀ ਦੀ ਆਰਥਕ ਮਦਦ ਕਰਨੀ ਚਾਹੁੰਦਾ ਸੀ।

ਦਿੱਲੀ ਦੇ ਨਿਜ਼ਾਮੂਦੀਨ ਅਤੇ ਜਾਮਾ ਮਸਜਿਦ ਇਲਾਕੇ ਵਿਚ ਅਜਿਹੇ ਮਾਸ਼ਕੀ ਅੱਜ ਵੀ ਮਿਲਦੇ ਹਨ। ਮਿੱਟੀ ਦੇ ਕਟੋਰੇ ਖੜਕਾਉਂਦੇ ਉਹ ਲੋਕਾਂ ਨੂੰ ਪਾਣੀ ਪਿਲਾਉਂਦੇ ਦਿਸ ਪੈਂਦੇ ਹਨ। ਉਥੇ ਇੱਕ ਸੱਕਾ ਗਲੀ ਵੀ ਹੈ, ਸ਼ਾਇਦ ਨਜਾਮ ਸੱਕਾ ਦੀ ਯਾਦ ਵਿਚ। 'ਚੰਮ ਦੀਆਂ ਚਲਾਉਣਾ' ਮੁਹਾਵਰਾ ਇਸੇ ਦੰਦ-ਕਥਾ ਵੱਲ ਸੰਕੇਤ ਕਰਦਾ ਪ੍ਰਤੀਤ ਹੁੰਦਾ ਹੈ, ਪਰ ਅਸੀਂ ਆਪਣੇ ਅੱਜ ਦੇ ਲੇਖ ਵਿਚ 'ਚੰਮ' ਸ਼ਬਦ ਬਾਰੇ ਲਿਖ ਕੇ ਹੀ ਚੰਮ ਦੀਆਂ ਚਲਾਵਾਂਗੇ।

ਚੰਮ ਦੀ ਪਰਿਭਾਸ਼ਾ ਦੇਣ ਦੀ ਲੋੜ ਨਹੀਂ, ਕਿਉਂਕਿ ਹਰ ਪ੍ਰਾਣੀ ਇਸੇ ਵਿਚ ਮੜਿਆ ਹੋਇਆ ਹੈ। ਕਿਸੇ ਵਿਅਕਤੀ ਦੇ ਚੰਮ ਅੰਦਰ ਲੁਕਿਆ ਹੱਡ-ਮਾਸ ਅਤੇ ਮਨ ਕੈਸਾ ਹੈ, ਕੋਈ ਨਹੀਂ ਜਾਣਦਾ। ਅਸੀਂ ਚੰਮ ਦੀ ਸੁੰਦਰਤਾ ਨੂੰ ਹੀ ਅਸਲੀ ਸੁੰਦਰਤਾ ਸਮਝਦੇ ਹਾਂ। 'ਚਮੜਾ ਖਰੀਦਣਾ' ਅਰਥਾਤ ਸ਼ਕਲਮੰਦ ਕੁੜੀ ਪਸੰਦ ਕਰਨੀ, ਉਸ ਦੇ ਚੱਜ ਅਚਾਰ ਨਾ ਜਾਣਨੇ, ਮੁਹਾਵਰਾ ਇਸੇ ਸਥਿਤੀ ਦਾ ਸੂਚਕ ਹੈ। ਅਜਿਹੇ ਵਿਅਕਤੀ ਹੀ ਚੰਮ-ਰਸ ਕਹਾਉਂਦੇ ਹਨ; ਪਰ ਕੁਝ ਸਿਆਣੇ ਲੋਕ ਵੀ ਹੁੰਦੇ ਹਨ, ਜਿਨ੍ਹਾਂ ਲਈ 'ਕੰਮ ਪਿਆਰਾ ਹੁੰਦਾ ਹੈ, ਚੰਮ ਨਹੀਂ।'

ਖੈਰ! ਚੰਮ ਉਧੇੜ ਕੇ ਕਿਸੇ ਨੂੰ ਤਸੀਹੇ ਜ਼ਰੂਰ ਦਿੱਤੇ ਜਾ ਸਕਦੇ ਹਨ, ਉਸ ਦਾ ਅੰਦਰਲਾ ਨਹੀਂ ਦੇਖਿਆ ਜਾ ਸਕਦਾ। ਕਈ 'ਮੋਟੀ ਚਮੜੀ ਵਾਲੇ' ਭਾਵਨਾਹੀਣ ਹੁੰਦੇ ਹਨ। ਚਮੜਾ ਅਤੇ ਚਮੜੀ ਸ਼ਬਦ ਚੰਮ ਦੇ ਹੀ ਭੇਦ ਹਨ। ਗੁਰੂ ਰਾਮ ਦਾਸ ਨੇ ਚੰਮ ਸ਼ਬਦ ਵਰਤਿਆ ਹੈ, 'ਤੂੰ ਸਚਾ ਸਾਹਿਬੁ ਸਚੁ ਤੂ ਸਭੁ ਜੀਉ ਪਿੰਡੁ ਚੰਮੁ ਤੇਰਾ ਹਡੇ॥' ਚਮੜਾ ਸ਼ਬਦ ਆਮ ਤੌਰ 'ਤੇ ਮਰੇ ਹੋਏ ਪਸੂ ਦੀ ਖੱਲ ਲਈ ਵਰਤਿਆ ਜਾਂਦਾ ਹੈ, ਜਦੋਂ ਕਿ ਚਮੜੀ ਮਨੁੱਖ ਦੀ ਤੁਚਾ ਲਈ। ਉਂਜ ਚੰਮ ਸ਼ਬਦ ਦੀ ਵੀ ਕੁਝ ਕੁਝ ਕਦਰ-ਘਟਾਈ ਹੋ ਗਈ ਹੈ। ਗੁਰੂ ਗ੍ਰੰਥ ਸਾਹਿਬ ਵਿਚ ਚਮੜ ਤੇ ਚਮੜਾ ਸ਼ਬਦ ਮਿਰਗਚਰਮ ਅਰਥਾਤ ਹਿਰਨ ਦੀ ਚਮੜੀ ਲਈ ਵਰਤੇ ਗਏ ਹਨ, 'ਕਾਪੜੁ ਛੋਡੇ ਚਮੜ ਲੀਏ' ਅਤੇ 'ਖਲੜੀ ਖਪਰੀ ਲਕੜੀ ਚਮੜੀ ਸਿਖਾ ਸੂਤੁ ਧੋਤੀ ਕੀਨ੍ਹੀ॥' (ਗੁਰੂ ਨਾਨਕ ਦੇਵ)



ਵਾਰਸ ਦੀ ਇੱਕ 'ਅਸਲੀ ਤੇ ਵੱਡੀ' ਹੀਰ ਦੇ ਇੱਕ ਬੰਦ ਵਿਚ ਚੰਮ ਸ਼ਬਦ ਆਇਆ ਹੈ, ਪਰ ਵਿਦਵਾਨਾਂ ਨੇ ਇਸ ਨੂੰ ਵਾਰਸ ਦੀ ਰਚਨਾ ਨਹੀਂ ਮੰਨਿਆ,

ਹੀਰ ਆਖਦੀ ਜੋਗੀਆ ਝੂਠ ਆਖੇਂ,<br>
ਕੌਣ ਰੁੱਠੜੇ ਯਾਰ ਮਿਲਾਂਵਦਾ ਈ।<br>
ਏਹਾ ਕੋਈ ਨਾ ਮਿਲਿਆ ਮੈਂ ਢੂੰਡ ਥੱਕੀ,<br>
ਜਿਹੜਾ ਗਿਆਂ ਨੂੰ ਮੋੜ ਲਿਆਂਵਦਾ ਈ।<br>
ਸਾਡੇ ਚੰਮ ਦੀਆਂ ਜੁੱਤੀਆਂ ਕਰੇ ਕੋਈ,<br>
ਜਿਹੜਾ ਜੀਊ ਦਾ ਰੋਗ ਗਵਾਂਵਦਾ ਈ।<br>
ਭਲਾ ਦੱਸ ਖਾਂ ਚਿਰੀਂ ਵਿਛੁੰਨਿਆਂ ਨੂੰ,<br>
ਕਦੋਂ ਰੱਬ ਸੱਚਾ ਘਰੀਂ ਲਿਆਂਵਦਾ ਈ।

ਚੰਮ ਸ਼ਬਦ ਦੀ ਸੰਸਕ੍ਰਿਤ ਮੁਢੀ ਹੈ, 'ਚਰਮਨ' ਜੋ ਚਰਮ ਦੇ ਸਮਾਨ ਹੈ। ਸੰਸਕ੍ਰਿਤ ਵਿਚ ਚਰਮਨ ਦੇ ਅਰਥ ਹਨ-ਚਮੜੀ, ਖੱਲ; ਸੱਕ; ਢਾਲ, ਜੋ ਚੰਮ ਦੀ ਬਣੀ ਹੁੰਦੀ ਹੈ। ਚੰਬਲ ਦਰਿਆ ਦਾ ਸੰਸਕ੍ਰਿਤ ਨਾਂ ਚਰਮਣਵਤ ਸੀ। ਸੰਸਕ੍ਰਿਤ ਵਿਚ ਚਰਮ ਸ਼ਬਦ ਦੇ ਮੇਲ ਨਾਲ ਅਨੇਕਾਂ ਹੋਰ ਸ਼ਬਦ ਬਣੇ ਹਨ, ਪਰ ਸਭ ਦਾ ਪੰਜਾਬੀ ਰੂਪ ਨਹੀਂ ਮਿਲਦਾ ਜਿਵੇਂ ਚਰਮਈ, ਚਰਮਵਤ: ਚੰਮ ਤੋਂ ਬਣਿਆ ਜਾਂ ਮੜਿਆ; ਚਰਮਤਿਲ: ਤਿਲਾਂ ਵਰਗੀਆਂ ਫਿਣਸੀਆਂ ਵਾਲਾ। ਚਰਮ ਦਾ ਪ੍ਰਾਕ੍ਰਿਤ ਰੂਪ ਹੈ, ਚੰਮ। ਹੋਰ ਭਾਰਤੀ ਆਰਿਆਈ ਭਾਸ਼ਾਵਾਂ ਵਿਚ ਇਸ ਦੇ ਭੇਦ ਹਨ: ਚੰਮ, ਚਾਮ, ਚੋਮ, ਸਮ, ਚਮੜਾ/ਚਮੜੀ, ਚੰਡੂ।

ਇਸ ਤੋਂ ਬਣੇ ਕੁਝ ਸ਼ਬਦ ਵਿਚਾਰ ਲਈਏ। ਮੋਚੀ ਵਲੋਂ ਵਰਤੀ ਜਾਂਦੀ ਚਮੜੇ ਦੀ ਪੱਟੀ ਨੂੰ ਚਮੋਟੀ ਆਖਦੇ ਹਨ। ਇਸ ਦਾ ਸੰਸਕ੍ਰਿਤ ਰੂਪ ਚਰਮਪੱਟ ਹੈ ਤੇ ਪ੍ਰਾਕ੍ਰਿਤ ਵਿਚ ਰੂਪ ਹੋਇਆ, ਚੰਮਪੱਟ। ਸੰਸਕ੍ਰਿਤ ਵਿਚ ਚਮਗਾਦੜ ਲਈ ਸ਼ਬਦ 'ਚਰਮਪੱਤਰਾ' ਹੈ। ਪ੍ਰਾਕ੍ਰਿਤ ਵਿਚ ਇਸ ਦਾ ਰੂਪ 'ਚਮਪਖਿ' ਅਰਥਾਤ ਚਮ ਵਾਲਾ ਪੰਛੀ ਜਾਂ ਉਡਣ ਵਾਲਾ ਚੰਮ ਹੈ। ਚਮਗਾਦੜ ਅਤੇ ਚਾਮਚੜਿੱਕ ਵਿਚ ਚੰਮ/ਚਾਮ ਸ਼ਬਦ ਸਪੱਸ਼ਟ ਝਲਕਦੇ ਹਨ। ਚਾਮਚੜਿੱਕ ਦਾ ਸੰਸਕ੍ਰਿਤ ਰੂਪ ਹੈ, ਚਰਮਚਟਕ; ਚਟਕ ਚਿੜੀ ਦਾ ਹੀ ਪੂਰਬਲਾ ਰੂਪ ਹੈ। ਸੋ, ਚਾਮਚੜਿੱਕ ਦਾ ਸ਼ਾਬਦਿਕ ਅਰਥ ਬਣਦਾ ਹੈ, ਚੰਮ ਦੀ ਚਿੜੀ, ਸ਼ਾਇਦ ਇਸ ਲਈ ਕਿ ਉਡਦੀ ਜਾਂਦੀ ਚਾਮਚੜਿੱਕ ਦੀ ਚਮੜੀ ਦਿਖਾਈ ਦਿੰਦੀ ਹੈ।

ਡੱਚ ਭਾਸ਼ਾ ਵਿਚ ਚਮਗਿੱਦੜ ਲਈ ਵਰਤੇ ਜਾਂਦੇ ਸ਼ਬਦ ਦਾ ਸ਼ਾਬਦਿਕ ਅਰਥ ਹੈ, ਉਡਣਾ ਲੂੰਬੜ। ਚਰਮਪਾਦੁਕਾ ਹੁੰਦੀ ਹੈ, ਪੈਰਾਂ 'ਚ ਪਾਈ ਜਾਣ ਵਾਲੀ ਚਮੜੇ ਦੀ ਜੁੱਤੀ। ਲੱਕੜੀ ਦੀ ਜੁੱਤੀ ਨੂੰ ਖੜਾਵਾਂ, ਜੋ ਸੰਸਕ੍ਰਿਤ ਕਾਸ਼ਟਪਾਦੁਕਾ (ਕਾਸ਼ਟ=ਲਕੜੀ, ਪਾਦੁਕਾ=ਜੁੱਤੀ) ਦਾ ਵਿਉਤਪਤ ਰੂਪ ਹੈ। ਉਸਤਰੇ ਨੂੰ ਘਸਾਉਣ ਵਾਲੀ ਚਮੜੇ ਦੀ ਪੱਟੀ ਨੂੰ ਚਮਾਟੀ ਕਿਹਾ ਜਾਂਦਾ ਹੈ, ਜੋ ਸੰਸਕ੍ਰਿਤ ਚਰਮਕਾਸ਼ਟਿਕਾ ਦਾ ਸੰਕੁਚਿਤ ਰੂਪ ਹੈ। 'ਚਮੋਕਣ' ਖੂਨ ਪੀਣ ਵਾਲੀ ਜੂੰ ਨੂੰ ਆਖਦੇ ਹਨ, ਜਿਸ ਦਾ ਸੰਸਕ੍ਰਿਤ ਰੂਪ ਹੈ, ਚਰਮੋਤਕੁਣ (ਉਤਕਣ=ਜੂੰ)। ਤੰਗ ਜੁੱਤੀ ਲੱਗਣ ਨਾਲ ਪੈਰਾਂ ਦੇ ਪਿਛਲੇ ਪਾਸੇ (ਅੱਡੀ ਤੋਂ ਉਪਰ) ਜ਼ਖਮ ਹੋ ਜਾਂਦਾ ਹੈ, ਜੋ ਰਿਸਦਾ ਰਹਿੰਦਾ ਹੈ, ਇਸ ਨੂੰ 'ਚਮਰਸ' ਆਖਦੇ ਹਨ। ਚਮਜੂੰ ਜਾਂ ਚਮਚਿੱਚੜ ਸ਼ਬਦਾਂ ਵਿਚ ਵੀ ਚੰਮ ਸ਼ਬਦ ਬੋਲਦਾ ਹੈ। ਕਿਸੇ ਦੇ ਖਹਿੜੇ ਪਏ ਰਹਿਣ ਲਈ 'ਚੰਮ ਵਢਣਾ/ਖਾਣਾ' ਮੁਹਾਵਰਾ ਵਰਤਿਆ ਜਾਂਦਾ ਹੈ।

ਚਮੜੇ ਦਾ ਕੰਮ ਕਰਨ ਵਾਲੇ ਨੂੰ ਅਸੀਂ ਚਮਾਰ ਜਾਂ ਚਮਿਆਰ ਆਖਦੇ ਹਾਂ। ਚਮਾਰ ਇਕ ਜਾਤੀ ਦਾ ਨਾਂ ਵੀ ਹੈ, ਜੋ ਰਵਾਇਤੀ ਤੌਰ 'ਤੇ ਚਮੜੇ ਦਾ ਕੰਮ ਕਰਦੀ ਸੀ। ਇਸ ਦਾ ਸੰਸਕ੍ਰਿਤ ਰੂਪ ਹੈ, ਚਰਮਕਾਰ ਅਰਥਾਤ ਚਮੜੇ ਦਾ ਕੰਮ ਕਰਨ ਵਾਲਾ। ਇਸ ਦਾ ਪਾਲੀ ਰੂਪ ਚੰਮਕਾਰ ਤੇ ਪ੍ਰਾਕ੍ਰਿਤ ਰੂਪ ਚਮਾਰ/ਚਮਿਆਰ ਹੈ, 'ਮੇਰੇ ਰਮਈਏ ਰੰਗੁ ਮਜੀਠ ਕਾ ਕਹੁ ਰਵਿਦਾਸ ਚਮਾਰ॥' ਚਮਾਰਾਂ ਦੀ ਬਸਤੀ ਨੂੰ ਚਮਾਰਲੀ ਆਖਿਆ ਜਾਂਦਾ ਹੈ।

ਚੰਮ ਸ਼ਬਦ ਦੇ ਸਜਾਤੀ ਰੂਪ ਫਾਰਸੀ ਵਿਚ ਵੀ ਮਿਲਦੇ ਹਨ। ਫਾਰਸੀ ਚਰਮੀਨ ਦਾ ਅਰਥ ਹੈ, ਚਮੜੇ ਦਾ ਬਣਿਆ। ਫਾਰਸੀ ਵਿਚ ਚਰਮੀਨਦੋਜ਼ ਮੋਚੀ ਅਤੇ ਚਰਮੀਨਫਰੋਸ਼ ਚਮੜਾ ਵੇਚਣ ਵਾਲੇ ਨੂੰ ਕਹਿੰਦੇ ਹਨ। ਬਟੂਆ ਚਰਮਦਾਨ ਹੈ। ਚਰਖੇ ਦੇ ਤਕਲੇ ਉਤੇ ਲੱਗੀ ਚਮੜੇ ਦੀ ਗੋਲ ਪੱਟੀ ਨੂੰ ਪੰਜਾਬੀ ਵਿਚ ਚਰਮਖ ਆਖਦੇ ਹਨ। ਇਹ ਫਾਰਸੀ ਵਲੋਂ ਆਇਆ ਹੈ, 'ਚਰਮ+ਕ' ਦਾ ਬਦਲਿਆ ਰੂਪ।

ਕੁਝ ਸਮਾਂ ਪਹਿਲਾਂ ਹਲਟ ਦੀ ਥਾਂ ਚਰਸ, ਚੜਸ ਜਾਂ ਚੜਸਾ ਚਲਿਆ ਕਰਦੇ ਸਨ। ਇਸ ਜੁਗਾੜ ਵਿਚ ਚਮੜੇ ਦਾ ਇਕ ਭਾਰੀ ਵੱਡਾ ਸਾਰਾ ਥੈਲਾ ਵਰਤਿਆ ਜਾਂਦਾ ਸੀ, ਜਿਸ ਦੀ ਪਾਣੀ-ਸਮਾਈ ਘੱਟੋ ਘੱਟ ਮਣ ਪੱਕੇ ਦੀ ਹੁੰਦੀ ਸੀ। ਇਸ ਥੈਲੇ ਰਾਹੀਂ ਬਲਦਾਂ ਦੀ ਮਦਦ ਨਾਲ ਖੂਹ ਵਿਚੋਂ ਪਾਣੀ ਕੱਢਿਆ ਜਾਂਦਾ ਸੀ। ਚਰਸ ਦਰਅਸਲ ਇਸ ਥੈਲੇ ਦਾ ਨਾਂ ਹੈ। ਇਹ ਸ਼ਬਦ ਵੀ ਫਾਰਸੀ ਅਸਲੇ ਦਾ ਹੈ, ਜਿਸ ਦਾ ਅਰਥ ਚਮੜਾ ਹੀ ਹੈ। ਧੌੜੀ ਸ਼ਬਦ ਇਸੇ ਦਾ ਸਮਾਨਅਰਥਕ ਹੈ।

ਅਫਗਾਨਿਸਤਾਨ ਵਿਚ ਮਿਲਦੀ ਭੰਗ ਦੀ ਇਕ ਕਿਸਮ ਲਈ ਵੀ ਚਰਸ ਸ਼ਬਦ ਵਰਤਿਆ ਜਾਂਦਾ ਹੈ। ਚਮੜੇ ਦੇ ਬਣੇ ਦਸਤਾਨੇ ਨਾਲ ਇਸ ਨਸ਼ੀਲੇ ਬੂਟੇ ਦੇ ਪੱਤਿਆਂ ਨੂੰ ਰਗੜ ਕੇ ਇਸ ਦਾ ਸਤ ਇਕੱਠਾ ਕੀਤਾ ਜਾਂਦਾ ਹੈ। ਚਮੜੇ ਦੇ ਦਸਤਾਨੇ ਤੋਂ ਇਸ ਦਾ ਚਰਸ ਨਾਂ ਪਿਆ। ਫਾਰਸੀ ਵਿਚ ਚਰਮ ਦਾ ਇੱਕ ਭੇਦ ਚਰਬ ਵੀ ਮਿਲਦਾ ਹੈ। ਚਰਮਨ ਸ਼ਬਦ ਦਰਅਸਲ ਉਪਰਲੀ ਖਲੜੀ ਲਈ ਹੀ ਨਹੀਂ, ਬਲਕਿ ਇਸ ਦੇ ਹੇਠਾਂ ਜੁੜੀ ਹੋਈ ਚਿਕਨਾਈ ਤੇ ਮਾਸ ਵੱਲ ਵੀ ਸੰਕੇਤ ਕਰਦਾ ਹੈ। ਇਸ ਲਈ ਫਾਰਸੀ ਸ਼ਬਦ ਚਰਬ ਜਾਂ ਚਰਬੀ ਇਸੇ ਦਾ ਬੋਧਕ ਹੈ। ਫਾਰਸੀ ਚਰਬ ਦਾ ਅਰਥ ਹੈ-ਚੀਕਣਾ, ਮੁਲਾਇਮ, ਮੋਟਾ ਆਦਿ। ਚਰਬਾ ਸ਼ਬਦ ਦਾ ਅਰਥ ਨਰਮ ਝਿੱਲੀ ਹੁੰਦਾ ਹੈ। ਇੱਕ ਪਤਲੇ ਜਿਹੇ ਪਾਰਦਰਸ਼ੀ ਕਾਗਜ਼ ਨੂੰ ਵੀ ਚਰਬਾ ਕਿਹਾ ਜਾਂਦਾ ਹੈ, ਜਿਸ ਤੋਂ ਕਿਸੇ ਤਸਵੀਰ ਆਦਿ ਦਾ ਉਤਾਰਾ ਕੀਤਾ ਜਾਂਦਾ ਹੈ। ਕਾਸੇ ਦੀ ਖੂਬ ਨਕਲ ਕਰਨ ਦੇ ਅਰਥਾਂ ਵਾਲਾ ਮੁਹਾਵਰਾ 'ਚਰਬੇ ਉਤਾਰਨਾ' ਇਸੇ ਤੋਂ ਬਣਿਆ।

ਸੰਸਕ੍ਰਿਤ ਕੋਸ਼ਕਾਰ ਆਪਟੇ ਅਤੇ ਅਜਿਤ ਵਡਨੇਰਕਰ ਨੇ ਚਰਮ ਸ਼ਬਦ ਨੂੰ ਸੰਸਕ੍ਰਿਤ ਧਾਤੂ ਚਰ ਨਾਲ ਜੋੜਿਆ ਹੈ। ਇਸ ਧਾਤੂ ਵਿਚ ਚਲਣ ਫਿਰਨ, ਘਾਹ ਚਰਨ ਆਦਿ ਦੇ ਭਾਵ ਹਨ। ਸੋ, ਇਸ ਤੋਂ ਚਲਣ ਫਿਰਨ ਵਾਲੇ ਜਾਨਵਰ ਅਰਥਾਤ ਪਸੂ ਦੇ ਭਾਵ ਵਿਕਸਿਤ ਹੁੰਦੇ ਹਨ। ਇਸੇ ਤੋਂ ਅੱਗੇ ਪਸੂ ਦੀ ਖੱਲ ਦੇ ਭਾਵ ਉਭਰੇ। ਦੂਜੇ ਪਾਸੇ ਮੋਨੀਅਰ-ਵਿਲੀਅਮਜ਼ ਨੇ ਚਰਮ ਦਾ ਸਬੰਧ ਲਾਤੀਨੀ ਸ਼ਬਦ Corium ਨਾਲ ਜੁੜੇ ਹੋਣ ਦੀ ਸੰਭਾਵਨਾ ਜਤਾਈ ਹੈ। ਇਹ ਸ਼ਬਦ ਅੰਗਰੇਜ਼ੀ ਵਿਚ ਵੀ ਵਰਤਿਆ ਜਾਂਦਾ ਹੈ ਅਤੇ ਇਹ ਖੱਲ, ਚਮੜੀ ਆਦਿ ਦਾ ਹੀ ਅਰਥਾਵਾਂ ਹੈ। ਵਿਦਵਾਨਾਂ ਨੇ ਇਸ ਦਾ ਰਿਸ਼ਤਾ ਭਾਰੋਪੀ ਮੂਲ (S)ker ਨਾਲ ਜੋੜਿਆ ਹੈ ਜਿਸ ਵਿਚ ਕੱਟਣ ਦੇ ਭਾਵ ਹਨ। ਇਸ ਨਜ਼ਰੀਏ ਤੋਂ ਚਮੜੀ ਉਹ ਹੈ, ਜੋ ਸਰੀਰ ਤੋਂ ਕੱਟੀ ਜਾਵੇ। ਇਸ ਦਾ ਸਬੰਧ ਸੰਸਕ੍ਰਿਤ 'ਕਰਿਤ' ਨਾਲ ਜੋੜਿਆ ਜਾਂਦਾ ਹੈ ਜਿਸ ਵਿਚ ਕੱਟਣ, ਵਢਣ, ਵੰਡਣ ਦੇ ਭਾਵ ਹਨ। ਸੰਸਕ੍ਰਿਤ ਦੇ ਸ਼ਬਦ ਕਰਿਤਿ ਦਾ ਅਰਥ ਚਮੜੀ, ਤੁਚਾ, ਚਮੜੇ ਦਾ ਬਣਿਆ ਕਪੜਾ ਆਦਿ ਹੁੰਦਾ ਹੈ। ਆਪਟੇ ਅਤੇ ਮੋਨੀਅਰ-ਵਿਲੀਅਮਜ਼ ਦੋ ਅੱਡ ਅੱਡ ਪਾਸੇ ਜਾਂਦੇ ਹਨ। ਹਾਲ ਦੀ ਘੜੀ ਮੈਂ ਇਸ ਮਸਲੇ ਨੂੰ ਸੁਲਝਾ ਨਹੀਂ ਸਕਦਾ।

# ਜਸਵੰਤ ਸਿੰਘ ਕੰਵਲ ਮੇਰਾ ਕੀ ਲਗਦਾ ਹੈ...

(ਪਿਛਲੇ ਸਫੇ ਦੀ ਬਾਕੀ)

ਨੇ ਝੱਟ ਆਪਣਾ ਪੰਜਾਬੀ ਅਕਾਦਮੀ ਵਾਲਾ ਸਨਮਾਨ ਸਾਡੇ ਹੱਥ ਫੜਾ ਦਿੱਤਾ। ਹੋਰ ਕੌਣ ਹੋਵੇ? ਸਾਰਿਆਂ ਨੇ ਸੋਚਿਆ ਤੇ ਛੇਤੀ ਹੀ ਫੈਸਲਾ ਕਰ ਲਿਆ, 'ਇਹ ਤਾਂ ਕੰਵਲ ਹੀ ਕਰ ਸਕਦਾ ਹੈ', ਤੇ ਮੇਰੇ ਵੱਲ ਦੇਖਣ ਲੱਗੇ। ਮੈਂ ਅਗਲੇ ਦਿਨ ਕੰਵਲ ਨੂੰ ਸਮਾਗਮ 'ਤੇ ਆਉਣ ਲਈ ਵੀ ਆਖਿਆ ਤੇ ਸਨਮਾਨ ਵਾਪਸੀ ਬਾਰੇ ਵੀ। ਕੰਵਲ ਕਹਿੰਦਾ, 'ਮੈਂ ਨਾਲ ਹੀ ਲੈਂਦਾ ਆਵਾਂਗਾ, ਤੁਸੀਂ ਜੋ ਮਰਜ਼ੀ ਕਰ ਲੈਣਾ, ਤੁਹਾਨੂੰ ਦਿੱਤਾ।'

ਖੈਰ ਇਹ ਇਤਿਹਾਸਕ ਪਹਿਲਕਦਮੀ ਹੁੰਦੀ-ਹੁੰਦੀ ਟਲ ਗਈ ਕਿ ਅਜੇ ਹੋਰ ਮਿਹਨਤ ਕਰਦੇ ਹਾਂ, ਐਵੇਂ ਮਾਅਰਕਾ ਹੀ ਨਾ ਰਹਿ ਜਾਵੇ। 9 ਸਤੰਬਰ ਨੂੰ ਕੰਵਲ ਨੇ ਨੌਜਵਾਨਾਂ ਨਾਲ ਭਰੇ ਹਾਲ ਨੂੰ ਆਪਣੇ ਆਵੇਸ਼ ਨਾਲ ਸੂਹਾ ਕਰ ਦਿੱਤਾ। ਫਿਰ ਰੋਸ ਮਾਰਚ ਦੀ ਅਗਵਾਈ ਕੀਤੀ ਤੇ ਘੰਟਾ ਭਰ ਆਈ.ਟੀ.ਓ. ਚੌਕ ਵਿਚ ਖੜ੍ਹਾ ਰਿਹਾ। ਦਿੱਲੀ ਦੇ ਲੇਖਕ ਪਹਿਲਾਂ ਹੀ ਟਿਭ ਗਏ ਸਨ। ਸਿਰਫ ਸਵਰਾਜਬੀਰ ਅਤੇ ਕੰਵਲ ਉਥੇ ਡਟੇ ਰਹੇ। ਰਾਤ ਦੇ ਖਾਣੇ 'ਤੇ ਸਵਰਾਜਬੀਰ ਦੇ ਘਰ ਕੰਵਲ ਨੇ ਸਤਪਾਲ ਡਾਂਗ ਨੂੰ ਬੜੇ ਮੋਹ ਨਾਲ ਯਾਦ ਕੀਤਾ ਤਾਂ ਸਵਰਾਜਬੀਰ ਦਾ ਗੱਚ ਭਰ ਆਇਆ। ਉਹ ਨਾਜ਼ੁਕ ਛਿਣ ਇਨ੍ਹਾਂ ਦੋਹਾਂ ਦਾ ਹੀ ਸੀ। ਮੈਂ ਬਿਲਕੁਲ ਨੇੜੇ ਬੈਠਾ ਹੋਇਆ ਵੀ ਉਸ ਵਿਚ ਨਹੀਂ ਸਾਂ।

ਖੈਰ, ਖਾਣਾ ਖਾਧਾ ਤੇ ਫਿਰ ਮੈਂ ਆਖਿਆ ਕਿ ਸਮਾਗਮ ਵਿਚ ਆਏ ਨੌਜਵਾਨਾਂ ਦਾ ਪੂਰ ਤੁਹਾਨੂੰ ਦਿੱਲੀ ਯੂਨੀਵਰਸਿਟੀ ਦੇ ਨਾਰਥ ਕੈਂਪਸ ਕੋਲ ਉਡੀਕ ਰਿਹਾ ਹੈ। ਰਾਤ ਦੇ ਕੋਈ 11-12 ਵਜੇ ਉਥੇ ਪਹੁੰਚ, ਕੰਵਲ ਨੇ ਗਿਣ ਕੇ 70 ਪੌੜੀਆਂ ਚੜ੍ਹੀਆਂ ਤਾਂ ਅੱਗੇ ਜਤਿੰਦਰਪਾਲ ਸਿੰਘ ਗਰੇਵਾਲ ਦਾ ਕਮਰਾ ਵਿਦਿਆਰਥੀ-ਨੌਜਵਾਨਾਂ ਨਾਲ ਭਰਿਆ ਹੋਇਆ ਸੀ। ਉਨ੍ਹਾਂ ਦੇ ਕਦੋਂ ਦੇ ਉਡੀਕਦੇ, ਥਕੇਵੇਂ ਦੇ ਭੰਨੇ ਜੁੱਸਿਆਂ ਨੇ ਜਦੋਂ ਕੰਵਲ ਦੇ ਦਰਸ਼ਨ ਕੀਤੇ ਤਾਂ ਜਿਵੇਂ ਮੇਲਾ ਬੱਝ ਗਿਆ। 'ਬਾਪੂ ਜੀ', 'ਬਾਪੂ ਜੀ' ਹੋਣ ਲੱਗ ਪਈ। ਕੰਵਲ ਨੇ ਮੰਜੇ 'ਤੇ ਬਹਿੰਦਿਆਂ ਕੰਧ ਨਾਲ ਢਾਸਣਾ ਲਾ ਲਿਆ, ਚਾਹ ਧਰੀ ਗਈ ਤੇ ਕੰਵਲ ਦਾ ਉਤਸ਼ਾਹੀ ਬੋਲ ਮੁੰਡਿਆਂ ਨੂੰ ਸੂਤਦਾ ਤੁਰਿਆ ਗਿਆ। ਸਿਆਸਤ, ਪਿਆਰ, ਪੜ੍ਹਾਈ, ਲੋਕ-ਮੁਕਤੀ ਦਾ ਢੰਗ, ਜਜ਼ਬਾ ਕਿ ਚੇਤਨਾ ਆਦਿ ਦਾ ਰਿੜਕਣਾ ਪੈ ਗਿਆ। ਕੰਵਲ ਉਦੋਂ 94 ਸਾਲਾਂ ਦਾ ਸੀ, ਉਹ ਟਿੱਚਰਾਂ ਕਰਦਾ ਖਿੜਦਾ ਗਿਆ ਤੇ ਮੈਂ ਇਸ ਮੰਜ਼ਰ ਅੰਦਰ ਬੈਠਾ-ਬੈਠਾ ਫਿਰ ਗਾਇਬ ਹੋ ਗਿਆ।

ਅਗਲੇ ਦਿਨ ਮੈਂ ਪਾਸ਼ ਬਾਰੇ ਗੱਲਾਂ ਕਰਨ ਲੱਗਾ ਤੇ ਕੰਵਲ ਬਾਰੇ ਪਾਸ਼ ਦਾ ਲਿਖਿਆ ਮਜ਼ਮੂਨ ਉਨ੍ਹਾਂ ਨੂੰ ਪੜ੍ਹਨ ਲਈ ਦਿੱਤਾ। ਕੰਵਲ ਨੇ ਪੜ੍ਹਿਆ ਤੇ ਮੇਰੇ ਵੱਲ ਦੇਖਣ ਲੱਗਾ, ਕਹਿੰਦਾ, "ਯਾਰ! ਇਹ ਆਪਣੀ ਉਮਰ ਦਿਆਂ ਤੋਂ ਖੜ੍ਹਾ ਅੱਡ ਹੀ ਦਿਸਦਾ ਸੀ। ਪੰਗੇ-ਹੱਥਾ ਵੀ ਖਾਸਾ ਸੀ ਪਰ ਕਵਿਤਾ ਵਿਚ ਸਿਖਰ ਫੜ ਗਿਆ... ਉਹਨੂੰ ਮਾਰਨ ਵਾਲੇ ਨਹੀਂ ਜਾਣਦੇ, ਉਨ੍ਹਾਂ ਨੇ ਪੰਜਾਬ ਦੇ ਭਵਿਖ ਦਾ ਕਤਲ ਕੀਤਾ ਹੈ।" ਕੰਵਲ ਦਾ ਮਤਾਬੀ ਚਿਹਰਾ ਪੀੜ-ਪੀੜ ਹੋਇਆ ਪਿਆ ਸੀ।

ਅੰਗਰੇਜ਼ੀ ਆਨਲਾਈਨ ਮੀਡੀਆ ਦਾ ਪੱਤਰਕਾਰ ਜ਼ਾਇਦ ਖਾਨ ਇੰਟਰਵਿਊ ਲੈਣ ਆਇਆ ਤਾਂ ਕੰਵਲ ਨੇ ਅਗਲੀ ਜੋੜੀ, "ਮੈਂ ਤਾਂ ਕਹਿਨਾਂ ਉਹ ਮੈਨੂੰ ਮਾਰ ਦਿੰਦੇ ਤੇ ਪਾਸ਼ ਨੂੰ ਜ਼ਿੰਦਗੀ ਮਿਲੀ ਹੁੰਦੀ, ਗੱਲ ਅੱਗੇ ਤੁਰੀ ਹੋਣੀ ਸੀ। ਆਹ ਦਿਨ ਦੇਖਣ ਤੋਂ ਬਚੇ ਹੁੰਦੇ", ਤੇ ਅੱਖਾਂ ਪੂੰਝਣ ਲੱਗਾ। ਗੁਜ਼ਰੀ ਸ਼ਾਮ ਕੰਵਲ ਦਾ ਜਲਾਲ ਦੇਖਣ ਵਾਲਾ ਪੱਤਰਕਾਰ ਪਾਸ਼ ਦਾ ਬਹੁਤ ਕਦਰਦਾਨ ਸੀ, ਉਹ ਵੀ ਅੱਖਾਂ ਭਰ ਆਇਆ ਤੇ ਹੈਰਾਨ ਹੋ ਕੇ ਕੰਵਲ ਵੱਲ ਦੇਖਣ ਲੱਗਾ। ਸਾਰੇ ਸੀਤ ਹੋ ਗਏ ਤੇ ਇੰਟਰਵਿਊ ਵਿਚੇ ਹੀ ਰਹਿ ਗਈ।

ਗੱਲ ਮੁਕਾਉਣ ਤੋਂ ਪਹਿਲਾਂ ਮੇਰੇ ਨਾਨੀ ਜੀ ਜਾਂ ਬੀਜੀ ਦਾ ਜ਼ਿਕਰ ਜ਼ਰੂਰੀ ਹੈ। ਸਾਰਾ ਪਰਿਵਾਰ ਬੀਜੀ ਮੁਖਤਿਆਰ ਕੌਰ ਦੀ ਦਰਵੇਸ਼ੀ, ਸਦਾਕਤ ਅਤੇ ਨਿੱਘ ਦਾ ਵੱਡਾ ਦੇਣਦਾਰ ਹੈ। ਉਨ੍ਹਾਂ ਦੀਆਂ ਧੀਆਂ ਅਤੇ ਪੁੱਤਰ ਲਈ ਬੀਜੀ ਕਿਸੇ ਫਰਿਸ਼ਤੇ ਵਾਂਗ ਹਨ, ਜਿਨ੍ਹਾਂ ਦਾ ਸਹਿਜ-ਮੱਠਾ ਬੋਲ, ਗਜ਼ਬ ਦੀ ਨੀਝ-ਸੂਝ ਅਤੇ ਬਾਪੂ ਜੀ ਦੇ ਡਾ. ਜਸਵੰਤ ਗਿੱਲ ਨਾਲ ਕੀਤੇ ਵਿਆਹ ਦੇ ਬਾਵਜੂਦ, ਕਿਸੇ ਕੌੜ-ਫਿੱਕ ਤੋਂ ਪਰਹੇਜ਼ ਕਰਦਿਆਂ ਆਪਣੀ ਹਸਤੀ ਨੂੰ ਲਿਫਣ ਨਾ ਦੇਣ ਦਾ ਅਭਿਆਸ ਕਿਸੇ ਡੂੰਘੇ ਸਰੋਵਰ ਵਾਂਗ ਸਾਰੇ ਪਰਿਵਾਰ ਨੂੰ ਸਿੰਜਦਾ ਰਹਿੰਦਾ ਹੈ। ਇਸ ਕਿਸਮ ਦੇ ਸਿਦਕਵਾਨ ਸ਼ਿਲਪ ਵਾਲੇ ਸਾਡੇ ਬੀਜੀ ਕੰਵਲ ਪਰਿਵਾਰ ਦੀ ਅਸਲ ਨੀਂਹ ਸਨ। ਇਨ੍ਹਾਂ ਦੋਹਾਂ ਸ਼ਖਸੀਅਤਾਂ ਦੀ ਬੁਲੰਦੀ ਵਿਚ ਸੰਘਰਸ਼ ਦੀ ਸਾਂਝ ਸੀ, ਕਿਸੇ ਸਾਂਝੀ ਬਰਕਤ ਦਾ ਅਹਿਸਾਸ ਸੀ ਅਤੇ ਸ਼ਾਇਸਤਾ ਫਾਸਲਾ ਵੀ ਸੀ।



ਨਾਨਾ-ਦੋਹਤਾ: ਜਸਵੰਤ ਸਿੰਘ ਕੰਵਲ ਅਤੇ ਸੁਮੇਲ ਸਿੰਘ ਸਿੱਧੂ।

ਬਾਪੂ ਜੀ ਨਾਲ ਮੇਰੇ ਰਿਸ਼ਤੇ ਦਾ ਇਕ ਜ਼ਰੂਰੀ ਪਹਿਲੂ ਇਹ ਹੈ ਕਿ ਮੈਂ ਉਨ੍ਹਾਂ ਨੂੰ ਪਰਿਵਾਰਕ ਜਾਂ ਨਾਤਾਦਾਰੀ ਤਾਣੇ-ਪੇਟੇ ਦੇ ਹਿਸਾਬ ਨਾਲ ਨਹੀਂ ਦੇਖਦਾ। ਉਹ ਜਨਤਕ ਖੇਤਰ ਦੀ ਸ਼ਖਸੀਅਤ ਨੇ, ਉਨ੍ਹਾਂ ਦੀ ਪਹਿਲੀ ਜ਼ਿੰਮੇਵਾਰੀ ਆਪਣੇ ਜਨਤਕ ਖੇਤਰ ਬਾਬਤ ਹੀ ਰਹੇਗੀ। ਇਸ ਨੈਤਿਕ ਚੋਣ ਦੇ ਸੁੱਖ-ਦੁੱਖ ਮੈਨੂੰ ਝੱਲਣੇ ਪਏ ਨੇ ਅਤੇ ਅੱਗੇ ਵੀ ਝੱਲਣੇ ਪੈਣਗੇ। ਖੁਦ ਕੰਵਲ ਨਾਲ ਮੋਰਚਾ ਲਾਉਣ ਦੀ ਨੌਬਤ ਵੀ ਆ ਸਕਦੀ ਹੈ।

ਕੰਵਲ ਦਾ ਵਡੱਪਣ ਹੈ ਕਿ ਉਸ ਨੇ ਮੈਨੂੰ ਇਸ ਦੀ ਮੁਕੰਮਲ ਆਜ਼ਾਦੀ ਦਿੱਤੀ ਹੋਈ ਹੈ। ਵਾਰਿਸ ਆਪਣੇ ਸਿਲਸਿਲੇ ਦੇ ਮੁਰਸ਼ਦ ਬਾਬਾ ਫਰੀਦ ਦੀ ਉਸਤਤ 'ਬਾਈਸ ਹੀ ਕੁਤਬਾਂ ਵਿਚ ਪੀਰ ਕਾਮਿਲ' ਆਖ ਕੇ ਕਰਦਾ ਹੈ। ਮੈਂ ਵੀ ਆਪਣੇ ਮੁਰਸ਼ਦ ਨੂੰ ਇਨ੍ਹਾਂ ਸ਼ਬਦਾਂ ਰਾਹੀਂ ਅਕੀਦਤ ਪੇਸ਼ ਕੀਤੀ ਹੈ।

###

(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)

# ਦਰਦ-ਵੰਝਲੀ ਦੀ ਹੂਕ-2

ਚਿਰਾਗ-ਡਾਰ



ਡਾ. ਗੁਰਬਖਸ਼ ਸਿੰਘ ਭੰਡਾਲ
ਫੋਨ: 216-556-2080

*"ਇਹ ਹੂਕ ਮੇਰੀ ਹੀ ਨਹੀਂ, ਅਸਾਂ ਸਭ ਪਰਦੇਸੀਆਂ ਦੀ ਹੈ, ਜੋ ਆਪਣੇ ਪਿਆਰਿਆਂ ਨੂੰ ਆਖਰੀ ਵਕਤ ਮਿਲਣ ਲਈ ਵਤਨ ਪਰਤਦੇ ਨੇ ਅਤੇ ਉਨ੍ਹਾਂ ਦੀ ਰਾਖ ਨੂੰ ਵਗਦੇ ਪਾਣੀਆਂ ਦੇ ਨਾਮ ਕਰ, ਖਾਲੀ ਹੱਥ ਪਰਦੇਸੀਂ ਆਲ੍ਹਣਿਆਂ ਨੂੰ ਉਡਾਰੀ ਭਰਦੇ ਨੇ। ਕਈ ਤਾਂ ਅਰਥੀ ਨੂੰ ਮੋਢਾ ਦੇਣ ਤੋਂ ਵੀ ਵਿਰਵੇ ਰਹਿ ਜਾਂਦੇ ਨੇ, ਜਦ ਕਿ ਕੁਝ ਸਿਵਿਆਂ ਦੀ ਰਾਖ ਫਰੋਲਣ ਜਾਂ ਸਿਵਿਆਂ ਦੇ ਰੁੱਖ ਥੱਲੇ ਬੈਠ, ਆਪਣਿਆਂ ਦੇ ਕੀਰਨੇ ਮਨ-ਜੂਹ ਵਿਚ ਪਾਉਂਦੇ, ਦਰਦ-ਵੰਝਲੀ ਵਿਚ ਸਾਹ ਭਰਨ ਜੋਗੇ ਹੀ ਰਹਿ ਜਾਂਦੇ।" ਡਾ. ਭੰਡਾਲ ਦੇ ਇਹ ਸ਼ਬਦ ਵਿਛੋੜੇ ਤੇ ਖਾਸ ਕਰ ਸਦੀਵੀ ਵਿਛੋੜੇ ਦਾ ਦਰਦ ਬਿਆਨਦੇ ਹਨ। ਉਨ੍ਹਾਂ ਦੇ ਇਨ੍ਹਾਂ ਸ਼ਬਦਾਂ ਤੋਂ ਸ਼ਾਇਰ ਸੁਰਜੀਤ ਪਾਤਰ ਦੀਆਂ ਇਹ ਸਤਰਾਂ ਗੂੰਜਣ ਲੱਗਦੀਆਂ ਹਨ, "ਕੁਝ ਤਾਂ ਸੇਕਣਗੇ ਸਿਵੇ ਦੀ ਅਗਨ, ਕੁਝ ਕਬਰਾਂ 'ਚ ਉਗੇ ਰੁੱਖਾਂ ਹੇਠ ਜਾ ਬਹਿਣਗੇ।" -ਸੰਪਾਦਕ*

ਬਾਪ ਦੀ ਸਿਹਤ ਵਿਚ ਕੋਈ ਸੁਧਾਰ ਨਹੀਂ ਸੀ ਹੋ ਰਿਹਾ। ਹਰ ਰੋਜ਼ ਸਵੇਰੇ ਬੈਡ ਸ਼ੀਟ ਬਦਲਣ ਅਤੇ ਕਪੜੇ ਬਦਲਣ ਸਮੇਂ, ਮੈਂ ਨਰਸਿੰਗ ਸਟਾਫ ਦੇ ਨਾਲ ਹੀ ਰਹਿੰਦਾ ਸਾਂ ਤਾਂ ਕਿ ਸਹੀ ਤਰੀਕੇ ਨਾਲ ਸਫਾਈ ਹੋ ਸਕੇ। ਇਕ ਦਿਨ ਨਰਸਿੰਗ ਸਟਾਫ ਕਹਿਣ ਲੱਗਾ ਕਿ ਇਹ ਬਜੁਰਗ ਤੁਹਾਡੇ ਵੱਡੇ ਭਰਾ ਹਨ? ਸੁਣ ਕੇ ਬਾਪ ਦੀ ਸਿਹਤ 'ਤੇ ਬਹੁਤ ਰਸ਼ਕ ਹੋਇਆ। ਜਦ ਉਨ੍ਹਾਂ ਨੂੰ ਦੱਸਿਆ ਕਿ ਬਜੁਰਗ ਤਾਂ ਮੇਰੇ ਬਾਪ ਹਨ ਤਾਂ ਉਹ ਬਹੁਤ ਹੈਰਾਨ ਵੀ ਹੋਏ ਤੇ ਖੁਸ਼ ਵੀ। ਇਹ ਬਾਪ ਦੀ ਚੰਗੀ ਸਿਹਤ ਨੂੰ ਸਲਾਮ ਸੀ।

ਆਖਰ ਡਾਕਟਰਾਂ ਨੇ ਘਰ ਲਿਜਾ ਕੇ ਸੇਵਾ ਕਰਨ ਦੀ ਸਲਾਹ ਦਿਤੀ ਤਾਂ ਅਸੀਂ ਇਕ ਟਰੇਂਡ ਨਰਸ ਨੂੰ ਘਰ ਰੱਖਣ ਅਤੇ ਪਿਤਾ ਜੀ ਨੂੰ ਮੈਡੀਕਲ ਸਹੂਲਤਾਂ ਆਦਿ ਸਹੀ ਤਰੀਕੇ ਨਾਲ ਦੇਣ ਲਈ ਨਾਲ ਲੈ ਲਿਆ। ਘਰ ਵਿਚ ਹੀ ਆਕਸੀਜਨ, ਡ੍ਰਿਪ ਆਦਿ ਦਾ ਪੂਰਾ ਇੰਤਜਾਮ ਕਰ ਲਿਆ। ਇਕ ਹਫਤਾ ਬਾਪ ਨੇ ਮੇਰੇ ਘਰ ਨੂੰ ਭਾਗ ਲਾਏ, ਪਰ ਉਨ੍ਹਾਂ ਦੀ ਤਕਲੀਫ ਦੇਖੀ ਨਹੀਂ ਸੀ ਜਾਂਦੀ।


ਕਦੇ ਕਦਾਈਂ ਬਾਪ ਥੋੜ੍ਹੀ ਜਿਹੀ ਅੱਖ ਖੋਲ੍ਹਦਾ। ਕੁਝ ਵੀ ਪਤਾ ਨਹੀਂ ਲਗਦਾ, ਸ਼ਾਇਦ ਉਨ੍ਹਾਂ ਦਾ ਦਿਮਾਗ ਕੰਮ ਨਹੀਂ ਕਰ ਰਿਹਾ। ਅਸੀਂ ਬਹੁਤ ਕੋਸ਼ਿਸ਼ ਕਰਦੇ ਯਾਦ ਕਰਵਾਉਣ ਲਈ। ਸੋਚਦਾਂ ਸ਼ਾਇਦ ਬਾਪ ਆਪਣੀ ਔਲਾਦ ਨੂੰ ਦੇਖ ਕੇ ਸੋਚੇ ਕਿ ਕਿਵੇਂ ਫੁੱਲਾਂ ਵਰਗੇ ਬੱਚਿਆਂ ਨੂੰ ਪਾਲ ਕੇ ਵੱਡੇ ਕੀਤਾ। ਆਪੋ ਆਪਣੇ ਜੀਵਨ ਵਿਚ ਉਹ ਮਿਹਨਤੀ ਤੇ ਕਾਮਯਾਬ ਨੇ, ਪਰ ਮੈਂ ਇਨ੍ਹਾਂ ਨੂੰ ਚੰਗੀ ਤਰ੍ਹਾਂ ਨਿਹਾਰ ਵੀ ਨਹੀਂ ਸਕਦਾ। ਬੋਲ ਸਾਂਝੇ ਨਹੀਂ ਕਰ ਸਕਦਾ। ਬਾਪ ਦੀ ਮਸਤਕ-ਸੋਚ ਵਿਚ ਹੋ ਰਹੀ ਉਥਲ-ਪੁਥਲ ਨੂੰ ਕਿੰਜ ਉਲਥਾਵਾਂ? ਕਿਵੇਂ ਥਾਹ ਪਾਵਾਂ? ਸ਼ਾਇਦ ਸੋਚਦਾ ਹੋਵੇ, ਪਰਦੇਸੀ ਪੁੱਤ ਇਥੇ ਕਿਵੇਂ ਆ? ਇਸ ਨੂੰ ਕਿਸ ਨੇ ਸੱਦਿਆ? ਇਹ ਕਿੰਨਾ ਕੁ ਚਿਰ ਰਹਿਣਗੇ? ਪੋਤਰੀਆਂ, ਨੂੰਹਾਂ ਅਤੇ ਧੀਆਂ ਨੂੰ ਆਲੇ-ਦੁਆਲੇ ਦੇਖ ਕੇ ਸੋਚਦਾ ਤਾਂ ਹੋਵੇਗਾ ਕਿ ਮੈਨੂੰ ਕੀ ਹੋਇਆ ਕਿ ਸਾਰਾ ਪਰਿਵਾਰ ਮੇਰੇ ਦੁਆਲੇ ਝੁਰਮਟ ਬੰਨ੍ਹ ਕੇ ਖੜ੍ਹਾ ਹੈ? ਇਹ ਵੱਖਰੇ ਮੁਹਾਂਦਰੇ ਵਾਲੀ ਕੁੜੀ (ਨਰਸ) ਕੌਣ ਹੈ, ਜੋ ਮੇਰੇ ਆਪਣਿਆਂ ਦੇ ਨਾਲ-ਨਾਲ, ਮੇਰੀ ਦੇਖ ਭਾਲ ਕਰਦੀ ਹੈ? ਕੀ ਇਹ ਨਰਸ ਆ? ਇਥੇ ਕਿਉਂ ਆਈ? ਬਹੁਤ ਸਾਰੇ ਖਿਆਲ ਬਾਪ ਦੀ ਮਸਤਕ ਜੂਹ ਵਿਚ ਉਤਪੰਨ ਹੁੰਦੇ ਹੋਣਗੇ, ਜਿਨ੍ਹਾਂ ਨੂੰ ਪ੍ਰਗਟ ਕਰਨ ਦੀ ਕੁਦਰਤ ਵਲੋਂ ਹੀ ਮਨਾਹੀ ਏ ਕਿਉਂਕਿ ਉਨ੍ਹਾਂ ਦਾ ਖੱਬਾ ਪਾਸਾ ਬਿਲਕੁਲ ਹੀ ਸਿਥਲ ਹੋ ਗਿਆ ਹੈ। ਜ਼ੁਬਾਨ ਬੰਦ। ਸਿਰਫ ਸੱਜਾ ਹੱਥ ਤੇ ਸੱਜੀ ਲੱਤ ਹੀ ਕਦੇ-ਕਦਾਈਂ ਹਰਕਤ ਕਰਦੇ ਨੇ। ਸੋਚਦਾ ਤਾਂ ਹੋਵੇਗਾ ਕਿ ਮੈਂ ਕਿਥੇ ਹਾਂ? ਕਿਉਂ ਹੈ ਮੇਰੇ ਦੁਆਲੇ ਨਾਲੀਆਂ ਦਾ ਜਾਲ? ਮੈਂ ਤਾਂ ਸਾਰੀ ਉਮਰ ਇਕ ਗੋਲੀ ਵੀ ਕਦੇ ਨਹੀਂ ਸੀ ਖਾਧੀ। ਟੀਕਿਆਂ ਤੋਂ ਡਰਨ ਵਾਲਾ ਬਾਪ ਹੁਣ ਟੀਕਿਆਂ ਦਾ ਵਿੰਨਿਆ, ਪੀੜ ਪੀੜ ਹੋਇਆ, ਪੀੜਾਂ ਵਿਚੋਂ ਹੀ ਸਾਹਾਂ ਦੀ ਨਿਰੰਤਰਤਾ ਨੂੰ ਜਿਉ ਰਿਹਾ ਹੈ।

31 ਮਾਰਚ ਦਾ ਦਿਨ, ਸਵੇਰੇ 8 ਕੁ ਵਜੇ ਦਾ ਵਕਤ। ਬੇਸੁਰਤੀ ਵਿਚ ਸਾਹਾਂ ਦੀ ਪੂੰਜੀ ਖਰਚ ਕਰ ਰਹੇ ਬਾਪ ਕੋਲ ਬੈਠਾ, ਬਾਹਾਂ ਤੇ ਲੱਤਾਂ ਨੂੰ ਹੌਲੀ ਹੌਲੀ ਨੱਪ ਰਿਹਾ ਹਾਂ। 18 ਦਿਨ ਹੋ ਗਏ ਨੇ ਬੇਸੁਰਤੀ ਦੇ। ਕਦੇ ਕਦੇ ਅੱਖ ਖੋਲ੍ਹਣ ਦਾ ਭੁਲੇਖਾ ਪੈਂਦਾ। ਬੜਾ ਚਾਅ ਸੀ ਮਨ ਵਿਚ ਕਿ ਬਾਪ ਨਾਲ ਕੁਝ ਗੱਲਾਂ ਕਰਾਂ, ਪਰ ਸਭ ਅਸੰਭਵ। ਮੈਂ ਸੋਚਾਂ 'ਚ ਬਾਪ ਦੀ ਜ਼ਿੰਦਗੀ ਦੀਆਂ ਪਰਤਾਂ ਫਰੋਲਦਾ, ਉਨ੍ਹਾਂ ਪਲਾਂ ਦੀ ਨਿਸ਼ਾਨਦੇਹੀ 'ਚ ਗੁਆਚਿਆ ਹਾਂ। ਅਚਾਨਕ ਪਿਤਾ ਜੀ ਇਕ ਦਮ ਪੂਰੀਆਂ ਅੱਖਾਂ ਖੋਲ ਕੇ ਮੈਨੂੰ ਨਿਹਾਰਦੇ ਨੇ। ਮੈਂ ਵੀ ਉਨ੍ਹਾਂ ਵੰਨੀਂ ਦੇਖਦਾ, ਮਨ ਦੇ ਵਲਵਲਿਆਂ ਨੂੰ ਜੁਬਾਨ ਦੇਣ ਤੋਂ ਅਸਮਰਥ। ਸੋਚਦਾਂ ਪਤਾ ਨਹੀਂ ਪਿਤਾ ਜੀ ਕੀ ਸੋਚਦੇ ਹੋਣਗੇ? ਕੀ ਬੋਲਣਾ ਚਾਹੁੰਦੇ ਨੇ? ਕਿਹੜੀਆਂ ਅਸੀਸਾਂ ਨਾਲ ਨਿਵਾਜਣਾ ਚਾਹੁੰਦੇ ਨੇ? ਪਰ ਬੋਲ ਨਹੀਂ ਸਕਦੇ। ਉਨ੍ਹਾਂ ਦੇ ਖੁੱਲ੍ਹੇ ਦੀਦਿਆਂ ਵਿਚ ਆਏ ਹਾਵ-ਭਾਵ ਸਮਝਣ ਦੀ ਕੋਸ਼ਿਸ਼ ਕਰਦਾ, ਆਪ ਮੁਹਾਰੇ ਬਾਪ ਨੂੰ ਕਹਿੰਦਾ ਹਾਂ ਕਿ ਹੁਣ ਤੁਹਾਡੀਆਂ ਅੱਖਾਂ ਪੂਰੀਆਂ ਖੁੱਲ੍ਹੀਆਂ ਨੇ ਅਤੇ ਤੁਸੀਂ ਛੇਤੀ ਠੀਕ ਹੋ ਜਾਣਾ ਹੈ। ਇਕ ਧਰਵਾਸ ਸੀ ਖੁਦ ਤੇ ਬਾਪ ਲਈ, ਬੁਝਦੇ ਦੀਵੇ ਦੀ ਆਖਰੀ ਲੋਅ ਵਰਗਾ। ਬਾਪ ਵਲੋਂ ਸਾਹ ਸਮੇਟਣ ਲੱਗਿਆਂ, ਸਾਹਾਂ ਨੂੰ ਨਵੀਂ ਉਡਾਣ ਦੇਣ ਦੀ ਤੀਬਰਤਾ। ਦੇਖਦਿਆਂ ਦੇਖਦਿਆਂ ਬਾਪ ਇਕ ਲੰਮਾ ਸਾਹ ਲੈਂਦਾ ਏ ਅਤੇ ਫਿਰ ਇਕ ਦਮ ਸ਼ਾਂਤ। ਭੌਰ ਉਡਾਰੀ ਮਾਰ ਗਿਆ। ਪੈਗੰਬਰਾਂ ਵਰਗੀ ਆਖਰੀ ਅਲਵਿਦਾ। ਬਾਪ ਦੇ ਹੱਥ ਮੇਰੇ ਹੱਥਾਂ ਵਿਚ ਫੜੇ ਰਹਿ ਗਏ। ਕੇਹੀ ਹੈ ਇਹ ਇਕ ਦਮ ਸਾਹ-ਸਮੇਟਣ ਦੀ ਕਾਹਲ। ਘਬਰਾਹਟ ਵਿਚ ਪਲਸ-ਮੀਟਰ ਲਾਉਂਦਾ ਹਾਂ ਪਰ ਧੜਕਣ ਨਜ਼ਰ ਨਹੀਂ ਆਉਂਦੀ। ਨਰਸ ਨੂੰ ਹਾਕ ਮਾਰਦਾਂ, ਉਹ ਵਿਚਾਰੀ ਦੌੜੀ ਆਈ ਅਤੇ ਸ਼ਾਂਤ ਬਾਪ ਵੰਨੀਂ ਦੇਖ ਕੇ ਉਦਾਸੀ ਦੇ ਆਲਮ ਵਿਚ ਡੁੱਬ ਗਈ। ਉਸ ਦੀਆਂ ਅੱਖਾਂ ਵਿਚ ਭਾਣਾ ਵਰਤਣ ਦਾ ਸੱਚ। ਪਰ ਕਹਿਣ ਤੋਂ ਅਸਮਰਥ। ਡਾਕਟਰ ਨੂੰ ਫੋਨ ਕਰਦਾ ਹਾਂ। ਪੰਜ ਮਿੰਟ ਵਿਚ ਉਹ ਪਹੁੰਚ ਜਾਂਦਾ ਹੈ। ਬਾਪ ਨੂੰ ਦੇਖਦਿਆਂ ਹੀ ਕਹਿੰਦਾ ਹੈ ਕਿ ਮੌਤ ਸਭ ਤੋਂ ਵੱਡਾ ਸੱਚ ਏ ਅਤੇ ਹੁਣ ਇਸ ਸੱਚ ਨੂੰ ਮੰਨਣ ਤੋਂ ਬਗੈਰ ਹੋਰ ਕੋਈ ਚਾਰਾ ਨਹੀਂ।

ਬਾਪ ਉਸ ਸਫਰ 'ਤੇ ਤੁਰ ਜਾਂਦਾ ਏ, ਜਿਥੋਂ ਕਦੇ ਕੋਈ ਨਹੀਂ ਪਰਤਿਆ। ਨਾ ਹੀ ਆਇਆ ਏ ਕਦੇ ਕੋਈ ਸੁਖ-ਸੁਨੇਹਾ।

ਆਸ ਦੇ ਟੁੱਟਣ ਦੀ ਚੀਸ ਦੀਦਿਆਂ ਵਿਚ ਵਹਿ ਤੁਰੀ। ਬਾਪ ਦੇ ਜਾਣ ਤੋਂ ਬਾਅਦ, ਉਸ ਦੀਆਂ ਆਖਰੀ ਰਸਮਾਂ ਨੂੰ ਨਿਭਾਉਣ ਦੀ ਵਾਰੀ। ਰਸਮਾਂ ਜੋ ਤੁਰ ਗਿਆਂ ਨੂੰ ਅਰਪਿਤ ਹੁੰਦੀਆਂ। ਉਨ੍ਹਾਂ ਦੇ ਪੰਜ ਭੂਤਕ ਸਰੀਰ ਨੂੰ ਪੂਰਨ ਸ਼ਰਧਾ, ਸਮਰਪਣ, ਅਦਬ ਅਤੇ ਅਦਾਬ ਨਾਲ ਰੁਖਸਤ ਕਰਨਾ।

ਬਾਪ ਸਾਰੀ ਉਮਰ ਪਿੰਡ ਹੀ ਰਿਹਾ। ਇਸ ਲਈ ਬਾਪ ਦੀ ਮ੍ਰਿਤਕ ਦੇਹ ਨੂੰ ਪਿੰਡ ਲਿਜਾਣ ਅਤੇ ਉਥੇ ਹੀ ਸਸਕਾਰ ਕਰਨ ਦਾ ਫੈਸਲਾ ਹੁੰਦਾ ਏ। ਬਾਪ ਦੇ ਮ੍ਰਿਤਕ ਸਰੀਰ ਨੂੰ ਫਿਊਨਰਲ ਵੈਨ ਵਿਚ ਪਿੰਡ ਨੂੰ ਲਿਜਾਂਦਿਆਂ ਸੋਚਦਾ ਰਿਹਾ ਕਿ ਜਦ ਬਾਪ ਬਿਮਾਰ ਹੋ ਕੇ ਸ਼ਹਿਰ ਆਇਆ ਸੀ ਤਾਂ ਕਦੇ ਕਿਆਸ ਵੀ ਨਹੀਂ ਸੀ ਕਿ ਉਹ ਲੋਥ ਬਣ ਕੇ ਉਸ ਪਿੰਡ ਨੂੰ ਵਾਪਸ ਪਰਤੇਗਾ ਜਿਸ ਦੀਆਂ ਰਾਹਾਂ ਦਾ ਚੱਪਾ-ਚੱਪਾ ਉਸ ਨੇ ਪੈਦਲ ਗਾਹਿਆ ਸੀ। ਹਰ ਦੁੱਖ, ਦਰਦ ਅਤੇ ਚੀਸ ਨੂੰ ਪਿੰਡੇ 'ਤੇ ਸਹਿਣ ਵਾਲਾ ਬਾਪ ਹੁਣ ਖਾਮੋਸ਼ ਉਸ ਜੂਹ ਵਿਚ ਆ ਪਹੁੰਚਿਆ ਜਿਥੇ ਬਚਪਨੇ ਤੋਂ ਲੈ ਕੇ ਹੁਣ ਤੀਕ ਜੀਵਨ ਦੇ ਹਰ ਰੰਗ ਨੂੰ ਬਹੁਤ ਹੀ ਭਰਪੂਰਤਾ ਨਾਲ ਜੀਵਿਆ।



ਪਿੰਡ ਦੇ ਸੋਗਵਾਰ ਮਾਹੌਲ ਵਿਚ ਖੁਦ ਨੂੰ ਸੰਭਾਲਣਾ ਬਹੁਤ ਔਖਾ ਹੁੰਦਾ ਜਦ ਬਾਪ ਦੇ ਕਰੀਬੀ ਅਤੇ ਭਾਈਚਾਰੇ ਦੇ ਲੋਕ ਉਸ ਦੇ ਜੀਵਨ ਨਾਲ ਜੁੜੀਆਂ ਗੱਲਾਂ ਸਾਂਝੀਆਂ ਕਰਦੇ ਨੇ। ਉਸ ਦਾ ਸਾਥੀ ਦੱਸਦਾ ਹੈ ਕਿ 'ਕੇਰਾਂ ਹਲਵਿਆਂ ਦਾ ਲੱਦਿਆ ਗੱਡਾ ਲੈ ਕੇ ਜਲੰਧਰ ਜਾਂਦਿਆਂ ਇਕ ਬਲਦ ਰਸਤੇ ਵਿਚ ਹੀ ਹੰਭ ਗਿਆ। ਤੇਰੇ ਭਾਪੇ ਨੇ ਗੱਡੇ ਦਾ ਜੂਲਾ ਆਪਣੇ ਮੋਢੇ 'ਤੇ ਰੱਖ ਲਿਆ ਅਤੇ ਗੱਡੇ ਨੂੰ ਜਲੰਧਰ ਤੀਕ ਲੈ ਗਿਆ। ਇਹ ਸੀ, ਉਨ੍ਹਾਂ ਦੇ ਜਿਸਮਾਨੀ ਤਾਕਤ ਦੀਆਂ ਅਨੇਕਾਂ ਘਟਨਾਵਾਂ ਵਿਚੋਂ ਇਕ ਘਟਨਾ, ਜੋ ਉਨ੍ਹਾਂ ਦੇ ਸਾਥੀ ਹੁਣ ਵੀ ਮਾਣ ਨਾਲ ਦੱਸਦੇ ਨੇ। ਕਵਿੰਟਲ ਦੀ ਕਣਕ ਦੀ ਬੋਰੀ ਖੁਦ ਪਿੱਠ 'ਤੇ ਰੱਖ ਕੇ ਚੁਬਾਰੇ ਤੋਂ ਲੱਕੜ ਦੀ ਪੌੜੀ ਰਾਹੀਂ ਉਤਰਨਾ ਅਤੇ ਪਿੰਡੋਂ ਬਾਹਰਵਾਰ ਗੱਡੇ 'ਤੇ ਲੱਦਣਾ ਤਾਂ ਉਨ੍ਹਾਂ ਦਾ ਨਿੱਤ ਦਾ ਕੰਮ ਸੀ, ਕਿਉਂਕਿ ਉਹ ਗੱਡਾ ਵੀ ਵਾਹੁੰਦੇ ਸਨ।

ਬਾਪ ਦੀ ਦੇਹ ਨੂੰ ਨੁਹਾਉਂਦਿਆਂ ਸੋਚਦਾਂ ਕਿ ਕਿੰਨਾ ਔਖਾ ਹੁੰਦਾ ਏ ਆਪਣੇ ਬਾਪ ਨੂੰ ਆਖਰੀ ਸਫਰ ਲਈ ਤਿਆਰ ਕਰਨਾ, ਸਿਰ 'ਤੇ ਦਸਤਾਰ ਬੰਨਣੀ, ਅਰਥੀ ਨੂੰ ਫੁੱਲਾਂ ਨਾਲ ਸਜਾਉਣਾ, ਅਰਥੀ ਨੂੰ ਮੋਢਿਆਂ 'ਤੇ ਧਰਨਾ ਅਤੇ ਸਿਵਿਆਂ ਵੰਨੀਂ ਥਿੜਕਦੇ ਕਦਮਾਂ ਨਾਲ ਤੁਰਨਾ। ਬਾਪ ਦੀ ਕੰਨ੍ਹੇੜੀ ਚੜ੍ਹਨ ਵਾਲੇ ਬੱਚਿਆਂ ਦੇ ਮੋਢਿਆਂ 'ਤੇ ਬਾਪ ਦੀ ਅਰਥੀ ਦਾ ਭਾਰ ਬਹੁਤ ਜ਼ਿਆਦਾ ਹੁੰਦੈ।

ਸਿਵਿਆਂ ਵਿਚ ਅਰਥੀ ਪਈ ਏ। ਲੱਕੜਾਂ ਚਿਣੀਆਂ ਜਾ ਰਹੀਆਂ ਨੇ। ਹੁਣ ਵਾਰੀ ਅੱਗ ਦੇਣ ਦੀ ਏ। ਜੀਵਨ ਵਿਚ ਸਭ ਤੋਂ ਔਖਾ ਕੰਮ, ਪਰ ਕਰਨਾ ਵੀ ਜਰੂਰ ਪੈਣਾ। ਜੇਠਾ ਪੁੱਤ ਜੁ ਹੋਇਆ। ਆਪਣਿਆਂ ਵਲੋਂ, ਆਪਣਿਆਂ ਦੇ ਸਿਵੇ ਨੂੰ ਲਾਂਬੂ ਲਾਉਣਾ। ਆਪਣੇ ਬਾਪ ਨੂੰ ਅਗਨੀ ਹਵਾਲੇ ਕਰਨਾ, ਬਹੁਤ ਹੀ ਔਖਾ। ਇਸ ਅੱਗ ਵਿਚ ਬਾਪ ਦੇ ਸਰੀਰ ਦੇ ਨਾਲ-ਨਾਲ ਬਹੁਤ ਕੁਝ ਹੋਰ ਵੀ ਸੜ ਜਾਂਦਾ ਏ।

ਸਿਵਾ ਬਲ ਰਿਹਾ ਏ। ਉਚੀਆਂ ਉਠਦੀਆਂ ਲਪਟਾਂ ਵਿਚ ਰਾਖ ਹੋ ਰਿਹਾ ਏ ਬਾਪ ਦਾ ਪੰਜ ਭੂਤਕ ਸਰੀਰ। ਗਮਗੀਨ ਚੁੱਪ ਵਿਚ ਬਲਦੇ ਸਿਵੇ ਦੀ ਅੱਗ ਹੀ ਕੁਝ ਅਜਿਹਾ ਸਮਝਾਉਂਦੀ, ਜੋ ਸਮਿਆਂ ਦਾ ਸੱਚ ਹੁੰਦਾ। ਇਸ ਦੇ ਚੌਗਿਰਦੇ ਵਿਚ ਲੇਰਾਂ, ਆਹਾਂ, ਵਿਰਲਾਪਾਂ ਅਤੇ ਕੀਰਨਿਆਂ ਦਾ ਸ਼ੋਰ। ਸਿਵਿਆਂ ਦੇ ਰੁੱਖਾਂ ਦੀ ਛਾਂ ਨੂੰ ਸਰਾਪੀ ਹੋਣ ਦਾ ਕੇਹਾ ਵਰ ਕਿ ਭਲੇ ਵੇਲੇ ਵਿਚ ਇਸ ਦੀ ਛਾਂਵੇਂ ਕੋਈ ਨਹੀਂ ਬਹਿੰਦਾ, ਪਰ ਸ਼ਮਸ਼ਾਨਘਾਟ ਇਕ ਅਜਿਹੀ ਥਾਂ, ਜੋ ਸਮਿਆਂ ਦਾ ਸਦੀਵੀ ਸੱਚ, ਜਿਸ ਤੋਂ ਕੋਈ ਨਹੀਂ ਮੁੱਨਕਰ। ਇਸ ਸਰਦਲ 'ਤੇ ਹਰੇਕ ਨੇ ਆਉਣਾ, ਰਾਖ ਬਣ ਕੇ ਸਮਾਉਣਾ ਅਤੇ ਰਾਖ ਨੇ ਫਿਰ ਨਵੀਂ ਜੀਵਨ ਯਾਤਰਾ ਦੇ ਰਾਹੀਂ ਪੈਣਾ। ਜੇ ਬਲਦੇ ਸਿਵੇ ਦਾ ਸੱਚ, ਸੰਜੀਦਗੀ, ਸੰਵੇਦਨਾ ਅਤੇ ਸਾਕਾਰਾਤਮਕਤਾ, ਹਰ ਮਨੁੱਖ ਦੀ ਸੋਚ ਵਿਚ ਉਕਰੀ ਜਾਵੇ ਤਾਂ ਦੁਨੀਆਂ ਦੇ ਬਹੁਤੇ ਝਮੇਲੇ, ਰੱਫੜ ਅਤੇ ਬੁਰਾਈਆਂ ਆਪਣੇ ਆਪ ਹੀ ਖਤਮ ਹੋ ਜਾਣ। ਦਰਅਸਲ ਅਸੀਂ ਸਾਰੇ ਉਸ ਸੱਚ ਤੋਂ ਮੁਨਕਰ ਹੁੰਦੇ ਹਾਂ ਜੋ ਸਾਡੀਆਂ ਅੱਖਾਂ ਸਾਹਵੇਂ ਵਾਪਰਦਾ ਏ। ਸਾਡੇ ਮਨਾਂ ਵਿਚ ਸਦਾ ਜਿਉਂਦੇ ਰਹਿਣ ਦਾ ਭਰਮ। ਜਿੰਨੀ ਜਲਦੀ ਅਸੀਂ ਇਸ ਸੱਚ ਨੂੰ ਜਿਉਣ ਦੀ ਆਦਤ ਪਾਵਾਂਗੇ, ਉਨੀ ਜਲਦੀ ਹੀ ਅਸੀਂ ਜੀਵਨ ਦੀ ਸਾਰਥਕਤਾ ਦੇ ਹਮਰਾਹੀ ਬਣਾਂਗੇ। ਪਰ ਬਹੁਤ ਔਖਾ ਹੁੰਦਾ ਏ ਸੋਗ ਨੂੰ ਝੋਲੀ ਵਿਚ ਪਾ ਕੇ, ਸ਼ਮਸ਼ਾਨਘਾਟ ਤੋਂ ਖਾਲੀ ਹੱਥ ਘਰ ਨੂੰ ਪਰਤਣਾ। ਯਾਦਾਂ ਦਾ ਕਾਫਲਾ ਹੀ ਕੋਲ ਰਹਿੰਦਾ ਜਾਂ ਖਾਰੇ ਪਾਣੀਆਂ ਦੀ ਤਾਸੀਰ, ਦੀਦਿਆਂ ਨੂੰ ਗਾਲਦੀ ਆ।

ਫੁੱਲ ਚੁਗਣ ਲਈ ਤੀਸਰੇ ਦਿਨ ਸ਼ਮਸ਼ਾਨਘਾਟ ਜਾਂਦੇ ਹਾਂ। ਸਿਵਾ ਠੰਢਾ ਹੈ। ਸਿਰਫ ਰਾਖ ਨਜ਼ਰ ਆਉਂਦੀ ਹੈ। ਰਾਖ ਫਰੋਲਦਿਆਂ ਕੁਝ ਹੱਡੀਆਂ ਮਿਲਦੀਆਂ ਨੇ, ਉਨ੍ਹਾਂ ਦੀ ਆਖਰੀ ਨਿਸ਼ਾਨੀ। ਅਰੋਗ ਸਰੀਰ ਦੀਆਂ ਅਰੋਗ ਹੱਡੀਆਂ। ਹੱਡੀਆਂ ਨੂੰ ਧੋਂਦਿਆਂ ਸੋਚਦਾਂ ਕਿ ਇਨ੍ਹਾਂ ਨੂੰ ਆਪਣੇ ਖੇਤਾਂ ਵਿਚ ਪਾਉਣਾ ਚਾਹੀਦਾ। ਖੇਤ ਜਿਨ੍ਹਾਂ ਵਿਚ ਬਾਪ ਨੇ ਆਪਣਾ ਪਸੀਨਾ ਵਹਾਇਆ ਸੀ। ਇਹ ਰਾਖ ਉਨ੍ਹਾਂ ਫਸਲਾਂ ਨੂੰ ਪਾਵਾਂ, ਜੋ ਬਾਪ ਦੇ ਹੱਥੀਂ ਉਗਦੀਆਂ, ਭੜੋਲੇ ਭਰਦੀਆਂ ਰਹੀਆਂ। ਪਰ ਸਮਾਜਕ ਮਰਿਆਦਾ ਵਿਚ ਬੱਧਾ, ਬਾਪ ਦੀਆਂ ਅਸਥੀਆਂ ਬਿਆਸ ਦਰਿਆ ਦੇ ਸਪੁਰਦ ਕਰ, ਬਾਪ ਨੂੰ ਆਖਰੀ ਅਲਵਿਦਾ ਕਹਿੰਦਾ ਹਾਂ। ਬਾਪ ਨੂੰ ਅਗੰਮੀ ਅਤੇ ਅਨੰਤ ਸਫਰ 'ਤੇ ਤੋਰਦਾ, ਉਸ ਦੀਆਂ ਕੀਰਤੀਆਂ ਨੂੰ ਮਨ-ਮਸਤਕ 'ਤੇ ਉਕਰ ਲੈਂਦਾ ਹਾਂ, ਜਿਸ ਦੀਆਂ ਯਾਦਾਂ ਦੀ ਸਦੀਵੀ ਨਿਸ਼ਾਨਦੇਹੀ ਕਰਨੀ ਏ। ਸਿਰਫ ਹੁਣ ਰਹਿ ਗਈ ਏ ਉਸ ਦੀ ਖੂੰਡੀ, ਜੋ ਉਸ ਦਾ ਸਹਾਰਾ ਹੁੰਦੀ ਸੀ ਜਾਂ ਸਾਈਕਲ ਜਿਸ ਕਰਕੇ ਮੇਰੇ ਮਾਮਿਆਂ ਦੇ ਬੱਚੇ ਉਨ੍ਹਾਂ ਨੂੰ ਫਲਾਇੰਗ ਫੁੱਫੜ ਕਹਿੰਦੇ ਸਨ। ਬੇਟੀ ਦਾ ਕਹਿਣਾ ਹੈ ਕਿ ਬਾਪ ਦੀ ਹਰ ਚੀਜ਼ ਨੂੰ ਜਰੂਰ ਸੰਭਾਲਣਾ ਕਿਉਂਕਿ ਉਨ੍ਹਾਂ ਦੀਆਂ ਨਿਸ਼ਾਨੀਆਂ, ਬਾਪ ਦੀ ਹਾਜ਼ਰੀ ਦਾ ਅਹਿਸਾਸ ਕਰਵਾਉਂਦੀਆਂ ਰਹਿਣਗੀਆਂ।

ਸਮਾਜਕ ਰਸਮਾਂ ਦੀ ਆਖਰੀ ਰਸਮ ਸੀ ਅਖੰਡ ਪਾਠ ਦਾ ਭੋਗ ਅਤੇ ਅੰਤਿਮ ਅਰਦਾਸ। ਸੋਗਵਾਰ ਮਾਹੌਲ ਵਿਚ ਰਿਸ਼ਤੇਦਾਰਾਂ, ਸਾਕ-ਸਬੰਧੀਆਂ ਅਤੇ ਦੋਸਤਾਂ-ਮਿੱਤਰਾਂ ਦੀ ਹਾਜ਼ਰੀ ਵਿਚ ਬਾਪ ਦੇ ਜਾਣ ਦਾ ਦਰਦ ਕੁਝ ਘਟਿਆ। ਮਨ ਇਕ ਸੰਤੁਸ਼ਟੀ ਧਰ ਗਿਆ ਕਿ ਉਨ੍ਹਾਂ ਨੇ ਆਪਣੀ ਜ਼ਿੰਦਗੀ ਨੂੰ ਬਹੁਤ ਭਰਪੂਰਤਾ ਅਤੇ ਅਰੋਗਤਾ ਨਾਲ ਜੀਵਿਆ। ਸਿਰਫ ਅਠਾਰਾਂ ਦਿਨ ਕੋਮਾ ਵਿਚ ਰਹਿਣ ਪਿਛੋਂ ਉਹ ਸਵਾਸਾਂ ਦੀ ਪੂੰਜੀ ਸਮੇਟ ਗਏ। ਸਹਿਜ ਭਰਪੂਰ ਜੀਵਨ-ਵਰਤਾਰਾ, ਉਨ੍ਹਾਂ ਦਾ ਮੂਲ-ਮੰਤਰ ਸੀ। ਇਹ ਮੰਤਰ ਹੀ ਉਨ੍ਹਾਂ ਦੀ ਲੰਮੇਰੀ ਉਮਰ ਦਾ ਰਾਜ਼ ਸੀ। ਸਭ ਤੋਂ ਅਹਿਮ ਸੀ ਪੱਗੜੀ ਦੀ ਰਸਮ ਜਿਸ ਨੇ ਮੈਨੂੰ ਬਾਪ ਵਾਲੀਆਂ ਜ਼ਿੰਮੇਵਾਰੀਆਂ ਤਨਦੇਹੀ ਨਾਲ ਨਿਭਾਉਣ ਅਤੇ ਬਾਪ ਦੇ ਨਾਂ ਨੂੰ ਚਾਰ ਚੰਨ ਲਾਉਣ ਲਈ ਮਾਨਸਿਕ ਪਕਿਆਈ ਬਖਸ਼ੀ।

ਸਭ ਰਸਮਾਂ ਪਿਛੋਂ ਜਦ ਸ਼ਹਿਰ ਨੂੰ ਵਾਪਸ ਮੁੜਨ ਦਾ ਖਿਆਲ ਆਇਆ ਤਾਂ ਸੋਚਿਆ ਕਿ ਬਾਪ ਦੇ ਜਾਣ ਨਾਲ ਬਹੁਤ ਕੁਝ ਖੁਸ ਜਾਂਦਾ ਏ। ਕਿਸੇ ਨੇ ਨਹੀਂ ਰੋਅਬ ਨਾਲ ਅਵਾਜ਼ ਮਾਰਨੀ, ਝਿੜਕਣਾ, ਮੇਰੀ ਉਡੀਕ ਕਰਨੀ। ਨਾ ਹੀ ਕਿਸੇ ਨੇ ਚਾਅ ਨਾਲ ਪੁੱਤ ਨੂੰ ਨਿਹਾਰਨਾ। ਦਾਈਏ ਨਾਲ ਹੁਕਮ ਕਰਨਾ। ਹੁਣ ਕੌਣ ਕਹੇਗਾ ਪਿੰਡ ਆਉਣ ਨੂੰ? ਕਿਹੜੀ ਖਿੱਚ ਰਹਿ ਗਈ ਏ ਪਿੰਡ ਜਾਣ ਦੀ? ਪਿੰਡ ਤਾਂ ਮਾਪਿਆਂ ਨਾਲ ਹੁੰਦਾ। ਜਦ ਮਾਪੇ ਤੁਰ ਜਾਣ ਤਾਂ ਘਰਾਂ ਨੂੰ ਬਿਗਾਨੇ ਹੋਣ ਲੱਗਿਆਂ ਦੇਰ ਨਹੀਂ ਲੱਗਦੀ। ਖੇਤਾਂ ਵਿਚ ਪੈ ਜਾਂਦੀਆਂ ਨੇ ਵੱਟਾਂ। ਘਰਾਂ ਵਿਚ ਉਗ ਆਉਂਦੀਆਂ ਨੇ ਕੰਧਾਂ। ਦਰਾਂ ਨੂੰ ਲੱਗ ਜਾਂਦੇ ਨੇ ਜਿੰਦਰੇ। ਰਿਸ਼ਤਿਆਂ ਵਿਚ ਪਨਪਦਾ ਮੁਫਾਦ। ਲੈਣ-ਦੇਣ ਤੀਕ ਸੀਮਤ ਹੋ ਜਾਂਦੀਆਂ ਨੇ ਰਿਸ਼ਤੇਦਾਰੀਆਂ। ਸਿਰਫ ਮਾਪਿਆਂ ਦਾ ਰਿਸ਼ਤਾ ਹੀ ਲਾਲਚ, ਸਵਾਰਥ ਤੇ ਮੁਫਾਦ 'ਤੇ ਆਧਾਰਤ ਨਹੀਂ। ਮਾਪੇ ਹੀ ਆਪਣੇ ਬੱਚਿਆਂ ਦੀਆਂ ਦੁਆਵਾਂ ਮੰਗਦੇ, ਬੱਚਿਆਂ ਦੀ ਸੁਪਨ-ਪੂਰਤੀ 'ਤੇ ਕੁਦਰਤ ਦੇ ਸ਼ੁਕਰਗੁਜਾਰ ਹੁੰਦੇ। ਬਾਪ ਇਕ ਰਿਸ਼ਤਾ ਹੀ ਨਹੀਂ ਹੁੰਦਾ, ਇਹ ਰਿਸ਼ਤਿਆਂ ਦੀ ਧਰਾਤਲ ਅਤੇ ਬਹੁਤ ਕੁਝ ਹੋਰ ਵੀ ਹੁੰਦਾ, ਜਿਸ ਦਾ ਅਹਿਸਾਸ ਉਨ੍ਹਾਂ ਦੇ ਜਾਣ ਪਿਛੋਂ ਹੁੰਦਾ। ਇਕ ਖਲਾਅ ਜੋ ਕਦੇ ਨਹੀਂ ਭਰਦਾ। ਇਕ ਆਸਰਾ, ਜਿਸ ਦੀ ਅਣਹੋਂਦ 'ਚ ਲੂੰਆਂ ਲੂੰਹਦੀਆਂ ਅਤੇ ਪੀੜ-ਪਰਾਗੇ ਵਿਚ ਨਿਸ ਦਿਨ ਵਾਧਾ। ਉਨ੍ਹਾਂ ਦੀ ਰਹਿਮਤ ਵਿਚ ਜੀਵਨ ਦੀ ਔੜ ਵੀ ਬਰਸਾਤਾਂ ਜਿਹੀ। ਉਨ੍ਹਾਂ ਦੀਆਂ ਬਰਕਤਾਂ ਦਾ ਨੂਰ ਹੀ ਏ, ਜੋ ਸਾਡੇ ਜੀਵਨ 'ਤੇ ਬਰਸਦਾ, ਨਿਆਮਤਾਂ ਦੀ ਬਖਸ਼ਿਸ਼ ਕਰਦਾ। ਬਾਪ ਤੋਂ ਬਗੈਰ ਤਾਂ ਹੋਂਦ ਹੀ ਅਸੰਭਵ। ਉਸ ਦੀ ਬਦੌਲਤ ਹੀ ਸੁਪਨਿਆਂ ਦਾ ਸੱਚ, ਸਗਵਾਂ ਹਾਸਲ ਬਣਦਾ।

ਪਿੰਡ ਵਾਲੇ ਘਰੋਂ ਬਾਹਰ ਪੈਰ ਰੱਖਦਿਆਂ ਹੀ ਅੱਖਾਂ ਵਿਚ ਆ ਜਾਂਦੀ ਏ ਬਾਪ ਨਾਲ ਬਿਤਾਏ ਹਰ ਪਲ ਦੀ ਰੁਮਕਣੀ, ਉਸ ਦੇ ਹੱਥਾਂ ਦੀ ਕੋਮਲ ਛੋਹ, ਗੱਲਾਂਬਾਤਾਂ ਵਿਚਲੀ ਨਿਰਛੱਲਤਾ, ਬੱਚਿਆਂ ਦੀ ਤਨਦੇਹੀ ਨਾਲ ਕੀਤੀ ਪਾਲਣਾ ਅਤੇ ਉਸ ਦੇ ਮੁਹਾਂਦਰੇ ਦਾ ਤੁਹਾਡੀ ਦਿੱਖ ਵਿਚ ਝਲਕਣਾ। ਤੁਸੀਂ ਜੋ ਕੁਝ ਵੀ ਹੁੰਦੇ ਹੋ, ਉਹ ਬਾਪ ਦਾ ਹੀ ਬਿੰਬ ਏ। ਕਦੇ ਮੈਂ ਇਕ ਕਵਿਤਾ ਵਿਚ ਕਿਹਾ ਸੀ,

ਮੇਰਾ ਬਾਪ, ਬਹੁਤ ਘੱਟ
ਮੈਨੂੰ ਮਿਲਣ ਸ਼ਹਿਰ ਆਉਂਦਾ ਹੈ।

ਕਦੇ ਕਦੇ ਆਉਣ ਵਾਲਾ ਮੇਰਾ ਬਾਪ
ਬੂਹਾ ਖੋਲ੍ਹਣ ਤੋਂ ਡਰਦਾ
ਬੈਲ ਮਾਰ ਕੇ ਉਡੀਕ ਕਰਦਾ ਹੈ ਕਿ
ਹਾਊਸ ਨੰਬਰ ਬਣੇ ਘਰ ਦਾ
ਗੇਟ ਕਦੋਂ ਖੁੱਲ੍ਹੇਗਾ
ਤੇ ਗੇਟ ਖੁੱਲ੍ਹਣ 'ਤੇ ਵੀ
ਅੰਦਰ ਲੰਘਣ ਤੋਂ ਝਿੱਜਕਦਾ ਹੈ
ਘਰ 'ਚ ਰੱਖੇ ਜਰਮਨ ਸ਼ੈਫਰਡ ਤੋਂ।

ਅੰਦਰ ਲੰਘ ਕੇ
ਮੰਜੇ 'ਤੇ ਅਲਸਾਉਣ ਵਾਲਾ ਮੇਰਾ ਬਾਪ
ਸੋਫੇ ਵਿਚ ਸੁੰਗੜ ਜਾਂਦਾ ਹੈ
ਅਤੇ ਗੜਵੀ ਚਾਹ ਦੀ ਪੀਣ ਵਾਲੇ ਬਾਪ ਨੂੰ
ਚਾਹ ਦਾ ਕੱਪ ਤੇ ਦੋ ਕੁ ਬਿਸਕੁਟ
ਨਿਰਾ ਮਖੌਲ ਜਾਪਦੇ ਨੇ।

ਮੇਰੇ ਬੱਚਿਆਂ ਨੂੰ ਅੱਖਰਦਾ ਹੈ
ਬਾਪ ਦਾ ਖੁਰਦਰੇ ਹੱਥਾਂ ਨਾਲ ਪਲੋਸਣਾ
ਉਹ ਦਾਦੇ ਦੀਆਂ ਗੱਲਾਂ ਦਾ
ਹੁੰਗਾਰਾ ਭਰਨ ਦੀ ਬਜਾਏ
ਟੀ. ਵੀ. ਤੇ ਕੰਪਿਊਟਰ ਵਿਚ
ਖੁੱਭ ਜਾਂਦੇ ਨੇ
ਤੇ ਬਾਪ ਦੀਆਂ ਬਾਤਾਂ
ਮਸੋਸ ਕੇ ਰਹਿ ਜਾਂਦੀਆਂ ਨੇ।
ਮੇਰੇ ਰੁਝੇਵਿਆਂ ਨੇ ਖਾ ਲਿਆ ਹੈ
ਬਾਪ ਦੀਆਂ ਨਸੀਹਤਾਂ ਦਾ ਹੁੰਗਾਰਾ।
ਮੱਕੀ ਦੀ ਰੋਟੀ ਤੇ
ਸਾਗ ਖਾਣ ਵਾਲੇ ਬਾਪ ਨੂੰ
ਜਦ ਖਾਣ ਲਈ ਪੀਜ਼ਾ ਦੇਈਏ
ਤਾਂ ਉਸ ਦੀ ਭੁੱਖ ਮਰ ਜਾਂਦੀ ਹੈ।

ਦਲਾਨ ਵਿਚ
ਸਾਰੇ ਪਰਿਵਾਰ ਦੇ ਮੰਜੇ ਡਾਹ ਕੇ
ਸੌਣ ਵਾਲੇ ਬਾਪ ਨੂੰ
ਬੈਡਰੂਮ ਵਿਚ ਨੀਂਦ ਨਹੀਂ ਆਉਂਦੀ।

ਸੂਰਜ ਡੁੱਬਣ ਸਾਰ ਸੌਣ ਵਾਲੇ ਬਾਪ ਦੀ
ਕੱਚੀ ਨੀਂਦ ਉਖੜ ਜਾਂਦੀ ਹੈ
ਜਦ ਅਸੀਂ ਅੱਧੀ ਰਾਤ ਨੂੰ
ਪਾਰਟੀ ਤੋਂ ਬਾਅਦ ਘਰ ਪਰਤਦੇ ਹਾਂ।

ਉਹ ਸੁੱਤ-ਉਨੀਂਦਰਾ ਅੰਮ੍ਰਿਤ ਵੇਲੇ ਉਠ
ਨੌਕਰ ਹੱਥੋਂ ਚਾਹ ਦਾ ਕੱਪ ਪੀ
ਸਾਡੇ ਜਾਗਣ ਤੋਂ ਪਹਿਲਾਂ ਪਹਿਲਾਂ
ਪਿੰਡ ਨੂੰ ਵਾਪਸ ਪਰਤ ਜਾਂਦਾ ਹੈ।

ਅਕਸਰ ਹੀ
ਮੇਰਾ ਬਾਪ, ਬਹੁਤ ਘੱਟ
ਮੈਨੂੰ ਮਿਲਣ ਸ਼ਹਿਰ ਆਉਂਦਾ ਹੈ।

ਪਰ ਹੁਣ ਤਾਂ ਘੱਟ ਆਉਣ ਵਾਲੇ ਬਾਪ ਨੇ ਮੈਨੂੰ ਮਿਲਣ ਕਦੇ ਵੀ ਸ਼ਹਿਰ ਨਹੀਂ ਆਉਣਾ। ਸਿਰਫ ਆਵੇਗੀ ਤਾਂ ਉਨ੍ਹਾਂ ਦੀ ਯਾਦ, ਜੋ ਅਸੀਮ ਅਸੀਸਾਂ ਦਾ ਸੰਧਾਰਾ ਮੇਰੀ ਝੋਲੀ ਵਿਚ ਧਰਿਆ ਕਰੇਗੀ ਅਤੇ ਮੈਨੂੰ ਜਿਉਣ ਜੋਗਾ ਕਰਿਆ ਕਰੇਗੀ।

9 ਸਾਲ ਪਹਿਲਾਂ ਜਦ ਮੇਰੀ ਮਾਤਾ ਸਦੀਵੀ ਵਿਛੋੜਾ ਦੇ ਗਈ ਤਾਂ ਬਾਪ ਅੰਦਰੋਂ ਟੁੱਟ ਕੇ ਵੀ ਬਾਹਰੋਂ ਸਬੂਤਾ ਹੋਣ ਦਾ ਧਰਮ ਪਾਲਦਾ ਰਿਹਾ। ਮਾਂ ਦੀ ਮੌਤ ਪਿਛੋਂ ਜਦ ਪਹਿਲੀ ਵਾਰ ਪਿੰਡ ਗਿਆ ਤਾਂ ਇਕ ਨਿੱਕੀ ਜਿਹੀ ਘਟਨਾ ਵੱਡੇ ਅਰਥਾਂ ਦਾ ਸੁਨੇਹਾ ਮੇਰੀ ਕਵਿਤਾ ਵਿਚ ਧਰ ਗਈ,

(ਬਾਕੀ ਅਗਲੇ ਸਫੇ 'ਤੇ)

# ਪਿਤਾ ਜੀ ਦਾ ਹਰਕੁਲੀਸ

ਪਿਤਾ ਜੀ ਦੀ ਦੱਸੀ ਹੱਡ ਬੀਤੀ ਕਹਾਣੀ ਯਾਦ ਆਈ। 1939 ਵਿਚ ਉਨ੍ਹਾਂ ਦੇ ਵਿਆਹ ਦਾ ਸਾਹਾ ਸੁਧਾ ਦਿੱਤਾ ਗਿਆ। ਪਿੰਡ ਦੇ ਇਕ ਹੋਰ ਸਿਪਾਹੀ ਬਚਨ ਸਿੰਘ ਨਾਲ ਉਹ ਕੋਹਾਟ ਛਾਉਣੀ ਵਿਖੇ ਤਾਇਨਾਤ ਸਨ। ਉਹ ਸਾਲਾਨਾ ਛੁੱਟੀ ਲੈ ਕੇ ਬੜੇ ਸ਼ੌਕ ਨਾਲ ਮਿਲਟਰੀ ਵਿਚੋਂ ਪਿੰਡ ਵਿਆਹ ਕਰਾਉਣ ਚੱਲ ਪਏ। ਉਹ ਰੇਲ ਗੱਡੀ ਰਾਹੀਂ ਲਾਇਲਪੁਰ ਰੇਲਵੇ ਸਟੇਸ਼ਨ 'ਤੇ ਸਵੇਰੇ ਅੱਪੜੇ। ਇਸ ਤੋਂ ਅੱਗੇ ਪਿੰਡ ਸਖੀਰਾ ਵੀਹ ਕੁ ਮੀਲ 'ਤੇ ਹੈ। ਉਥੋਂ ਗੋਜਰੇ ਵਾਲੀ ਗੱਡੀ ਦੁਪਹਿਰ ਨੂੰ ਜਾਣੀ ਸੀ। ਉਨ੍ਹਾਂ ਦੋਹਾਂ ਕੋਲ ਅੱਸੀ ਅੱਸੀ ਰੁਪਏ ਸਨ, ਜੋ ਉਸ ਵੇਲੇ ਵੱਡੀ ਰਕਮ ਸਮਝੀ ਜਾਂਦੀ ਸੀ। ਉਹ ਡਰਦੇ ਡਰਦੇ ਫਿਰ ਰਹੇ ਸਨ ਕਿ ਇਹ ਕਿਤੇ ਗੁੰਮ ਨਾ ਜਾਣ ਜਾਂ ਖੀਸੇ ਕੱਟ ਨਾ ਹੋ ਜਾਣ।

**ਚਰਨਜੀਤ ਸਿੰਘ ਪੰਨੂ**
ਫੋਨ: 408-608-4961

ਉਨ੍ਹਾਂ ਘਰ ਦੇ ਜੀਆਂ ਲਈ ਕੋਈ ਨਵੀਂ ਚੀਜ਼ ਖਰੀਦਣ ਦੀ ਸੋਚੀ। ਉਹ ਅੱਠ ਨੰਬਰ ਬਾਜ਼ਾਰ ਜਾ ਵੜੇ। ਦੁਕਾਨ 'ਤੇ ਖੜ੍ਹੇ ਸਾਈਕਲ ਵੇਖ ਕੇ ਰੁਕ ਗਏ। ਦੁਕਾਨਦਾਰ ਨੇ ਪੈਂਤੀ ਰੁਪਏ ਰੇਟ ਦੱਸਿਆ। ਇਹ ਉਨ੍ਹਾਂ ਦੇ ਪਸੰਦ ਆ ਗਏ। ਤੇਤੀ ਰੁਪਏ ਵਿਚ ਸੌਦਾ ਹੋ ਗਿਆ। ਦੋਹਾਂ ਨੇ ਇਕ ਇਕ ਹਰਕੁਲੀਸ ਸਾਈਕਲ ਖਰੀਦ ਲਿਆ ਕਿ ਪਿੰਡ ਵਾਲਿਆਂ ਨੂੰ ਨਵੀਂ ਸ਼ੈਅ ਦਿਖਾਵਾਂਗੇ। ਦੁਕਾਨਦਾਰ ਨੇ ਰੜੇ ਜਿਹੇ ਲਿਜਾ ਕੇ ਉਨ੍ਹਾਂ ਨੂੰ ਦੋ ਚਾਰ ਗੇੜੇ ਦਿਵਾ ਕੇ ਮੁਢਲੀ ਸਿਖਲਾਈ ਦੇ ਦਿੱਤੀ। ਗੱਡੀ ਚੱਲਣ 'ਚ ਅਜੇ ਦੋ ਘੰਟੇ ਬਾਕੀ ਸਨ। ਪਿੰਡ ਦਾ ਕਿਰਾਇਆ ਤਿੰਨ ਆਨੇ ਸੀ। ਉਨ੍ਹਾਂ ਸੋਚਿਆ ਕਿ ਪਿੰਡ ਸਾਈਕਲਾਂ 'ਤੇ ਹੀ ਜਾ ਕੇ ਤਿੰਨ ਆਨੇ ਬਚਾਏ ਜਾਣ। ਤਿੰਨ ਤਿੰਨ ਆਨੇ ਦੇ ਫੁੱਲੀਆਂ, ਪਤਾਸੇ ਤੇ ਮੱਛੀ ਦੀਆਂ ਗੋਲੀਆਂ ਖਰੀਦ ਕੇ ਬਸਤੇ ਭਰ ਲਏ।

ਦੋਵੇਂ ਨੌਜਵਾਨ ਫੌਜੀ ਚੱਲ ਪਏ। ਸਾਈਕਲ ਚਲਾਉਣ ਦੀ ਜਾਚ ਘੱਟ ਸੀ। ਡਿਗਦੇ ਢਹਿੰਦੇ ਤਿੰਨ ਘੰਟੇ ਵਿਚ ਪਿੰਡ ਵਾਲੀ ਸੱਥ ਯਾਨਿ ਬੋਹੜ ਹੇਠ ਪਹੁੰਚ ਗਏ। ਪਿੰਡ ਵਿਚ ਇਹ ਪਹਿਲੇ ਸਾਈਕਲ ਵੇਖ ਕੇ ਲੋਕ ਹੈਰਾਨ ਹੋ ਗਏ। ਉਨ੍ਹਾਂ ਫੁੱਲੀਆਂ ਪਤਾਸੇ ਗੁਰਦੁਆਰੇ ਮੱਥਾ ਟੇਕਦੀ ਸੰਗਤ ਨੂੰ ਵੰਡ ਕੇ ਅਸ਼ੀਰਵਾਦ ਲਿਆ। ਸਾਰਾ ਪਿੰਡ ਇਸ ਨਵੀਂ ਚੀਜ਼ 'ਤੇ ਬਹੁਤ ਖੁਸ਼ ਸੀ।


ਪਿਤਾ ਜੀ ਆਪਣੇ ਵਿਆਹ ਸਮੇਂ ਇਸ ਸਾਈਕਲ 'ਤੇ ਸਹੁਰੇ ਘਰ ਢੁੱਕਣ ਲਈ ਬਜ਼ਿਦ ਸਨ, ਪਰ ਸਿਆਣਿਆਂ ਨੇ ਕਿਹਾ ਕਿ ਲਾੜਾ ਤਾਂ ਘੋੜੀ ਚੜ੍ਹ ਕੇ ਹੀ ਜਾਂਦਾ ਹੈ। ਬਾਕੀ ਹੋਰ ਜਿਹੜਾ ਮਰਜ਼ੀ ਸਾਈਕਲ 'ਤੇ ਚਲਾ ਜਾਵੇ। ਇਸ ਤਰ੍ਹਾਂ ਜੰਜ ਦੇ ਨਾਲ ਘੋੜੀਆਂ, ਊਠ, ਗੱਡਿਆਂ ਤੋਂ ਇਲਾਵਾ ਦੋ ਸਾਈਕਲ ਵੀ ਗਏ।

ਇਸ ਪਵਿੱਤਰ ਮਿੱਟੀ ਵਿਚ ਦਫਨ ਹੋਈਆਂ ਮੇਰੇ ਅੱਲ੍ਹੜ ਬਚਪਨ ਦੀਆਂ ਹੁਸੀਨ ਯਾਦਾਂ ਉਜਾਗਰ ਹੋ ਗਈਆਂ। ਮੇਰੇ ਪਿਤਾ ਜੀ ਛੁੱਟੀ ਕੱਟ ਕੇ ਚਲੇ ਗਏ। ਹਰਕੁਲੀਸ ਸਾਈਕਲ ਉਨ੍ਹਾਂ ਦੀ ਗੈਰ ਹਾਜ਼ਰੀ ਵਿਚ ਬਹੁਤਾ ਚਿਰ ਮੇਰੇ ਬਾਬੇ ਸੋਹਣ ਸਿੰਘ ਦੇ ਕੰਮ ਆਉਂਦਾ ਰਿਹਾ। ਜਦ ਕਦੇ ਮੇਰਾ ਬਾਪੂ ਸੌਦਾ ਲੈਣ ਸ਼ਹਿਰ ਜਾਂਦਾ ਤਾਂ ਮੈਂ ਉਸ ਪਿੱਛੇ ਦੌੜਦਾ, ਡਿਗਦਾ, ਢਹਿੰਦਾ ਰੋਣ ਲੱਗਦਾ। ਮੇਰੀ ਜ਼ਿੱਦ ਵੇਖ ਕੇ ਦਾਦੀ ਡੰਡੇ 'ਤੇ ਕੱਪੜੇ ਲਪੇਟ ਬੰਨ੍ਹ ਦਿੰਦੀ। ਉਸ ਨਾਲ ਇਹ ਜਗ੍ਹਾ ਪੋਲੀ ਹੋ ਜਾਂਦੀ। ਉਹ ਮੈਨੂੰ ਚੁੱਕ ਕੇ ਅਗਲੇ ਡੰਡੇ 'ਤੇ ਬਿਠਾ ਲੈਂਦਾ। ਮੈਂ ਉਸ 'ਤੇ ਦੋਵੇਂ ਲੱਤਾਂ ਲਮਕਾ ਕੇ ਹੈਂਡਲ ਫੜ ਲੈਂਦਾ ਤੇ ਰਾਹ ਵਿਚ ਘੰਟੀ ਦੀ ਟਰਨ ਟਰਨ ਵਜਾਈ ਜਾਂਦਾ। ਉਧਰੋਂ ਮੇਰਾ ਧਿਆਨ ਪਾਸੇ ਹਟਾਉਣ ਲਈ ਉਹ ਮੈਨੂੰ ਚਿੜੀ ਕਾਂ ਦੀ ਕਹਾਣੀ ਛੋਹ ਲੈਂਦਾ। ਮੈਂ ਫੇਰ ਖੜਕਾਉਣ ਲੱਗਦਾ, ਪਰ ਉਹ ਕਦੇ ਨਾਰਾਜ਼ ਨਹੀਂ ਹੋਇਆ। ਸਗੋਂ ਘੰਟੀ ਵੱਜਣ ਨਾਲ ਬਾਪੂ ਫੁੱਲਾਂ ਵਾਂਗ ਖਿੜ ਉਠਦਾ।

**ਘੁੰਡ ਕੱਢ ਲੈ ਪਤਲੀਏ ਨਾਰੇ:** ਚਾਚਾ ਬਚਨ ਸਿੰਘ ਮੇਰੇ ਪਾਪਾ ਦਾ ਕੁਲੀਗ ਤੇ ਦੋਸਤ ਸਾਡੀ ਨੇੜਲੀ ਸ਼ਰੀਕੇ ਬਰਾਦਰੀ ਵਿਚੋਂ ਹੀ ਸੀ। ਉਹ ਵੀ 1947 ਵਿਚ ਸਾਡੇ ਨਾਲ ਇੱਥੋਂ ਉਜੜ ਕੇ ਪੂਰਬੀ ਪੰਜਾਬ ਚਲਾ ਗਿਆ ਸੀ। ਇੱਧਰ ਜ਼ਮੀਨ ਦੀ ਅਲਾਟਮੈਂਟ ਸਾਨੂੰ ਝਬਾਲ ਨੇੜੇ ਪਿੰਡ ਭੋਜੀਆਂ ਵਿਚ ਪੈ ਗਈ ਤੇ ਉਨ੍ਹਾਂ ਨੂੰ ਤਿੰਨ ਮੀਲ ਹਟਵੇਂ ਪਿੰਡ ਪੰਜਵੜ ਵਿਚ। ਉਸ ਦੇ ਦੋ ਹੋਰ ਭਰਾ ਚੂਹੜ ਸਿੰਘ ਤੇ ਅਰਜਨ ਸਿੰਘ ਸਾਰਾ ਟੱਬਰ ਅਖੀਰ ਤੱਕ ਵਿਆਹ ਸ਼ਾਦੀਆਂ, ਗਮੀ ਖੁਸ਼ੀ ਸਮੇਂ ਸਾਨੂੰ ਮਿਲਦਾ ਮਿਲਾਉਂਦਾ ਰਿਹਾ। ਮੇਰੇ ਪਿਤਾ ਜੀ ਦਾ ਇਹ ਫੌਜੀ ਦੋਸਤ ਬਚਨ ਸਿੰਘ ਉਸ ਵੇਲੇ ਜਦ ਪਿੰਡ ਵਿਚ ਸਾਈਕਲ ਲੈ ਕੇ ਲੰਘਦਾ ਤਾਂ ਉਸ ਨੂੰ ਲੋਕ ਰਮਤਾ ਫਿਰਤੂ ਕਹਿ ਕੇ ਛੇੜਦੇ। ਉਹ ਹੱਸ ਕੇ ਟਾਲ ਛੱਡਦਾ। ਲੋਕ ਕਹਿੰਦੇ, ਪਤਾ ਨਹੀਂ ਕਿੱਥੋਂ ਇਹ ਦੋ ਲੱਤਾਂ ਵਾਲੀ ਖੋਤੀ ਲੈ ਆਇਆ ਹੈ, ਇਹਨੇ ਸਾਰੇ ਪਿੰਡ ਦੇ ਮੁੰਡਿਆਂ ਨੂੰ ਪਿੱਛੇ ਲਾ ਰੱਖਿਆ ਹੈ। ਉਨ੍ਹੀਂ ਦਿਨੀਂ ਉਹ ਵੀ ਮੇਰੇ ਬਾਪ ਨਾਲ ਦੋ ਮਹੀਨੇ ਛੁੱਟੀ ਆਇਆ ਸੀ। ਉਸ ਦਾ ਵੀ ਵਿਆਹ ਹੋ ਗਿਆ। ਉਸ ਦੇ ਸਹੁਰੇ ਜੜ੍ਹਾਂ ਵਾਲਾ ਲਾਗੇ ਕੋਈ 20 ਕੁ ਮੀਲ ਦੀ ਵਿੱਥ 'ਤੇ ਸਨ। ਉਹ ਬੜੇ ਮਾਣ ਨਾਲ ਸਿਰ ਉਚਾ ਕਰ ਕੇ ਸਾਈਕਲ 'ਤੇ ਆਪਣੀ ਨਵੀਂ ਵਿਆਹੀ ਨੂੰ ਪਿੱਛੇ ਬਿਠਾ ਕੇ ਘੁਮਾਉਂਦਾ ਸ਼ਹਿਰ ਲਿਜਾਂਦਾ, ਆਪ ਖੁਸ਼ ਹੁੰਦਾ ਤੇ ਲੋਕਾਂ ਦੀਆਂ ਹਿੱਕਾਂ ਸਾੜਦਾ ਰਹਿੰਦਾ।

ਇਕ ਦਿਨ ਨਹਿਰ ਦੀ ਪਟੜੀ 'ਤੇ ਪਿੰਡ ਵਾਪਸ ਆਉਂਦੇ ਸਮੇਂ ਬਿਸ਼ਨ ਕੌਰ ਕਹਿੰਦੀ, "ਠਹਿਰ ਜਾਹ, ਮੈਨੂੰ ਘੁੰਡ ਕੱਢ ਲੈਣ ਦੇਹ।" ਉਸ ਨੇ ਸਾਈਕਲ ਤੇਜ਼ ਕਰ ਦਿੱਤਾ। ਬਿਸ਼ਨੀ ਨੇ ਉਸ ਦਾ ਝੱਗਾ ਖਿੱਚਦਿਆਂ ਜ਼ੋਰ ਨਾਲ ਕਿਹਾ, "ਰੋਕ ਲੈ, ਮੈਨੂੰ ਘੁੰਡ ਕੱਢ ਲੈਣ ਦੇਹ।" ਉਹ ਫੌਜੀ ਜ਼ਿੱਦੀ, ਮਖੌਲੀਆ ਤੇ ਹਾਸੇ ਠਾਠੇ ਦਾ ਖੁੱਲ੍ਹਾ ਸੀ। ਕਹਿੰਦਾ, "ਕੋਈ ਗੱਲ ਨਹੀਂ, ਤੈਨੂੰ ਹੁਣ ਘੁੰਡ ਕੱਢਣ ਦੀ ਲੋੜ ਨਹੀਂ। ਤੂੰ ਫੌਜੀ ਦੀ ਵਹੁਟੀ ਹੈਂ ਤੇ ਫੌਜੀਆਂ ਨੂੰ ਇਹ ਸਭ ਕੁਝ ਮਾਫ ਹੁੰਦਾ ਹੈ।" ਵਹੁਟੀ ਨੇ ਜ਼ੋਰ ਲਾਇਆ, ਰੌਲਾ ਪਾਇਆ ਕਿ ਠਹਿਰ ਹੌਲੀ ਕਰ ਮੈਨੂੰ ਉਤਰ ਲੈਣ ਦੇਹ। ਝੋਲੇ ਵਿਚੋਂ ਆਪਣਾ ਭਾਰਾ ਕੱਪੜਾ ਸਿਰ 'ਤੇ ਲੈ ਕੇ ਘੁੰਡ ਕੱਢ ਲੈਣ ਦੇਹ, ਪਰ ਉਹ ਨਾ ਟਲਿਆ ਸਗੋਂ ਪੈਡਲ ਹੋਰ ਤੇਜ਼ ਕਰ ਦਿੱਤੇ।

ਬਿਸ਼ਨੀ ਨੇ ਦੇਖਿਆ ਕਿ ਇਹ ਰੁਕਣ ਵਾਲਾ ਨਹੀਂ ਤੇ ਸਹੁਰਿਆਂ ਦਾ ਪਿੰਡ ਆ ਗਿਆ ਹੈ। "ਹਾਏ ਮੈਂ ਇਹ ਨੰਗਾ ਮੂੰਹ ਲੈ ਕੇ ਕਿਸ ਤਰ੍ਹਾਂ ਪਿੰਡ ਵੜਾਂ!" ਉਸ ਨੇ ਪਿੱਛੋਂ ਛਾਲ ਮਾਰ ਦਿੱਤੀ। ਕਈ ਲੋਟਣੀਆਂ ਲੈਂਦੀ ਨਹਿਰ ਦੀ ਪਟੜੀ ਤੋਂ ਪਾਸੇ ਜਾ ਕੇ ਉਹ ਮੂਧੇ ਮੂੰਹ ਡਿੱਗੀ। ਬਚਨੇ ਨੇ ਪਿੱਛੇ ਮੁੜ ਕੇ ਦੇਖਿਆ, ਉਹ ਚੁਫਾਲ ਬੇਹੋਸ਼ ਪਈ ਸੀ। ਹਾਸੇ ਦਾ ਮੜਾਸਾ ਬਣ ਗਿਆ। ਸਾਈਕਲ ਨੂੰ ਆਪ ਮੁਹਾਰੇ ਬਰੇਕਾਂ ਲੱਗ ਗਈਆਂ। ਉਸ ਨੂੰ




ਬੁਲਾਇਆ ਹਿਲਾਇਆ, ਉਠਾਇਆ। ਨਹਿਰ ਵਿਚੋਂ ਬੁੱਕ ਭਰ ਕੇ ਪਾਣੀ ਉਸ ਦੇ ਮੂੰਹ ਵਿਚ ਪਾਇਆ। ਉਹ ਉਠੀ ਤੇ ਵੇਖਿਆ, ਸੱਜੀ ਬਾਂਹ ਲਟਕ ਰਹੀ ਸੀ। ਇਹ ਘੜੱਚ ਕਰਦੀ ਅਰਕ ਤੋਂ ਟੁੱਟ ਗਈ ਸੀ। ਉਹ ਦੁਹਾਈ ਪਾਉਣ ਲੱਗੀ। ਬਚਨਾ ਉਸ ਨੂੰ ਚੁੱਪ ਕਰਾਉਂਦਾ ਪਛਤਾ ਰਿਹਾ ਸੀ।

ਹਾਸੇ ਠੱਠੇ ਵਿਚ ਇਹ ਨਵੀਂ ਬਿਪਤਾ ਸਹੇੜ ਬੈਠੇ, ਹੁਣ ਕੀ ਬਣੇਗਾ! ਛਿੱਤਰ ਪੈਣਗੇ, ਪੇਕਿਆਂ ਵੱਲੋਂ ਵੀ ਤੇ ਸਹੁਰਿਆਂ ਵੱਲੋਂ ਵੀ। ਉਸ ਨੇ ਉਸ ਦੀ ਘੜੱਚ ਘੜੱਚ ਕਰਦੀ ਕੂਹਣੀ ਦੁਪੱਟੇ ਨਾਲ ਬੰਨ੍ਹੀ ਤੇ ਉਸ ਨੂੰ ਪਿੱਛੇ ਨੂੰ ਲੈ ਤੁਰਿਆ। ਉਹ ਗੋਜਰਾ ਪਹੁੰਚ ਗਿਆ ਤੇ ਕਿਸੇ ਵੈਦ ਹਕੀਮ ਦੀ ਤਲਾਸ਼ ਕੀਤੀ। ਉਸ ਨੂੰ ਲੱਤਾਂ ਬਾਂਹਾਂ ਬੰਨ੍ਹਣ ਵਾਲੇ ਬੰਦੇ ਦੀ ਦੱਸ ਪਈ। ਉਥੇ ਜਾ ਕੇ ਅਰਜ਼ ਲਾਈ ਕਿ ਮੇਰੀ ਵਿਆਹੁੰਦੜ ਡਿਗ ਪਈ ਹੈ ਤੇ ਉਸ ਦੀ ਬਾਂਹ ਟੁੱਟ ਗਈ ਹੈ। ਵੈਦ ਨੇ ਚੰਗੀ ਤਰ੍ਹਾਂ ਟੋਹੀ। ਸੱਚੀਂ ਅਰਕ ਕਚਰੇ ਕਚਰੇ ਹੋਈ ਪਈ ਸੀ।

"ਤੂੰ ਆਪ ਇਸ ਨੂੰ ਮਾਰ ਕੁੱਟ ਕੇ ਬਾਂਹ ਤੋੜ ਕੇ ਲੈ ਆਇਆ ਹੈਂ। ਤੇਰੇ 'ਤੇ ਮੁਕੱਦਮਾ ਬਣੂੰ!" ਹਕੀਮ ਦੀ ਆਖੀ ਗੱਲ ਨੇ ਉਸ ਦੇ ਪੈਰ ਉਖੇੜ ਦਿੱਤੇ।

"ਨਹੀਂ ਬਾਬਾ ਜੀ! ਮੈਂ ਆਪ ਆਪਣੀ ਬੇਵਕੂਫੀ ਕਰ ਕੇ ਸਾਈਕਲ ਤੋਂ ਡਿੱਗੀ ਸਾਂ।" ਵਹੁਟੀ ਨੇ ਸਫਾਈ ਦੇ ਕੇ ਉਸ ਦਾ ਬਚਾ ਕਰ ਲਿਆ।

ਬਾਬੇ ਨੇ ਕਿਹਾ, "ਘਬਰਾਉਣ ਦੀ ਕੋਈ ਲੋੜ ਨਹੀਂ, ਬਿਲਕੁਲ ਠੀਕ ਹੋ ਜਾਵੇਗੀ, ਬੈਠੋ।" ਉਸ ਨੇ ਬਾਂਸ ਦੀਆਂ ਦੋ ਤਿੰਨ ਫੱਟੀਆਂ ਉਨ੍ਹਾਂ ਦੇ ਸਾਹਮਣੇ ਹੀ ਚਾਕੂ ਨਾਲ ਛਿੱਲੀਆਂ, ਬਣਾਈਆਂ ਤੇ ਬਾਂਹ ਸਿੱਧੀ ਕਰ ਕੇ ਉਸ 'ਤੇ ਟਿਕਾ ਦਿੱਤੀਆਂ। ਉਸ ਦਾ ਉਹੀ ਦੁਪੱਟਾ, ਜੋ ਸਿਰ 'ਤੇ ਲੈਣਾ ਲੋਚਦੀ ਸੀ, ਬਚੀਆਂ ਲੀਰਾਂ ਪਾੜ ਕੇ ਪੱਟੀ ਬੰਨ੍ਹ ਦਿੱਤੀ। ਉਸ 'ਤੇ ਪਾਣੀ ਪਾ ਦਿੱਤਾ ਤੇ ਕਿਹਾ, "ਲਓ! ਸਵੇਰੇ ਇਸ 'ਤੇ ਹੋਰ ਬਹਿਆ ਪਾਣੀ ਪਾ ਦੇਣਾ ਤੇ ਸ਼ਾਮ ਨੂੰ ਵੀ ਪਾਣੀ ਦੇ ਦੇਣਾ। ਤਿੰਨ ਦਿਨਾਂ ਵਿਚ ਬਿਲਕੁਲ ਠੀਕ ਹੋ ਜਾਊ।"

ਪਿੰਡ ਜਾ ਕੇ ਸੱਸ-ਸਹੁਰੇ ਤੋਂ ਡਰਦੇ ਡਰਦੇ ਅੰਦਰ ਵੜੇ, ਪਰ ਇਹ ਮਾਮਲਾ ਛੁਪਣ ਵਾਲਾ ਨਹੀਂ ਸੀ। ਏਨਾ ਨੁਕਸਾਨ ਹੋਇਆ ਵੇਖ ਕੇ ਉਹ ਵੀ ਡਰ ਗਏ। ਉਨ੍ਹਾਂ ਕੁਝ ਨਾ ਕਿਹਾ। ਤਸੱਲੀ ਦਿੱਤੀ ਕਿ ਸ਼ੁਕਰ ਹੈ, ਸੱਟ ਲਵਾਈ ਹੈ ਤੇ ਬੰਨ੍ਹ ਵੀ ਲਿਆਏ ਹੋ, ਤਾਂ ਕੋਈ ਗੱਲ ਨਹੀਂ।

ਵੈਦ ਦੀ ਹਦਾਇਤ ਅਨੁਸਾਰ ਚਾਰ ਦਿਨ ਉਸੇ ਤਰ੍ਹਾਂ ਪਾਣੀ ਪਾਉਂਦੇ ਰਹੇ। ਤਿੰਨ ਦਿਨਾਂ ਬਾਅਦ ਦਰਦ ਕੁਝ ਘਟ ਗਿਆ। ਉਨ੍ਹਾਂ ਮਹਿਸੂਸ ਕੀਤਾ ਕਿ ਹੱਡੀ ਜੁੜ ਗਈ ਹੈ। ਫਿਰ ਉਸ ਨੂੰ ਦਿਖਾਉਣ ਗਏ। ਉਸ ਨੇ ਫੱਟੀਆਂ ਖੋਲ੍ਹ ਦਿੱਤੀਆਂ। ਵੈਦ ਨੇ ਤੇਲ ਦਿੱਤਾ ਤੇ ਕਿਹਾ, "ਹੁਣ ਸੱਤ ਦਿਨ ਇਸ ਦੀ ਮਾਲਸ਼ ਕਰਨੀ ਹੈ।" ਇਸ ਤਰ੍ਹਾਂ ਉਹ ਵੈਦ ਦੀ ਹਦਾਇਤ 'ਤੇ ਮਾਲਸ਼ ਕਰਦੇ ਰਹੇ, ਪਰ ਅਰਕ ਦਾ ਜੋੜ ਏਨਾ ਜੁੜ ਗਿਆ ਕਿ ਉਸ ਦੀ ਹਿਲਜੁਲ ਨਹੀਂ ਹੋ ਰਹੀ ਸੀ। ਹੁਣ ਉਹ ਸੱਜ-ਵਿਆਹੀ ਵਿੰਗੀ ਬਾਂਹ ਨਾਲ ਫਿਰ ਰਹੀ ਸੀ। ਅਰਕ ਉਸ ਦੀ ਇਕ ਡਿੰਗ ਨਾਲ ਪੱਕੀ ਬੱਝ ਗਈ ਸੀ। ਉਨ੍ਹਾਂ ਨੂੰ ਫਿਕਰ ਹੋਣ ਲੱਗਾ ਕਿ ਸਾਰੀ ਉਮਰ ਕਿੱਦਾਂ ਲੰਘੇਗੀ। ਉਨ੍ਹਾਂ ਕਿਸੇ ਹੋਰ ਸਿਆਣੇ ਕੋਲ ਜਾ ਅਰਜ਼ ਗੁਜ਼ਾਰੀ। ਸਿਆਣੇ ਨੇ ਟੋਹ ਕੇ ਦੇਖਿਆ ਤੇ ਕਿਹਾ ਕਿ ਇਹ ਮੁੜ ਤੋੜ ਕੇ ਫਿਰ ਬੰਨ੍ਹਣੀ ਪਊ। ਉਹ ਡਰ ਗਏ, ਪਰ ਹੋਰ ਕੋਈ ਚਾਰਾ ਨਹੀਂ ਸੀ। ਉਸ ਨੇ ਕੜੱਚ ਕਰ ਕੇ ਇਕ ਵੇਰਾਂ ਤੋੜ ਕੇ ਮੁੜ ਬੰਨ੍ਹ ਦਿੱਤੀ। ਉਸ ਨੂੰ ਰੋਂਦੀ ਕੁਰਲਾਉਂਦੀ ਲੈ ਕੇ ਘਰ ਆ ਗਿਆ। ਇਸੇ ਤਰ੍ਹਾਂ ਵਾਰ ਵਾਰ ਦੀ ਪ੍ਰਕ੍ਰਿਆ ਵਿਚ ਇਹ ਬਾਂਹ ਤਿੰਨ ਵੇਰਾਂ ਤੋੜੀ ਤੇ ਤਿੰਨ ਵੇਰਾਂ ਬੰਨ੍ਹੀ ਗਈ।

ਕਈ ਮਹੀਨੇ ਤੇ ਸਾਲ ਲੰਘ ਗਏ, ਬਾਂਹ ਉਸੇ ਤਰ੍ਹਾਂ ਹੀ ਰਹਿ ਗਈ, ਸਿੱਧੀ ਨਾ ਹੋਈ। ਅਰਕ ਜੰਮ ਗਈ ਤੇ ਉਸੇ ਤਰ੍ਹਾਂ ਜੁੜ ਗਈ। ਪਿਛੋਂ ਚਾਚਾ ਬਚਨ ਸਿੰਘ ਸਾਰੀ ਉਮਰ ਉਸ ਨੂੰ ਘੁੰਡ ਦੀ ਯਾਦ ਕਰਾ ਕੇ ਮਖੌਲ ਕਰਦਾ ਛੇੜਦਾ ਰਹਿੰਦਾ, 'ਸਹੁਰਿਆਂ ਦਾ ਪਿੰਡ ਆ ਗਿਆ, ਘੁੰਡ ਕੱਢ ਲੈ ਪਤਲੀਏ ਨਾਰੇ।' ਇਸ ਘੁੰਡ ਕੱਢਣ ਦੇ ਸਿਆਪੇ ਨੇ ਹੀ ਉਸ ਸੁੰਦਰ ਨੱਢੀ ਨੂੰ ਅਪਾਹਜ ਕਰ ਕੇ ਸਾਰੀ ਉਮਰ ਦਾ ਏਨਾ ਵੱਡਾ ਸਿਆਪਾ ਪਾ ਦਿੱਤਾ।

ਸਾਡੇ ਬੈਠੇ ਬੈਠੇ ਮੇਰਾ ਪੁੱਤਰ ਦਲਵੀਰ ਕਿਸੇ ਦੇ ਨਾਲ ਜਾ ਕੇ ਮਾਤਾ ਦੌਲਾਂ ਦੀ ਅਸ਼ੀਰਵਾਦ ਵੀ ਲੈ ਆਇਆ। ਉਸ ਨੇ ਦੱਸਿਆ ਕਿ ਉਹ ਹੁਣ ਉਠਣ ਜੋਗੀ ਤਾਂ ਨਹੀਂ ਸੀ ਪਰ ਮੇਰਾ ਸਿਰ ਆਪਣੀ ਹਿੱਕ ਨਾਲ ਲਾ ਕੇ ਉਸ ਦੀਆਂ ਭੁੱਬਾਂ ਨਿਕਲ ਗਈਆਂ ਸਨ। ਉਹ ਖੀਸੇ ਵਿਚੋਂ ਕੱਢ ਕੇ ਇਕ ਛਿੱਲੜ ਦੇਣਾ ਚਾਹੁੰਦੀ ਸੀ, ਪਰ ਮੈਂ ਉਹ ਛਿੱਲੜ ਰੱਖ ਕੇ ਕੁਝ ਹੋਰ ਸਰਦਾ ਬਣਦਾ ਉਸ ਨੂੰ ਮੱਥਾ ਟੇਕ ਆਇਆਂ। ਮੈਨੂੰ ਪਤਾ ਹੈ, ਉਸ ਦੇ ਮੱਥੇ ਦਾ ਮਤਲਬ ਘੱਟੋ ਘੱਟ ਸੌ ਡਾਲਰ ਤਾਂ ਹੈ ਹੀ।

"ਸ਼ਾਬਾਸ਼ ਤੇਰੇ ਬੇਟਾ ਧੰਨਵਾਦ! ਚੰਗਾ ਕੀਤਾ ਤੂੰ।" ਮੈਂ ਉਸ ਨੂੰ ਥਪਕੀ ਦਿੱਤੀ।

"ਸੋਖਾ ਕੌਣ ਹੈ ਡੈਡੀ! ਉਹ ਸੋਖੇ ਬਾਰੇ ਪੁੱਛਦੀ ਉਸ ਨੂੰ ਯਾਦ ਕਰਦੀ ਸੀ। ਉਹ ਦੱਸਦੀ ਸੀ ਕਿ ਇਕ ਵੇਰਾਂ ਤਰਨ ਤਾਰਨ ਦੀ ਮੱਸਿਆ ਨਹਾਉਣ ਵੇਲੇ ਉਹ ਸਾਡੇ ਪਿਛਲੇ ਪਿੰਡ ਸਖੀਰੇ ਵੀ ਗਈ ਸੀ।" ਦਲਵੀਰ ਉਸ ਦੇ ਸੁਨੇਹੇ ਬਾਰੇ ਵਿਸਮਕ ਸੀ।

ਸੋਖਾ ਮੇਰਾ ਵੱਡਾ ਚਾਚਾ ਸੀ। ਮੈਨੂੰ ਯਾਦ ਆਇਆ, ਉਸ ਦੀ ਕਿਸੇ ਮੁਸਲਿਮ ਲੜਕੀ ਨਾਲ ਗਿਟਮਿਟ ਹੋ ਗਈ ਸੀ। ਇਸ ਕਾਰਨ ਮੇਰੇ ਬਾਬਾ ਜੀ ਨੇ ਜਲਦੀ ਹੀ ਉਸ ਨੂੰ ਵਾਪਸ ਆਪਣੇ ਦੇਸ਼ ਭੇਜ ਦਿੱਤਾ ਸੀ, ਜਿੱਥੋਂ ਸ਼ਾਇਦ ਇੱਥੇ ਮੁੜ ਕੇ ਆਉਣਾ ਉਸ ਨੂੰ ਨਸੀਬ ਨਾ ਹੋਇਆ। ਹੋ ਸਕਦਾ, ਇਹ ਵਿਚਾਰੀ ਉਸ ਦੀ ਗੱਲ ਕਰਦੀ ਹੋਵੇ ਜਾਂ ਉਸ ਦੇ ਇਸ਼ਕ ਕਹਾਣੀ ਦੀ ਪਾਤਰ ਹੋਵੇ। ਮੈਂ ਦਲਵੀਰ ਦਾ ਜੁਆਬ ਦੇਣੋਂ ਪਾਸਾ ਵੱਟ ਲਿਆ।

ਚਾਹ ਨਾਸ਼ਤੇ ਦੀਆਂ ਚੁਸਕੀਆਂ ਭਰਦੇ ਮੇਰਾ ਮਨ ਵੀ ਕਿਰਕਿਰਾ ਜਿਹਾ ਹੋ ਗਿਆ। ਸਾਡੇ ਪੁਰਾਣੇ ਘਰ ਵਿਚ ਵੱਸਦੇ ਸਾਡੇ ਅੱਜ ਦੇ ਮੇਜ਼ਬਾਨ ਸਾਨੂੰ ਰਾਤ ਰੱਖਣ ਲਈ ਜ਼ੋਰ ਲਾ ਰਹੇ ਸਨ। ਅਸੀਂ ਬੜੀ ਮੁਸ਼ਕਿਲ ਨਾਲ ਉਨ੍ਹਾਂ ਕੋਲੋਂ ਵਿਦਾਈ ਲੈ ਕੇ ਅਗਲੇ ਰਸਤੇ ਪੈ ਗਏ। ਦੌਲਾਂ ਨੂੰ ਨਾ ਮਿਲਣ ਦਾ ਪਛਤਾਵਾ ਤੇ ਉਲਾਂਭਾ ਬਹੁਤ ਦੇਰ ਮੇਰੇ ਮਨ ਵਿਚ ਉਥਲ-ਪੁਥਲ ਕਰਦਾ ਰਿਹਾ। ਹੋ ਸਕਦਾ, ਉਸ ਨੂੰ ਮੈਂ ਆਪ ਜਾ ਕੇ ਮਿਲਦਾ ਤਾਂ ਹੀਰ ਰਾਂਝੇ ਵਾਲੀ ਕੋਈ ਨਵੀਂ ਗਾਥਾ ਮੇਰੇ ਪਿੰਡ ਦੀ ਇਸ ਫੇਰੀ ਦਾ ਦਿਲਚਸਪ ਕਾਂਡ ਬਣ ਜਾਂਦੀ, ਪਰ...!

ਵਾਪਸੀ 'ਤੇ ਪਿੰਡ ਦਾ ਗੁਰਦੁਆਰਾ ਸਥਲ ਲੰਘਦੇ ਮੈਂ ਸਿਰ ਨਿਵਾਇਆ। ਗੱਡੀ ਖਲ੍ਹਾਰ ਕੇ ਮੱਥਾ ਟੇਕਿਆ। ਇਸ ਪਵਿੱਤਰ ਮਿੱਟੀ ਦੀ ਮੁੱਠ ਭਰ ਕੇ ਕਾਗਜ਼ ਵਿਚ ਲਪੇਟ ਕੇ ਸਾਂਭ ਲਈ। ਇਕ ਪੁਰਾਣੀ ਨਾਨਕਸ਼ਾਹੀ ਚਿੱਪਰ ਨਿਸ਼ਾਨੀ ਵਜੋਂ ਰੁਮਾਲ ਵਿਚ ਲਪੇਟ ਕੇ ਜੇਬ ਵਿਚ ਪਾ ਲਈ ਕਿ ਇਹ ਮੈਂ ਸਾਰੀ ਉਮਰ ਵਾਸਤੇ ਆਪਣੇ ਵਾਧਰੇ 'ਤੇ ਸਜਾਈ ਰੱਖਾਂਗਾ।

*('ਮਿੱਟੀ ਦੀ ਮਹਿਕ' ਵਿਚੋਂ)*

---

# ਦਰਦ-ਵੰਝਲੀ ਦੀ ਹੂਕ-2

*(ਪਿਛਲੇ ਸਫੇ ਦੀ ਬਾਕੀ)*

ਮਾਂ ਦੀ ਮੌਤ ਤੋਂ ਬਾਅਦ
ਪਹਿਲੀ ਵਾਰ ਪਿੰਡ ਆਇਆਂ ਹਾਂ
ਘਰ ਦੇ ਸਾਰੇ ਜੀਅ
ਪੀਰ ਦੀ ਦਰਗਾਹ 'ਤੇ ਗਏ ਹੋਏ ਨੇ

ਮੈਂ ਘਰ 'ਚ ਇਕੱਲਾ
ਸਿਮਰਤੀਆਂ 'ਚ ਗਵਾਚ ਜਾਂਦਾ ਹਾਂ।
'ਮਾਂ ਦਾ ਉਚੇਚ ਨਾਲ
ਪਿੰਡ ਆਉਣ ਲਈ ਕਹਿਣਾ
ਸਵੇਰ ਤੋਂ ਹੀ ਦਰਾਂ ਦੀ ਬਿੜਕ ਲੈਣਾ
ਅਤੇ ਦੇਰ ਨਾਲ ਆਉਣ 'ਤੇ
ਨਿਹੋਰਾ ਦਿੰਦਿਆਂ
ਕਲਾਵੇ 'ਚ ਲੈ ਅਸੀਸਾਂ ਦੀ
ਝੜੀ ਲਾਉਣ ਦੀਆਂ ਯਾਦਾਂ
ਮੇਰੀ ਉਦਾਸੀ ਨੂੰ ਹੋਰ ਸੰਘਣਾ ਕਰ
ਅੱਖਾਂ ਨਮ ਕਰ ਜਾਂਦੀਆਂ ਹਨ।

ਪੈਰਾਂ ਦੀ ਬਿੜਕ
ਮੇਰੀ ਨਮ-ਚੁੱਪ ਨੂੰ ਤੋੜਦੀ ਹੈ
ਨੰਗੇ ਪੈਰੀਂ ਘਰ ਵੜਦਾ ਬਾਪ,
ਬੋਝੇ 'ਚੋਂ ਅੰਬ ਕੱਢ
ਮੈਨੂੰ ਦਿੰਦਿਆਂ ਕਹਿੰਦਾ ਹੈ,
"ਮੈਨੂੰ ਪਤਾ ਸੀ, ਤੂੰ ਆਇਆ ਹੋਵੇਂਗਾ
ਤੈਨੂੰ ਖੂਹ ਵਾਲੇ ਬੂਟੇ ਦੇ
ਅੰਬ ਬਹੁਤ ਪਸੰਦ ਹਨ
ਅੱਜ ਇਕ ਪੱਕਾ ਅੰਬ ਲੱਭਾ ਸੀ
ਲੈ ਫੜ੍ਹ, ਚੂਪ ਲੈ"
ਅਤੇ ਮੈਂ ਬਾਪ ਦੇ ਝੁਰੜੀਆਂ ਭਰੇ
ਕੰਬਦੇ ਹੱਥ 'ਚੋਂ ਅੰਬ ਲੈਂਦਿਆਂ
ਸੋਚਦਾ ਹਾਂ......
ਮਾਂ ਦੀ ਮੌਤ ਤੋਂ ਬਾਅਦ
ਬਾਪ, ਮਾਂ ਵੀ ਬਣ ਗਿਆ ਹੈ!!!
ਹੁਣ ਮੌਤ ਤੋਂ ਬਾਅਦ
ਕਿੰਜ ਬਾਪ ਬਣੇਗਾ ਮਾਂ?

ਹੁਣ ਤਾਂ ਉਸ ਦੇ ਸਦੀਵੀ ਵਿਛੋੜੇ ਨੂੰ ਸਵੀਕਾਰਨ ਦੇ ਨਾਲ ਨਾਲ, ਉਸ ਦੀਆਂ ਸਭ ਜ਼ਿੰਮੇਵਾਰੀਆਂ ਨੂੰ ਉਸੇ ਤਰਜ਼ੀਹ, ਤਮੰਨਾ ਅਤੇ ਤਾਬਿਆਦਾਰੀ ਨਾਲ ਨਿਭਾਉਣਾ ਪੈਣਾ ਹੈ, ਜੋ ਕਦੇ ਬਾਪ ਦੇ ਬਾਪ ਨੇ ਮੇਰੇ ਬਾਪ ਨੂੰ ਦਿਤੀਆਂ ਸਨ। ਇਹੀ ਤਾਂ ਕੁਦਰਤ ਦਾ ਅਸੂਲ ਏ ਅਤੇ ਇਸ ਨਿਰੰਤਰਤਾ ਨੇ ਸਦਾ ਬਰਕਰਾਰ ਰਹਿਣਾ ਏ।

ਪਰਦੇਸ ਪਰਤਣ ਲਈ ਤਿਆਰ ਹਾਂ। ਦਰਦ ਦਾ ਪਿੰਜਿਆ, ਕਿਸੇ ਰਾਹਤ ਦੀ ਭਾਲ ਵਿਚ ਢਾਈ ਮਹੀਨੇ ਪਿੰਡ ਦੀਆਂ ਜੂਹਾਂ ਫਰੋਲਦਾ ਰਿਹਾ, ਜਿਸ ਵਿਚ ਬਾਪ ਦੇ ਕਦਮਾਂ ਦੀ ਤਾਲ ਤਾਅ-ਉਮਰ ਧੜਕਦੀ ਰਹੀ। ਅੱਖਾਂ ਵਿਚ ਹੰਝੂਆਂ ਦੀ ਨੈਅ, ਸੋਚਾਂ ਵਿਚ ਗਮ ਦੀਆਂ ਘੁੰਮਣਘੇਰੀਆਂ ਅਤੇ ਕਦਮਾਂ ਵਿਚ ਪਰਦੇਸ ਪਰਤਣ ਦਾ ਚਾਅ ਨਹੀਂ ਸੀ। ਭੈਣ-ਭਰਾ ਤੋਰਨ ਆਏ ਨੇ, ਪਰ ਕਿਧਰੇ ਨਜ਼ਰ ਨਹੀਂ ਆਉਂਦਾ ਬਾਪ, ਉਸ ਦੇ ਨੈਣਾਂ 'ਚ ਤਰਦਾ ਹੁਲਾਸ, ਸਿਰ 'ਤੇ ਅਸੀਸਾਂ ਦਿੰਦੇ ਹੱਥਾਂ ਵਿਚਲੀ ਨਿਰਛੱਲਤਾ, ਉਸ ਦੇ ਬੋਲਾਂ ਵਿਚ ਜਲਦੀ ਵਾਪਸ ਆਉਣ ਦਾ ਦਾਈਆ, ਉਸ ਦੀ ਤੱਕਣੀ ਵਿਚ ਬੱਚਿਆਂ ਦੀ ਸੁਪਨ-ਪੂਰਤੀ ਕਾਰਨ ਛਲਕਦਾ ਅਹਿਸਾਸ, ਪਰਦੇਸ ਵੱਸਦੇ ਬੱਚਿਆਂ ਦੀ ਤੰਦਰੁਸਤੀ ਅਤੇ ਕਾਮਯਾਬੀ ਦੀਆਂ ਬੁਲੰਦੀਆਂ ਛੂਹਣ ਦੀ ਚਾਹਨਾ ਅਤੇ ਮਿਲਣ ਵਾਲੀਆਂ ਦੁਆਵਾਂ ਦੀਆਂ ਬਰਕਤਾਂ। ਮੇਰੇ ਦੁਆਲੇ ਫੈਲਣ ਵਾਲੇ ਚਾਨਣ ਦੇ ਦਾਇਰੇ ਦੀ ਗੈਰ-ਹਾਜ਼ਰੀ ਬਹੁਤ ਰੜਕਦੀ ਏ। ਸੋਚਦਾਂ ਇਸ ਤਰ੍ਹਾਂ ਤਾਂ ਮੈਂ ਕਦੇ ਵੀ ਵਿਦੇਸ਼ ਨੂੰ ਨਹੀਂ ਸੀ ਪਰਤਿਆ। ਸਦਾ ਬਾਪ ਦੀ ਬੁੱਕਲ ਦਾ ਨਿੱਘ ਤੇ ਸਕੂਨ ਦੀਆਂ ਝੋਲੀਆਂ ਭਰ ਕੇ ਨਾਲ ਆਉਣ ਵਾਲਾ ਵਜੂਦ, ਇਸ ਘਾਟ ਨੂੰ ਮਹਿਸੂਸ ਕਰਦਾ ਹੈ। ਬਾਪ ਨੂੰ ਸਦੀਵੀ ਯਾਤਰਾ 'ਤੇ ਤੋਰਨ ਅਤੇ ਉਸ ਨੂੰ ਕਦੇ ਵੀ ਵਾਪਸ ਨਾ ਪਰਤਣ ਦੀ ਰਾਹ 'ਤੇ ਤੋਰਨ ਤੋਂ ਬਾਅਦ, ਜਦ ਘਰੋਂ ਪਰਦੇਸ ਨੂੰ ਤੁਰਨ ਲੱਗਾਂ ਤਾਂ ਮਨ ਵਿਚ ਆਇਆ ਕਿ ਹੁਣ ਕਿਸੇ ਨੇ ਨਹੀਂ ਛੇਤੀ ਛੇਤੀ ਫੋਨ ਨਾ ਕਰਨ 'ਤੇ ਦਬਕਾ ਮਾਰਨਾ, ਜਲਦੀ ਪਿੰਡ ਆਉਣ ਲਈ ਤਾਕੀਦ ਕਰਨੀ ਅਤੇ ਫੋਨ ਕਰਦਿਆਂ, ਆਰ-ਪਰਿਵਾਰ ਅਤੇ ਪੋਤਰੀ ਦੇ ਬੱਚਿਆਂ ਨੂੰ ਅਸੀਸਾਂ ਦਿੰਦਿਆਂ, ਅਕਸਰ ਰਿਸੀਵਰ ਵਿਚ ਹਉਕਾ ਧਰਨਾ।

ਸੋਚਦਾ ਰਿਹਾ ਕਿ ਹੁਣ ਪਿੰਡ ਨੇ ਹੋ ਜਾਣਾ ਬੇਗਾਨਾ ਕਿਉਂਕਿ ਮਾਪਿਆਂ ਦੀ ਹਾਜਰੀ ਹੀ ਤੁਹਾਨੂੰ ਪਿੰਡ ਨੂੰ ਨਤਮਸਤਕ ਹੋਣ ਲਈ ਉਤੇਜਿਤ ਕਰਦੀ। ਮਾਪਿਆਂ ਬਗੈਰ ਸਿਰਫ ਘਰਾਂ ਦੀ ਚੁਪ, ਦਰਾਂ ਨੂੰ ਲੱਗੇ ਜਿੰਦਰੇ ਅਤੇ ਇਕ ਖਲਾਅ ਹੀ ਤੁਹਾਡੀ ਉਡੀਕ ਕਰਦਾ। ਰਿਸ਼ਤਿਆਂ ਦਾ ਕੇਂਦਰ ਬਿੰਦੂ ਤੁਰ ਜਾਣ 'ਤੇ ਖਤਮ ਹੋ ਜਾਂਦੀ ਰਿਸ਼ਤਿਆਂ ਵਿਚਲੀ ਤੜਪ, ਨਿੱਘ, ਅਪਣੱਤ ਅਤੇ ਇਕ ਦੂਜੇ ਦੇ ਸਦਕੇ ਜਾਣ ਦੀ ਅਉਧ। ਮਾਪਿਆਂ ਤੋਂ ਬਾਅਦ ਤਾਂ ਭੈਣ-ਭਰਾ ਕਿੰਨੇ ਵੀ ਚੰਗੇ ਹੋਣ, ਛੋਟੇ ਜਿਹੇ ਨਿੱਜ ਪਿਛੇ ਸ਼ਰੀਕ ਬਣਦਿਆਂ ਦੇਰ ਨਹੀਂ ਲੱਗਦੀ। ਘਰ ਦੀਆਂ ਕੰਧਾਂ ਦੇ ਲੱਥਣੇ ਸ਼ੁਰੂ ਹੋ ਜਾਂਦੇ ਲਿਓੜ ਅਤੇ ਇਨ੍ਹਾਂ ਦੀ ਜਰਜ਼ਰੀ ਹੋਂਦ, ਪਰਿਵਾਰਕ ਬਿਖਰਾਅ ਦੀ ਜਾਮਨ ਬਣਦੀ। ਫਿਰ ਤਾਂ ਪਿੰਡ ਨੂੰ ਜਾਣ ਅਤੇ ਖੇਤਾਂ ਵੰਨੀਂ ਗੇੜਾ ਲਾਉਣ ਤੋਂ ਵੀ ਮਨ ਤ੍ਰਹਿਣ ਲੱਗ ਪੈਣਾ ਏ ਕਿਉਂਕਿ ਇਸ ਦੀ ਅਰੰਭਕ ਅਦਿੱਖ ਝਲਕ ਨੇ ਹੀ ਮਨ ਵਿਚ ਸੰਭਾਵਤ ਭਰਮ-ਭੁਲੇਖਿਆਂ ਨੂੰ ਦੂਰ ਕਰ ਦਿਤਾ ਕਿ ਭਵਿੱਖ ਵਿਚ ਪਰਿਵਾਰਕ ਸਬੰਧਾਂ ਨੇ ਕਿਹੜਾ ਰੂਪ ਧਾਰਨਾ ਏ? ਇਸ ਡਰ ਨੇ ਹੀ ਨਿਰਮੋਹੇਪਣ, ਸਵਾਰਥ ਅਤੇ ਅਹਿਸਾਸਹੀਣਤਾ ਨੂੰ ਸਬੰਧਾਂ ਵਿਚ ਧਰਨਾ ਏ ਅਤੇ ਸਬੰਧ-ਸਥੂਲਤਾ ਨੇ ਹੌਲੀ ਹੌਲੀ ਮਰਨਾ ਏ। ਸਬੰਧਾਂ ਦਾ ਮਰਨਾ ਵੀ ਅਜਿਹਾ ਹੋਣਾ ਕਿ ਤੁਸੀਂ ਰੋ ਵੀ ਨਹੀਂ ਸਕਣਾ। ਕਿਸੇ ਨੂੰ ਦੱਸ ਵੀ ਨਹੀਂ ਸਕਣਾ ਕਿਉਂਕਿ ਬਹੁਤ ਔਖਾ ਹੁੰਦਾ ਏ ਕਾਲਖ ਨੂੰ ਉਛਾਲਣਾ ਅਤੇ ਆਪਣੇ ਹੀ ਸਮਾਜਕ ਬਿੰਬ ਨੂੰ ਕਲੰਕਿਤ ਕਰਨਾ।

ਮਨ 'ਚ ਆਉਂਦਾ ਕਿ ਕਿੰਨਾ ਅੰਤਰ ਹੈ ਇਸ ਵਾਰ ਪਿੰਡ ਨੂੰ ਆਉਣ ਅਤੇ ਪਿੰਡ ਤੋਂ ਵਾਪਸ ਪਰਤਣ ਵਿਚ। ਆਉਂਦੇ ਸਮੇਂ ਤਾਂ ਮਨ ਵਿਚ ਇਕ ਆਸ ਸੀ ਬਾਪ ਦੇ ਠੀਕ ਹੋਣ ਦੀ, ਉਸ ਨੂੰ ਮਿਲਣ ਦੀ, ਗੱਲਾਂ ਕਰਨ ਦੀ ਅਤੇ ਉਸ ਦੀ ਸਿਹਤਯਾਬੀ ਵਿਚੋਂ ਹੀ ਆਪਣੇ ਆਉਣ ਦੀ ਧੰਨਭਾਗਤਾ ਨੂੰ ਸਿਰਜਣ ਦੀ। ਪਰ ਬਾਪ ਦਾ ਸਦੀਵੀ ਸਫਰ 'ਤੇ ਜਾਣ ਤੋਂ ਪਹਿਲਾਂ ਹੀ ਚੁੱਪ-ਸਾਧਨਾ ਵਿਚ ਡੁੱਬ ਜਾਣਾ, ਮੇਰੀਆਂ ਭਾਵਨਾਵਾਂ ਨੂੰ ਅਵਾਕ ਕਰ ਗਿਆ। ਹੁਣ ਦਿਲ ਵਿਚ ਇਕ ਖਾਲੀਪਣ ਲੈ ਕੇ ਵਾਪਸ ਪਰਤ ਰਹੇ ਹਾਂ ਜਿਸ ਨੇ ਕਦੇ ਨਹੀਂ ਭਰਨਾ। ਸਿਰਫ ਬਾਪ ਦੀਆਂ ਸਿਆਣਪ-ਮਈ, ਨਿੱਘੀਆਂ, ਮਿੱਠੀਆਂ ਅਤੇ ਸਦਾ ਸਜੀਲੀਆਂ ਯਾਦਾਂ ਦਾ ਕਾਫਲਾ ਅੰਗ-ਸੰਗ ਰਹੇਗਾ ਅਤੇ ਇਸ ਵਿਚੋਂ ਹੀ ਸਬਰ, ਸਕੂਨ, ਸਦਭਾਵਨਾ ਅਤੇ ਸਮਰਿਧੀ ਨੂੰ ਆਪਣੀ ਚੇਤਨਾ ਦੇ ਨਾਮ ਕਰ, ਜ਼ਿੰਦਗੀ ਨੂੰ ਸੁੱਚੀਆਂ ਤਰਜੀਹਾਂ ਵੰਨੀਂ ਸੇਧਤ ਕਰਦਾ ਰਹਾਂਗਾ।

ਘਰ ਨੂੰ ਖੁੱਲ੍ਹਾ ਛੱਡ ਕੇ ਦਰੋਂ ਬਾਹਰ ਪੈਰ ਰੱਖਦਿਆਂ, ਆਪਣੇ ਹੰਝੂਆਂ ਨੂੰ ਭੈਣ-ਭਰਾਵਾਂ ਤੋਂ ਲੁਕਾਉਂਦਾ, ਪਰਵਾਸੀ ਧਰਤੀ ਨੂੰ ਤੁਰ ਪੈਂਦਾ ਹਾਂ, ਕਿਉਂਕਿ ਦਰਾਂ 'ਤੇ ਉਕਰੀ ਉਸ ਖਾਮੋਸ਼ੀ ਨੂੰ ਮੁਖਾਤਬ ਹੋਣ ਤੋਂ ਡਰਦਾ ਹਾਂ, ਜਿਸ ਨੇ ਸਾਨੂੰ ਇਸ ਪਿੱਛੋਂ ਅਕਸਰ ਹੀ ਉਡੀਕਿਆ ਕਰਨਾ ਏ।

ਹੁਣ ਤਾਂ ਘਰ ਨੂੰ ਲੱਗਿਆ ਜਿੰਦਰਾ ਹੀ ਉਡੀਕ ਕਰੇਗਾ, ਅਸਾਂ ਪਰਦੇਸੀਆਂ ਦੀ।

*(ਸਮਾਪਤ)*

# ਇਸ ਤਰ੍ਹਾਂ ਵੀ ਹੁੰਦਾ ਹੈ

## ਕਹਾਣੀ

ਕਿੱਥੇ ਗਈ ਹੋਵੇਗੀ ਉਹ? ਪਹਿਲਾਂ ਤਾਂ ਇੰਜ ਕਦੇ ਨਹੀਂ ਹੋਇਆ ਕਿ ਉਹ ਮਿੱਥੇ ਸਮੇਂ 'ਤੇ ਘਰ ਨਾ ਪਹੁੰਚੀ ਹੋਵੇ। ਜੇ ਕੋਈ ਕਾਰਨ ਹੁੰਦਾ ਤਾਂ ਵੀ ਉਹ ਫੋਨ ਜਰੂਰ ਕਰ ਦਿੰਦੀ। ਮੇਰੀ ਚਿੰਤਾ ਦੀ ਉਸ ਨੂੰ ਚਿੰਤਾ ਹੈ, ਬਹੁਤ ਹੈ; ਪਰ ਅੱਜ ਉਸ ਦੀ ਚਿੰਤਾ ਦੀ ਬੇਚੈਨੀ ਨੇ ਮੈਨੂੰ ਇਸ ਤਰ੍ਹਾਂ ਘੇਰਿਆ ਹੋਇਆ ਹੈ ਕਿ ਮੇਰੇ ਪੈਰ ਨਾ ਘਰ ਦੇ ਅੰਦਰ ਟਿਕ ਰਹੇ ਹਨ ਅਤੇ ਨਾ ਹੀ ਘਰ ਦੇ ਬਾਹਰ ਕਦਮ ਰੱਖਣ ਵਿਚ ਸਫਲ ਹੋ ਰਹੇ ਹਨ। ਕਿੱਥੇ ਜਾਵਾਂ, ਕੀਹਨੂੰ ਪੁੱਛਾਂ? ਜਦੋਂ ਕੁਝ ਨਾ ਸੁੱਝਿਆ ਤਾਂ ਫੋਨ ਕੀਤਾ, ਪੁੱਛਣ ਦੇ ਪਹਿਲੇ ਯਤਨ ਵਿਚ ਅਸਫਲਤਾ ਮਿਲੀ ਕਿਉਂਕਿ ਉਧਰ ਕੋਈ ਫੋਨ ਨਹੀਂ ਸੀ ਚੁੱਕ ਰਿਹਾ, ਲਗਾਤਾਰ ਘੰਟੀ ਵਜਦੀ ਰਹੀ, ਇਵੇਂ ਜਿਵੇਂ ਘਰ ਵਿਚ ਸਾਰੇ ਬੋਲੇ ਹੀ ਰਹਿੰਦੇ ਹੋਣ। ਜੀ ਹਾਂ, ਆਪਣੀ ਕੁੜਮਣੀ ਦੇ ਹੀ ਘਰ ਦੀ ਗੱਲ ਕਰ ਰਹੀ ਹਾਂ।

ਹੁਣ ਤਾਂ ਕਈ ਘੰਟੇ ਹੋ ਗਏ ਹਨ, ਰਾਤ ਅੱਠ ਵਜੇ ਤੱਕ ਵਾਪਸ ਆ ਜਾਂਦੀ ਹੈ, ਹੁਣ ਦਸ ਵਜ ਰਹੇ ਹਨ। ਬਸ ਉਸ ਸ਼ਾਂਤ ਜਿਹੀ ਘੜੀ ਵੱਲ ਦੇਖਦੀ ਹਾਂ, ਘੂਰਦੀ ਹਾਂ, ਪਰ ਉਸ ਨੂੰ ਕੀ ਪਤਾ ਕਿ ਜੀਵਨ



**ਦੇਵੀ ਨਾਗਰਾਣੀ**
**ਅਨੁਵਾਦ: ਜਗਦੀਸ਼ ਰਾਏ ਕੁਲਰੀਆਂ**

ਅਹਿਸਾਸਾਂ ਦਾ ਨਾਮ ਹੈ? ਅਹਿਸਾਸ ਕੀ ਹੁੰਦਾ ਹੈ? ਸ਼ਖਸੀ ਕੀ ਹੁੰਦੀ ਹੈ? ਇੰਤਜ਼ਾਰ ਕੀ ਹੁੰਦਾ ਹੈ? ਇਨ੍ਹਾਂ ਸਾਰੀਆਂ ਭਾਵਨਾਵਾਂ ਤੋਂ ਨਾਵਾਕਿਫ...।

ਅਚਾਨਕ ਦਿਲ ਦੀ ਧੜਕਣ ਤੇਜ਼ ਹੋ ਗਈ। ਫੋਨ ਦੀ ਘੰਟੀ ਵੱਜ ਰਹੀ ਸੀ। ਕਾਹਲ ਵਿਚ ਬੰਦ ਕਰਨ ਦਾ ਹੀ ਬਟਨ ਦੱਬਿਆ ਗਿਆ ਅਤੇ ਫੋਨ ਆਪਣੀ ਸਾਰੀ ਅਵਾਜ਼ ਪੂਰੀ ਕਰ ਕੇ ਚੁੱਪ ਹੋ ਗਿਆ। ਮੈਂ ਮੱਥੇ 'ਤੇ ਹੱਥ ਮਾਰਿਆ। ਅਵਾਜ਼ ਤਾਂ ਸੁਣ ਲੈਂਦੀ, ਪੁੱਛ ਤਾਂ ਲੈਂਦੀ ਕਿੱਥੇ ਹੈ, ਹੁਣ ਤੱਕ ਆਈ ਕਿਉਂ ਨਹੀਂ?

ਮੈਂ ਆਪਣੀ ਸੋਚ ਨੂੰ ਬਰੇਕ ਦਿੱਤੀ, ਲੰਮਾ ਸਾਹ ਲਿਆ, ਪਾਣੀ ਦਾ ਗਲਾਸ ਪੀਤਾ ਅਤੇ ਫੇਰ ਇੱਕ ਹੋਰ ਪੀ ਲਿਆ। ਸ਼ਾਂਤ ਹੋਣ ਦੇ ਯਤਨਾਂ ਵਿਚ ਪਲੰਘ 'ਤੇ ਬੈਠ ਗਈ ਅਤੇ ਫੋਨ ਨੂੰ ਫਰੋਲ ਕੇ ਦੇਖਿਆ, ਕੋਈ ਅਣਪਛਾਤਾ ਨੰਬਰ ਸੀ, ਉਸ ਦਾ ਨਹੀਂ, ਜਿਸ ਦਾ ਇੰਤਜ਼ਾਰ ਸੀ। ਬਿਨਾ ਸੋਚੇ ਸਮਝੇ ਮੈਂ ਉਹੀ ਨੰਬਰ ਡਾਇਲ ਕਰ ਦਿੱਤਾ। ਘੰਟੀ ਵੱਜੀ, ਵੱਜਦੀ ਰਹੀ ਅਤੇ ਫੇਰ ਬੰਦ ਹੋ ਗਈ। ਹੁਣ ਮੇਰਾ ਡਰ ਮੈਨੂੰ ਸਹਿਮ ਜਾਣ ਵਿਚ ਸ਼ਹਿ ਦੇ ਰਿਹਾ ਸੀ, ਮੇਰੇ ਹੱਥ ਪੈਰ ਠੰਡੇ ਹੋ ਰਹੇ ਸਨ, ਇੱਕ ਕੰਬਣੀ ਜਿਹੀ ਬਿਜਲੀ ਵਾਂਗ ਅੰਦਰ ਫੈਲਣ ਲੱਗੀ। ਮੈਂ ਬਟਨ ਫੇਰ ਦੱਬਿਆ, ਘੰਟੀ ਵੱਜੀ, ਕਿਸੇ ਨੇ ਚੁੱਕਿਆ ਅਤੇ ਫੇਰ ਰੱਖ ਦਿੱਤਾ। ਹੁਣ ਮੇਰੀ ਪ੍ਰੇਸ਼ਾਨੀ ਦਾ ਹੋਰ ਵਧ ਜਾਣਾ ਸੁਭਾਵਿਕ ਸੀ। ਰਾਤ ਦਾ ਸਮਾਂ, ਬੇਸਬਰੀ ਨਾਲ ਉਸ ਦਾ ਇੰਤਜ਼ਾਰ ਅਤੇ ਗੱਲਬਾਤ ਦਾ ਸਿਲਸਿਲਾ ਬੰਦ, ਜਿਵੇਂ ਹਰ ਪਾਸੇ ਕਰਫਿਊ ਲੱਗਾ ਹੋਵੇ।

ਆਖਿਰ ਫੋਨ ਦੀ ਘੰਟੀ ਵੱਜੀ-ਇੱਕ, ਦੋ, ਤਿੰਨ ਵਾਰ! ਮੈਂ ਬਹੁਤ ਹੀ ਸਾਵਧਾਨੀ ਨਾਲ ਫੋਨ ਕੰਨ ਨੂੰ ਲਾਇਆ ਹੀ ਸੀ ਕਿ ਇੱਕ ਖਰਵੀਂ ਅਵਾਜ਼ ਕੰਨਾਂ ਨਾਲ ਟਕਰਾਈ, "ਪ੍ਰੇਸ਼ਾਨ ਨਾ ਕਰੋ, ਅੱਜ ਉਹ ਘਰ ਮੁੜਨ ਵਾਲੀ ਨਹੀਂ। ਹੁਣੇ ਇੱਕ ਘੰਟੇ ਵਿਚ ਉਸ ਦਾ ਵਿਆਹ ਹੋ ਰਿਹਾ ਹੈ, ਡਿਸਟਰਬ ਨਹੀਂ ਕਰਨਾ।" ਬੇਰਹਿਮੀ ਨਾਲ ਕਹਿੰਦਿਆਂ ਉਸ ਨੇ ਫੋਨ ਕੱਟ ਦਿੱਤਾ ਅਤੇ ਮੈਂ ਬੇਹੋਸ਼ੀ ਦੀ ਹਾਲਤ ਵਿਚ ਬੁੜਬੁੜਾਈ, ਕੰਬੀ ਅਤੇ ਉਥੇ ਹੀ ਪਲੰਘ 'ਤੇ ਮੂਧੇ ਮੂੰਹ ਡਿੱਗ ਪਈ।

ਕੌਣ ਹੈ ਇਹ? ਕਿਸ ਦੀ ਅਵਾਜ਼ ਹੋ ਸਕਦੀ ਹੈ? ਕੀ ਚਾਹੁੰਦਾ ਹੈ ਇਹ, ਕਿਉਂ ਗੁੰਮਰਾਹ ਕਰ ਰਿਹਾ ਹੈ ਮੈਨੂੰ, ਮੇਰੀ ਸੋਚ ਨੂੰ ਅਤੇ ਉਸ ਦੇ ਨਾਲ ਉਸ ਨੂੰ ਵੀ, ਜੋ ਮੇਰੇ ਸਾਹਾਂ ਦੀ ਧੜਕਣ ਹੈ? ਉਹ ਹੀ ਤਾਂ ਮੇਰੇ ਜਿਗਰ ਦਾ ਟੁਕੜਾ ਹੈ, ਉਸ ਬਿਨਾ ਮੇਰੀ ਜ਼ਿੰਦਗੀ ਵੀਰਾਨ ਹੈ, ਅਧੂਰੀ ਅਤੇ ਖਾਲੀ! ਉਹ ਮੇਰੇ ਜਿਉਣ ਦਾ ਸਬੱਬ ਹੈ, ਤੇ ਉਸ ਸਬੱਬ ਦੇ ਨਾਲ ਬੇਸਬੱਬ ਇਹ ਸਭ ਕੁਝ ਕਿਉਂ ਹੋ ਰਿਹਾ ਹੈ, ਜਿਸ ਦੀ ਕਲਪਨਾ ਕਰਕੇ ਹੀ ਮੇਰੇ ਸਰੀਰ ਵਿਚ ਡਰ ਅਤੇ ਜ਼ਹਿਰ ਫੈਲਦਾ ਜਾ ਰਿਹਾ ਹੈ? ਇਸ ਤਰ੍ਹਾਂ ਤਾਂ ਹੋਣਾ ਹੀ ਹੈ, ਜਰੂਰ ਹੋਵੇਗਾ, ਉਹ ਮੇਰਾ ਖੂਨ ਹੈ, ਮੇਰੇ ਵੰਸ਼ ਦੀ ਆਖਰੀ ਨਿਸ਼ਾਨੀ, ਜਿਸ ਨੂੰ ਮੈਂ ਸੀਨੇ ਨਾਲ ਲਾ ਕੇ ਪਾਲਿਆ ਹੈ, ਵੱਡਾ ਕੀਤਾ ਅਤੇ ਉਸ ਨੂੰ ਛਾਂ ਦਿੰਦੀ ਮੈਂ ਖੁਦ ਇੱਕ ਦਰਖਤ ਬਣ ਗਈ ਹਾਂ। ਪੁਰਾਣੇ ਗਲੇ ਸੜੇ ਸਾਰੇ ਪੱਤੇ ਝੜ ਗਏ ਅਤੇ ਕੁਦਰਤ ਦੇ ਹਰੇਕ ਹੁਲਾਰੇ ਤੋਂ ਬਚਾ ਕੇ ਜਿਸ ਨੂੰ ਮੈਂ ਆਪਣੇ ਪੱਲੇ ਦੀ ਛਾਂ ਦਿੱਤੀ, ਉਸੇ ਉਰਮਿਲਾ ਦੇ ਰੂਪ ਵਿਚ ਇੱਕ ਨਵੀਂ ਕਰੂੰਬਲ ਉਗ ਆਈ ਹੈ। ਬਾਰਾਂ ਤੋਂ ਬਾਈ ਸਾਲ ਤੱਕ ਦਾ ਅਰਸਾ ਕੋਈ ਘੱਟ ਤਾਂ ਨਹੀਂ ਹੁੰਦਾ!

ਅਚਾਨਕ ਦਰਬਾਰੀ ਖਬਰ ਲਿਆਇਆ ਸੀ, ਬੁਰੀ! ਹਾਂ ਬਹੁਤ ਬੁਰੀ ਖਬਰ! ਮੇਰੇ ਅਭੈ ਅਤੇ ਸਵਿਤਾ ਦੇ ਅੰਤ ਦੀ, ਅਤੇ ਉਨ੍ਹਾਂ ਦੀ ਆਖਰੀ ਨਿਸ਼ਾਨੀ 'ਉਰਮਿਲਾ' ਨੂੰ ਲਿਆ ਕੇ ਮੇਰੀ ਗੋਦੀ ਵਿਚ ਪਾ ਦਿੱਤਾ ਸੀ। ਗਿਆਰਾਂ ਮਹੀਨਿਆਂ ਦੀ ਤਾਂ ਸੀ ਉਹ ਰੇਸ਼ਮ ਦੀ ਗੁੱਡੀ, ਜਿਸ ਦੀ ਮੁਲਾਇਮ ਛੋਹ ਨਾਲ ਮਨ ਵਿਚ ਠੰਡ ਪੈ ਜਾਂਦੀ, ਜਿਸ ਦੀ ਗੱਲ੍ਹ ਪਲੋਸਣ ਨਾਲ ਖੂਨ ਵਧਦਾ, ਇਕ ਤਾਜ਼ਗੀ ਨਸਾਂ ਵਿਚ ਵਹਿਣ ਲਗਦੀ, ਉਸ ਦੀ ਕਿਲਕਾਰੀ ਸਾਹਾਂ ਨੂੰ ਮਹਿਕਾ ਦਿੰਦੀ। ਜ਼ਿੰਦਗੀ ਜ਼ਿੰਦਗੀ ਵਾਂਗ ਲਗਦੀ।

ਮੇਰੀਆਂ ਰਾਤਾਂ ਦਿਨਾਂ ਵਿਚ ਬਦਲ ਗਈਆਂ। ਕੀ ਸੌਣਾ, ਕੀ ਖਾਣਾ, ਕੀ ਹੱਸਣਾ, ਕੀ ਰੋਣਾ-ਸਾਰਾ ਉਹਦੇ ਨਾਲ ਹੀ ਹੁੰਦਾ ਰਿਹਾ। ਹਾਂ, ਉਰਮੀ ਦੇ ਨਾਲ, ਉਹ ਧੁੱਪ ਮੈਂ ਪਰਛਾਵਾਂ। ਉਹ ਉਠਦੀ ਤਾਂ ਮੈਂ ਉਠਦੀ, ਉਹ ਜਾਗਦੀ ਤਾਂ ਮੈਂ ਜਾਗਦੀ, ਉਹ ਸੌਂਦੀ ਤਾਂ ਮੈਂ ਸੌਂਦੀ-ਇੱਕ ਚਿੱਤ, ਇੱਕ ਮਨ ਨਾਲ ਮੈਂ ਸਮਰਪਿਤ ਹੋ ਗਈ ਉਸ ਮਾਸੂਮ ਜਾਨ ਉਤੇ, ਤੇ ਉਹ ਮੇਰੇ ਜਿਉਣ ਦਾ ਸਬੱਬ ਬਣ ਗਈ।

ਉਹ ਦੀਵਾਲੀ ਦਾ ਮਨਹੂਸ ਦਿਨ ਹੀ ਤਾਂ ਸੀ, ਜਿਹੜੇ ਕੋਈ ਘੰਟਾ ਕੁ ਪਹਿਲਾਂ ਉਰਮੀ ਨੂੰ ਗੋਦ ਵਿਚ ਲੈ ਕੇ ਘਰ ਤੋਂ ਗਏ ਸਨ। ਪੈਰੀਂ ਹੱਥ ਲਾਉਂਦਿਆਂ ਅਭੈ ਤੇ ਸਵਿਤਾ ਨੇ ਕਿਹਾ ਸੀ, "ਮਾਂ ਦੋ ਘੰਟੇ ਵਿਚ ਵਾਪਿਸ ਆ ਜਾਵਾਂਗੇ, ਆ ਕੇ ਦੀਵਾਲੀ ਦੀ ਪੂਜਾ 'ਕੱਠੇ ਹੀ ਕਰਾਂਗੇ। ਮਿਠਾਈ ਲੈ ਕੇ ਕੁਝ ਦੋਸਤਾਂ ਨੂੰ ਮਿਲ ਆਉਂਦੇ ਹਾਂ।"

...ਤੇ ਜਾਣ ਵਾਲੇ ਨਾ ਮੁੜਨ ਵਾਸਤੇ ਚਲੇ ਗਏ। ਮੁੜ ਆਈ ਮੇਰੇ ਦਿਲ ਦੀ ਧੜਕਣ ਉਰਮੀ ਦੇ ਰੂਪ ਵਿਚ, ਸ਼ਾਇਦ ਇਸ ਕਰਕੇ ਹੀ ਮੈਂ ਜ਼ਿੰਦਾ ਹਾਂ।

ਘੰਟੀ ਫੇਰ ਵੱਜੀ, ਅਤੀਤ ਤੋਂ ਵਰਤਮਾਨ ਵਿਚ ਆਉਂਦੇ ਹੀ ਮੇਰੀ ਬੇਬਸੀ ਮੇਰੇ ਨਾਲ ਹੀ ਤੜਫਣ ਲੱਗੀ। ਹੁਣ ਕੀ ਕਰਾਂ? ਫੋਨ ਚੁੱਕਾਂ, ਨਾ ਚੁੱਕਾਂ? ਨਾ ਚੁੱਕਾਂ ਤਾਂ ਕਿਵੇਂ ਪਤਾ ਲੱਗੂ ਕਿ ਮੇਰੀ ਬਾਲਗ ਬੱਚੀ ਕਿੱਥੇ ਹੈ ਅਤੇ ਕਿਵੇਂ ਹੈ? ਫੋਨ ਚੁੱਕਦੇ ਹੀ ਰੱਖ ਦਿੱਤਾ ਜਿਵੇਂ ਹਜ਼ਾਰਾਂ ਬਿੱਛੂਆਂ ਦਾ ਡੰਗ ਇੱਕੋ ਸਮੇਂ ਲੱਗਿਆ ਹੋਵੇ, "ਮੈਂ ਥੋੜ੍ਹੀ ਦੇਰ ਵਿਚ ਉਸ ਦੇ ਨਾਲ ਤੁਹਾਡੇ ਤੋਂ ਆਸ਼ੀਰਵਾਦ ਲੈਣ ਆ ਰਿਹਾ ਹਾਂ।" ਬੱਸ ਏਨਾ ਹੀ ਸੁਣ ਸਕੀ!

ਕੌਣ ਹੈ ਇਹ, ਕੀਹਦੀ ਅਵਾਜ਼ ਹੈ, ਜਿਸ ਵਿਚ ਗੈਰਤ ਦੇ ਨਾਲ ਨਾਲ ਆਪਣਾਪਨ ਵੀ ਹੈ। ਪਰ ਉਹ ਕਿੱਥੇ ਹੈ, ਜਿਸ ਦੀ ਅਵਾਜ਼ ਸੁਣਨ ਲਈ ਮੇਰੇ ਕੰਨ ਤਰਸ ਰਹੇ ਹਨ? ਜਿਸ ਨੂੰ ਦੇਖਣ ਲਈ ਮੇਰੀਆਂ ਅੱਖਾਂ 'ਚ ਬੇਚੈਨੀ ਭਟਕ ਰਹੀ ਹੈ।

ਅਚਾਨਕ ਫੋਨ ਦੀ ਘੰਟੀ ਫੇਰ ਵੱਜੀ, ਚੁੱਕਦੇ ਹੀ ਸੱਭਿਅਤਾ ਦੇ ਦਾਇਰੇ ਵਿਚੋਂ ਬਾਹਰ ਆ ਕੇ ਮੈਂ ਭੜਕ ਪਈ, "ਤੂੰ ਕੌਣ ਹੈਂ ਅਤੇ ਕਿਉਂ ਵਾਰ ਵਾਰ ਪ੍ਰੇਸ਼ਾਨ ਕਰ ਰਿਹੈਂ? ਮੇਰੀ ਗੱਲ ਮੇਰੀ ਪੋਤੀ ਨਾਲ ਕਰਾ ਦਿਓ।"

"ਹੁਣ ਤਾਂ ਉਹ ਗ੍ਰਹਿ-ਪ੍ਰਵੇਸ਼ ਕਰਕੇ ਆਪਣੇ ਸੱਸ-ਸਹੁਰੇ ਦਾ ਆਸ਼ੀਰਵਾਦ ਲੈ ਰਹੀ ਹੈ। ਮੈਂ ਬਸ ਹੁਣੇ ਹੀ ਉਹਦੇ ਨਾਲ ਤੁਹਾਡੇ ਕੋਲ ਆ ਰਿਹਾਂ, ਫੇਰ ਜਿੰਨੀਆਂ ਮਰਜ਼ੀ ਉਸ ਨਾਲ ਗੱਲਾਂ ਕਰ ਲੈਣਾ।"

"ਪਰ ਤੂੰ ਹੈਂ ਕੌਣ?"

"ਤੁਹਾਡਾ ਜਵਾਈ, ਤੁਹਾਡੀ ਪੋਤੀ ਦਾ ਪਤੀ।"

"ਪਤੀ!" ਮੈਂ ਹੈਰਾਨ, ਬਹੁਤ ਹੈਰਾਨ ਹੋਈ ਆਪਣੇ ਨੂੰ ਠੱਗਿਆ ਮਹਿਸੂਸਦੀ ਖੜ੍ਹੀ ਰਹੀ। ਰਿਸੀਵਰ ਮੇਰੇ ਹੱਥਾਂ ਵਿਚੋਂ ਡਿੱਗਦਾ ਡਿੱਗਦਾ ਬਚਿਆ, ਪਰ ਲਾਈਨ ਕੱਟੀ ਗਈ।

ਉਸੇ ਸਮੇਂ ਦਰਵਾਜੇ ਉਤੇ ਹੋਈ ਦਸਤਕ ਨੇ ਮੈਨੂੰ ਡਰਾ ਦਿੱਤਾ। ਡਰੀ ਹੋਈ ਨੇ ਕੰਬਦੇ ਹੱਥਾਂ ਨਾਲ ਕੁੰਡਾ ਖੋਲ੍ਹਿਆ। ਸਾਹਮਣੇ ਸੱਜ ਧੱਜ ਕੇ, ਸੰਧੂਰ ਲਾ ਕੇ ਲਾਲ ਸਾੜੀ ਵਿਚ ਉਰਮੀ ਖੜ੍ਹੀ ਸੀ ਅਤੇ ਉਸ ਦੇ ਨਾਲ ਪ੍ਰਾਹੁਣਾ, ਆਪਣਾ ਮੂੰਹ ਸਿਰ 'ਤੇ ਲੱਗੀਆਂ ਸਿਹਰੇ ਦੀਆਂ ਲੜੀਆਂ ਨਾਲ ਛੁਪਾਉਣ ਵਿਚ ਕਾਮਯਾਬ ਰਿਹਾ।

ਮੈਂ ਸਦਮੇ ਵਿਚ ਸੀ, ਮਨ ਜ਼ੋਰ ਸ਼ੋਰ ਨਾਲ ਵਿਚਾਰ ਕਰਦਾ ਰਿਹਾ, ਹੁਣ ਡਰ ਦੇ ਨਾਲ ਗੁੱਸਾ ਵੀ ਮਨ ਵਿਚ ਆ ਗਿਆ ਸੀ। ਉਰਮੀ ਬਾਲਗ ਹੈ ਤਾਂ ਕੀ ਹੋਇਆ, ਮੈਨੂੰ ਬਿਨਾ ਦੱਸੇ ਕਿਸੇ ਐਰੇ-ਗੈਰੇ ਨਾਲ ਵਿਆਹ ਕਰ ਲਿਆ ਅਤੇ ਹੁਣ ਸਾਹਮਣੇ ਆ ਕੇ ਖੜ੍ਹੀ ਹੋ ਗਈ ਹੈ। ਮੈਨੂੰ ਹੁਣ ਤੱਕ ਇਹ ਸਭ ਕੁਝ ਇਕ ਕਾਂਡ ਹੀ ਲੱਗ ਰਿਹਾ ਸੀ, ਭਿਆਨਕ ਕਾਂਡ! ਉਰਮੀ ਵੀ ਪੱਥਰ ਬਣੀ ਖੜ੍ਹੀ ਸੀ ਮੇਰੇ ਸਾਹਮਣੇ। ਉਹਦੀ ਹਾਸੀ ਜਿਹੜੀ ਉਹਦਾ ਸ਼ਿੰਗਾਰ ਹੈ, ਪਤਾ ਨਹੀਂ ਕਿੱਧਰ ਗਾਇਬ ਸੀ। ਕਹਿਣਾ ਤਾਂ ਨਹੀਂ ਚਾਹੁੰਦੀ, ਸੋਚਣਾ ਵੀ ਨਹੀਂ ਚਾਹੁੰਦੀ ਕਿ ਇਸ ਤਰ੍ਹਾਂ ਕਿਉਂ ਲੱਗ ਰਿਹਾ ਹੈ, ਜਿਵੇਂ ਕੋਈ



ਅਣਚਾਹਿਆ ਪਲਾਨ ਹੈ, ਜਿਸ ਵਿਚ ਉਰਮੀ ਫਸੀ ਹੋਈ ਹੈ, ਇਸ ਕਰ ਕੇ ਤਾਂ ਉਸ ਦੀ ਹਾਸੀ 'ਤੇ ਵੀ ਕਰਫਿਊ ਲੱਗਾ ਹੋਇਆ ਹੈ। ਜਿੰਨਾ ਮੈਂ ਸੁਲਝੇ ਹੋਏ ਵਿਚਾਰਾਂ ਨਾਲ ਹਰ ਪਹਿਲੂ 'ਤੇ ਰੋਸ਼ਨੀ ਪਾਉਂਦੀ, ਉਨੀ ਹੀ ਮੈਂ ਉਲਝਣਾਂ ਵਿਚ ਗੁੰਮਰਾਹ ਹੁੰਦੀ ਜਾਂਦੀ। ਕਦੇ ਭਾਵ ਹੀਣ ਮੂਰਤ ਬਣੀ ਉਰਮੀ ਵੱਲ ਦੇਖਾਂ, ਜੋ ਆਪਣੇ ਪਤੀ ਦੇ ਨਾਲ ਇਵੇਂ ਖੜ੍ਹੀ ਹੈ ਜਿਵੇਂ ਮੈਂ ਉਨ੍ਹਾਂ ਦਾ ਸਵਾਗਤ ਕਰਨ ਲਈ ਹੀ ਖੜ੍ਹੀ ਹਾਂ। ਨਾ ਸ਼ੋਰ ਸ਼ਰਾਬਾ, ਨਾ ਬੈਂਡ, ਨਾ ਵਾਜਾ, ਬਸ ਫੁੱਲ, ਫੁੱਲਾਂ ਦੀ ਮਾਲਾ, ਲਾਲ ਚਮਕਦੀ ਸਾੜੀ; ਤੇ ਮੁੰਡੇ ਦੇ ਪਹਿਰਾਵੇ ਤੋਂ ਪ੍ਰਤੀਤ ਹੁੰਦਾ ਸੀ ਕਿ ਦੋਵੇਂ ਨਵਵਿਆਹੁਤਾ ਪਤੀ-ਪਤਨੀ ਹਨ। ਬਸ, ਹੋਰ ਕੁਝ ਨਹੀਂ ਸੀ-ਨਾ ਸ਼ਹਿਨਾਈ, ਨਾ ਮੰਡਪ; ਨਾ ਫੇਰੇ, ਨਾ ਮਹਿਮਾਨਾਂ ਦੀ ਹਲਚਲ; ਨਾ ਖਾਣਾ, ਨਾ ਪੀਣਾ। ਇਸ ਤਰ੍ਹਾਂ ਦਾ ਕੁਝ ਵੀ ਨਹੀਂ, ਜਿਸ ਨਾਲ ਲੱਗੇ ਕਿ ਵਿਆਹ ਹੋਇਆ ਹੈ। ਤੇ ਮੈਂ ਉਹਦੀ ਦਾਦੀ ਬੇਪਛਾਣ ਜਿਹੀ ਖੜ੍ਹੀ ਦੇਖ ਰਹੀ ਹਾਂ, ਉਨ੍ਹਾਂ ਨੂੰ ਘਰ ਦੀ ਦਹਿਲੀਜ਼ ਦੇ ਉਸ ਪਾਸੇ ਅਤੇ ਮੈਂ ਸੋਚਾਂ ਵਿਚ ਡੁੱਬੀ ਇਸ ਪਾਸੇ।

"ਸਦਾ ਸੁਹਾਗਣ ਦਾ ਆਸ਼ੀਰਵਾਦ ਦਿਓ ਦਾਦੀ।" ਅਚਾਨਕ ਸੋਚ ਦੇ ਸਾਰੇ ਖਿਆਲ ਟੁੱਟੇ। ਮੈਂ ਉਰਮੀ ਵੱਲ ਦੇਖਿਆ, ਜੋ ਮਿਲੀ-ਜੁਲੀ ਭਾਵਨਾ ਨਾਲ ਮੇਰੇ ਵੱਲ ਵੇਖੀ ਜਾ ਰਹੀ ਸੀ। ਮੈਂ ਬਿਨਾ ਹੱਸੇ ਸਾਰਾ ਕਝ ਨਜ਼ਰ ਅੰਦਾਜ਼ ਕਰਦਿਆਂ, ਲਗਭਗ ਗਰਜਦੀ ਹੋਈ ਅਵਾਜ਼ ਵਿਚ ਉਸ ਅਣਜਾਣ ਪ੍ਰਾਹੁਣੇ ਨੂੰ ਸੰਬੋਧਨ ਕਰਦਿਆਂ ਕਿਹਾ, "ਕੀ ਆਪਣਾ ਮੂੰਹ ਦਿਖਾਉਣ ਲਈ ਤੈਨੂੰ ਮੂੰਹ ਦਿਖਾਈ ਦੇਣੀ ਪਊ?"

"ਮੇਰਾ ਹੱਕ ਤਾਂ ਬਣਦਾ ਹੈ...।" ਉਹ ਮੱਧਮ ਜਿਹੀ ਅਵਾਜ਼ 'ਚ ਬੋਲਿਆ। ਖਾਮੋਸ਼ੀ ਹੁਣ ਵੀ ਮਾਹੌਲ 'ਤੇ ਹਾਵੀ ਸੀ। ਹੁਣ ਪ੍ਰਾਹੁਣੇ ਦੇ ਸਰੀਰ ਵਿਚ ਹਰਕਤ ਹੋਈ, ਉਹ ਹੌਲੀ ਹੌਲੀ ਪੂਰੀ ਤਰ੍ਹਾਂ ਝੁਕਿਆ ਤਾਂ ਜੋ ਉਸ ਦੇ ਹੱਥ ਪੈਰਾਂ ਨੂੰ ਲੱਗ ਸਕਣ।

ਪਤਾ ਨਹੀਂ ਕੀ ਸੀ ਉਸ ਛੋਹ ਵਿਚ ਮੇਰੇ ਹੱਥ ਖੁਦ-ਬ-ਖੁਦ ਉਸ ਦੇ ਮੱਥੇ 'ਤੇ ਚਲੇ ਗਏ ਅਤੇ ਮੂੰਹੋਂ ਨਿਕਲਿਆ 'ਸਦਾ ਖੁਸ਼ ਰਹੋ' ਅਤੇ ਮੈਂ ਖੀਵੀ ਹੋਈ ਫੁੱਲਾਂ ਦੇ ਨਕਾਬ ਪਿੱਛੇ ਆਪਣੀ ਉਰਮੀ ਦੇ ਪ੍ਰਾਹੁਣੇ ਨੂੰ ਦੇਖਣ ਦੀ ਇੱਛਾ ਨੂੰ ਰੋਕ ਨਾ ਸਕੀ। ਜਿਵੇਂ ਹੀ ਉਹ ਪੈਰੀਂ ਹੱਥ ਲਾ ਕੇ ਸਿਰ ਉਪਰ ਚੁੱਕਣ ਲੱਗਾ, ਮੈਂ ਉਹਦੇ ਸਿਹਰੇ ਨਾਲ ਲਟਕਦੀਆਂ ਫੁੱਲਾਂ ਅਤੇ ਮੋਤੀਆਂ ਦੀਆਂ ਲੜੀਆਂ ਨੂੰ ਪਰ੍ਹੇ ਕੀਤਾ ਤਾਂ ਇਕ ਖੂਬਸੂਰਤ ਮੁਸਕਾਨ ਨਾਲ ਸਾਹਮਣਾ ਹੋਇਆ। ਦੇਖਿਆ ਸਾਹਮਣੇ ਸੁੰਦਰ ਨੈਣ ਨਕਸ਼, ਚਮਕਦੀਆਂ ਅੱਖਾਂ, ਮਨਮੋਹਣੀ ਮੁਸਕਾਨ ਦੇ ਨਾਲ ਦੋਵੇਂ ਹੱਥ ਜੋੜ ਕੇ ਖੜ੍ਹਾ ਸੀ ਸੁਜਾਨ।

ਮੈਂ ਖੁਦ ਨੂੰ ਸੰਭਾਲਦਿਆਂ ਦੋਹਾਂ ਨੂੰ ਗਲ ਨਾਲ ਲਾਇਆ, ਆਰਤੀ ਟਿੱਕਾ ਕਰਕੇ ਘਰ ਅੰਦਰ ਲੰਘਾਇਆ। ਹੁਣ ਮਨ ਵਿਚ ਡਰ ਅਤੇ ਹਉਕੇ ਦੀ ਧੁੰਦ ਉਤਰ ਗਈ ਸੀ।

ਆਪਣੇਪਨ ਦੀ ਰੋਸ਼ਨੀ ਵਿਚ ਗੈਰਤ ਦਾ ਹਨੇਰਾ ਗੁੰਮ ਹੋ ਗਿਆ। ਮਨ ਦੇ ਸਾਰੇ ਵਹਿਮ ਰਫੂ ਚੱਕਰ ਹੋ ਗਏ। ਮਨਮੋਹਣੀ ਮੁਸਕਾਨ ਦਾ ਮਾਲਕ ਸੁਜਾਨ, ਮੇਰੀ ਨੂੰਹ ਸਵਿਤਾ ਦਾ ਛੋਟਾ ਭਾਈ, ਅੱਜ ਮੇਰੀ ਉਰਮੀ ਦੇ ਪਤੀ ਦੇ ਰੂਪ ਵਿਚ ਸਾਹਮਣੇ ਖੜ੍ਹਾ ਸੀ।

ਮੈਂ ਰਸੋਈ ਘਰ ਵੱਲ ਭੱਜੀ, ਜਿੱਥੇ ਮੂੰਹ ਮਿੱਠਾ ਕਰਾਉਣ ਲਈ ਹੋਰ ਕੁਝ ਨਾ ਲੱਭਣ ਕਾਰਨ ਸ਼ੱਕਰ ਦਾ ਡੱਬਾ ਹੀ ਚੁੱਕ ਲਿਆਈ। ਵਾਰੀ ਵਾਰੀ ਦੋਹਾਂ ਨੂੰ ਚੂੰਢੀ ਭਰ ਖੁਆਈ ਅਤੇ ਪਾਣੀ ਪਿਲਾਇਆ। ਘਰ ਵਿਚ ਸਾਦਗੀ ਨਾਲ ਸ਼ੁਭ ਦਾਖਲਾ ਤਾਂ ਹੋਇਆ ਪਰ ਮਨ ਵਿਚ ਇੱਕ ਅਣਸੁਲਝੀ ਗੁੰਝਲ ਪ੍ਰੇਸ਼ਾਨ ਕਰ ਰਹੀ ਸੀ।

"ਦਾਦੀ ਤੁਸੀਂ ਬੈਠੋ, ਪ੍ਰੇਸ਼ਾਨ ਨਾ ਹੋਵੋ।"

ਪਰ ਮੈਂ ਉਨ੍ਹਾਂ ਦੀ ਇੱਕ ਨਾ ਸੁਣੀ, ਫੋਨ ਚੁੱਕਿਆ ਤੇ ਮਿਲਾਇਆ ਉਰਮੀ ਦੀ ਨਾਨੀ ਨੂੰ!

"ਵਧਾਈ ਹੋਵੇ ਦਾਦੀ ਜੀ।" ਉਧਰੋਂ ਪਹਿਲ ਹੋਈ।

"ਤੁਹਾਨੂੰ ਵੀ ਨਾਨੀ ਜੀ, ਪਰ ਇਸ ਤਰ੍ਹਾਂ ਲੁਕ ਛਿਪ ਕੇ ਇਹ ਸਭ ਕੁਝ?"

"ਕਿਉਂ ਅਤੇ ਕਿਵੇਂ, ਤੁਸੀਂ ਇਹ ਸਾਰਾ ਕੁਝ ਜਾਣਨ ਲਈ ਕਾਹਲੇ ਹੋ, ਸਾਨੂੰ ਇਸ ਦਾ ਅਹਿਸਾਸ ਹੈ। ਤੁਹਾਨੂੰ ਤਾਂ ਪਤਾ ਹੀ ਹੋਣਾ, ਜਦੋਂ ਦੋਹਤੀ ਆਪਣੇ ਮਾਮੇ ਨਾਲ ਵਿਆਹ ਕਰਦੀ ਹੈ ਤਾਂ ਚੋਰੀ ਛਿਪੇ ਨਾਲ ਸਿਰਫ ਲੜਕੇ ਦੇ ਪਰਿਵਾਰ ਵਿਚ ਹੀ ਕੀਤਾ ਜਾਂਦਾ ਹੈ, ਅੱਜ ਜੇ ਸਵਿਤਾ ਹੁੰਦੀ ਤਾਂ ਉਹ ਵੀ ਸ਼ਾਮਿਲ ਨਾ ਹੁੰਦੀ। ਅਸੀਂ ਤੁਹਾਡੇ ਕੋਲ ਪੰਜ ਸੱਤ ਮਿੰਟ ਵਿਚ ਪਹੁੰਚ ਰਹੇ ਹਾਂ।" ਤੇ ਫੋਨ ਕੱਟਿਆ ਗਿਆ।

ਉਰਮੀ ਦੇ ਨਾਨਾ-ਨਾਨੀ ਆ ਰਹੇ ਹਨ, ਯਾਨਿ ਮੇਰੇ ਕੁੜਮ-ਕੁੜਮਣੀ ਤਾਂ ਉਹ ਹੈ ਹੀ ਸਨ, ਹੁਣ ਰਿਸ਼ਤਾ ਹੋਰ ਗੂੜ੍ਹਾ ਹੋਇਆ ਹੈ ਅਤੇ ਮੇਰੀ ਹਰ ਚਿੰਤਾ ਦਾ ਹੱਲ ਹੋ ਗਿਆ। ਉਸੇ ਸਮੇਂ ਦਰਵਾਜੇ 'ਤੇ ਫੇਰ ਦਸਤਕ ਹੋਈ। ਰਸੋਈ ਤੋਂ ਬਾਹਰ ਨਿਕਲਦੇ ਹੀ ਦੇਖਿਆ ਕਿ ਉਰਮੀ ਨੇ ਦਰਵਾਜਾ ਖੋਲ੍ਹਣ ਦੀ ਪਹਿਲ ਕੀਤੀ ਸੀ ਅਤੇ ਹੁਣ ਉਹ ਆਪਣੀ ਨਾਨੀ, ਸੁਜਾਨ ਦੀ ਮਾਂ ਨੂੰ ਸੱਸ ਦਾ ਦਰਜਾ ਦਿੰਦੇ ਹੋਏ ਪੈਰੀਂ ਹੱਥ ਲਾ ਰਹੀ ਸੀ। ਫਿਜ਼ਾ ਵਿਚ ਖੁਸ਼ੀਆਂ ਘੁਲ ਮਿਲ ਗਈਆਂ। ਵਧਾਈਆਂ ਦੀ ਅਦਲਾ ਬਦਲਾ ਹੋਈ, ਮੂੰਹ ਮਿੱਠਾ ਕੀਤਾ ਅਤੇ ਮਿਲ ਕੇ ਚਾਹ ਨਾਸ਼ਤੇ ਦੇ ਨਾਲ ਹੀ ਗੱਲਾਂ ਵੀ ਹੁੰਦੀਆਂ ਰਹੀਆਂ। ਕੁਝ ਕਹੀਆਂ ਜਾ ਰਹੀਆਂ ਸਨ, ਕੁਝ ਸੁਣੀਆਂ ਜਾ ਰਹੀਆਂ ਸਨ, ਪਰ ਸਾਰੀਆਂ ਦੀਆਂ ਸਾਰੀਆਂ ਸੁੱਖ ਅਤੇ ਖੁਸ਼ੀਆਂ ਨਾਲ ਭਰਪੂਰ ਸਨ।

ਗੱਲਾਂ ਗੱਲਾਂ ਵਿਚ ਹੀ ਕਈ ਅਣਜਾਣੀਆਂ ਗੱਲਾਂ ਤੋਂ ਪਰਦਾ ਉਠ ਗਿਆ ਕਿ ਉਸ ਰਾਤ ਉਰਮੀ ਅਤੇ ਸੁਜਾਨ ਨੇ ਪੂਰੇ ਧਾਰਮਿਕ ਰੀਤੀ ਰਿਵਾਜ਼ ਨਾਲ ਮੰਦਿਰ ਵਿਚ ਆਪਣੇ ਮਾਤਾ-ਪਿਤਾ ਦੇ ਸਾਹਮਣੇ ਵਿਆਹ ਕੀਤਾ ਤੇ ਉਹ ਦਾਦੀ ਨੂੰ ਸਰਪ੍ਰਾਈਜ਼ ਦੇਣਾ ਚਾਹੁੰਦੇ ਸਨ। ਹਕੀਕਤ ਵਿਚ ਦਾਦੀ ਨੂੰ ਇਹ ਤਾਂ ਪਤਾ ਸੀ ਕਿ ਆਂਧਰਾ ਪ੍ਰਦੇਸ਼ ਦੇ ਕੁਝ ਖਾਸ ਪਰਿਵਾਰਾਂ ਵਿਚ ਇਹ ਪ੍ਰਥਾ ਸੀ ਕਿ ਭੈਣ ਦੀ ਲੜਕੀ ਦਾ ਵਿਆਹ ਭੇਦ-ਭਰੇ ਢੰਗ ਨਾਲ ਮਾਮੇ ਨਾਲ ਕਰਵਾ ਦਿੱਤਾ ਜਾਂਦਾ ਹੈ, ਅਤੇ ਉਸ ਪਿਛੋਂ ਮਾਂ ਅਤੇ ਕੁੜੀ ਕੁੜਮਣੀਆਂ ਬਣ ਜਾਂਦੀਆਂ ਹਨ। ਭਾਈ, ਭੈਣ ਦਾ ਜਵਾਈ ਬਣ ਜਾਂਦਾ ਹੈ ਅਤੇ ਕੁੜੀ ਨਾਨੀ ਦੀ ਨੂੰਹ।

ਦਾਦੀ ਅੱਜ ਸਵਿਤਾ ਦੀ ਥਾਂ ਖੜ੍ਹ ਕੇ ਸਾਰੇ ਰਿਸ਼ਤੇ ਸਵੀਕਾਰ ਕਰਕੇ ਨੂੰਹ ਦੀ ਯਾਦ ਵਿਚ ਰੋ ਪਈ। ਪਰ ਇਸ ਵਿਚ ਇੱਕ ਖੁਸ਼ੀ ਵੀ ਸ਼ਾਮਿਲ ਸੀ ਕਿ ਉਸ ਨੂੰ ਉਰਮੀ ਲਈ ਉਸ ਦਾ ਮਾਮਾ, ਪਤੀ ਦੇ ਰੂਪ ਵਿਚ ਇੱਕ ਵਰਦਾਨ ਵਾਂਗ ਮਿਲਿਆ, ਇੱਕ ਰੱਖਿਅਕ, ਇੱਕ ਕਵਚ ਬਣ ਕੇ।

ਪਰ ਫੋਨ ਤੇ ਉਹ ਸ਼ਬਦ 'ਪ੍ਰੇਸ਼ਾਨ ਨਾ ਕਰੋ, ਇੱਕ ਘੰਟੇ ਵਿਚ ਉਸ ਦਾ ਵਿਆਹ ਹੋ ਰਿਹਾ ਹੈ' ਹੁਣ ਇਕ ਸੁਖਦ ਯਾਦਗਾਰ ਬਣ ਗਈ।

"ਦਾਦੀ ਅਸੀਂ ਸਭ ਨੇ ਤੈਅ ਕੀਤਾ ਕਿ ਇਹ ਵਿਆਹ ਭੇਦ ਭਰੇ ਢੰਗ ਨਾਲ ਪੂਰਾ ਕਰਕੇ ਅਸੀਂ ਤੁਹਾਡੇ ਕੋਲ ਆਸ਼ੀਰਵਾਦ ਲੈਣ ਆਈਏ। ਸਾਨੂੰ ਪਤਾ ਹੈ ਕਿ ਤੁਸੀਂ ਉਰਮੀ ਨੂੰ ਖੁਦ ਨਾਲੋਂ ਵੱਖ ਕਰਕੇ ਸਾਡੇ ਘਰ ਦੀ ਨੂੰਹ ਬਣਾਉਣ ਲਈ ਰਾਜ਼ੀ ਨਹੀਂ ਹੋਵੋਗੇ।" ਕਹਿੰਦਿਆਂ ਉਰਮੀ ਦੀ ਨਾਨੀ ਨੇ ਖੜ੍ਹੀ ਹੋ ਕੇ ਦਾਦੀ ਨੂੰ ਗਲ ਨਾਲ ਲਾਇਆ ਅਤੇ ਉਨ੍ਹਾਂ ਦੇ ਹੰਝੂ ਪੂੰਝੇ। ਸਭ ਦਾ ਦਰਦ ਸਾਂਝਾ ਸੀ, ਸਭ ਦੀਆਂ ਖੁਸ਼ੀਆਂ ਸਾਂਝੀਆਂ ਸਨ।

ਅੱਖਾਂ ਵਿਚ ਇਕ ਦ੍ਰਿਸ਼ ਉਭਰ ਕੇ ਆਇਆ, ਬਾਰਾਂ ਮਹੀਨੇ ਦੀ ਨੰਨ੍ਹੀ ਉਰਮੀ ਅਤੇ ਬਾਈ ਸਾਲ ਦੀ ਨੌਜਵਾਨ ਉਰਮੀ ਆਪਣੀ ਹੀ ਨਾਨੀ ਦੀ ਨੂੰਹ ਬਣੀ, ਆਪਣੀ ਮਾਂ ਦੀ ਇੱਛਾ ਪੂਰੀ ਕੀਤੀ ਅਤੇ ਹੁਣ ਭਾਵ ਭਿੰਨੀ ਦਾਦੀ ਦੇ ਪੈਰਾਂ ਵੱਲ ਝੁਕੀ ਤਾਂ ਦਾਦੀ ਨੇ ਉਠ ਕੇ ਉਸ ਨੂੰ ਸੀਨੇ ਨਾਲ ਲਾ ਲਿਆ।

ਕਲ ਰਾਤ ਅਤੇ ਅੱਜ ਸਵੇਰ ਵਿਚਕਾਰਲਾ ਹਉਕਿਆਂ ਭਰਿਆ ਸਮਾਂ ਹੁਣ ਖੁਸ਼ੀਆਂ ਦੀ ਲਹਿਰ ਵਿਚ ਬਦਲ ਗਿਆ। ਅੱਜ ਦਾਦੀ ਦੇ ਮਹਿਸੂਸ ਕੀਤਾ ਕਿ ਦੋ ਪੀੜ੍ਹੀਆਂ ਨੂੰ ਪਾਤਣ ਵਾਲਾ ਪਿਆਰ ਇਸ ਤਰ੍ਹਾਂ ਵੀ ਹੁੰਦਾ ਹੈ।

## ਮਿਨੀ ਕਹਾਣੀ

### ਫੁੱਲਾਂ ਵਾਲਾ ਸੂਟ

"ਆਸੂ ਤੂੰ ਤਾਂ ਘਰੇ ਹੀ ਨੱਚ ਲਿਆ, ਹੁਣ ਵਿਆਹ ਜਾ ਕੇ ਕੀ ਕਰਨਾ?" ਅੱਬਾ ਨੇ ਹੱਸਦਿਆਂ ਆਸਿਫਾ ਨੂੰ ਕਿਹਾ।

"ਉਂ-ਹੂੰ ਮੈਂ ਤਾਂ ਵਿਆਹ ਜਾਊਂਗੀ।" ਆਸਿਫਾ ਨੇ ਮੱਥੇ ਚੜ੍ਹਾਉਂਦਿਆਂ ਜਵਾਬ ਦਿੱਤਾ। ਦਰਅਸਲ ਵਿਆਹ ਜਾਣ ਲਈ ਆਸਿਫਾ ਨੂੰ ਨਵਾਂ ਸੂਟ ਲਿਆ ਕੇ ਦਿੱਤਾ ਸੀ, ਜਿਸ ਨੂੰ ਵੇਖ ਉਸ ਦੀਆਂ ਖੁਸ਼ੀਆਂ ਅਸਮਾਨ ਛੋਹ ਰਹੀਆਂ ਸਨ। ਉਹ ਅੱਡੀ ਉਤੇ ਘੁੰਮ ਨੱਚ-ਟੱਪ ਰਹੀ ਸੀ। ਮਾਂ-ਬਾਪ ਬੱਚੀ ਨੂੰ ਇਸ ਤਰ੍ਹਾਂ ਹੱਸਦੀ ਵੇਖ ਖੁਸ਼ ਹੋ ਰਹੇ ਸਨ। ਫੇਰ ਆਸਿਫਾ ਬੱਕਰੀਆਂ ਤੇ ਮੇਮਣਿਆਂ ਨੂੰ ਜੱਫੀਆਂ ਪਾ ਆਪਣੀ ਖੁਸ਼ੀ ਪ੍ਰਗਟਾ ਜੰਗਲ ਵੱਲ ਚਾਰਨ ਲਈ ਲੈ ਗਈ।

ਦਿਨ ਢਲ ਗਿਆ ਪਰ ਆਸਿਫਾ ਅਜੇ ਤਕ ਨਹੀਂ ਸੀ ਮੁੜੀ। ਮਾਂ ਬਾਪ ਨੂੰ ਚਿੰਤਾ ਹੋਣ ਲੱਗੀ। ਹਨੇਰਾ ਚਾਰ-ਚੁਫੇਰੇ ਪੈਰ ਪਸਾਰਨ ਲੱਗਾ। ਪੂਰਾ ਪਰਿਵਾਰ ਉਸ ਦੀ ਭਾਲ ਵਿਚ ਏਧਰ ਓਧਰ ਦੌੜਿਆ। ਉਚੀ ਉਚੀ ਦਿੱਤੀਆਂ ਆਵਾਜ਼ਾਂ ਪਹਾੜੀ ਨਾਲ ਟਕਰਾ ਖਾਲੀ ਮੁੜ ਆਉਂਦੀਆਂ। ਚੌਕੀ ਇਤਲਾਹ ਦਿੱਤੀ ਪਰ ਦਰੋਗੇ ਨੇ ਪੁੱਠੇ ਸਿੱਧੇ ਜਵਾਬ ਦੇ ਕੇ ਮੋੜ ਦਿੱਤਾ।

ਚਾਰ ਦਿਨ ਆਸਿਫਾ ਨੂੰ ਲੱਭਦਿਆਂ ਗੁਜਰ ਗਏ ਪਰ ਕਿਤੋਂ ਕੋਈ ਉਘ-ਸੁੱਘ ਨਾ ਮਿਲੀ। ਮਾਂ ਰਸਤੇ ਵਿਚਲੇ ਹਰ ਰੱਬ ਦੇ ਘਰ ਸਿਰ ਝੁਕਾਉਂਦੀ, ਅਰਦਾਸਾਂ ਕਰਦੀ ਆਸਿਫਾ-ਆਸਿਫਾ ਕਰਦੀ ਫਿਰਦੀ ਸੀ।...ਤੇ ਜਦੋਂ ਉਹ ਮਿਲੀ ਤਾਂ ਕਿਹੜੇ ਹਾਲਤੀਂ! ਮਨੁੱਖੀ ਗਿਰਝਾਂ ਦੀ ਮਧੋਲੀ, ਅੱਧ ਖਾਧੀ, ਅਲਫ ਨਗਨ। ਹੰਸੂ ਹੰਸੂ ਕਰਦਾ ਚਿਹਰਾ ਪੱਥਰਾਂ ਦੀ ਮਾਰ ਨਾਲ ਬੇਪਛਾਣ ਕੀਤਾ। ਸ਼ਾਇਦ ਜਾਨਵਰ ਵੀ ਖਾਣ ਲੱਗਿਆਂ ਐਨੀ ਭੈੜੀ ਨਾ ਕਰਦਾ, ਪਰ ਇਨਸਾਨਾਂ ਨੇ ਤਾਂ ਉਹ ਕੀਤੀ ਸੀ...। ਵੇਖਣ ਸਾਰ ਮਾਂ ਨੂੰ ਦੰਦਲਾਂ ਪੈ ਗਈਆਂ, ਪਿਉ ਦੀਆਂ ਅੱਖਾਂ ਪਥਰਾ ਗਈਆਂ।

ਮਾਂ ਨੇ ਆਖਰੀ ਵਾਰ ਨਵਾਂ ਫੁੱਲਾਂ ਵਾਲਾ ਸੂਟ ਪਵਾਇਆ ਸੀ ਪਰ ਪਾਉਣ ਵਾਲੀ ਵੇਖ ਨਹੀਂ ਸੀ ਰਹੀ, ਵਿਆਹ ਜਾਣ ਦੀ ਥਾਂ ਕਬਰ ਵੱਲ ਜਾ ਰਹੀ ਸੀ। ਫੁੱਲਾਂ ਵਾਲਾ ਸੂਟ ਤੇ ਉਹ ਅੱਧ ਖਿੜਿਆ ਫੁੱਲ ਮਿੱਟੀ ਦੀ ਮੋਟੀ ਤਹਿ ਵਿਚ ਸਮਾ ਗਏ ਸਨ।

-ਗੁਰਮੀਤ ਸਿੰਘ ਮਰਾੜ੍ਹ
ਫੋਨ: 91-95014-00397

# ਬੇਗੁਨਾਹ ਕੈਦੀ

**ਦਹਿਸ਼ਤਗਰਦੀ ਦੇ ਨਾਂ ਹੇਠ ਮੁਸਲਮਾਨ ਨੌਜਵਾਨਾਂ ਨੂੰ ਪੁਲਿਸ ਕਿਸ ਤਰ੍ਹਾਂ ਝੂਠੇ ਕੇਸਾਂ ਵਿਚ ਫਸਾਉਂਦੀ ਹੈ, ਇਸ ਦਾ ਖੁਲਾਸਾ ਇਹ ਵਧੀਕੀ ਸਹਿ ਚੁੱਕੇ ਅਬਦੁਲ ਵਾਹਿਦ ਸ਼ੇਖ ਨੇ ਉਰਦੂ ਵਿਚ ਲਿਖੀ ਕਿਤਾਬ 'ਬੇਗੁਨਾਹ ਕੈਦੀ' ਵਿਚ ਕੀਤਾ ਹੈ। ਉਸ ਨੇ ਬਿਨਾ ਕਿਸੇ ਕਸੂਰ 9 ਸਾਲ ਜੇਲ੍ਹ ਅੰਦਰ ਕੱਟੇ। ਇਸ ਕਿਤਾਬ ਦਾ ਹਿੰਦੀ ਅਨੁਵਾਦ ਵੀ ਛਪ ਚੁੱਕਾ ਹੈ। ਇਸ ਲੇਖ ਵਿਚ ਇਸ ਕਿਤਾਬ ਅਤੇ ਇਸ ਨਾਲ ਸਬੰਧਤ ਹੋਰ ਮਸਲਿਆਂ ਬਾਰੇ ਵਿਚਾਰ ਕੀਤੀ ਗਈ ਹੈ। ਕਿਤਾਬ ਰੌਂਗਟੇ ਖੜ੍ਹੇ ਕਰ ਦੇਣ ਵਾਲੀ ਹੈ। -ਸੰਪਾਦਕ**

## ਦਹਿਸ਼ਤਗਰਦੀ ਦੇ ਝੂਠੇ ਮੁਕੱਦਮਿਆਂ ਵਿਚ ਫਸਾਏ ਨੌਜਵਾਨਾਂ ਦੀ ਦਾਸਤਾਨ

11 ਜੁਲਾਈ 2006 ਨੂੰ ਮੁੰਬਈ ਦੇ ਰੇਲ ਬੰਬ ਧਮਾਕਿਆਂ ਦੇ ਮੁਕੱਦਮੇ ਵਿਚੋਂ ਬਰੀ ਹੋਏ ਇੱਕੋ-ਇੱਕਹਿਰੇ ਬੇਗੁਨਾਹ ਕੈਦੀ ਅਬਦੁਲ ਵਾਹਿਦ ਸ਼ੇਖ ਆਪਣੀ ਤਹਿਲਕਾ ਮਚਾਉਣ ਵਾਲੀ ਉਰਦੂ ਕਿਤਾਬ 'ਬੇਗੁਨਾਹ ਕੈਦੀ' ਵਿਚ ਲਿਖਦੇ ਹਨ, "ਅਸੀਂ ਇਹ ਗੱਲ ਪੂਰੇ ਸਬੂਤਾਂ ਨਾਲ ਕਹਿੰਦੇ ਹਾਂ ਕਿ 11 ਜੁਲਾਈ ਦੇ ਬੰਬ ਧਮਾਕਿਆਂ ਵਿਚ ਫੜੇ ਗਏ ਸਾਰੇ ਕੈਦੀ ਬੇਗੁਨਾਹ ਹਨ। ਪਿਛਲੇ ਦਸਾਂ ਸਾਲਾਂ ਤੋਂ ਵੱਧ ਸਮੇਂ ਤੋਂ ਉਹ ਕੈਦੀ ਜੀਵਨ ਝੱਲ ਰਹੇ ਹਨ। ਉਨ੍ਹਾਂ ਦਾ ਗੁਨਾਹ ਬੱਸ ਇੰਨਾ ਹੈ ਕਿ ਉਹ ਮੁਸਲਮਾਨ ਹਨ।" (ਸਫਾ 8)

ਇਸ ਮੁਲਕ ਦਾ ਬਹੁਤ ਵੱਡਾ ਤਬਕਾ, ਭਾਵੇਂ ਉਹ ਮੁਸਲਮਾਨ ਹੈ ਜਾਂ ਗੈਰ-ਮੁਸਲਮਾਨ, ਉਹ ਅਬਦੁਲ ਵਾਹਿਦ ਸ਼ੇਖ ਦੀ ਇਸ ਗੱਲ ਨੂੰ ਪ੍ਰਵਾਨ ਕਰਦਾ ਹੈ। ਅਬਦੁਲ ਵਾਹਿਦ ਸ਼ੇਖ 11 ਜੁਲਾਈ ਦੇ ਮਾਮਲੇ ਵਿਚੋਂ ਤਾਂ ਬਰੀ ਹੋ ਗਏ, ਪਰ 'ਮਕੋਕਾ' (ਮਹਾਰਾਸ਼ਟਰ ਅਪਰਾਧ ਰੋਕੂ ਐਕਟ) ਅਦਾਲਤ ਨੇ ਸਤੰਬਰ 2015 'ਚ ਇਸ ਮੁਕੱਦਮੇ ਦਾ ਫੈਸਲਾ ਸੁਣਾਉਂਦਿਆਂ ਉਨ੍ਹਾਂ 12 ਬੰਦਿਆਂ ਨੂੰ ਗੁਨਾਹਗਾਰ ਕਰਾਰ ਦੇ ਦਿੱਤਾ, ਜਿਨ੍ਹਾਂ ਨੂੰ ਉਨ੍ਹਾਂ ਦੇ ਪਰਿਵਾਰ

**ਮਾਨਵ**

ਅਤੇ ਦੋਸਤ ਹੀ ਨਹੀਂ ਸਗੋਂ ਮੁਲਕ ਦੀਆਂ ਕਈ ਗੈਰਸਰਕਾਰੀ ਤਨਜ਼ੀਮਾਂ ਵੀ ਬੇਕਸੂਰ ਸਮਝਦੀਆਂ ਹਨ। ਇਨ੍ਹਾਂ 12 ਵਿਚੋਂ ਪੰਜਾਂ ਨੂੰ ਫਾਂਸੀ ਦੀ ਸਜ਼ਾ ਸੁਣਾਈ ਗਈ ਹੈ ਅਤੇ ਸੱਤਾਂ ਨੂੰ ਉਮਰ ਕੈਦ।

ਅਬਦੁਲ ਵਾਹਿਦ ਸ਼ੇਖ ਦੀ ਕਿਤਾਬ 'ਬੇਗੁਨਾਹ ਕੈਦੀ' ਪਿੱਛੇ ਜਿਹੇ ਹੀ ਲੋਕ ਕਚਹਿਰੀ ਵਿਚ ਆਈ ਹੈ। ਇਸ ਕਿਤਾਬ ਨੂੰ ਨਵੀਂ ਦਿੱਲੀ ਦੇ ਉਸੇ ਪ੍ਰਕਾਸ਼ਕ ਨੇ ਛਾਪਿਆ ਹੈ, ਜਿਸ ਨੇ ਮਹਾਂਰਾਸ਼ਟਰ ਦੇ ਸੇਵਾਮੁਕਤ ਆਈ. ਜੀ. ਐਸ. ਐਮ ਮੁਸ਼ਰਿਫ ਦੀ ਖੋਜ ਭਰਪੂਰ ਕਿਤਾਬ 'ਕਰਕਰੇ ਦੇ ਕਾਤਲ ਕੌਣ?' ਛਾਪ ਕੇ ਦਹਿਸ਼ਤਗਰਦੀ ਵਿਰੋਧੀ ਦਸਤੇ ਦੇ ਸਰਬਰਾਹ ਹੇਮੰਤ ਕਰਕਰੇ ਦੀ ਮੌਤ ਵਿਚ ਆਰ. ਐਸ. ਐਸ. ਨਾਲ ਜੁੜੇ ਦਹਿਸ਼ਤਗਰਦਾਂ ਦੀ ਸ਼ਮੂਲੀਅਤ ਤੋਂ ਜਾਣੂ ਕਰਵਾਇਆ ਸੀ ਅਤੇ 26 ਨਵੰਬਰ ਦੇ ਮੁੰਬਈ ਹਮਲਿਆਂ ਬਾਰੇ ਨਵੇਂ ਪੱਖ 'ਤੇ ਚਾਨਣਾ ਪਾਇਆ ਸੀ।

ਕਿਤਾਬ 'ਬੇਗੁਨਾਹ ਕੈਦੀ' ਕਿਉਂ ਲਿਖੀ ਗਈ? ਇਸ ਸਵਾਲ ਦਾ ਇਕ ਜਵਾਬ ਤਾਂ ਇਹ ਹੈ ਕਿ ਇਸ ਦਾ ਲੇਖਕ ਆਪਣਾ ਅਤੇ ਜੇਲ੍ਹ ਦੇ ਆਪਣੇ ਦੂਜੇ ਕੈਦੀ ਸਾਥੀਆਂ ਦਾ ਮੁਕੱਦਮਾ ਲੋਕ ਕਚਹਿਰੀ ਵਿਚ ਪੇਸ਼ ਕਰਨਾ ਚਾਹੁੰਦਾ ਹੈ। ਉਹ ਦੱਸਣਾ ਚਾਹੁੰਦਾ ਹੈ ਕਿ ਲੋਕ ਖੁਦ ਦੇਖ ਲੈਣ ਕਿ ਇਸ ਮੁਲਕ ਦੀਆਂ ਸਰਕਾਰਾਂ, ਪੁਲਿਸ, ਜਾਂਚ ਏਜੰਸੀਆਂ ਅਤੇ ਕਾਨੂੰਨੀ ਢਾਂਚਾ ਕਿਵੇਂ ਦਹਿਸ਼ਤਗਰਦੀ ਦੇ ਮਾਮਲਿਆਂ ਵਿਚ ਬੇਕਸੂਰ ਲੋਕਾਂ ਵਲੋਂ ਅੱਖਾਂ ਫੇਰ ਲੈਂਦਾ ਹੈ, ਜਾਂ ਕਿਵੇਂ ਬੇਕਸੂਰਾਂ ਨੂੰ ਝੂਠੇ ਮਾਮਲਿਆਂ ਵਿਚ ਫਸਾਉਂਦਾ ਹੈ। ਕਿਤਾਬ ਦੇ ਮੁੱਖ ਬੰਧ ਵਿਚ ਉਹ ਕਹਿੰਦਾ ਹੈ: "ਦਿਲ ਵਿਚ ਇਹ ਸਿੱਕ ਸੀ ਕਿ 11 ਜੁਲਾਈ ਦੇ ਕੇਸ ਵਿਚ ਜਿਸ ਤਰ੍ਹਾਂ ਸਾਨੂੰ ਫਸਾਇਆ ਗਿਆ, ਉਸ ਬਾਰੇ ਵਿਸਥਾਰ ਨਾਲ ਲਿਖ ਕੇ ਸਾਰੀ ਲੋਕਾਈ ਨੂੰ ਜਾਣਕਾਰੀ ਦੇਣਾ ਜ਼ਰੂਰੀ ਹੈ ਤਾਂ ਜੋ ਖੁਦਾ-ਨਾਖਾਸਤਾ ਕੱਲ੍ਹ ਨੂੰ ਪੁਲਿਸ ਮੁੜ ਕਿਸੇ ਬੇਗੁਨਾਹ ਨੂੰ ਬੰਬ ਧਮਾਕੇ ਦੇ ਕੇਸ ਵਿਚ ਫਸਾਵੇ ਤਾਂ ਉਹ ਕਿਸ ਤਰ੍ਹਾਂ ਮਾਨਸਿਕ ਤੌਰ 'ਤੇ ਤਿਆਰ ਹੋ ਕੇ ਕੋਰਟ-ਕਚਹਿਰੀਆਂ ਦਾ ਸਾਹਮਣਾ ਕਰ ਸਕੇ ਅਤੇ ਪੁਲਿਸ ਦੀਆਂ ਕਾਰਸਤਾਨੀਆਂ ਤੋਂ ਆਪਣੇ ਆਪ ਨੂੰ ਸੁਰੱਖਿਅਤ ਰੱਖ ਸਕੇ ਤੇ ਪਹਿਲੇ ਦਿਨੋਂ ਹੀ ਨਿਡਰ ਹੋ ਕੇ ਅਦਾਲਤ ਵਿਚ ਆਪਣਾ ਪੱਖ ਰੱਖ ਸਕੇ।"

ਕਿਤਾਬ ਦੇ ਕੁੱਲ ਛੇ ਪਾਠ ਹਨ। ਪਹਿਲਾਂ ਪਾਠ ਪੁਲਿਸ ਦੀਆਂ ਕਹਾਣੀਆਂ ਬਾਰੇ ਹੈ। ਇਸ ਪਾਠ ਵਿਚ ਬਾਂਦਰਾ, ਜੋਗੇਸ਼ਵਰੀ, ਬੋਰੀਵਲੀ ਅਤੇ ਮੀਰਾ ਰੋਡ ਧਮਾਕਿਆਂ ਦੇ ਤੱਥ ਉਜਾਗਰ ਕੀਤੇ ਗਏ ਹਨ। ਸਰਕਾਰੀ ਦਹਿਸ਼ਤਗਰਦੀ ਦੇ ਸਿਰਲੇਖ ਤੋਂ ਦਹਿਸ਼ਤਗਰਦੀ ਵਿਰੋਧੀ ਦਸਤੇ ਦੀ ਚਾਰਜਸ਼ੀਟ ਦਾ ਜ਼ਿਕਰ ਹੈ ਅਤੇ ਇਸ ਪੂਰੀ ਚਾਰਜਸ਼ੀਟ ਦੀ ਪੜਤਾਲ ਕੀਤੀ ਗਈ ਹੈ। ਪੁਲਿਸ ਵਲੋਂ ਦਾਇਰ ਚਾਰਜਸ਼ੀਟ ਵਿਚ ਫੜੇ ਗਏ ਬੰਦਿਆਂ 'ਤੇ ਖਾਸ ਮਨਸੂਬੇ ਤਹਿਤ ਸਾਜ਼ਿਸ਼ ਰਚਣ ਦਾ ਇਲਜ਼ਾਮ ਲਾਇਆ ਗਿਆ ਹੈ ਅਤੇ ਉਨ੍ਹਾਂ 'ਤੇ ਪਾਬੰਦੀਸ਼ੁਦਾ ਜਥੇਬੰਦੀ 'ਸਿਮੀ'(ਸਟੂਡੈਂਟਸ ਇਸਲਾਮਿਕ ਮੂਵਮੈਂਟ ਆਫ ਇੰਡੀਆ), ਲਸ਼ਕਰ-ਏ-ਤੋਇਬਾ ਅਤੇ ਪਾਕਿਸਤਾਨੀ ਦਹਿਸ਼ਤਗਰਦਾਂ ਵਗੈਰਾ ਨਾਲ ਰਾਬਤਾ ਰੱਖਣ ਦੇ ਦੋਸ਼ ਲਾਏ ਗਏ ਹਨ। ਇਹ ਵੀ ਦਾਅਵਾ ਕੀਤਾ ਗਿਆ ਹੈ ਕਿ ਪਾਕਿਸਤਾਨ ਤੋਂ ਆਉਣ ਵਾਲੇ ਦਹਿਸ਼ਤਗਰਦਾਂ ਨੂੰ ਭਜਾਉਣ ਵਿਚ ਇਨ੍ਹਾਂ ਹੀ ਬੰਦਿਆਂ ਦਾ ਹੱਥ ਰਿਹਾ ਹੈ। ਇਹ ਚਾਰਜਸ਼ੀਟ ਬਾਰਾਂ ਹਜ਼ਾਰ ਤੋਂ ਵੱਧ ਸਫਿਆਂ ਦੀ ਹੈ, ਜਿਨ੍ਹਾਂ ਵਿਚ ਦੋ ਹਜ਼ਾਰ ਤੋਂ ਵੱਧ ਗਵਾਹਾਂ ਦੀ ਸੂਚੀ ਸ਼ਾਮਲ ਹੈ।

ਅਬਦੁਲ ਵਾਹਿਦ ਸ਼ੇਖ ਲਿਖਦਾ ਹੈ ਕਿ ਦਹਿਸ਼ਤਗਰਦੀ ਵਿਰੋਧੀ ਦਸਤੇ ਦੀ ਇਹ ਚਾਰਜਸ਼ੀਟ ਅਤੇ ਇਸ ਵਿਚ ਬਿਆਨ ਕੀਤੀ ਗਈ ਕਹਾਣੀ ਕੋਰੇ ਝੂਠ ਤੋਂ ਬਿਨਾ ਹੋਰ ਕੁੱਝ ਨਹੀਂ ਹੈ (ਸਫਾ 19)। ਉਹ ਇਸ ਚਿੱਟੇ ਝੂਠ ਬਾਰੇ ਦੱਸਦਿਆਂ ਕਈ ਸਵਾਲ ਕਰਦੇ ਹਨ, ਮਿਸਾਲ ਵਜੋਂ ਇਹ ਕਿ ਪੁਲਿਸ ਕਿਸੇ ਇਕ ਵੀ ਪਾਕਿਸਤਾਨੀ ਨੂੰ ਜਿਉਂਦਾ ਕਿਉਂ ਨਹੀਂ ਫੜ ਸਕੀ?

ਚਾਰਜਸ਼ੀਟ ਵਿਚ 12 ਪਾਕਿਸਤਾਨੀਆਂ ਦੇ ਨਾਮ ਦਿੱਤੇ ਗਏ ਹਨ, ਜੋ ਦੋ ਮਹੀਨਿਆਂ ਤਕ ਮੁਲਜ਼ਿਮਾਂ ਦੇ ਨਾਲ ਰਹੇ ਅਤੇ ਬੰਬ ਧਮਾਕੇ ਕਰਕੇ ਚਲੇ ਗਏ ਪਰ ਹੈਰਾਨੀ ਇਹ ਕਿ ਪੁਲਿਸ ਕਿਸੇ ਨੂੰ ਵੀ ਫੜ ਨਾ ਸਕੀ! ਸ਼ੇਖ ਨੇ ਕਿਤਾਬ ਵਿਚ ਇਹ ਜ਼ਿਕਰ ਵੀ ਕੀਤਾ ਹੈ ਕਿ ਕਿਵੇਂ ਇਨ੍ਹਾਂ ਸਾਰੇ 13 (ਉਹਦੇ ਸਣੇ) ਮੁਲਜ਼ਿਮਾਂ ਨੇ ਅਦਾਲਤ ਨੂੰ ਜ਼ਬਾਨੀ ਅਤੇ ਲਿਖਤੀ ਤੌਰ 'ਤੇ ਇਹ ਵੀ ਲਿਖ ਕੇ ਦਿੱਤਾ ਕਿ ਅਸੀਂ ਸਭ ਬੇਕਸੂਰ ਹਾਂ ਅਤੇ ਇਸ ਕੇਸ ਵਿਚ ਧੱਕੇ ਨਾਲ ਫਸਾਏ ਗਏ ਹਾਂ।



*ਅਬਦੁਲ ਵਾਹਿਦ ਸ਼ੇਖ ਆਪਣੀ ਕਿਤਾਬ 'ਬੇਗੁਨਾਹ ਕੈਦੀ' ਨਾਲ।*

ਉਨ੍ਹਾਂ ਇਹ ਵੀ ਜ਼ਿਕਰ ਕੀਤਾ ਕਿ ਅਕਸਰ ਮੁਲਜ਼ਿਮਾਂ ਨੇ ਆਪਣੀਆਂ ਫੋਨ ਕਾਲਾਂ ਦੀ ਸਾਰੀ ਸੂਚੀ ਅਤੇ ਆਪਣੇ ਥਾਂ-ਪਤੇ ਅਦਾਲਤ ਵਿਚ ਪੇਸ਼ ਕਰਕੇ ਆਪਣੀ ਬੇਗੁਨਾਹੀ ਸਾਬਤ ਕੀਤੀ ਅਤੇ ਇਹ ਦੱਸਿਆ ਕਿ ਉਹ ਤਾਂ ਉਸ ਵੇਲੇ ਮੁੰਬਈ ਵਿਚ ਸਨ ਹੀ ਨਹੀਂ ਸਗੋਂ ਹੋਰ ਸ਼ਹਿਰਾਂ ਵਿਚ ਸਨ। ਸਵਾਲ ਇਹ ਹੈ ਕਿ ਉਨ੍ਹਾਂ ਵਲੋਂ ਪੇਸ਼ ਕੀਤੇ ਗਏ ਕਾਲਾਂ ਦੇ ਸਾਰੇ ਰਿਕਾਰਡ ਅਤੇ ਥਾਂ-ਪਤੇ 'ਤੇ ਇਤਬਾਰ ਕਿਉਂ ਨਹੀਂ ਕੀਤਾ ਗਿਆ?

ਉਨ੍ਹਾਂ ਇਕ ਸਵਾਲ ਇਹ ਵੀ ਉਠਾਇਆ ਹੈ ਕਿ ਮੁਲਜ਼ਿਮਾਂ ਦੇ ਮੋਬਾਈਲਾਂ ਵਿਚੋਂ ਕਾਲ ਰਿਕਾਰਡਾਂ ਦਾ ਸਾਰਾ ਡਾਟਾ ਕਿਉਂ ਗਾਇਬ ਕੀਤਾ ਗਿਆ? ਅਜਿਹੇ ਹੀ ਬਹੁਤ ਸਾਰੇ ਸਵਾਲਾਂ ਦੇ ਨਾਲ ਉਨ੍ਹਾਂ ਨੇ ਝੂਠੀਆਂ ਗਵਾਹੀਆਂ ਰਚਣ ਅਤੇ ਪੁਲਿਸ ਰਾਹੀਂ ਝੂਠੇ ਸਬੂਤਾਂ ਨੂੰ ਜਮ੍ਹਾਂ ਕਰਨ ਦੇ ਢੰਗ-ਤਰੀਕਿਆਂ 'ਤੇ ਵੀ ਚਾਨਣਾ ਪਾਇਆ ਹੈ। ਉਨ੍ਹਾਂ ਦਾ ਇਹ ਵੀ ਦਾਅਵਾ ਹੈ ਕਿ ਦਹਿਸ਼ਤਗਰਦੀ ਵਿਰੋਧੀ ਦਸਤੇ ਨੇ ਉਨ੍ਹਾਂ ਗਵਾਹਾਂ ਨੂੰ ਅਦਾਲਤ ਵਿਚ ਗਵਾਹੀ ਲਈ ਬੁਲਾਇਆ ਹੀ ਨਹੀਂ, ਜਿਨ੍ਹਾਂ ਦੀ ਗਵਾਹੀ ਨਾਲ ਉਨ੍ਹਾਂ ਦੀ ਪੋਲ ਖੁੱਲ੍ਹ ਸਕਦੀ ਸੀ!

ਸ਼ੇਖ ਇਹ ਵੀ ਕਹਿੰਦਾ ਹੈ ਕਿ ਪੁਲਿਸ ਅੱਜ ਤੱਕ ਅਦਾਲਤ ਵਿਚ ਇਹ ਸਾਬਤ ਨਹੀਂ ਕਰ ਸਕੀ ਕਿ ਫੜੇ ਮੁਲਜ਼ਿਮ ਰੋਕ ਲੱਗਣ ਤੋਂ ਪਹਿਲਾਂ ਤੋਂ ਹੀ 'ਸਿਮੀ' ਦੇ ਮੈਂਬਰ ਸਨ। ਇਸ ਪਾਠ ਵਿਚ ਮੁਲਜ਼ਿਮਾਂ 'ਤੇ ਤਸ਼ੱਦਦ, ਦਬਾਅ, ਜ਼ੋਰ-ਜਬਰ ਤੇ ਧਮਕੀਆਂ ਦੇਣ ਦਾ ਵੀ ਜ਼ਿਕਰ ਹੈ ਅਤੇ ਉਨ੍ਹਾਂ ਹਲਫਨਾਮਿਆਂ ਤੇ ਆਰ. ਟੀ. ਆਈ. ਦਾ ਵੀ, ਜੋ ਮੁਲਜ਼ਿਮਾਂ ਨੇ ਦਿੱਤੀਆਂ ਹਨ, ਜਿਨ੍ਹਾਂ ਰਾਹੀਂ ਪੁਲਿਸ ਦਾ ਅਸਲ ਚਿਹਰਾ ਸਾਹਮਣੇ ਆ ਜਾਂਦਾ ਹੈ।

ਦੂਜੇ ਪਾਠ ਦਾ ਸਿਰਲੇਖ 'ਇਕਬਾਲੀਆ ਬਿਆਨ ਦੀ ਹਕੀਕਤ' ਹੈ। ਅਬਦੁਲ ਵਾਹਿਦ ਸ਼ੇਖ ਦਾ ਦਾਅਵਾ ਹੈ ਕਿ ਇਕਬਾਲੀਆ ਬਿਆਨ ਤਿਆਰ ਕੀਤੇ ਜਾਂਦੇ ਹਨ। ਉਹ ਲਿਖਦੇ ਹਨ, ਡੀ. ਐਸ. ਪੀ. ਨੇ ਕੁਝ ਹੱਥੀਂ ਲਿਖੇ ਹੋਏ, ਕੁਝ ਟਾਈਪ ਕੀਤੇ ਹੋਏ ਕਾਗਜ਼ ਮੁਲਜ਼ਿਮਾਂ ਸਾਹਮਣੇ ਵਧਾਏ ਅਤੇ ਦਸਤਖਤ ਕਰਨ ਲਈ ਕਿਹਾ। ਕਿਸੇ ਮੁਲਜ਼ਿਮ ਨੇ ਕਿਹਾ ਕਿ ਪਹਿਲਾਂ ਮੈਨੂੰ ਪੜ੍ਹਨ ਲਈ ਦਿੱਤਾ ਜਾਵੇ ਤਾਂ ਡੀ. ਐਸ. ਪੀ. ਨੇ ਮਨ੍ਹਾਂ ਕਰ ਦਿੱਤਾ ਅਤੇ ਦਹਿਸ਼ਤਗਰਦੀ ਵਿਰੋਧੀ ਦਸਤੇ ਵਾਲਿਆਂ ਨੂੰ ਇਸ਼ਾਰਾ ਕਰਕੇ ਕਹਿਣ ਲੱਗਾ ਕਿ ਲੱਗਦਾ ਹੈ, ਤੁਸੀਂ ਲੋਕਾਂ ਨੇ ਇਸ ਨੂੰ ਪੂਰਾ ਗਰਮ (ਤਸ਼ੱਦਦ) ਨਹੀਂ ਕੀਤਾ।

ਉਸ ਮਗਰੋਂ ਮੁਲਜ਼ਿਮ ਨੇ ਫਿਰ ਇਤਰਾਜ਼ ਕੀਤਾ ਤਾਂ ਉਸ ਨੂੰ ਬਲੈਕਮੇਲ ਕੀਤਾ ਗਿਆ ਕਿ ਤੇਰੇ ਭਰਾ ਤੇ ਘਰਵਾਲੀ ਨੂੰ ਚੁੱਕ ਲਿਆਏ ਹਾਂ, ਉਹ ਦੂਜੇ ਕਮਰੇ ਵਿਚ ਬੰਦ ਹਨ। ਜੇ ਤੂੰ ਦਸਤਖਤ ਨਾ ਕੀਤੇ ਤਾਂ ਤੇਰੇ ਘਰਵਾਲਿਆਂ ਨੂੰ ਬੰਬ ਧਮਾਕੇ ਦੇ ਕੇਸ ਵਿਚ ਫੜ ਲਵਾਂਗੇ। ਇਹ ਸਾਡੇ ਲਈ ਕੋਈ ਔਖਾ ਕੰਮ ਨਹੀਂ ਅਤੇ ਦੁਨੀਆਂ ਦੀ ਕੋਈ ਤਾਕਤ ਸਾਡਾ ਕੁਝ ਵਿਗਾੜ ਨਹੀਂ ਸਕਦੀ। ਇਸ ਪਾਠ ਵਿਚ ਵੇਲੇ ਦੇ ਦਹਿਸ਼ਤਗਰਦੀ ਵਿਰੋਧੀ ਸਰਬਰਾਹ ਪੀ. ਰਘੂਵੰਸ਼ੀ ਦੀਆਂ ਸਰਗਰਮੀਆਂ ਦਾ ਵੀ ਜ਼ਿਕਰ ਹੈ।


ਤੀਜੇ ਪਾਠ ਦਾ ਸਿਰਲੇਖ ਹੈ, 'ਨਾਨ-ਫਿਕਸ਼ਨ' (ਹਕੀਕੀ)। ਇਸ ਵਿਚ 11 ਜੁਲਾਈ ਦੇ ਮੁਲਜ਼ਿਮਾਂ ਦੇ ਉਹ ਹਲਫਨਾਮੇ ਅਤੇ ਬਿਆਨ ਪੇਸ਼ ਕੀਤੇ ਗਏ ਹਨ, ਜਿਨ੍ਹਾਂ ਵਿਚ ਉਨ੍ਹਾਂ ਨੇ ਖੁਦ ਨੂੰ ਬੇਗੁਨਾਹ ਦੱਸਿਆ ਹੈ ਅਤੇ ਪੁਲਿਸ 'ਤੇ ਉਨ੍ਹਾਂ ਨੂੰ ਝੂਠੇ ਕੇਸਾਂ ਵਿਚ ਫਸਾਉਣ ਦਾ ਦੋਸ਼ ਲਾਇਆ ਹੈ। ਅਦਾਲਤ ਵਿਚ ਪੇਸ਼ ਕੀਤੇ ਗਏ ਇਨ੍ਹਾਂ ਹਲਫਨਾਮਿਆਂ ਦੀ ਪੜਤਾਲ ਰੌਂਗਟੇ ਖੜ੍ਹੇ ਕਰ ਦਿੰਦੀ ਹੈ।

ਇਕ ਮਿਸਾਲ ਦੇਖੋ: ਕਮਾਲ ਅਹਿਮਦ ਮੁਹੰਮਦ ਵਕੀਲ ਅੰਸਾਰੀ ਨੂੰ ਅਦਾਲਤ ਨੇ ਗੁਨਾਹਗਾਰ ਕਰਾਰ ਦਿੱਤਾ ਹੈ। ਅਦਾਲਤ ਵਿਚ ਉਸ ਦਾ 17 ਜੁਲਾਈ 2012 ਨੂੰ ਪੇਸ਼ ਕੀਤਾ ਹਲਫਨਾਮਾ ਹੈਰਾਨ ਕਰਨ ਵਾਲਾ ਹੈ। ਇਕ ਜਗ੍ਹਾ ਲਿਖਦੇ ਹਨ, "ਮੈਨੂੰ ਦਹਿਸ਼ਤਗਰਦੀ ਵਿਰੋਧੀ ਦਸਤੇ ਵਾਲਿਆਂ ਨੇ ਤੀਜਾ ਦਰਜਾ ਤਸ਼ੱਦਦ ਕਰਨ ਮਗਰੋਂ ਲਾਲਚ ਦੇਣਾ ਸ਼ੁਰੂ ਕੀਤਾ ਕਿ ਤੂੰ ਇਸ ਝੂਠੀ ਕਹਾਣੀ ਲਈ ਹਾਮੀ ਭਰ ਦੇ, ਅਸੀਂ ਤੈਨੂੰ ਵਾਧੂ ਪੈਸੇ ਦੇਵਾਂਗੇ। ਤੈਨੂੰ ਅਸੀਂ ਚਾਰ ਲੱਖ ਰੁਪਿਆ ਦੇਵਾਂਗੇ, ਤੂੰ ਸਰਕਾਰੀ ਗਵਾਹ ਬਣ ਜਾ। ਮੈਂ ਉਨ੍ਹਾਂ ਨੂੰ ਮਨ੍ਹਾਂ ਕੀਤਾ ਤਾਂ ਉਨ੍ਹਾਂ ਮੇਰੇ ਸਾਥੀ ਮੁਲਜ਼ਿਮਾਂ ਨੂੰ ਰੁਪਏ ਅਤੇ ਫਲੈਟਾਂ ਦਾ ਲਾਲਚ ਦਿੱਤਾ ਅਤੇ ਮੁਖੀ ਪੀ. ਰਘੂਵੰਸ਼ੀ ਨੇ ਡਰਾਉਣਾ ਸ਼ੁਰੂ ਕੀਤਾ ਕਿ 'ਅਸੀਂ ਤੁਹਾਡੇ ਘਰਵਾਲਿਆਂ ਨੂੰ ਵੀ ਫਸਾਵਾਂਗੇ।' (ਸਫਾ 126)

ਅਬਦੁਲ ਵਾਹਿਦ ਸ਼ੇਖ ਇਕ ਮੁਲਜ਼ਿਮ ਡਾਕਟਰ ਤਨਵੀਰ ਅੰਸਾਰੀ ਦਾ ਬਿਆਨ ਲਿਖਦੇ ਹਨ, 21 ਨਵੰਬਰ 2006 ਨੂੰ ਜੇਲ੍ਹ ਅਫਸਰ ਗੋਵਿੰਦ ਪਾਟਿਲ ਮੈਨੂੰ ਆਂਡਾ ਬੈਰਕ ਵਿਚੋਂ ਕੱਢ ਕੇ ਜੇਲ੍ਹ ਸੁਪਰਡੈਂਟ ਮੈਡਮ ਸਵਾਤੀ ਸਾਠੇ ਦੇ ਦਫਤਰ ਲੈ ਗਿਆ। ਥੋੜ੍ਹੇ ਚਿਰ ਮਗਰੋਂ ਰਘੂਵੰਸ਼ੀ ਉਥੇ ਆਇਆ। ਮੈਨੂੰ ਜ਼ਬਰਦਸਤੀ ਉਸ ਦੇ ਸਾਹਮਣੇ ਬਿਠਾਇਆ ਗਿਆ। ਰਘੂਵੰਸ਼ੀ ਗੁੱਸੇ ਵਿਚ ਸੀ, ਕਿਉਂਕਿ ਮੈਂ ਉਸ ਦੇ ਦੱਸੇ ਹੋਏ ਤਰੀਕੇ 'ਤੇ ਨਾ ਚੱਲ ਕੇ ਇਕਬਾਲੀਆ ਬਿਆਨ ਦੇਣ ਤੋਂ ਨਾਂਹ ਕਰ ਦਿੱਤੀ ਸੀ। ਉਹ ਮੈਨੂੰ ਸਰਕਾਰੀ ਗਵਾਹ ਬਣਾ ਕੇ ਜੇਲ੍ਹ ਵਿਚੋਂ ਨਿਕਲ ਜਾਣ ਦੀਆਂ ਸਲਾਹਾਂ ਦਿੰਦਾ ਰਿਹਾ। ਉਸ ਨੇ ਮੈਨੂੰ ਅਤੇ ਮੇਰੇ ਘਰ ਵਾਲਿਆਂ ਨੂੰ ਗਾਲ੍ਹਾਂ ਕੱਢੀਆਂ। "ਸੋਚ ਲੈ, ਆਪਣੀ ਕਿਸਮਤ ਦਾ ਫੈਸਲਾ ਆਪ ਕਰ ਲੈ!" ਇਹ ਕਹਿ ਕੇ ਉਹ ਚਲਿਆ ਗਿਆ। (ਸਫਾ 145)

ਇਹਤਿਸ਼ਾਮ ਕੁਤਬਉਦੀਨ ਸਿੱਦੀਕੀ ਦੇ ਬਿਆਨ ਵਿਚ ਡੀ. ਜੀ. ਵਣਜਾਰਾ ਦਾ ਵੀ ਜ਼ਿਕਰ ਹੈ। ਦੇਖੋ, ਇਕ ਅਫਸਰ ਨੇ ਮੈਥੋਂ ਪੁੱਛਗਿੱਛ ਕੀਤੀ ਅਤੇ ਕਿਹਾ ਕਿ ਅਸੀਂ ਜਿਸ ਮੁਸਲਮਾਨ ਨੂੰ ਫੜਦੇ ਹਾਂ, ਉਸ ਨੂੰ ਗੋਲੀ ਨਾਲ ਉਡਾ ਦਿੰਦੇ ਹਾਂ। ਮਈ 2007 ਵਿਚ ਇਸ ਅਫਸਰ ਦਾ ਫੋਟੋ ਮੈਂ ਅਖਬਾਰ ਵਿਚ ਦੇਖਿਆ ਤਾਂ ਪਤਾ ਲੱਗਿਆ ਕਿ ਇਹ ਅਫਸਰ ਗੁਜਰਾਤ ਦਹਿਸ਼ਤਗਰਦੀ ਵਿਰੋਧੀ ਦਸਤੇ ਦਾ ਮੁਖੀ ਡੀ. ਜੀ. ਵਣਜਾਰਾ ਹੈ, ਜੋ ਸੁਹਰਾਬੂਦੀਨ ਫਰਜ਼ੀ ਮੁਕਾਬਲੇ ਵਿਚ ਫੜਿਆ ਗਿਆ ਸੀ। (ਸਫਾ 166)

ਸਵਾਲ ਇਹੀ ਹੈ ਕਿ ਵਣਜਾਰਾ ਭੁਵੀ ਵਾੜਾ ਹਵਾਲਾਤ ਵਿਚ ਕੀ ਕਰ ਰਿਹਾ ਸੀ! ਇਸ ਪਾਠ ਵਿਚ ਸਹਾਇਕ ਪੁਲਿਸ ਕਮਿਸ਼ਨਰ ਵਿਨੋਦ ਭੱਟ ਦੀ ਸਨਸਨੀਖੇਜ਼ ਖੁਦਕੁਸ਼ੀ ਦਾ ਵੀ ਜ਼ਿਕਰ ਹੈ। ਕਿਤਾਬ ਵਿਚ ਦਰਜ ਵਿਨੋਦ ਭੱਟ ਦੀ ਖੁਦਕੁਸ਼ੀ ਦੇ ਸਿਰਲੇਖ ਵਾਲੀ ਤਹਿਰੀਰ ਦੇਖੋ, ਵਿਨੋਦ ਭੱਟ ਨੇ ਇਹਤਿਸ਼ਾਮ ਨਾਲ ਗੱਲਬਾਤ ਕੀਤੀ। ਅਗਸਤ 2006 ਦੇ ਆਖਰੀ ਹਫਤੇ ਵਿਚ ਮੈਨੂੰ ਭੁਵੀ ਵਾੜਾ




*'ਬੇਗੁਨਾਹ ਕੈਦੀ' ਦੇ ਹਿੰਦੀ ਅਨੁਵਾਦ ਦਾ ਮੁਖੜਾ*

ਦਹਿਸ਼ਤਗਰਦੀ ਵਿਰੋਧੀ ਦਸਤੇ ਦੀ ਹਵਾਲਾਤ ਦੀ ਦੂਜੀ ਮੰਜ਼ਲ 'ਤੇ ਸਹਾਇਕ ਪੁਲਿਸ ਕਮਿਸ਼ਨਰ ਵਿਨੋਦ ਭੱਟ ਸਾਹਮਣੇ ਲਿਆਂਦਾ ਗਿਆ। ਜੋ ਗੱਲਬਾਤ ਹੋਈ, ਉਹ ਇਸ ਤਰ੍ਹਾਂ ਹੈ:

ਵਿਨੋਦ ਭੱਟ: ਮੈਂ ਇਸ ਕੇਸ ਦੇ ਸਾਰੇ ਕਾਗਜ਼ਾਂ ਦਾ ਅਧਿਐਨ ਕਰਕੇ ਲੱਭਿਆ ਹੈ ਕਿ ਤੂੰ ਅਤੇ ਹੋਰ ਫੜੇ ਗਏ ਮੁਲਜ਼ਿਮ 11 ਜੁਲਾਈ ਦੇ ਬੰਬ ਧਮਾਕੇ ਵਿਚ ਸ਼ਾਮਲ ਨਹੀਂ।

ਇਹਤਿਸ਼ਾਮ: ਸਰ! ਅਸੀਂ ਵਾਰ-ਵਾਰ ਇਹੀ ਕਿਹਾ ਹੈ ਕਿ ਅਸੀਂ ਬੇਕਸੂਰ ਹਾਂ। ਫਿਰ ਸਾਨੂੰ ਇਸ ਕੇਸ ਵਿਚ ਕਿਉਂ ਫੜਿਆ ਗਿਆ ਹੈ?

ਭੱਟ: ਅਸਲ ਦੋਸ਼ੀ ਨਹੀਂ ਮਿਲੇ, ਇਸ ਲਈ।

ਇਹਤਿਸ਼ਾਮ: ਇਹ ਸਭ ਕਿਸ ਦੇ ਇਸ਼ਾਰੇ 'ਤੇ ਹੋ ਰਿਹਾ ਹੈ?

ਭੱਟ: ਪੁਲਿਸ ਕਮਿਸ਼ਨਰ ਏ. ਐਨ. ਰਾਏ ਅਤੇ ਦਹਿਸ਼ਤਗਰਦੀ ਵਿਰੋਧੀ ਦਸਤੇ ਦਾ ਮੁਖੀ ਪੀ. ਰਘੂਵੰਸ਼ੀ ਮੇਰੇ 'ਤੇ ਸਖਤ ਦਬਾਅ ਪਾ ਰਹੇ ਹਨ ਕਿ ਤੁਹਾਡੇ ਖਿਲਾਫ ਬੰਬ ਧਮਾਕੇ ਦੇ ਕੇਸ ਦੀ ਝੂਠੀ ਚਾਰਜਸ਼ੀਟ ਤਿਆਰ ਕਰਕੇ ਅਦਾਲਤ ਵਿਚ ਦਾਖਲ ਕਰਾਂ।

ਇਹਤਿਸ਼ਾਮ: ਕੀ ਤੁਸੀਂ ਅਜਿਹਾ ਕਰੋਗੇ?

ਭੱਟ: ਨਹੀਂ, ਭਾਵੇਂ ਉਹ ਮੇਰੀ ਘਰਵਾਲੀ ਨੂੰ ਕਿਸੇ ਕੇਸ ਵਿਚ ਫਸਾਉਣ ਦੀ ਗੱਲ ਕਰ ਰਹੇ ਹਨ, ਤਾਂ ਵੀ ਨਹੀਂ।

ਇਹਤਿਸ਼ਾਮ: ਫਿਰ ਅਸੀਂ ਛੁੱਟ ਜਾਵਾਂਗੇ?

ਭੱਟ: ਰੱਬ 'ਤੇ ਭਰੋਸਾ ਰੱਖ। ਮੈਂ ਮਰ ਜਾਵਾਂਗਾ, ਪਰ ਬੇਗੁਨਾਹਾਂ ਨੂੰ ਇਸ ਕੇਸ ਵਿਚ ਨਹੀਂ ਫਸਾਵਾਂਗਾ।

ਇਸ ਪੂਰੇ ਵਾਕੇ ਤੋਂ ਕੁਝ ਕੁ ਦਿਨਾਂ ਬਾਅਦ ਹੀ ਵਿਨੋਦ ਭੱਟ ਨੇ ਖੁਦਕੁਸ਼ੀ ਕਰ ਲਈ।

ਚੌਥਾ ਪਾਠ ਪੁਲਿਸ ਤਸ਼ੱਦਦ ਦੇ ਨਾਮ ਤੋਂ ਹੈ। ਇਸ ਵਿਚ ਚੱਕੀ ਦੇ ਪਟੇ ਦਾ ਜ਼ਿਕਰ ਕਰਦਿਆਂ ਦੱਸਿਆ ਗਿਆ ਹੈ ਕਿ ਸਰੀਰਕ ਤਸ਼ੱਦਦ ਲਈ ਪੁਲਿਸ ਸਭ ਤੋਂ ਵੱਧ ਚੱਕੀ ਦੇ ਪਟੇ ਦੀ ਵਰਤੋਂ ਕਰਦੀ ਹੈ। ਅਸੀਂ ਦਹਿਸ਼ਤਗਰਦੀ ਵਿਰੋਧੀ ਦਸਤੇ ਦੇ ਪੁਲਿਸ ਸਟੇਸ਼ਨ ਵਿਚ ਜਿੰਨੇ ਪਟੇ ਦੇਖੇ, ਉਨ੍ਹਾਂ 'ਤੇ ਹਿੰਦੀ ਵਿਚ ਇਹ ਜੁਮਲੇ ਲਿਖੇ ਹੋਏ ਸਨ: 1. ਸੱਚ ਬੋਲ ਪਟਾ 2. ਮੇਰੀ ਆਵਾਜ਼ ਸੁਣੋ 3. ਅੰਨ੍ਹਾ ਕਾਨੂੰਨ 4. ਇਥੇ ਪੱਥਰ ਵੀ ਬੋਲਦਾ ਹੈ 5. ਬੋਲਣ ਵਾਲਾ ਪਟਾ (ਸਫਾ 367)। ਇਕ ਸੌ ਅੱਸੀ ਡਿਗਰੀ ਤਸ਼ੱਦਦ, ਨੰਗਾ ਕਰਨਾ, ਖਾਸ ਅੰਗਾਂ 'ਤੇ ਬਿਜਲੀ ਦੇ ਝਟਕੇ ਦੇਣੇ, ਗੁਪਤ ਅੰਗਾਂ 'ਤੇ ਤਸ਼ੱਦਦ, ਅੱਗ ਤੇ ਪਾਣੀ ਨਾਲ ਤਸ਼ੱਦਦ, ਵਾਲਾਂ ਦਾ ਤਸ਼ੱਦਦ, ਠੰਢ ਦਾ ਤਸ਼ੱਦਦ, ਨੀਂਦ ਤੋਂ ਵਿਰਵਾ ਕਰਨਾ, ਇਕੱਲਿਆਂ ਬੰਦ ਕਰ ਦੇਣਾ, ਕਤਲ ਕਰਨ ਦਾ ਨਾਟਕ ਕਰਨਾ, ਅੰਗਾਂ 'ਤੇ ਵਰ੍ਹਦੀ ਕੁਟਾਈ, ਗਾਲ੍ਹਾਂ ਆਦਿ ਤਸ਼ੱਦਦ ਦੇ ਉਹ ਵੱਖ-ਵੱਖ ਢੰਗ ਹਨ, ਜਿਨ੍ਹਾਂ 'ਤੇ ਕਿਤਾਬ ਵਿਚ ਤਫਸੀਲ ਨਾਲ ਦੱਸਿਆ ਗਿਆ ਹੈ (ਸਫਾ 367 ਤੋਂ 374 ਤੱਕ)। ਝੂਠ ਫੜਨ ਦਾ ਟੈਸਟ ਅਤੇ ਨਾਰਕੋ ਟੈਸਟ ਦੇ ਹੱਕ ਵੀ ਉਜਾਗਰ ਕੀਤੇ ਗਏ ਹਨ।

ਪੰਜਵਾਂ ਪਾਠ 'ਗੁਪਤ ਜਥੇਬੰਦੀ ਇੰਡੀਅਨ ਮੁਜਾਹਿਦੀਨ' ਦੇ ਨਾਮ 'ਤੇ ਹੈ। ਅਬਦੁਲ ਵਾਹਿਦ ਸ਼ੇਖ ਨੇ ਥਾਂ-ਥਾਂ ਅਦਾਲਤ ਦੇ ਰਵੱਈਏ 'ਤੇ ਵੀ ਸਵਾਲ ਉਠਾਇਆ ਹੈ। ਇਕ ਜਗ੍ਹਾ ਉਹ ਲਿਖਦਾ ਹੈ ਕਿ ਅਦਾਲਤ ਵਿਚ ਉਂਜ ਤਾਂ ਵਾਲ ਦੀ ਵੀ ਖੱਲ ਲਾਹੀ ਜਾਂਦੀ ਹੈ ਅਤੇ ਹਰ ਦਸਤਾਵੇਜ਼ ਨੂੰ ਬਾਰੀਕੀ ਨਾਲ ਜਾਂਚ-ਪਰਖ ਕੇ ਕਬੂਲਿਆ ਜਾਂਦਾ ਹੈ, ਫਿਰ ਸਾਦਿਕ ਦੇ ਨਾਮ ਦੇ ਹਲਫੀਆ ਬਿਆਨ ਨੂੰ ਉਸ ਦੇ ਦਸਤਖਤਾਂ ਬਗੈਰ ਹੀ ਅਦਾਲਤ ਨੇ ਕਿਵੇਂ ਕਬੂਲ ਕਰ ਲਿਆ? ਅਦਾਲਤ ਨੇ ਸਾਦਿਕ ਨੂੰ ਅਦਾਲਤ ਵਿਚ ਬੁਲਾ ਕੇ ਇਹ ਜਾਣਨ ਦੀ ਵੀ ਕੋਸ਼ਿਸ਼ ਕਿਉਂ ਨਹੀਂ ਕੀਤੀ ਕਿ ਇਹ ਬਿਆਨ ਉਸੇ ਦਾ ਹੀ ਹੈ? ਤੇ ਤੂੰ ਇਸ ਬਿਆਨ 'ਤੇ ਦਸਤਖਤ ਕਿਉਂ ਨਹੀਂ ਕੀਤੇ? (ਸਫਾ 400)

ਛੇਵਾਂ ਪਾਠ 'ਪੁਲਿਸ ਰਾਜ' ਬੇਹੱਦ ਅਹਿਮ ਪਾਠ ਹੈ। ਇਸ ਪਾਠ ਵਿਚ ਜਰਮਨ ਬੇਕਰੀ ਬੰਬ ਧਮਾਕੇ ਤੋਂ ਲੈ ਕੇ ਪੱਤਰਕਾਰ ਆਸ਼ੀਸ਼ ਖੇਤਾਨ ਦੇ ਸਟਿੰਗ ਅਪ੍ਰੇਸ਼ਨ, ਮਾਲੇਗਾਓਂ ਬੰਬ ਧਮਾਕੇ 2006, ਔਰੰਗਾਬਾਦ ਅਸਲਾ ਜ਼ਬਤੀ ਮਾਮਲੇ, ਔਰੰਗਾਬਾਦ ਵਿਚ ਸਾਬਕਾ ਫੌਜੀ ਦੇ ਘਰੋਂ ਹਥਿਆਰਾਂ ਦੀ ਬਰਾਮਦਗੀ ਅਤੇ ਅਕਸ਼ਰਧਾਮ ਮੰਦਰ ਹਮਲੇ ਤੱਕ, ਇਨ੍ਹਾਂ ਸਭ ਸਿਰਲੇਖਾਂ ਤਹਿਤ ਲੇਖਕ ਨੇ ਇਹ ਸਾਬਤ ਕਰਨ ਦੀ ਕੋਸ਼ਿਸ਼ ਕੀਤੀ ਹੈ ਕਿ ਮੁਲਕ ਪੁਲਿਸ ਰਾਜ ਵਿਚ ਤਬਦੀਲ ਹੋ ਰਿਹਾ ਹੈ।

ਉਹ ਲਿਖਦਾ ਹੈ ਕਿ ਪੁਲਿਸ ਹਿਰਾਸਤ ਅਤੇ ਗੈਰ-ਕਾਨੂੰਨੀ ਹਿਰਾਸਤ ਦੌਰਾਨ ਕਈ ਪੁਲਿਸ ਅਫਸਰਾਂ ਨੇ ਸਾਨੂੰ ਵਾਰ-ਵਾਰ ਕਿਹਾ ਕਿ ਮੁਸਲਮਾਨ ਮੁਲਕ ਦੇ ਗੱਦਾਰ ਹਨ, ਪਾਕਿਸਤਾਨ ਪੱਖੀ ਹਨ, ਦਹਿਸ਼ਤਗਰਦੀ ਨੂੰ ਜਨਮ ਦਿੰਦੇ ਹਨ ਅਤੇ ਮੁਲਕ 'ਤੇ ਬੋਝ ਹਨ। ਇੰਸਪੈਕਟਰ ਖਾਨਵਲਕਰ, ਵਰਪੇ ਅਤੇ ਧਾਮਨਕਰ ਅਕਸਰ ਸਾਨੂੰ ਕਹਿੰਦੇ ਸਨ ਕਿ ਸਾਡੇ ਕੋਲ ਐਨੀਆਂ ਤਾਕਤਾਂ ਹਨ ਕਿ ਅਸੀਂ ਕਿਸੇ ਵੀ ਮੁਸਲਮਾਨ ਨੂੰ ਕਿਸੇ ਵੀ ਵੇਲੇ ਝੂਠੇ ਮੁਕਾਬਲੇ ਵਿਚ ਮਾਰ ਸਕਦੇ ਹਾਂ, ਬੰਬ ਧਮਾਕੇ ਵਿਚ ਫੜ ਕੇ ਫਾਂਸੀ ਦਿਵਾ ਸਕਦੇ ਹਾਂ, ਜ਼ਿੰਦਗੀਆਂ ਤਬਾਹ ਕਰ ਸਕਦੇ ਹਾਂ ਅਤੇ ਸਾਡਾ ਕੋਈ ਵਾਲ ਵੀ ਵਿੰਗਾ ਨਹੀਂ ਕਰ ਸਕਦਾ। ਤੇ ਇਹੀ ਕੰਮ 11 ਜੁਲਾਈ ਦੇ ਕੇਸ ਵਿਚ ਹੋਇਆ ਹੈ।

ਇਹ ਕਿਤਾਬ ਉਨ੍ਹਾਂ ਮੁਸਲਮਾਨਾਂ ਦਾ ਮੁਕੱਦਮਾ ਲੋਕ ਕਚਹਿਰੀ ਵਿਚ ਪੇਸ਼ ਕਰਦੀ ਹੈ, ਜੋ ਦਹਿਸ਼ਤਗਰਦੀ ਦੇ ਦੋਸ਼ ਹੇਠ ਗ੍ਰਿਫਤਾਰ ਕੀਤੇ ਗਏ ਪਰ ਜੋ ਖੁਦ ਨੂੰ ਬੇਗੁਨਾਹ ਕਰਾਰ ਦਿੰਦੇ ਹਨ ਅਤੇ ਤੱਥ ਵੀ ਉਨ੍ਹਾਂ ਦੀ ਬੇਗੁਨਾਹੀ ਦੀ ਤਸਦੀਕ ਕਰਦੇ ਹਨ। ਕਿਤਾਬ ਦਾ ਲੇਖਕ ਆਪਣੀ ਆਖਰੀ ਗੱਲ ਵਿਚ ਇਕ ਜਗ੍ਹਾ ਲਿਖਦਾ ਹੈ: ਮੁਲਕ ਦੀ ਮੌਜੂਦਾ ਸੂਰਤੇ-ਹਾਲ ਵਿਚ ਇਸ ਕਿਤਾਬ ਅੰਦਰਲੀਆਂ ਜ਼ਿਆਦਾਤਰ ਗੱਲਾਂ ਤੋਂ ਇਨਕਾਰੀ ਹੋਣਾ ਮੁਸ਼ਕਿਲ ਹੈ। ਅਸੀਂ ਬੱਸ ਇਹੀ ਚਾਹੁੰਦੇ ਹਾਂ ਕਿ ਝੂਠੇ ਕੇਸਾਂ ਵਿਚ ਫਸਾਏ ਜਾਣ ਕਰਕੇ ਅਸੀਂ ਜਿਸ ਪੀੜ ਵਿਚੋਂ ਲੰਘੇ ਹਾਂ, ਕੌਮ ਦਾ ਕੋਈ ਦੂਜਾ ਫਰਦ ਉਸ ਮੁਸ਼ਕਿਲ ਵਿਚੋਂ ਨਾ ਲੰਘੇ ਅਤੇ ਕੌਮ ਦੇ ਜਾਗਰੂਕ ਤੇ ਦਾਨੇ ਲੋਕ ਇਸ ਸਿਲਸਿਲੇ ਨੂੰ ਰੋਕਣ ਲਈ ਕੋਈ ਅਮਲੀ ਕਦਮ ਚੁੱਕਣ। ਇਸ ਤੋਂ ਪਹਿਲਾਂ ਕਿ ਬਹੁਤੀ ਦੇਰ ਹੋ ਜਾਵੇ, ਇਸ ਬਾਰੇ ਕੁਝ ਕਰੋ। (ਸਫਾ 459)

## ਅੰਦਰ-ਖ਼ਾਤੇ



ਐਸ. ਅਸ਼ੋਕ ਭੌਰਾ

# ਡੂਢ ਕਿੱਲਾ

ਜੰਗਲ ਮੁੱਕਣ ਤੇ ਰਾਹ ਪੱਕੇ ਹੋਣ ਨਾਲ ਸੂਲਾਂ ਅਤੇ ਕੰਡਿਆਂ ਦੇ ਪੈਰਾਂ 'ਚ ਲੱਗਣ ਦੀ ਸੰਭਾਵਨਾ ਖਤਮ ਹੋ ਜਾਂਦੀ ਹੈ। ਚੰਗਾ ਹੁੰਦਾ ਜੇ ਇਨ੍ਹਾਂ ਹੀ ਰਾਹਾਂ 'ਤੇ ਤੁਰਨ ਦੇ ਹਾਲਾਤ ਬਣੇ ਰਹਿੰਦੇ, ਕਿਉਂਕਿ ਸੂਲਾਂ ਤੇ ਕੰਡੇ ਤਾਂ ਕੁਝ ਵੀ ਨਹੀਂ ਸਨ, ਜੋ ਕੁਝ ਹੁਣ ਰਾਹਾਂ ਵਿਚ ਖਿੱਲਰਿਆ ਹੋਇਐ, ਉਹ ਸ਼ਾਇਦ ਕਿਸੇ ਤੋਂ ਵੀ 'ਕੱਠਾ ਨਾ ਹੋਵੇ। ਹੁਣ ਰਾਹਾਂ 'ਚ ਬਦਮਾਸ਼ੀ ਹੈ, ਬੇਈਮਾਨੀ ਹੈ, ਲੁੱਟ ਖੋਹ ਹੈ, ਰਾਹਾਂ 'ਤੇ ਠੱਗਾਂ ਚੋਰਾਂ ਦਾ ਕਬਜ਼ਾ ਹੈ ਤੇ ਇਨਸਾਨੀਅਤ ਵੱਲ ਜਾਂਦੇ ਸਾਰੇ ਰਸਤਿਆਂ 'ਚ ਬਦਮਾਸ਼ਾਂ ਦੇ ਟੋਲੇ ਹੁੰਦੇ ਤਾਂ ਵੀ ਕੋਈ ਗੱਲ ਨਹੀਂ ਸੀ ਪਰ ਹੁਣ ਤਾਂ ਕਾਫਲੇ ਹਨ। ਕਈ ਵਾਰੀ ਨਾਂ ਤੇ ਸੰਤ ਰਾਮ ਹੁੰਦਾ ਹੈ, ਪਰ ਮੁਕੱਦਮੇ ਠੱਗੀਆਂ ਦੇ ਦਰਜਨਾਂ ਚੱਲ ਰਹੇ ਹੁੰਦੇ ਹਨ। ਨਾਮ ਤਾਂ ਇਸ ਪਤੰਦਰ ਦਾ ਜੀਵਨ ਦਾਸ ਸੀ, ਪਰ ਇਸ ਨੇ ਕਿੰਨੀਆਂ ਜ਼ਿੰਦਗੀਆਂ ਨੂੰ ਬਰਬਾਦ ਕੀਤਾ, ਮੌਤ ਦੇ ਘਾਟ ਉਤਾਰਿਆ, ਮਾਂ ਬਾਪ ਹੀ ਨਹੀਂ ਸਗੋਂ ਸਮਾਜ ਵੀ ਸੋਚਦਾ ਹੋਵੇਗਾ ਕਿ ਜੀਵਨ ਦਾਸ ਦੇ ਇਹ ਅਰਥ ਵੀ ਹੁੰਦੇ ਹਨ?

ਅੱਜ ਜਦੋਂ ਜੀਵਨ ਦੀ ਮੌਤ ਹੋਈ, ਲੋਕ ਤਾਂ ਕੀ ਉਸ ਦੇ ਨੇੜਲੇ ਵੀ ਹਉਕਾ ਤੱਕ ਨਹੀਂ ਭਰਨਾ ਚਾਹੁੰਦੇ ਸਨ, ਪਰ ਫਿਰ ਵੀ ਸ਼ਮਸ਼ਾਨਘਾਟ ਵੱਲ ਸੈਂਕੜੇ ਲੋਕ ਧਾਹਾਂ ਮਾਰਦੇ ਜਾ ਰਹੇ ਸਨ। ਜੀਵਨ ਦੇ ਬਲਦੇ ਸਿਵੇ ਵੱਲ ਲੋਕਾਂ ਦੀ ਪਿੱਠ ਸੀ, ਸ਼ਾਇਦ ਉਧਰ ਨੂੰ ਕੋਈ ਮੂੰਹ ਵੀ ਨਹੀਂ ਸੀ ਘੁਮਾਉਣਾ ਚਾਹੁੰਦਾ, ਪਰ ਦੂਸਰੇ ਪਾਸੇ ਪਿਓ ਤੇ ਪੁੱਤਰ ਦਾ ਬਲਦਾ ਸਿਵਾ ਹਰ ਇਕ ਦੀਆਂ ਆਂਦਰਾਂ ਨੂੰ ਧੂਹ ਰਿਹਾ ਸੀ। ਇਨ੍ਹਾਂ ਦੋਹਾਂ ਬਲਦੇ ਸਿਵਿਆਂ 'ਚ ਸਾਂਝ ਇਹ ਸੀ ਕਿ ਜੀਵਨ ਦਾਸ ਆਪ ਤਾਂ ਮਰ ਗਿਆ ਸੀ, ਪਰ ਆਪਣੇ ਨਾਲ ਆਪਣੇ ਭਾਣਜੇ ਤੇ ਭਣੋਈਏ ਨੂੰ ਵੀ ਲੈ ਗਿਆ ਸੀ।

ਨਿੱਕਾ ਜਿਹਾ ਪਿੰਡ ਤੇ ਜੁਗਲ ਕਿਸ਼ੋਰ ਦੇ ਦੋ ਬੱਚੇ। ਪੁੱਤਰ ਜੀਵਨ ਦਾਸ ਤੇ ਧੀ ਕ੍ਰਿਸ਼ਨਾ। ਸਧਾਰਨ ਜਿਮੀਂਦਾਰ ਪਰਿਵਾਰ। ਜੁਗਲ ਕਿਸ਼ੋਰ ਦੀ ਬਦਕਿਸਮਤੀ ਇਹ ਕਿ ਉਸ ਦੀ ਧਰਮ ਪਤਨੀ ਤਾਂ ਚਲੋ ਬੱਚੇ ਛੋਟੇ ਛੋਟੇ ਛੱਡ ਕੇ ਕੈਂਸਰ ਦੀ ਨਾਮੁਰਾਦ ਬਿਮਾਰੀ ਨਾਲ ਤੁਰ ਹੀ ਗਈ ਸੀ, ਪਰ ਪੁੱਤਰ ਜਦੋਂ ਵੱਡਾ ਹੋਇਆ ਤਾਂ ਚੋਰ, ਬੇਈਮਾਨ ਤੇ ਬਦਮਾਸ਼ ਨਿਕਲਿਆ। ਔਖੇ-ਸੌਖੇ ਨੇ ਧੀ ਦੇ ਤਾਂ ਹੱਥ ਪੀਲੇ ਕਰ ਦਿੱਤੇ ਪਰ ਆਪਣੇ ਇਸ ਪੁੱਤਰ ਨਾਲ ਰਹਿਣਾ ਔਖਾ ਹੋ ਗਿਆ। ਉਹ ਆਪਣੇ ਵੱਡੇ ਭਰਾ ਕੋਲ ਚਲਾ ਗਿਆ ਅਤੇ ਆਪਣੀ ਡੂਢ ਕਿੱਲਾ ਜਮੀਨ ਵੀ ਭਰਾ ਨੂੰ ਹੀ ਵਾਹੁਣ ਨੂੰ ਦੇ ਦਿੱਤੀ। ਉਹਨੇ ਸੋਚਿਆ ਕਿ ਕਿਉਂ ਨਾ ਇਹ ਜਮੀਨ ਭਰਾ ਦੇ ਨਾਂ ਹੀ ਕਰਵਾ ਦਿਆਂ, ਮੇਰੀ ਧੀ ਦਾ ਖਿਆਲ ਰੱਖੇਗਾ। ਵੱਡੇ ਭਰਾ ਸੁੰਦਰ ਦਾਸ ਦੇ ਮਨ੍ਹਾਂ ਕਰਦਿਆਂ ਵੀ ਉਹਨੇ ਇਹ ਡੂਢ ਕਿੱਲਾ ਜਮੀਨ ਉਹਦੇ ਨਾਂ ਕਰਨ ਦਾ ਫੈਸਲਾ ਕਰ ਹੀ ਲਿਆ।

ਸਵੇਰੇ ਦੋਹਾਂ ਭਰਾਵਾਂ ਨੇ ਕਚਹਿਰੀ ਜਾਣਾ ਸੀ, ਪਰ ਉਪਰ ਵਾਲੇ ਦੀ ਮੌਜ ਕਿ ਖਬਰ ਜੀਵਨ ਦਾਸ ਤੱਕ ਪਹੁੰਚ ਗਈ ਕਿ ਬਾਪੂ ਡੂਢ ਕਿੱਲਾ ਜਮੀਨ ਤਾਏ ਸੁੰਦਰ ਦਾਸ ਦੇ ਨਾਂ ਕਰਾਉਣ ਲੱਗਾ ਹੈ। ਮੁਸ਼ਟੰਡੇ ਬਦਮਾਸ਼ ਨਾਲ ਲਏ ਅਤੇ ਸਾਈਕਲ 'ਤੇ ਜਾਂਦੇ ਪਿਓ ਜੁਗਲ ਕਿਸ਼ੋਰ ਅਤੇ ਤਾਏ ਸੁੰਦਰ ਦਾਸ ਦਾ ਕਤਲ ਕਰ ਦਿੱਤਾ। ਤਾਏ ਦੀ ਛਾਤੀ 'ਤੇ ਹੱਥ ਰੱਖ ਕੇ ਜੀਵਨ ਦਾਸ ਕਹਿ ਰਿਹਾ ਸੀ, 'ਕਰਾਉਨਾਂ ਮੈਂ ਤੇਰੇ ਨਾਂ ਡੂਢ ਮੁਰੱਬਾ!' ਅਸਲ 'ਚ ਹੈ ਤਾਂ ਕਿੱਲਾ ਡੂਢ ਹੀ ਸੀ, ਪਰ ਪੁਆੜੇ ਸੱਚੀਂ-ਮੁੱਚੀਂ ਡੇਢ ਮੁਰੱਬੇ ਜਿੰਨੇ ਪੈਂਦੇ ਗਏ।

ਜੀਵਨ ਦਾਸ ਜੇਲ੍ਹ ਚਲਾ ਗਿਆ। ਘਰ ਵਿਚੋਂ ਬਾਪੂ ਦੀ ਵਸੀਅਤ ਨਿਕਲੀ ਧੀ ਦੇ ਨਾਮ, ਪਰ ਧੀ ਨੇ ਉਹ ਡੂਢ ਕਿੱਲਾ ਲੈਣ ਤੋਂ ਨਾਂਹ ਕਰ ਦਿੱਤੀ, ਸੋਚਦੀ ਸੀ ਕਿ ਇਹ ਡੂਢ ਕਿੱਲਾ ਲੈ ਕੇ ਨਾ ਮੈਂ ਆਪਣਾ ਪੁੱਤ ਮਰਵਾਉਣਾ ਹੈ, ਨਾ ਪਤੀ। ਮੈਨੂੰ ਆਪਣਾ ਦੋ ਕਮਰਿਆਂ ਵਾਲਾ ਕੱਚਾ ਕੋਠਾ ਹੀ ਸਵਰਗ ਹੈ। ਰਿਸ਼ਤੇਦਾਰਾਂ ਦੇ ਜ਼ੋਰ ਪਾਉਣ 'ਤੇ ਵੀ ਕ੍ਰਿਸ਼ਨਾ ਨੇ ਇਹ ਡੂਢ ਕਿੱਲਾ ਲੈਣ ਤੋਂ ਨਾਂਹ ਕਰ ਦਿੱਤੀ।



ਕਈ ਵਾਰੀ ਬੰਦਾ ਸੋਚਦਾ ਕੁਝ ਹੋਰ ਹੈ, ਹੋਣਾ ਤਾਂ ਉਹੀ ਹੁੰਦਾ ਹੈ, ਜੋ ਉਪਰ ਵਾਲੇ ਦੀ ਮਰਜੀ ਹੋਵੇ, ਪਰ ਜਦੋਂ ਜੀਵਨ ਦਾਸ ਵੀਹ ਸਾਲ ਜੇਲ੍ਹ ਕੱਟ ਕੇ ਘਰ ਪਰਤਿਆ ਤਾਂ ਉਹ ਰੋਗੀ ਹੋ ਚੁਕਾ ਸੀ। ਸਰੀਰ ਇਕ ਤਰ੍ਹਾਂ ਨਾਲ ਨਕਾਰਾ ਹੋ ਚੁਕਾ ਸੀ। ਉਹਨੂੰ ਹੱਡੀਆਂ ਦੀ ਕੋਈ ਨਾਮੁਰਾਦ ਬਿਮਾਰੀ ਚੰਬੜ ਗਈ ਸੀ। ਪੰਜ ਸੱਤ ਮਹੀਨੇ ਉਹ ਘਰ ਰਿਹਾ, ਆਂਢ ਗੁਆਂਢ ਸ਼ਰਮੋ-ਸ਼ਰਮੀ ਕਿਤੇ ਦੋ ਰੋਟੀਆਂ ਦੇ ਜਾਂਦਾ, ਕਿਉਂਕਿ ਜੀਵਨ ਨਾਲ ਨਫਰਤ ਦੀ ਕੰਧ ਕਾਫੀ ਵੱਡੀ ਹੋ ਚੁਕੀ ਸੀ। ਗਊ ਵਰਗੇ ਸ਼ਰੀਫ ਪਿਤਾ ਦਾ ਕਤਲ ਕਰ ਦੇਣਾ ਪਿੰਡ ਵਾਲਿਆਂ ਨੂੰ ਭਾਉਂਦਾ ਨਹੀਂ ਸੀ। ਬੇਕਸੂਰ ਸੁੰਦਰ ਦਾਸ ਨੂੰ ਵੀ ਇਕ ਨਿਕੰਮੇ ਭਤੀਜੇ ਵਜੋਂ ਅਜਿਹੀ ਸਜ਼ਾ ਦੇਣਾ ਪਿੰਡ ਵਾਲਿਆਂ ਨੂੰ ਇਕ ਡੂੰਘੇ ਜ਼ਖਮ ਤੋਂ ਨਾਸੂਰ ਵਰਗਾ ਬਣ ਗਿਆ ਲੱਗਦਾ ਸੀ, ਕਿਉਂਕਿ ਨਿੱਕੀ ਜਿਹੀ ਦੁਕਾਨ ਕਰਦਾ ਸੁੰਦਰ ਦਾਸ ਪਿੰਡ ਦੀ ਰੌਣਕ ਸੀ। ਉਹ ਆਪਣੀ ਦੋ ਕਿੱਲੇ ਜਮੀਨ ਨਾਲ ਜ਼ਿੰਦਗੀ 'ਚ ਹੋਰ ਵੀ ਰੰਗ ਭਰ ਲੈਂਦਾ ਸੀ। ਦੋ ਧੀਆਂ ਉਹਨੇ ਵਿਆਹ ਲਈਆਂ ਸਨ, ਪਰ ਉਹਦੀ ਘਰ ਵਾਲੀ ਕਰਮੀ ਸੱਚ-ਮੁੱਚ ਹੀ ਕਰਮਾਂਵਾਲੀ ਸੀ।

ਜੀਵਨ ਦਾਸ ਸ਼ਾਇਦ ਜੀਵਨ ਦੇ ਪੈਂਡੇ ਤੋਂ ਉਖੜ ਰਿਹਾ ਸੀ। ਉਹ ਮੰਜੇ 'ਤੇ ਡਿੱਗ ਪਿਆ। ਫਿਰ ਉਠਣ ਜੋਗਾ ਨਾ ਰਿਹਾ। ਦਵਾ ਦਾਰੂ ਕਰਨ-ਕਰਾਉਣ ਵਾਲਾ ਕੋਈ ਹੈ ਨਹੀਂ ਸੀ। ਲੋਕੀਂ ਉਹਦੇ ਵੱਲ ਹੱਥ ਤਾਂ ਕੀ, ਨਜ਼ਰਾਂ ਵੀ ਨਹੀਂ ਸਨ ਘੁਮਾਉਂਦੇ। ਗੱਲ ਭੈਣ ਕ੍ਰਿਸ਼ਨਾ ਤੱਕ ਪਹੁੰਚ ਗਈ। ਭੈਣ ਦਾ ਦਿਲ ਪਿਘਲ ਗਿਆ, ਬਈ ਚਲੋ ਭਰਾ ਆ, ਇਹਨੇ ਤਾਂ ਬਾਪੂ ਖਾ ਲਿਆ, ਪਰ ਮੈਂ ਤਾਂ ਡੈਣ ਨਹੀਂ। ਭਰਾ ਨੂੰ ਗਲ ਨਾਲ ਲਾਵਾਂ ਤੇ ਜਿਹੜੇ ਚਾਰ ਸਾਹ ਉਹਦੇ ਬਚਦੇ ਨੇ, ਉਨ੍ਹਾਂ ਦੀ ਹਿੱਸੇਦਾਰ ਬਣਾਂ। ਮੈਂ ਉਹਦੇ ਰੱਖੜੀ ਬੰਨ੍ਹਦੀ ਰਹੀਂ ਹਾਂ, ਉਹਨੇ ਤਾਂ ਰੱਖੜੀ ਦੀ ਲੱਜ ਨਹੀਂ ਪਾਲੀ, ਪਰ ਭੈਣਾਂ ਤਾਂ ਰਿਸ਼ਤੇ ਨਹੀਂ ਤੋੜਦੀਆਂ ਹੁੰਦੀਆਂ। ਮੈਂ ਡੂਢ ਕਿੱਲਾ ਜਮੀਨ ਤਾਂ ਨਹੀਂ ਲਈ, ਬਾਪੂ ਦੀ ਵਿਰਾਸਤ ਨੂੰ ਤਾਂ ਬਚਾ ਲਵਾਂ! ਉਹ ਭਰਾ ਨੂੰ ਆਪਣੇ ਕੋਲ ਆਪਣੇ ਸਹੁਰੇ ਪਿੰਡ ਲੈ ਆਈ। ਦਵਾ ਦਾਰੂ ਸ਼ੁਰੂ ਹੋਇਆ, ਪਰ ਮੋੜਾ ਪੈਣ ਦੇ ਆਸਾਰ ਨਹੀਂ ਸਨ ਲੱਗਦੇ। ਕ੍ਰਿਸ਼ਨਾ ਦਾ ਪਤੀ ਬਿਮਲ ਤੇ ਪੁੱਤਰ ਸੁਸ਼ੀਲ ਮਾਨੋ ਦੇਵਤੇ ਸਨ। ਉਨ੍ਹਾਂ ਨੂੰ ਚਿੱਤ-ਖਿਆਲ ਵੀ ਨਹੀਂ ਸੀ ਕਿ ਜੀਵਨ ਦਾਸ ਨੇ ਜ਼ਿੰਦਗੀ 'ਚ ਕੀ ਕੀਤਾ ਹੈ। ਉਹ ਮੰਦਿਰ, ਗੁਰਦੁਆਰੇ ਜਾਣ ਵਾਲੇ ਨੇਕ ਇਨਸਾਨ, ਇਮਾਨਦਾਰ ਮੂਰਤਾਂ ਸਨ, ਸੱਚੀਂ-ਮੁੱਚੀਂ ਹੀ ਭਗਵਾਨ ਵਰਗੀਆਂ ਲੱਗਦੀਆਂ।

ਸੌਣ ਮਹੀਨਾ ਘਟਾ ਅਸਮਾਨੀਂ ਚੜ੍ਹੀ, ਮੀਂਹ ਮੋਹਲੇਧਾਰ ਪੈਣ ਲੱਗ ਪਿਆ। ਇਕ ਦਿਨ ਪਿਆ, ਦੋ ਦਿਨ ਪਿਆ, ਝੜੀ ਲੱਗ ਗਈ ਸੀ। ਜੀਵਨ ਦਾਸ ਦੀ ਹਾਲਤ ਬਦਤਰ ਹੋ ਰਹੀ ਸੀ। ਪਹਾੜੀ ਦੀ ਗੋਦ 'ਚ ਵਸੇ ਇਸ ਪਿੰਡ ਤੋਂ ਆਉਣਾ-ਜਾਣਾ ਬਹੁਤ ਔਖਾ ਸੀ। ਫਿਰ ਕਿਸੇ ਹਕੀਮ ਡਾਕਟਰ ਕੋਲ ਜਾਇਆ ਹੀ ਨਾ ਗਿਆ। ਪਤਾ ਹੀ ਨਾ ਲੱਗਾ ਕਿ ਰਾਤ ਦਾ ਆਖਰੀ ਪਹਿਰ ਜੀਵਨ ਦਾ ਆਖਰੀ ਪਹਿਰ ਬਣ ਗਿਆ। ਉਸ ਨੇ ਸਵਾਸ ਛੱਡ ਦਿੱਤੇ। ਇਕ ਪਾਪੀ ਦਾ ਹਰਨਾਖਸ਼ ਵਾਂਗ ਜਿਵੇਂ ਅੰਤ ਹੋ ਗਿਆ ਹੁੰਦਾ ਹੈ। ਪਰ ਭੈਣ-ਭਣੋਈਏ ਲਈ ਇਕ ਨਵੀਂ ਮੁਸੀਬਤ ਸੀ ਕਿ ਮੀਂਹ ਹਟ ਹੀ ਨਹੀਂ ਸੀ ਰਿਹਾ। ਬਾਹਰ ਨਿਕਲਣਾ ਬਹੁਤ ਔਖਾ ਸੀ। ਦੋ ਦਿਨ ਘਰ 'ਚ ਲਾਸ਼ ਪਈ ਨੂੰ ਹੋ ਗਏ। ਆਖਰ ਪਿੰਡ ਦੇ ਲੋਕਾਂ ਨੇ ਨਿਰਣਾ ਕੀਤਾ, 'ਕ੍ਰਿਸ਼ਨਾ ਤੇਰੇ ਭਰਾ ਦੀ ਲਾਸ਼ ਦਾ ਕਿਸੇ ਸ਼ੈਡ ਵਾਲੇ ਸ਼ਮਸ਼ਾਨਘਾਟ ਵਿਚ ਸਸਕਾਰ ਕਰ ਆਉਂਦੇ ਹਾਂ।' ਯਾਦ ਆਇਆ ਕਿ ਸ਼ੈਡ ਵਾਲਾ ਸ਼ਮਸ਼ਾਨਘਾਟ ਤਾਂ ਜੀਵਨ ਦੇ ਪਿੰਡ 'ਚ ਹੀ ਹੈ।

ਕ੍ਰਿਸ਼ਨਾ ਸੋਚਣ ਲੱਗੀ ਕਿ ਨਾਲੇ ਦੁਨੀਆਂਦਾਰੀ ਬਣੀ ਰਹੇਗੀ, ਭੈਣ ਦੇ ਪਿੰਡ ਸਸਕਾਰ ਨਹੀਂ ਹੋਇਆ, ਇਹ ਵੀ ਸ਼ਾਇਦ ਉਪਰ ਵਾਲੇ ਦੀ ਮੌਜ ਸੀ ਜਾਂ ਇਤਫਾਕ ਕਿ ਜੀਵਨ ਦਾਸ ਨੂੰ ਲਾਂਬੂ ਉਸ ਦੀ ਆਪਣੀ ਜਨਮ ਭੋਇੰ 'ਤੇ ਲੱਗਣਾ ਸੀ। ਪਿੰਡ ਦੇ ਸਰਪੰਚ ਨੇ ਢੋਆ-ਢੁਆਈ ਵਾਲੇ ਇਕ ਟੈਂਪੂ 'ਤੇ ਤਰਪਾਲ ਪੁਆ ਕੇ ਲਾਸ਼ ਨੂੰ ਪਿੰਡ ਭੇਜਣ ਦਾ ਪ੍ਰਬੰਧ ਕਰ ਦਿੱਤਾ। ਭੈਣ ਨੇ ਸੋਚਿਆ ਮੈਂ ਸ਼ਰੀਕਾ ਭਾਈਚਾਰਾ ਲੈ ਕੇ ਬਾਅਦ 'ਚ ਚੱਲਾਂਗੀ, ਪਤੀ ਤੇ ਪੁੱਤਰ ਨੂੰ ਉਸ ਟੈਂਪੂ 'ਚ ਜੀਵਨ ਦਾਸ ਦੇ ਨਾਲ ਤੋਰ ਦਿੱਤਾ।

ਜੀਵਨ ਦੀ ਲਾਸ਼ ਦੁਆਲੇ ਭਾਣਜਾ ਤੇ ਭਣੋਈਆ ਬੈਠੇ ਸਨ, ਸ਼ਾਂਤੀ ਸੀ, ਕੋਈ ਰੋਣ ਪਿੱਟਣ ਨਹੀਂ ਸੀ। ਔਖਾ ਇਹ ਸੀ ਕਿ 23 ਕਿਲੋਮੀਟਰ ਦੇ ਪਹਾੜੀ ਰਸਤੇ 'ਚ ਵਰ੍ਹਦੇ ਮੀਂਹ 'ਚ ਟੁੱਟੀਆਂ ਸੜਕਾਂ ਤੋਂ ਲੈ ਕੇ ਜਾਣਾ ਕਿੰਨਾ ਔਖਾ ਹੈ, ਟੈਂਪੂ ਦੀ ਹਾਲਤ ਵੀ ਬਹੁਤੀ ਚੰਗੀ ਨਹੀਂ ਸੀ। ਮੀਂਹ ਕਦੇ ਹਟ ਜਾਂਦਾ, ਕਦੇ ਪੈਣ ਲੱਗ ਪੈਂਦਾ।

ਹਾਲੇ ਅੱਧਾ ਕੁ ਪੈਂਡਾ ਹੀ ਮੁੱਕਿਆ ਹੋਵੇਗਾ ਕਿ ਚੜ੍ਹਾਈ ਚੜ੍ਹ ਰਹੇ ਟੈਂਪੂ ਨੂੰ ਅੱਗਿਓਂ ਆਉਂਦੇ ਇਕ ਵਾਹਨ ਨੂੰ ਰਸਤਾ ਦੇਣ ਲਈ ਜਦੋਂ ਡਰਾਈਵਰ ਨੇ ਇਕ ਪਾਸੇ ਵੱਲ ਕਰਕੇ ਰੋਕਣ ਦਾ ਯਤਨ ਕੀਤਾ ਤਾਂ ਟਾਇਰ ਕੱਚੇ 'ਤੇ ਉਤਰ ਗਏ। ਚੀਕਣੀ ਮਿੱਟੀ ਤੋਂ ਕਲਾਬਾਜ਼ੀਆਂ ਖਾਂਦਾ ਟੈਂਪੂ ਡੂੰਘੀ ਖੱਡ ਵਿਚ ਜਾ ਡਿੱਗਾ। ਰੱਬ ਚਲੋ ਡੂਢ ਕਿੱਲੇ ਜਮੀਨ ਦੇ ਲਾਲਚੀ ਨੂੰ ਤਾਂ ਸਜ਼ਾ ਦੇ ਦਿੰਦਾ ਕਿ ਲਾਸ਼ ਇਕ ਵਾਰੀ ਫੇਰ ਲਾਸ਼ ਬਣ ਜਾਂਦੀ, ਪਰ ਰੱਬ ਨੇ ਜੋ ਕਹਿਰ ਕਮਾਇਆ, ਉਹ ਇਹ ਕਿ ਇਕ ਪਾਪੀ ਨੂੰ ਢੋਣ ਵਾਲੇ ਪਿਓ ਤੇ ਪੁੱਤਰ ਦੋਵੇਂ ਮਾਰੇ ਗਏ। ਰੱਬ ਸ਼ਾਇਦ ਇਹ ਮਿਹਰਬਾਨੀ ਕਰ ਗਿਆ ਕਿ ਟੈਂਪੂ ਚਲਾਉਣ ਵਾਲੇ ਕਿਸੇ ਦੇ ਇਕਲੌਤੇ ਪੁੱਤਰ ਦਾ ਵਾਲ ਵੀ ਵਿੰਗਾ ਨਾ ਹੋਇਆ। ਪੁਲਿਸ ਦੀ ਮਦਦ ਨਾਲ ਇਕ ਤੋਂ ਤਿੰਨ ਹੋਈਆਂ ਲਾਸ਼ਾਂ ਨੂੰ ਫਿਰ ਜੀਵਨ ਦੇ ਪਿੰਡ ਹੀ ਲਿਆਂਦਾ ਗਿਆ ਤੇ ਮੌਸਮ ਦੀ ਖਰਾਬੀ ਕਾਰਨ ਇੱਥੇ ਹੀ ਸਸਕਾਰ ਕੀਤੇ ਗਏ।

ਸੁਣਦੇ ਹੁੰਦੇ ਸਾਂ ਕਿ ਦੁਨੀਆਂ ਬਣਾਉਣ ਵਾਲੇ ਦੇ ਬਾਜ਼ਾਰ ਹਾਲੇ ਤੱਕ ਕਿਸੇ ਦੇ ਹੱਥ ਨਹੀਂ ਲੱਗੇ, ਪਰ ਸੱਚ ਇਹ ਹੈ ਕਿ ਉਪਰ ਵਾਲਾ ਵਧੀਕੀਆਂ ਕਿਹਦੇ ਨਾਲ ਕਰਦਾ ਤੇ ਕਿਹਦੀਆਂ ਸਹਿੰਦਾ? ਇਹ ਸ਼ਾਇਦ ਕਿਸੇ ਦੀ ਵੀ ਸਮਝ ਤੋਂ ਬਾਹਰ ਸੀ। ਜੀਵਨ ਦਾਸ ਤਾਂ ਮੁੱਕ ਗਿਆ ਸੀ ਪਰ ਕਿੰਨਿਆਂ ਦੇ ਜੀਵਨ 'ਚ ਬਰਬਾਦੀ ਦੇ ਕਿੱਲ ਠੋਕ ਗਿਆ ਸੀ, ਇਹ ਸਵਾਲ ਵੀ ਲੋਕ ਉਪਰ ਵਾਲੇ ਨੂੰ ਹੀ ਪੁੱਛਦੇ ਰਹਿਣਗੇ। ਸਿਵਿਆਂ ਵੱਲ ਵਿਲਕਦੀ ਆਉਂਦੀ ਕ੍ਰਿਸ਼ਨਾ ਦੁਹੱਥੜਾ ਮਾਰ ਕੇ ਪਿੱਟ ਰਹੀ ਸੀ ਕਿ ਰੱਬਾ ਤੂੰ ਮੇਰੇ ਪੇਸ਼ ਕਿਉਂ ਪੈ ਗਿਆ? ਮੈਂ ਤਾਂ ਸੰਸਕਾਰਾਂ ਨੂੰ ਬਚਾਉਣ ਲਈ ਆਪਣੇ ਭਰਾ ਨੂੰ ਲੈ ਆਈ ਸਾਂ, ਉਸ ਭਰਾ ਨੂੰ, ਜੋ ਮੇਰੇ ਪਿਓ ਦਾ ਕਾਤਲ ਸੀ, ਮੇਰੇ ਤਾਏ ਦਾ ਕਾਤਲ ਸੀ। ਮਾੜੇ ਬੰਦਿਆਂ ਦਾ ਸਾਥ ਦੇ ਕੇ ਚੰਗੇ ਨਤੀਜੇ ਨਹੀਂ ਨਿਕਲਦੇ ਇਹ ਤਾਂ ਦੁਨੀਆਂ ਕਹਿੰਦੀ ਆ, ਪਰ ਮੇਰਿਆ ਡਾਢਿਆ ਤੇਰੇ ਘਰ ਤਾਂ ਇਨਸਾਫ ਸੀ, ਲੁੱਟ ਲਿਆ ਮੈਨੂੰ, ਉਜਾੜ 'ਤਾ ਮੈਨੂੰ ਤੇ ਅਗਲੇ ਬੋਲ ਮੂੰਹੋਂ ਨਿਕਲਣ ਤੋਂ ਪਹਿਲਾਂ ਹੀ ਯਤੀਮਾਂ ਵਰਗੀ ਹੋਈ ਕ੍ਰਿਸ਼ਨਾ ਗਸ਼ ਖਾ ਕੇ ਡਿੱਗ ਪਈ।

ਹੁਣ ਪਤਾ ਨਹੀਂ ਰੱਬ ਸ਼ਰਮਿੰਦਾ ਹੁੰਦਾ ਹੋਵੇਗਾ ਜਾਂ...?

---

# ਆਓ, ਜਸਵੰਤ ਸਿੰਘ ਕੰਵਲ ਦੀ ਜਨਮ ਸ਼ਤਾਬਦੀ ਮਨਾਈਏ

ਜਸਵੰਤ ਸਿੰਘ ਕੰਵਲ 27 ਜੂਨ 2019 ਨੂੰ ਸੌ ਸਾਲਾਂ ਦਾ ਹੋ ਰਿਹੈ। ਹੋਰਨਾਂ ਭਾਸ਼ਾਵਾਂ ਦਾ ਸ਼ਾਇਦ ਹੀ ਕੋਈ ਲੇਖਕ ਹੋਵੇ, ਜਿਸ ਨੇ ਅੱਸੀ ਵਰ੍ਹੇ ਲਗਾਤਾਰ ਲਿਖਿਆ ਹੋਵੇ ਤੇ ਸੌ ਸਾਲ ਦਾ ਜੀਵਨ ਜੀਵਿਆ ਹੋਵੇ। ਬਰਨਾਰਡ ਸ਼ਾਅ, ਬਰਟਰੰਡ ਰੱਸਲ ਤੇ ਖੁਸ਼ਵੰਤ ਸਿੰਘ ਜਿਹੇ ਨਾਮਵਰ ਲੇਖਕ ਸੈਂਚਰੀ ਮਾਰਦੇ ਮਾਰਦੇ ਰਹਿ

## ਸੰਪਾਦਕ ਦੀ ਡਾਕ

ਗਏ ਸਨ। ਆਲੋਚਕ ਤੇ ਲੇਖਕ, ਸਭ ਮੰਨਦੇ ਹਨ ਕਿ ਕੰਵਲ ਨੇ ਪੰਜਾਬੀ 'ਚ ਸਭ ਤੋਂ ਵੱਧ ਪਾਠਕ ਪੈਦਾ ਕੀਤੇ। ਉਸ ਨੇ ਲੱਖਾਂ ਲਫਜ਼ ਲਿਖੇ ਤੇ ਹਜ਼ਾਰਾਂ ਸੰਵਾਦ ਰਚੇ, ਜੋ ਨੌਜੁਆਨਾਂ ਦੀਆਂ ਨੋਟਬੁੱਕਾਂ ਉਤੇ ਚੜ੍ਹਦੇ ਰਹੇ। ਪੰਜਾਬੀ ਸਾਹਿਤ ਨੂੰ ਉਸ ਦੀ ਵੱਡਮੁੱਲੀ ਦੇਣ ਹੈ। ਚੰਗਾ ਹੋਵੇ ਜੇ ਜਨਮ ਸ਼ਤਾਬਦੀ ਮੌਕੇ ਕੰਵਲ ਦੇ ਜੀਵਨ ਤੇ ਰਚਨਾ ਬਾਰੇ ਸੰਪਾਦਕੀਆਂ ਤੇ ਵਿਸ਼ੇਸ਼ ਲੇਖ ਛਾਪੇ ਜਾਣ।

ਕੰਵਲ ਨੇ ਪਹਿਲਾਂ ਪਹਿਲ ਮਲਾਇਆ 'ਚ ਚੌਕੀਦਾਰਾ ਕੀਤਾ। ਫਿਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਕਲਰਕੀ ਕੀਤੀ, ਕਿਸਾਨੀ ਕਰਦਿਆਂ ਦੋ ਵਾਰ ਪਿੰਡ ਦਾ ਸਰਪੰਚ ਬਣਿਆ। ਢੁੱਡੀਕੇ 'ਚ ਉੱਚ ਸਿੱਖਿਆ ਤੇ ਸਿਹਤ ਦੇ ਅਦਾਰੇ ਬਣਵਾ ਕੇ ਪਿੰਡ ਦਾ ਮਿਸਾਲੀ ਵਿਕਾਸ ਕੀਤਾ। ਉਹ ਭਾਸ਼ਾ ਵਿਭਾਗ ਪੰਜਾਬ ਦਾ ਸਲਾਹਕਾਰ, ਪੰਜਾਬ ਸਕੂਲ ਸਿੱਖਿਆ ਬੋਰਡ ਦਾ ਮੈਂਬਰ, ਕੇਂਦਰੀ ਪੰਜਾਬੀ ਲੇਖਕ ਸਭਾ ਦਾ ਜਨਰਲ ਸਕੱਤਰ, ਪ੍ਰਧਾਨ ਤੇ ਸਰਪ੍ਰਸਤ ਰਿਹਾ। ਉਹਦੇ ਸਾਹਿਤ ਟਰਸਟ ਢੁੱਡੀਕੇ ਨੇ ਸੌ ਕੁ ਲੇਖਕਾਂ ਨੂੰ ਬਾਵਾ ਬਲਵੰਤ, ਬਲਰਾਜ ਸਾਹਨੀ ਤੇ ਡਾ. ਜਸਵੰਤ ਗਿੱਲ ਯਾਦਗਾਰੀ ਅਵਾਰਡ ਦਿੱਤੇ। ਕੰਵਲ ਪੰਜਾਬੀ ਕਨਵੈਨਸ਼ਨਾਂ ਦਾ ਕਨਵੀਨਰ ਤੇ ਇੰਗਲੈਂਡ ਵਿਚ ਪਹਿਲੀ ਵਿਸ਼ਵ ਪੰਜਾਬੀ ਕਾਨਫਰੰਸ ਦਾ ਮੋਹਰੀ ਰਿਹਾ। ਉਸ ਨੇ ਪੰਜਾਬੀ ਨੂੰ ਦੇਵਨਾਗਰੀ ਵਿਚ ਲਿਖਣ ਤੇ ਹਿੰਦੀ ਸੰਸਕ੍ਰਿਤ ਦੀ ਸ਼ਬਦਾਵਲੀ 'ਚ ਖਚਤ ਹੋਣ ਤੋਂ ਬਚਾਉਣ 'ਚ ਅਹਿਮ ਰੋਲ ਨਿਭਾਇਆ।

ਕੰਵਲ ਨੂੰ ਲਿਖਣ ਦੀ ਪ੍ਰੇਰਨਾ ਲੋਕ ਗੀਤਾਂ, ਗੁਰਬਾਣੀ, ਸੂਫੀ ਬਾਣੀ ਤੇ ਵਾਰਸ ਦੀ ਹੀਰ ਤੋਂ ਮਿਲੀ। ਉਹ ਪ੍ਰੋ. ਪੂਰਨ ਸਿੰਘ, ਵਿਕਟਰ ਹਿਊਗੋ, ਚਾਰਲਸ ਡਿਕਨਜ਼, ਬਾਲਜ਼ਾਕ ਤੇ ਟਾਲਸਟਾਏ ਜਿਹੇ ਲੇਖਕਾਂ ਤੋਂ ਪ੍ਰਭਾਵਿਤ ਹੋਇਆ। ਉਸ ਨੂੰ ਗੁਰੂ ਨਾਨਕ ਦੇਵ ਯੂਨੀਵਰਸਿਟੀ ਨੇ ਡੀ. ਲਿੱਟ. ਦੀ ਆਨਰੇਰੀ ਡਿਗਰੀ ਦੇ ਕੇ ਸਨਮਾਨਿਆ। ਪੰਜਾਬ ਸਰਕਾਰ ਨੇ ਸਾਹਿਤ ਰਤਨ ਦਾ ਖਿਤਾਬ ਦਿੱਤਾ। ਪੰਜਾਬੀ ਸਾਹਿਤ ਅਕਾਦਮੀ ਤੇ ਭਾਰਤੀ ਸਾਹਿਤ ਅਕਾਦਮੀ ਨੇ ਅਵਾਰਡ ਦਿੱਤੇ। ਉਸ ਨੂੰ ਸਰਵਸ਼੍ਰੇਸ਼ਟ ਅਵਾਰਡ ਦਿੱਤੇ ਗਏ। ਸੈਮਸੰਗ ਕੰਪਨੀ ਨੇ ਸਾਹਿਤ ਅਕਾਦਮੀ ਦਿੱਲੀ ਰਾਹੀਂ ਟੈਗੋਰ ਯਾਦਗਾਰੀ ਅਵਾਰਡ ਦਿੱਤਾ। ਪੂਰਾ ਵੇਰਵਾ ਹੁਣੇ ਛਪੀ ਪੁਸਤਕ 'ਪੰਜਾਬੀਆਂ ਦਾ ਬਾਈ ਜਸਵੰਤ ਸਿੰਘ ਕੰਵਲ' ਵਿਚੋਂ ਪੜ੍ਹਿਆ ਜਾ ਸਕਦੈ, ਜੋ ਪੀਪਲਜ਼ ਫੋਰਮ ਬਰਗਾੜੀ ਨੇ ਛਾਪੀ ਹੈ।

*-ਪ੍ਰਿੰ. ਸਰਵਣ ਸਿੰਘ*

*principalsarwansingh@gmail.com*

---

## ਲਿਖਤੁਮ

# ਬਿੱਜੜੇ ਦੀ ਵਡਿਆਈ!

ਪੰਜਾਬ 'ਚੋਂ ਧੜਾ ਧੜ ਹੋ ਰਹੇ ਪਰਵਾਸ ਦੀ ਚਿੰਤਾ ਵਿਚ ਗ੍ਰਸਤ ਰਹਿੰਦਾ ਇਕ ਪੰਜਾਬੀ ਲੇਖਕ, ਪਰਵਾਸੀ ਪੰਜਾਬੀਆਂ ਦੇ ਬੱਚਿਆਂ ਨੂੰ ਪੰਜਾਬੀ ਵਿਰਸੇ ਨਾਲ ਜੋੜਨ ਲਈ ਵਿਦੇਸ਼ ਦੇ ਇਕ ਗੁਰਦੁਆਰੇ ਵਿਚੋਂ ਕਲਾਸ ਲਾ ਕੇ ਘਰ ਪਰਤਿਆ। ਅਰਾਮ ਕਰਨ ਤੋਂ ਪਹਿਲਾਂ ਉਹ ਆਪਣੇ ਫੋਨ 'ਤੇ ਵਟਸ-ਐਪ ਰਾਹੀਂ ਆਏ ਸੁਨੇਹੇ ਦੇਖਣ ਲੱਗਾ। ਪੰਜਾਬ ਤੋਂ ਇਕ ਦੋਸਤ ਨੇ ਬਿੱਜੜੇ ਪੰਛੀ ਦੀ ਆਪਣਾ ਆਲ੍ਹਣਾ ਬਣਾਉਂਦੇ ਦੀ ਵੀਡੀਉ ਭੇਜੀ। 'ਕੈਪਸ਼ਨ' ਵਜੋਂ ਲਿਖਿਆ ਸੀ, 'ਕਮਾਲ ਦਾ ਇੰਜੀਨੀਅਰ ਪੰਛੀ!'

ਦਸ ਕੁ ਮਿੰਟ ਦੀ ਇਸ ਵੀਡੀਉ ਵਿਚ ਬਿੱਜੜੇ ਨੂੰ ਬੜੀ ਤਕਨੀਕ ਨਾਲ ਆਲ੍ਹਣਾ ਬਣਾਉਂਦਾ ਦੇਖ ਕੇ ਲੇਖਕ ਨੂੰ ਆਪਣਾ ਬਚਪਨ ਯਾਦ ਆ ਗਿਆ ਜਦੋਂ ਉਹ ਦਰਿਆ ਵੱਲ ਪਸੂ ਚਰਾਉਣ ਗਏ ਦਰਖਤਾਂ ਦੀਆਂ ਟਾਹਣੀਆਂ ਨਾਲ ਲਮਕਦੇ ਬਿੱਜੜਿਆਂ ਦੇ ਆਲ੍ਹਣਿਆਂ ਨਾਲ ਝੂਟਦੇ ਹੁੰਦੇ ਸਨ!

ਆਪਣੇ ਬਚਪਨ ਦੀਆਂ ਯਾਦਾਂ 'ਚੋਂ ਨਿਕਲਦਿਆਂ ਲੇਖਕ ਨੂੰ ਪੰਜਾਬ ਦੇ ਇਕ ਪਿੰਡ 'ਚ ਸਕੂਲੇ ਪੜ੍ਹਦੇ ਆਪਣੇ ਪੋਤੇ ਦਾ ਖਿਆਲ ਆ ਗਿਆ! ਫਟਾ ਫਟ ਲੇਖਕ ਨੇ



ਉਹੀ ਬਿੱਜੜੇ ਵਾਲੀ ਵੀਡੀਉ ਪੋਤਰੇ ਨੂੰ ਭੇਜ ਦਿੱਤੀ ਤੇ ਨਾਲ ਹੀ ਲਿਖ ਕੇ ਪੁੱਛਿਆ, "ਪੁੱਤ ਆਹ ਵੀਡੀਉ ਦੇਖ ਕੇ ਮੈਨੂੰ ਦੱਸੀਂ ਕਿ ਇਸ ਪੰਛੀ ਦਾ ਨਾਂ ਕੀ ਹੈ?

ਪੰਜ ਦਸ ਮਿੰਟ ਪਿਛੋਂ ਪੋਤਰੇ ਨੇ ਲਿਖ ਭੇਜਿਆ, 'Weaver bird.' ਲੇਖਕ ਨੇ ਫਿਰ ਪੁੱਛਿਆ ਕਿ ਪੰਜਾਬੀ 'ਚ ਇਹਨੂੰ ਕੀ ਕਹਿੰਦੇ ਨੇ? ਹੁਣ ਦਸ ਕੁ ਮਿੰਟ ਪੋਤਰੇ ਵਲੋਂ ਕੋਈ ਜਵਾਬ ਨਾ ਆਇਆ। ਲੇਖਕ ਨੇ ਅੰਦਾਜ਼ਾ ਲਾਇਆ ਕਿ ਇਹਦਾ ਬਾਪ ਤਾਂ ਦਫਤਰ ਗਿਆ ਹੋਇਆ ਹੋਵੇਗਾ, ਤੇ ਹੁਣ ਇਹ ਆਪਣੀ ਮੰਮੀ ਨੂੰ ਪੁੱਛ ਕੇ ਜਵਾਬ ਦੇਵੇਗਾ!

ਉਹੀ ਗੱਲ ਹੋਈ। ਪੋਤਰੇ ਦਾ ਜਵਾਬ ਸੀ, "ਬਾਬਾ ਜੀ ਮੰਮੀ ਕਹਿੰਦੀ ਇਹਨੂੰ 'ਚੱਕੀ ਰਾਹਾ' ਕਹਿੰਦੇ ਆ!"

ਮੱਥੇ 'ਤੇ ਹੱਥ ਮਾਰਦਿਆਂ ਪਰਵਾਸੀ ਬਾਬੇ ਨੇ ਆਪਣੇ ਦੇਸੀ ਪੋਤਰੇ ਨੂੰ ਸਹੀ ਜਵਾਬ ਵਜੋਂ 'ਬਿੱਜੜਾ' ਲਿਖ ਕੇ ਤਾਂ ਭੇਜ ਦਿੱਤਾ, ਪਰ ਉਸ ਨੂੰ ਆਪਣੀ ਅਗਲੀ ਪੀੜ੍ਹੀ ਨਾਲੋਂ ਬਿੱਜੜਾ ਪੰਛੀ ਹਜਾਰ ਗੁਣਾ ਵੱਧ ਚੰਗਾ ਲੱਗਾ, ਜੋ ਆਦਿ ਕਾਲ ਤੋਂ ਆਪਣਾ ਆਲ੍ਹਣਾ ਬਣਾਉਣ ਦੀ ਜੁਗਤ ਨਹੀਂ ਭੁੱਲਿਆ!

*-ਤਰਲੋਚਨ ਸਿੰਘ ਦੁਪਾਲਪੁਰ*

*ਫੋਨ: 408-915-1268*

# ਔਰਤ-ਪ੍ਰਧਾਨ ਸਿਨੇਮਾ ਵੱਲ 'ਮਿੰਦੋ ਤਸੀਲਦਾਰਨੀ' ਦੇ ਵਧਦੇ ਕਦਮ

ਇੱਕ ਸਮਾਂ ਸੀ ਜਦੋਂ ਪੰਜਾਬੀ ਫਿਲਮਾਂ ਜੱਟਵਾਦੀ ਟਾਈਟਲਾਂ ਨਾਲ ਮਰਦ ਪ੍ਰਧਾਨ ਸਮਾਜ ਦੀ ਨੁਮਾਇੰਦਗੀ ਕਰਦੀਆਂ ਸਨ। ਅੱਜ ਦੇ ਸਿਨੇਮਾ ਨੇ ਬਹੁਤ ਤਰੱਕੀ ਕੀਤੀ ਹੈ ਤੇ ਸਮਾਜ ਦੇ ਵੱਖ ਵੱਖ ਪਹਿਲੂਆਂ ਨਾਲ ਜੁੜੀਆਂ ਸੱਚੀਆਂ ਕਹਾਣੀਆਂ 'ਤੇ ਆਧਾਰਤ ਫਿਲਮਾਂ ਦਾ ਨਿਰਮਾਣ ਹੋਣ ਲੱਗਾ ਹੈ। ਮੌਜੂਦਾ ਸਿਨੇਮਾ ਨੇ ਜਿੱਥੇ ਦਰਸ਼ਕਾਂ ਨੂੰ ਪੁਰਾਤਨ ਵਿਆਹ ਕਲਚਰ ਨਾਲ ਜੋੜਿਆ ਹੈ, ਉਥੇ ਸਾਰਥਕ ਕਾਮੇਡੀ ਮਾਹੌਲ ਅਤੇ 'ਚੰਨੋ', 'ਲੌਂਗ ਲੈਚੀ' ਅਤੇ 'ਗੁੱਡੀਆਂ ਪਟੋਲੇ' ਵਰਗੀਆਂ ਨਾਰੀ ਚੇਤਨਾ ਦਾ ਛਿੱਟਾ

**ਸੁਰਜੀਤ ਜੱਸਲ**
**ਫੋਨ: 91-98146-07737**

ਦਿੰਦੀਆਂ ਔਰਤ ਪ੍ਰਧਾਨ ਫਿਲਮਾਂ ਦਾ ਨਿਰਮਾਣ ਵੀ ਕੀਤਾ ਹੈ। ਹੁਣ ਇਸੇ ਲੜੀ ਦੀ ਇੱਕ ਹੋਰ ਫਿਲਮ 'ਮਿੰਦੋ ਤਸੀਲਦਾਰਨੀ' ਰਿਲੀਜ਼ ਹੋਣ ਜਾ ਰਹੀ ਹੈ, ਜੋ ਕਾਮੇਡੀ ਕਲਾਕਾਰ ਕਰਮਜੀਤ ਅਨਮੋਲ ਨੂੰ ਬਤੌਰ ਨਿਰਮਾਤਾ ਅਤੇ ਹੀਰੋ ਪੰਜਾਬੀ ਪਰਦੇ 'ਤੇ ਪੇਸ਼ ਕਰੇਗੀ। ਨਿਰਮਾਤਾ ਵਜੋਂ 'ਲਾਵਾਂ ਫੇਰੇ' ਤੋਂ ਬਾਅਦ ਇਹ ਕਰਮਜੀਤ ਦੀ ਦੂਜੀ ਫਿਲਮ ਹੈ, ਜਿਸ ਵਿਚ ਉਹ 'ਹਰਿਆਣਵੀ ਛੋਰੀ' ਅਦਾਕਾਰਾ ਕਵਿਤਾ ਕੌਸ਼ਿਕ ਨਾਲ ਨਜ਼ਰ ਆਵੇਗਾ।

ਕਰਮਜੀਤ ਅਨਮੋਲ ਪ੍ਰੋਡਕਸ਼ਨ ਤੇ ਰਾਜੀਵ ਸਿੰਗਲਾ ਪ੍ਰੋਡਕਸ਼ਨ ਦੇ ਬੈਨਰ ਹੇਠ ਇਸ ਫਿਲਮ ਦਾ ਨਿਰਮਾਣ ਨਿਰਮਾਤਾ ਕਰਮਜੀਤ ਅਨਮੋਲ ਤੇ ਰਾਜੀਵ ਸਿੰਗਲਾ ਨੇ ਕੀਤਾ ਹੈ। ਮੌਂਟੀ ਬੈਨੀਪਾਲ ਤੇ ਪਵਿੱਤਰ ਬੈਨੀਵਾਲ ਇਸ ਫਿਲਮ ਦੇ ਸਹਿ ਨਿਰਮਾਤਾ ਹਨ। 'ਮਿੰਦੋ ਤਸੀਲਦਾਰਨੀ' ਬਾਰੇ ਕਰਮਜੀਤ ਅਨਮੋਲ ਨੇ ਦੱਸਿਆ ਕਿ ਫਿਲਮ ਪਿੰਡਾਂ ਦੇ ਕਲਚਰ, ਰਿਸ਼ਤੇ ਨਾਤਿਆਂ ਤੇ ਸਮਾਜ ਨਾਲ ਜੁੜੇ ਪਾਤਰਾਂ ਦੀ ਫਿਲਮ ਹੈ, ਜੋ ਅੱਜ ਵੀ ਸਾਡੇ ਮਨਾਂ ਦੇ ਕੋਨਿਆਂ 'ਚ ਵਸੇ ਹੋਏ ਹਨ। ਫਿਲਮ ਦਾ ਨਿਰਦੇਸ਼ਨ 'ਮਿੱਟੀ ਨਾ ਫਰੋਲ ਜੋਗੀਆ', 'ਰੁਪਿੰਦਰ ਗਾਂਧੀ 2' ਅਤੇ 'ਰਾਂਝਾ ਰਫਿਊਜ਼ੀ' ਫਿਲਮਾਂ ਨਾਲ ਚਰਚਾ ਵਿਚ ਆਏ ਲੇਖਕ ਤੇ ਨਿਰਦੇਸ਼ਕ ਅਵਤਾਰ ਸਿੰਘ ਨੇ ਕੀਤਾ ਹੈ। ਸਹਿ ਨਿਰਦੇਸ਼ਕ ਅਨਿਲ ਸ਼ਰਮਾ ਹੈ।



*ਫਿਲਮ ਦੇ ਇਕ ਦ੍ਰਿਸ਼ 'ਚ ਕਰਮਜੀਤ ਅਨਮੋਲ ਤੇ ਕਵਿਤਾ ਕੌਸ਼ਿਕ*

ਮਿੰਦੋ ਤਸੀਲਦਾਰਨੀ ਇਲਾਕੇ ਦੀ ਇੱਕ ਵੱਡੀ ਅਫਸਰ ਹੈ, ਜਿਸ ਦੀ ਨੇੜਲੇ ਪਿੰਡ ਦੇ 'ਤੇਜੇ ਛੜੇ' ਨਾਲ ਪੁਰਾਣੀ ਜਾਣ-ਪਛਾਣ ਹੈ। ਇਸੇ ਨਿੱਕੀ ਜਿਹੀ ਜਾਣ-ਪਛਾਣ ਨੂੰ ਤੇਜਾ ਛੜਾ ਪਿੰਡ ਵਾਲਿਆਂ ਕੋਲ ਆਪਣੀ ਟੌਹਰ ਬਣਾਉਣ ਲਈ ਵਧਾ ਚੜ੍ਹਾ ਕੇ ਦੱਸਦਾ ਹੈ, ਜਿਸ ਨਾਲ ਹਾਲਾਤ ਹੀ ਕੁਝ ਅਜਿਹੇ ਬਣਦੇ ਹਨ, ਜੋ ਦਰਸ਼ਕਾਂ ਨੂੰ ਹਸਾ ਹਸਾ ਕੇ ਦੂਹਰੇ ਕਰਨਗੇ। ਫਿਲਮ ਪਿੰਡਾਂ ਅਤੇ ਸ਼ਹਿਰਾਂ ਦੇ ਪੜ੍ਹੇ ਤੇ ਅਨਪੜ੍ਹ ਲੋਕਾਂ ਦੀ ਸੋਚ ਤੇ ਮਾਨਸਿਕਤਾ ਦੀ ਗੱਲ ਕਰਨ ਦੇ ਨਾਲ ਸਾਡੇ ਸਮਾਜਕ ਭਾਈਚਾਰੇ ਅਤੇ ਰਿਸ਼ਤੇ ਨਾਤਿਆਂ ਦੀ ਅਹਿਮੀਅਤ ਬਾਰੇ ਦੱਸੇਗੀ।

ਫਿਲਮ ਦੇ ਟਰੇਲਰ ਮੁਤਾਬਕ ਸਰਦਾਰ ਸੋਹੀ ਦਾ ਕਿਰਦਾਰ ਵੀ ਆਮ ਫਿਲਮਾਂ ਤੋਂ ਬਹੁਤ ਹਟਵਾਂ ਤੇ ਦਿਲਚਸਪ ਹੈ। ਮਿੰਦੋ ਤਸੀਲਦਾਰਨੀ ਦੇ ਕਿਰਦਾਰ ਵਿਚ ਕਵਿਤਾ ਕੌਸ਼ਿਕ ਖੂਬ ਜਚੀ ਹੈ। ਉਸ ਦਾ ਡਾਇਲਾਗ ਅੰਦਾਜ਼ ਦਰਸ਼ਕਾਂ ਨੂੰ ਜਰੂਰ ਪ੍ਰਭਾਵਿਤ ਕਰੇਗਾ। ਕਰਮਜੀਤ ਅਨਮੋਲ ਤੇ ਕਵਿਤਾ ਕੌਸ਼ਿਕ ਤੋਂ ਇਲਾਵਾ ਫਿਲਮ ਵਿਚ ਗਾਇਕ ਰਾਜਵੀਰ ਜਵੰਧਾ ਤੇ ਈਸ਼ਾ ਰਿਖੀ ਦੀ ਜੋੜੀ ਦੀ ਵੱਖਰੀ ਰੁਮਾਂਟਿਕ ਸਟੋਰੀ ਹੈ। ਰਾਜਵੀਰ ਜਵੰਧਾ ਦਾ ਕਿਰਦਾਰ ਕਾਫੀ ਪ੍ਰਭਾਵਸ਼ਾਲੀ ਹੈ, ਜੋ ਦਰਸ਼ਕਾਂ ਨੂੰ ਪਸੰਦ ਆਵੇਗਾ। ਪੰਜਾਬੀ ਗਾਇਕ ਹਰਭਜਨ ਸ਼ੇਰਾ ('ਤੇਰੀ ਯਾਦ ਚੰਦਰੀਏ' ਵਾਲਾ) ਵੀ ਇਸ ਫਿਲਮ 'ਚ ਅਹਿਮ ਕਿਰਦਾਰ 'ਚ ਨਜ਼ਰ ਆਵੇਗਾ।

ਫਿਲਮ ਵਿਚ ਹਰਬੀ ਸੰਘਾ, ਪ੍ਰਕਾਸ਼ ਗਾਧੂ, ਰੁਪਿੰਦਰ ਰੂਪੀ, ਮਲਕੀਤ ਰੌਣੀ, ਦਰਸ਼ਨ ਘਾਰੂ, ਮਿੰਟੂ ਜੱਟ, ਜਗਤਾਰ ਬੈਨੀਪਾਲ ਆਦਿ ਕਲਾਕਾਰਾਂ ਵੀ ਹਨ। ਫਿਲਮ ਦੇ ਗੀਤ ਵੀ ਬਹੁਤ ਢੁਕਵੇਂ ਤੇ ਮਨਾਂ 'ਚ ਵੱਸਣ ਵਾਲੇ ਹਨ। ਹੈਪੀ ਰਾਏਕੋਟੀ, ਕੁਲਦੀਪ ਕੰਡਿਆਰਾ, ਗੁਰਬਿੰਦਰ ਮਾਨ ਤੇ ਹਰਮਨਜੀਤ ਦੇ ਲਿਖੇ ਗੀਤ ਗਿੱਪੀ ਗਰੇਵਾਲ, ਨਿੰਜਾ, ਕਰਮਜੀਤ ਅਨਮੋਲ, ਮੰਨਤ ਨੂਰ, ਰਾਜਵੀਰ ਜਵੰਧਾ, ਗੁਰਲੇਜ਼ ਅਖਤਰ, ਸਿਕੰਦਰ ਸਲੀਮ ਤੇ ਸੰਦੀਪ ਥਿੰਦ ਨੇ ਗਾਏ ਹਨ। ਸਕਰੀਨ ਪਲੇਅ ਅਤੇ ਪਟਕਥਾ ਅਮਨ ਸਿੱਧੂ ਤੇ ਟਾਟਾ ਬੈਨੀਪਾਲ ਦੇ ਹਨ। ਕਹਾਣੀ ਅਵਤਾਰ ਸਿੰਘ ਦੀ ਹੈ। ਫਿਲਮ ਓਮ ਜੀ ਗਰੁਪ ਵਲੋਂ 28 ਜੂਨ ਨੂੰ ਰਿਲੀਜ਼ ਕੀਤੀ ਜਾਵੇਗੀ।



*ਫਿਲਮ 'ਮਿੰਦੋ ਤਸੀਲਦਾਰਨੀ' ਦਾ ਇਕ ਹੋਰ ਦ੍ਰਿਸ਼*

# ਪਰਵਾਸ ਤੇ ਪੰਜਾਬ ਦੇ ਰਿਸ਼ਤੇ ਨੂੰ ਪੇਸ਼ ਕਰਦੀ ਸ਼ਾਰਟ ਫਿਲਮ 'ਸਟਰੇਅ ਸਟਾਰ'

ਇਨ੍ਹੀਂ ਦਿਨੀਂ ਪੰਜਾਬ ਵਿਚ ਆਇਲੈਟਸ ਸੈਂਟਰਾਂ ਦੀ ਭਰਮਾਰ, ਪਰਵਾਸ, ਨਸ਼ਾਖੋਰੀ ਅਤੇ ਪੰਜਾਬ ਵਿਚੋਂ ਪਾਣੀ ਖਤਮ ਹੋ ਜਾਣ ਦੇ ਚਰਚੇ ਜ਼ੋਰਾਂ 'ਤੇ ਹਨ। ਇਨ੍ਹਾਂ ਮੁੱਦਿਆਂ ਬਾਰੇ ਡੇਢ ਕੁ ਸਾਲ ਪਹਿਲਾਂ ਨੌਜਵਾਨ ਫਿਲਮਸਾਜ਼ ਪਰਮਜੀਤ ਸਿੰਘ ਕੱਟੂ ਨੇ ਮੂਕ (Silent) ਸ਼ਾਰਟ ਫਿਲਮ 'ਸਟਰੇਅ ਸਟਾਰ' (Stray Star) ਬਣਾਈ ਸੀ। ਇਹ ਫਿਲਮ ਲਗਾਤਾਰ ਕੌਮਾਂਤਰੀ ਫਿਲਮ ਮੇਲਿਆਂ ਵਿਚ ਚੁਣੀ ਜਾ ਰਹੀ ਹੈ। ਇਹ ਫਿਲਮ ਜਾਗਰਣ ਫਿਲਮ ਫੈਸਟੀਵਲ 2018 (ਭਾਰਤ), ਜੇਮਜ਼ ਰਿਵਰ ਸ਼ਾਰਟ ਫਿਲਮਜ਼ 2018 (ਅਮਰੀਕਾ), ਮਿਸ਼ਨ ਸ਼ਾਰਟ ਫਿਲਮ ਫੈਸਟੀਵਲ 2018 (ਕੈਨੇਡਾ), ਲਿਫਟ ਆਫ ਫਿਲਮ ਸੈਸ਼ਨ 2019 (ਇੰਗਲੈਂਡ) ਸਮੇਤ ਹੁਣ ਤਕ ਵਿਸ਼ਵ ਦੇ ਨਾਮੀ 15 ਫਿਲਮ ਮੇਲਿਆਂ ਲਈ ਚੁਣੀ ਜਾ ਚੁਕੀ ਹੈ। ਇਹ ਐਸੀ ਫਿਲਮ ਹੈ, ਜੋ ਹੁਣ ਤਕ ਸਭ ਤੋਂ ਵੱਧ ਕੌਮਾਂਤਰੀ ਪੱਧਰ ਦੇ ਫਿਲਮ ਮੇਲਿਆਂ ਲਈ ਚੁਣੀ ਜਾ ਚੁਕੀ ਹੈ। ਫਿਲਮ ਦੀ ਵੱਡੀ ਪ੍ਰਾਪਤੀ ਇਹ ਵੀ ਹੈ ਕਿ ਇਸ ਨੂੰ ਸ਼ਾਰਟ ਫਿਲਮਾਂ ਦੇ ਖੇਤਰ ਵਿਚ ਸਭ ਤੋਂ ਪ੍ਰਮੁੱਖ ਡਿਸਟਰੀਬਿਊਟਰ ਗਰੁਪ 'ਪਾਕੇਟ ਫਿਲਮਜ਼' ਵਲੋਂ ਯੂਟਿਊਬ ਚੈਨਲ 'ਤੇ ਰਿਲੀਜ਼ ਕੀਤਾ ਜਾ ਰਿਹਾ ਹੈ।

ਸਾਢੇ ਸੱਤ ਮਿੰਟਾਂ ਦੀ ਇਸ ਫਿਲਮ ਵਿਚ ਕੋਈ ਡਾਇਲਾਗ ਨਹੀਂ, ਪਰ ਸੰਗੀਤ ਦੀ ਵਰਤੋਂ ਹੁੰਦੀ ਹੈ। ਪਰਮਜੀਤ ਸਿੰਘ ਕੱਟੂ ਦਾ ਕਹਿਣਾ ਹੈ ਕਿ ਫਿਲਮ ਦ੍ਰਿਸ਼ ਦਾ ਮਾਧਿਅਮ ਹੈ, ਇਸ ਵਿਚ ਭਾਸ਼ਾ ਦੀ ਵਰਤੋਂ ਕਰਨ ਦੀ ਲੋੜ ਨਹੀਂ, ਦ੍ਰਿਸ਼ ਨੂੰ ਬੋਲਣਾ ਚਾਹੀਦਾ ਹੈ। ਦ੍ਰਿਸ਼ ਦੀ ਸਮਰੱਥਾ ਭਾਸ਼ਾ ਤੋਂ ਵੱਧ ਹੈ। ਦ੍ਰਿਸ਼ ਵਿਚ ਰੰਗ, ਅਕਾਰ, ਅਦਾਕਾਰੀ, ਚਿੰਨ੍ਹ-ਪ੍ਰਤੀਕ ਸਾਰਾ ਕੁਝ ਸ਼ਾਮਿਲ

**ਰੂਹੀ ਸੰਗਰੂਰ**
**ਫੋਨ: 91-99143-60547**

ਹੁੰਦਾ ਹੈ। ਫਿਲਮ ਦਾ ਹਰ ਦ੍ਰਿਸ਼ ਇਕ ਪੇਂਟਿੰਗ ਵਾਂਗ ਹੈ।

ਫਿਲਮ ਦਾ ਕੇਂਦਰੀ ਵਿਸ਼ਾ ਪਰਵਾਸ ਹੈ। ਪੰਜਾਬ ਤੇ ਪਰਵਾਸ ਦਾ ਬਹੁਤ ਗੂੜ੍ਹਾ ਨਾਤਾ ਹੈ ਤੇ ਇਸ ਵਿਸ਼ੇ ਦੇ ਜ਼ਰੀਏ ਫਿਲਮਸਾਜ਼ ਨੇ ਪੰਜਾਬ ਦੇ ਪ੍ਰਮੁੱਖ ਸਰੋਕਾਰ ਪੇਸ਼ ਕਰਨ ਦਾ ਯਤਨ ਕੀਤਾ ਹੈ। ਫਿਲਮ ਪਰਵਾਸ ਦੀਆਂ ਉਹ ਪਰਤਾਂ ਪੇਸ਼ ਕਰਦੀ ਹੈ, ਜੋ ਸਿੱਧੇ ਤੌਰ 'ਤੇ ਸਾਨੂੰ ਨਹੀਂ ਦਿਸਦੀਆਂ। ਕੱਟੂ ਅਨੁਸਾਰ ਇਹ ਪਰਵਾਸ ਮਨੁੱਖਾਂ ਦਾ ਹੈ, ਭਾਸ਼ਾ ਦਾ ਹੈ, ਪਰੰਪਰਾ ਦਾ ਹੈ, ਸਮੇਂ, ਸਥਾਨ ਤੇ ਸਥਿਤੀਆਂ ਦਾ ਹੈ, ਧਰਤੀ ਦਾ ਪਰਵਾਸ ਹੈ ਤੇ ਰੰਗਾਂ ਦਾ ਵੀ। ਇਹ ਫਿਲਮ ਭਾਵੇਂ ਪੰਜਾਬ ਨਾਲ ਸਬੰਧਤ ਵਿਸ਼ੇ ਬਾਰੇ ਹੈ ਪਰ ਸਾਈਲੈਂਟ ਹੋਣ ਕਰਕੇ ਇਹ ਕੌਮਾਂਤਰੀ ਪੱਧਰ 'ਤੇ ਸੰਚਾਰ ਕਰਨ ਦੇ ਸਮਰੱਥ ਹੈ।

ਫਿਲਮ ਦੀ ਟੀਮ ਆਪਣੇ ਆਪ ਵਿਚ ਪੰਜਾਬ ਦੇ ਇਸ ਵੇਲੇ ਕਾਰਜਸ਼ੀਲ ਮਾਹਿਰ ਕਲਾਕਾਰਾਂ ਦੀ ਟੀਮ ਹੈ। ਲੇਖਕ ਤੇ ਨਿਰਦੇਸ਼ਕ ਪਰਮਜੀਤ ਸਿੰਘ ਕੱਟੂ ਜਿਥੇ ਪੰਜਾਬੀ ਸਾਹਿਤ ਦੀ ਪੀਐਚ.ਡੀ. ਹੈ, ਉਥੇ ਉਸ ਨੇ ਫਿਲਮ ਜਗਤ ਦੇ ਨਾਮੀ ਲੇਖਕ ਅਮਰੀਕ ਗਿੱਲ ਤੋਂ ਫਿਲਮ ਲਿਖਣ ਕਲਾ ਤੇ ਨਿਰਦੇਸ਼ਨ ਸਿਖਿਆ ਹੈ ਅਤੇ ਉਹ ਫਿਲਮ ਰਾਈਟਰਜ਼ ਐਸੋਸੀਏਸ਼ਨ ਮੁੰਬਈ ਦਾ ਮੈਂਬਰ ਵੀ ਹੈ। ਪਰਮਜੀਤ ਸਿੰਘ ਕੱਟੂ ਪਰਵਾਸ ਦੇ ਵਿਸ਼ੇ ਬਾਰੇ ਲਗਾਤਾਰ ਖੋਜ ਕਰਦਾ ਰਿਹਾ ਹੈ। ਅੱਜ ਕੱਲ੍ਹ ਪਰਮਜੀਤ ਪੁਣਛ ਦੇ ਰਖਵਾਲੇ ਵਜੋਂ ਜਾਣੇ ਜਾਂਦੇ ਸੂਰਬੀਰ ਯੋਧੇ ਬ੍ਰਿਗੇਡੀਅਰ ਪ੍ਰੀਤਮ ਸਿੰਘ ਦੀ ਜੀਵਨੀ 'ਤੇ ਡਾਕੂਮੈਂਟਰੀ ਫਿਲਮ 'ਦ ਸੇਵੀਅਰ' (The Savior) ਦਾ ਨਿਰਦੇਸ਼ਨ ਕਰ ਰਿਹਾ ਹੈ।

ਇਸ ਫਿਲਮ ਦਾ ਸਿਨਮੈਟੋਗ੍ਰਾਫਰ ਗੁਰਪ੍ਰੀਤ ਚੀਮਾ ਮੁੰਬਈ ਵਿਖੇ ਕਾਰਜਸ਼ੀਲ ਹੈ, ਪਿਛਲੇ ਸਮੇਂ ਵਿਚ ਉਹ ਜਰਮਨੀ ਵਿਚ ਦੋ ਫਿਲਮਾਂ ਦੀ ਸਿਨਮੈਟੋਗ੍ਰਾਫੀ ਟੀਮ ਦਾ ਮੈਂਬਰ ਰਿਹਾ ਹੈ। ਫਿਲਮ ਦਾ ਸਾਊਂਡ ਤੇ ਸੰਗੀਤ ਪੰਜਾਬੀ ਫਿਲਮ ਜਗਤ ਦੇ ਨਾਮੀ ਸਾਊਂਡ ਡਿਜ਼ਾਈਨਰ ਦੀਪ ਬਾਵਾ ਨੇ ਦਿੱਤਾ ਹੈ ਤੇ ਇਸ ਦਾ ਰੰਗਸਾਜ਼ ਮਕਬੂਲ ਆਡੀਟਰ ਤੇ ਕਲਰਿਸ਼ਟ ਇੰਦਰ ਰਟੌਲ ਹੈ। ਫਿਲਮ ਦਾ ਮੁੱਖ ਅਦਾਕਾਰ ਫਿਲਮ ਜਗਤ ਤੇ ਥੀਏਟਰ ਦਾ ਹੰਢਿਆ ਅਦਾਕਾਰ ਲੱਖਾ ਲਹਿਰੀ ਹੈ। ਫਿਲਮ ਦਾ ਨਿਰਮਾਤਾ ਉਦਮੀ ਨੌਜਵਾਨ ਜਸਵਿੰਦਰ ਸਿੰਘ ਢਿੱਲੋਂ ਹੈ ਤੇ ਸਹਿ-ਨਿਰਮਾਤਾ ਗੁਰਮੇਲ ਸਿੰਘ ਕੱਟੂ ਹੈ।




# ਮਨੋਰੰਜਨ ਜਗਤ ਦਾ ਸਥਾਪਿਤ ਨਾਂ ਹੈ ਰਾਣਾ ਆਹਲੂਵਾਲੀਆ

ਪੰਜਾਬੀ ਮਨੋਰੰਜਨ ਜਗਤ ਦੀਆਂ ਮਾਣਯੋਗ ਸ਼ਖਸੀਅਤਾਂ ਵਿਚ ਸ਼ਾਮਲ ਰਾਣਾ ਆਹਲੂਵਾਲੀਆ ਅਦਾਕਾਰੀ ਦੇ ਨਾਲ ਨਾਲ ਪਰਦੇ ਪਿੱਛੇ ਰਹਿ ਕੇ ਪੰਜਾਬੀ ਸੰਗੀਤ ਅਤੇ ਸਿਨੇਮਾ ਦੀ ਤਰੱਕੀ ਵਿਚ ਅਹਿਮ ਯੋਗਦਾਨ ਪਾਉਣ ਵਾਲਾ ਸ਼ਖਸ ਹੈ। ਜਲੰਧਰ ਸ਼ਹਿਰ ਦਾ ਜੰਮਪਲ ਅਤੇ ਕਰੀਬ 25 ਸਾਲਾਂ ਤੋਂ ਕੈਨੇਡਾ ਵਿਚ ਰਹਿ ਰਿਹਾ ਰਾਣਾ ਆਹਲੂਵਾਲੀਆ ਵਿਦੇਸ਼ੀ ਧਰਤੀ 'ਤੇ ਪੰਜਾਬੀ ਸੱਭਿਆਚਾਰ ਤੇ ਵੰਨਗੀਆਂ ਨੂੰ ਸਾਂਭਣ ਦੇ ਨਾਲ ਨਾਲ ਪੰਜਾਬੀ ਸੰਗੀਤ ਅਤੇ ਸਿਨੇਮਾ ਦੀ ਪ੍ਰਫੁਲਤਾ ਲਈ ਅਹਿਮ ਯੋਗਦਾਨ ਪਾ ਰਿਹਾ ਹੈ। ਉਹ ਇਸ ਵੇਲੇ ਕੈਨੇਡਾ ਵਿਚ ਜਿਥੇ ਭੰਗੜੇ ਦੀ ਪ੍ਰਫੁਲਤਾ ਲਈ ਯਤਨਸ਼ੀਲ ਹੈ, ਉਥੇ ਉਹ ਸਮੇਂ ਸਮੇਂ ਕੈਨੇਡਾ ਵਿਚ ਸੱਭਿਆਚਾਰਕ ਮੇਲੇ ਕਰਾ ਕੇ ਪੰਜਾਬੀ ਗਾਇਕਾਂ ਦੇ ਸ਼ੋਅ ਵੀ ਕਰਵਾਉਂਦਾ ਰਹਿੰਦਾ ਹੈ। ਅਦਾਕਾਰ, ਨਿਰਮਾਤਾ ਅਤੇ ਪੰਜਾਬੀ ਸੰਗੀਤ ਦਾ ਇਹ ਪ੍ਰੋਮੋਟਰ ਛੇਤੀ ਹੀ ਪੰਜਾਬੀ ਫਿਲਮ 'ਗੁਰਮੁਖ' ਜ਼ਰੀਏ ਬਤੌਰ ਅਦਾਕਾਰ ਦਰਸ਼ਕਾਂ 'ਤੇ ਆਪਣੀ ਅਦਾਕਾਰੀ ਦੀ ਛਾਪ ਛੱਡੇਗਾ।



ਰਾਣਾ ਆਹਲੂਵਾਲੀਆ ਦੱਸਦਾ ਹੈ ਕਿ ਰੋਜ਼ੀ ਰੋਟੀ ਖਾਤਰ ਉਹ ਵਿਦੇਸ਼ ਗਿਆ ਸੀ। ਉਸ ਅੰਦਰਲੇ ਕਲਾਕਾਰ ਨੇ ਉਸ ਨੂੰ ਟਿਕਣ ਨਹੀਂ ਦਿੱਤਾ। ਉਸ ਨੇ ਰੁਜ਼ਗਾਰ ਦੇ ਨਾਲ ਨਾਲ ਹੌਲੀ ਹੌਲੀ ਮਨੋਰੰਜਨ ਜਗਤ ਨਾਲ ਜੁੜਨ ਦੀਆਂ ਕੋਸ਼ਿਸ਼ਾਂ ਜਾਰੀ ਰੱਖੀਆਂ। ਸ਼ੁਰੂ ਵਿਚ ਉਸ ਨੇ ਆਪਣੇ ਸਾਥੀਆਂ ਨਾਲ ਮਿਲ ਕੇ ਰਣਜੀਤ ਬਾਵਾ, ਮਾਸਟਰ ਸਲੀਮ, ਗਗਨ ਕੋਕਰੀ, ਬੱਬੂ ਮਾਨ ਅਤੇ ਮਨਕਿਰਤ ਔਲਖ ਸਮੇਤ ਦਰਜਨਾਂ ਹੋਰ ਗਾਇਕਾਂ ਦੇ ਸ਼ੋਅ ਕਰਵਾਏ, ਜੋ ਸਫਲ ਰਹੇ। ਇਨ੍ਹਾਂ ਸ਼ੋਆਂ ਤੋਂ ਮਿਲੀ ਹੱਲਾਸ਼ੇਰੀ ਪਿਛੋਂ ਉਹ ਪੱਕੇ ਤੌਰ 'ਤੇ ਇਸ ਪਾਸੇ ਜੁੜ ਗਿਆ। ਉਹ ਪਿਛਲੇ ਕਈ ਸਾਲਾਂ ਤੋਂ ਉਥੇ ਭੰਗੜਾ ਅਕੈਡਮੀ ਵੀ ਚਲਾ ਰਿਹਾ ਹੈ, ਜਿਸ ਵਿਚ ਉਹ ਪੰਜਾਬੀਆਂ ਦੇ ਨਾਲ ਨਾਲ ਗੋਰਿਆਂ ਦੇ ਬੱਚਿਆਂ ਨੂੰ ਭੰਗੜਾ ਸਿਖਾਉਂਦਾ ਹੈ।

ਰਾਣੇ ਮੁਤਾਬਕ ਉਸ ਦੀ ਰੀਝ ਬਤੌਰ ਅਦਾਕਾਰ ਪਰਦੇ 'ਤੇ ਨਜ਼ਰ ਆਉਣ ਦੀ ਵੀ ਸੀ, ਜੋ ਪੂਰੀ ਹੋ ਰਹੀ ਹੈ। ਕਈ ਕੈਨੇਡੀਅਨ ਫਿਲਮਾਂ ਵਿਚ ਕੰਮ ਕਰਨ ਤੋਂ ਇਲਾਵਾ ਉਹ ਬਾਲੀਵੁੱਡ ਦੀ ਨਾਮੀ ਨਿਰਦੇਸ਼ਕਾ ਦੀਪ ਮਹਿਤਾ ਦੇ ਸਹਾਇਕ ਵਜੋਂ ਵੀ ਕੰਮ ਕਰ ਚੁਕਾ ਹੈ। ਉਸ ਨੇ ਪੰਜਾਬੀ ਗਾਇਕ ਤੇ ਅਦਾਕਾਰ ਬੱਬੂ ਮਾਨ ਨੂੰ ਲੈ ਕੇ ਬਤੌਰ ਨਿਰਮਾਤਾ ਪੰਜਾਬੀ ਫਿਲਮ 'ਬਣਜਾਰਾ' ਦਾ ਨਿਰਮਾਣ ਵੀ ਕੀਤਾ। ਇਸ ਫਿਲਮ ਵਿਚ ਉਸ ਨੇ ਇਕ ਭ੍ਰਿਸ਼ਟ ਪੁਲਿਸ ਅਫਸਰ ਦੀ ਭੂਮਿਕਾ ਵੀ ਨਿਭਾਈ, ਜੋ ਦਰਸ਼ਕਾਂ ਨੂੰ ਪਸੰਦ ਆਈ।

ਨਾਮੀ ਲੇਖਕ ਅਤੇ ਨਿਰਦੇਸ਼ਕ ਡਾ. ਪਾਲੀ ਭੁਪਿੰਦਰ ਸਿੰਘ ਦੀ ਪੰਜਾਬੀ ਫਿਲਮ 'ਗੁਰਮੁਖ' ਵਿਚ ਉਹ ਜਿਥੇ ਇਕ ਰਸੂਖਦਾਰ ਖਲਨਾਇਕ ਦੀ ਅਹਿਮ ਭੂਮਿਕਾ ਅਦਾ ਕਰ ਰਿਹਾ ਹੈ, ਉਥੇ ਉਹ ਇਸ ਫਿਲਮ ਦਾ ਨਿਰਮਾਤਾ ਵੀ ਹੈ। ਰਾਣੇ ਮੁਤਾਬਕ ਇਹ ਫਿਲਮ ਉਸ ਨੂੰ ਪੰਜਾਬੀ ਸਿਨੇਮਾ 'ਚ ਬਤੌਰ ਅਦਾਕਾਰ ਵਜੋਂ ਚੋਖੀ ਪਛਾਣ ਦਿਵਾਏਗੀ। ਉਹ ਅਦਾਕਾਰੀ ਦੇ ਨਾਲ ਨਾਲ ਪੰਜਾਬੀ ਸਿਨੇਮਾ ਦੀ ਤਰੱਕੀ 'ਚ ਵੱਡਮੁੱਲਾ ਯੋਗਦਾਨ ਪਾਉਣਾ ਚਾਹੁੰਦਾ ਹੈ, ਜਿਸ ਲਈ ਉਹ ਲਗਾਤਾਰ ਸਰਗਰਮ ਹੈ।

***-ਅਕਸ ਮਹਿਰਾਜ, ਫੋਨ: 91-94788-84200***

ਘਰਾਂ ਦੀ ਵਧੀਆ ਡੀਲ ਤੇ ਘਟ ਤੋਂ ਘਟ ਵਿਆਜ ਦਰਾਂ 'ਤੇ ਲੋਨ ਲੈ ਕੇ ਦੇਣ ਲਈ

# Golden State Realty

**Real Estate and Loans Under One Roof**

ਪਿਛਲੇ 32 ਸਾਲਾਂ ਤੋਂ ਬਿਜਨਸ ਵਿਚ ਭਰਪੂਰ ਸਹਿਯੋਗ ਲਈ ਸਮੂਹ ਭਾਈਚਾਰੇ ਦਾ ਧੰਨਵਾਦ

**Selling Homes from Gilroy to Sacramento, CA**

**Call us before visiting new model homes to save big time.**

**Time to buy new home in Tracy, Manteca, Lothrop and Stockton**

## Lot For Sale

Ready to built lot for sale 34552 Karina Ct., Hayward, CA. Gated community with great view. Asking Price: $459k



Jaswinder (Jassi) Gill
M.Sc (PAU)
CA BRE# 00966763
Broker/Owner/Notary

## Call for Listing Special 2019

**Ph: 510-304-9292**
**408-666-8279**

E-mail: jassi@jassigill.com
or
Visit us @ www.jassigill.com
for hot listings

**Follow us on zillow.com and trulia.com**



Anmol Singh Gill
REALTOR
Bre. # 02062952

Pinnacle Award Winner
2014, 2015, 2016 & 2017
Grand Master Award Winner 2012, 2013 & 2018

Fremont Office:
86 Pilgrim Loop, Fremont CA 94539
Tel: 510-440-9292

## Recent Sales

1. 24580 Karina Ct. Hayward, CA 94542
2. 8038 Prairie Field Dr. Sacramento, CA 95758
3. 1744 Ettles Dr. Manteca, CA 95337
4. 4111 Lunar Way, Union City, CA 94587
5. 2270 Northington Dr., Tracy, CA 95377
6. 3086 Knickerson Dr., San Jose, CA 95148
7. 4378 Planet Cir., Union City, CA 94587
8. 2884 Milo Way San Ramon, CA 94583
9. 1651 Riverview Way Tracy, CA 95377
10. 32466 Woodland Dr. Union City, CA 94587

Market is hot. Do not wait any more to buy home of your dreams. There are multiple offer situations on all under market homes. Act now before it is too late. Master of winners in multiple offer situation is waiting for your call.

# Purchase Loan and Refinance

15 & 30 Yr Fixed Rates Are Still Better!!!

5/1, 7/1 ARM are also attractive Refinance Now At Zero Cost

Call Sukhveer (Sukhi) Gill
DHMS, Loan Broker

**Ph: 510-207-9067**

CA BRE Lic.#01180969
NMLS# 352095